*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ- 13, ਅੰਕ-6, ਜੂਨ 2023

Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ




**ਸਵ. ਸੋਹਨ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਨਾਟਕ ਸਮਾਗਮ 17 ਅਤੇ 18 ਜੂਨ ਨੂੰ**

(ਦੇਖੋ ਸਫ਼ਾ 40 'ਤੇ)

-------

**ਇਕ ਰੋਜ਼ਾ ਪੁਸਤਕ ਮੇਲਾ**

**11 ਜੂਨ 2023**

(ਦੇਖੋ ਸਫ਼ਾ 8 'ਤੇ)

# ਜਮਹੂਰੀਅਤ ਕਾਲੇ ਦੌਰ 'ਚ ਪ੍ਰਵੇਸ਼...



ਅਕਸਰ ਕਿਹਾ ਤੇ ਲਿਖਿਆ ਜਾਂਦਾ ਹੈ ਕਿ ਸਮੇਂ ਦੇ ਹਿਸਾਬ ਨਾਲ ਇਤਿਹਾਸ ਅਗਾਂਹ ਵੱਲ ਵਿਕਾਸ ਕਰਦਾ ਹੈ ਪ੍ਰੰਤੂ ਭਾਰਤੀ ਮੌਜੂਦਾ ਦੌਰ ਨੇ ਨਵੇਂ ਕਿਸਮ ਨਾਲ ਦਰਸਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਇਤਿਹਾਸ ਨੂੰ ਪਿਛਲ ਮੋੜੇ ਵੱਲ ਵੀ ਤੋਰਿਆ ਜਾ ਸਕਦਾ ਹੈ। ਸਦੀਆਂ ਅਤੇ ਦਹਾਕਿਆਂ ਦੀਆਂ ਲੜਾਈਆਂ ਤੋਂ ਬਾਅਦ ਜੋ ਜਮਹੂਰੀਅਤ ਰਾਹੀਂ ਗਿਆਨ, ਵਿਗਿਆਨ ਅਤੇ ਤਰਕ ਵਿਕਸਿਤ ਹੋਣ ਦੀ ਪ੍ਰਕਿਰਿਆ ਚੱਲੀ ਸੀ ਉਸ ਨੇ ਸਮੁੱਚੀ ਦੁਨੀਆ ਨੂੰ ਨਵੇਂ ਪੈਮਾਨਿਆਂ 'ਤੇ ਪਹੁੰਚਾ ਦਿੱਤਾ ਸੀ ਅਤੇ ਅਜੋਕੇ ਦੌਰ ਵਿਚ ਦੁਨੀਆ ਦਾ ਕੋਈ ਵੀ ਵਿਅਕਤੀ ਅਤੇ ਕੋਨਾ ਅਜਿਹਾ ਨਹੀਂ ਹੋਵੇਗਾ ਜਿਹੜਾ ਗਿਆਨ ਦੀਆਂ ਲਭਤਾਂ ਤੋਂ ਵਾਕਿਫ਼ ਨਾ ਹੋਵੇ ਅਤੇ ਉਸ ਦੇ ਕ੍ਰਿਸ਼ਮਿਆਂ ਨੂੰ ਨਾ ਜਾਣਦਾ ਹੋਵੇ ਪ੍ਰੰਤੂ ਜਿਸ ਕਿਸਮ ਨਾਲ ਭਾਰਤ ਦੇ ਮੌਜੂਦਾ ਹੁਕਮਰਾਨ ਉਪਰੋਕਤ ਸਦੀਆਂ ਦੀਆਂ ਪ੍ਰਾਪਤੀਆਂ ਨੂੰ ਦਰਕਿਨਾਰ ਕਰਕੇ ਗੈਰ ਵਿਗਿਆਨਕ ਅਤੇ ਅੰਧਵਿਸ਼ਵਾਸ ਦਾ ਅਜਿਹਾ ਮੁਜ਼ਾਹਰਾ ਕਰ ਰਹੇ ਹਨ ਜਿਸ ਨਾਲ ਹਰੇਕ ਦੁਨੀਆ ਦੇ ਕੋਨੇ 'ਤੇ ਬੈਠਾ ਭਾਰਤੀ ਸ਼ਰਮਸਾਰ ਅਤੇ ਬੇਚੈਨ ਹੋ ਰਿਹਾ ਹੈ ਅਤੇ ਸੋਚ ਰਿਹਾ ਕਿ ਇਸ ਮੁਲਕ ਦਾ ਕੀ ਬਣੇਗਾ। ਕਿਸ ਦਿਸ਼ਾ ਵੱਲ ਇਹ ਪਿਛਮੋੜਾ ਕੱਟ ਰਿਹਾ ਹੈ। ਮੁੜ ਅਤੀਤ ਨੂੰ ਸੱਤਾ ਦੀਆਂ ਸਭ ਤੋਂ ਉਪਰਲੀਆਂ ਪੌੜੀਆਂ ਉਪਰ ਪਹੁੰਚਾ ਦਿੱਤਾ ਗਿਆ ਹੈ ਅਤੇ ਹਰ ਗੈਰ ਵਿਗਿਆਨਕ ਕਦਮ ਅਗਾਂਹ ਵਧਾਇਆ ਜਾ ਰਿਹਾ ਹੈ। ਅਜੇ ਤਾਂ ਅਸੀਂ ਵਿਗਿਆਨ ਦੀਆਂ ਕਿਤਾਬਾਂ ਵਿਚੋਂ ਡਾਰਵਨ ਦੀਆਂ ਲਿਖਤਾਂ ਕੱਢ ਦੇਣ 'ਤੇ ਹੀ ਖ਼ਫ਼ਾ ਸਾਂ ਪ੍ਰੰਤੂ ਜਿਸ ਕਿਸਮ ਨਾਲ ਸਮੁੱਚੀ ਸੱਤਾ ਦੀ ਪੌੜੀ ਉਪਰ ਹੀ ਗੈਰ ਵਿਗਿਆਨਕ ਤਾਕਤ ਦੇ ਕਾਬਜ਼ੇ ਦੇ ਕਦਮ ਵੱਧ ਚੁੱਕੇ ਹਨ ਇਹ ਇਤਿਹਾਸ ਦਾ ਮੁੜ ਕਾਲਾ ਦੌਰ ਸ਼ੁਰੂ ਕਰਨ ਦਾ ਕਾਰਨ ਬਣਨਗੇ।

ਹਾਲਾਂਕਿ ਇਸ ਦਾ ਮੁਜ਼ਾਹਰਾ ਹਕੂਮਤੀ ਤਾਕਤ ਨੇ ਆਪਣੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ ਪਹਿਲਵਾਨ ਲੜਕੀਆਂ ਨਾਲ ਜਿਸ ਤਰ੍ਹਾਂ ਦਾ ਦੁਰਵਿਵਹਾਰ ਕੀਤਾ ਹੈ ਉਸ ਨੂੰ ਸਮੁੱਚੀ ਦੁਨੀਆ ਨੇ ਦੇਖਿਆ ਹੈ ਅਤੇ ਹਰੇਕ ਭਾਰਤੀ ਦਾ ਸ਼ਰਮ ਨਾਲ ਸਿਰ ਝੁਕ ਰਿਹਾ ਹੈ ਕਿ ਅਣਖ ਅਤੇ ਗੈਰਤ ਲਈ ਲੜਨਾ ਅਤੇ ਬੋਲਣਾ ਵੀ ਸ਼ਾਇਦ ਇਸ ਮੁਲਕ ਲਈ ਇਕ ਜੁਰਮ ਹੋ ਗਿਆ ਹੈ। ਜੁਰਮ ਕਰਨ ਵਾਲੇ ਸੱਤਾ ਦੀਆਂ ਉਪਰਲੀਆਂ ਪੌੜੀਆਂ ਵਿਚ ਬਿਰਾਜਮਾਨ ਸਨ ਅਤੇ ਦੂਸਰੇ ਪਾਸੇ ਹਕੂਮਤੀ ਜ਼ੁਲਮ ਰਾਹੀਂ ਇਹ ਦਰਸਾਇਆ ਜਾ ਰਿਹਾ ਸੀ ਕਿ ਕਿਸੇ ਕਿਸਮ ਦਾ ਵਿਰੋਧ ਅਤੇ ਆਵਾਜ਼ ਸੱਤਾ ਦੀਆਂ ਦੀਵਾਰਾਂ ਦੇ ਨੇੜੇ ਨਹੀਂ ਗੂੰਜਣੀ ਚਾਹੀਦੀ। ਇਸ ਕਰਕੇ ਇਨ੍ਹਾਂ ਹੋਣਹਾਰ ਲੜਕੀਆਂ ਅਤੇ ਇਨ੍ਹਾਂ ਦੀ ਮਦਦ ਕਰਦੇ ਹਰ ਇਕ ਸੰਘਰਸ਼ੀ ਨੂੰ ਨਜ਼ਰਬੰਦ ਕਰ ਦਿੱਤਾ ਜਾਵੇ ਤਾਂ ਕਿ ਜੋ ਦੇਸ਼ ਦਾ ਕਾਲਾ ਦੌਰ ਸ਼ੁਰੂ ਕਰਨਾ ਹੈ ਉਸ ਵਿਚ ਕੋਈ ਵਿਘਨ ਨਾ ਪਵੇ। ਪ੍ਰੰਤੂ ਇਤਿਹਾਸ ਬੜਾ ਜ਼ਾਲਮ ਹੈ ਜਿਸ ਨੇ ਵਾਰ-ਵਾਰ ਦਰਸਾਇਆ ਹੈ ਕਿ ਫਰੇਬ ਅਤੇ ਝੂਠ 'ਤੇ ਆਧਾਰਤ ਕੀਤੀ ਸਿਰਜਨਾ ਦੇਰ ਸਵੇਰ ਕੂੜ ਦੇ ਢੇਰ ਵਿਚ ਸੁੱਟ ਦਿੱਤੀ ਜਾਂਦੀ ਹੈ। ਇਹ ਸਵਾਲ ਇਤਿਹਾਸ ਦੇ ਸਾਹਮਣੇ ਬੜੀ ਸੰਜੀਦਗੀ ਨਾਲ ਖੜ੍ਹਾ ਹੋ ਗਿਆ ਹੈ ਅਤੇ ਕਰ ਦਿੱਤਾ ਗਿਆ ਹੈ ਇਸ ਦਾ ਜਵਾਬ ਦਿੱਤੇ ਤੋਂ ਬਿਨਾ ਇਸ ਮੁਲਕ ਦਾ ਕੋਈ ਗੁਜ਼ਾਰਾ ਨਹੀਂ।

**- ਸੰਪਾਦਕੀ ਮੰਡਲ**

CONGRATULATIONS
TEAM OVER 875 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜ਼ਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

Hans Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way Burnaby, B.C. V5J 3H4
Ph : 604-240-8002
or : 604-250-3834

$ave Max Proven Real Estate Brokerage
We are Hiring New & Experienced Realtors.
We can also help you to get Realtor License.
List Your Home with us for $999 (Ask per details)
We provide following Services:
• Residential • Commercial • Business • Land • Investment • Property Management Services
For More Information call today at: 403.681.8689
Harcharan Parhar BROKER
WWW.SAVEMAXPROVEN.COM
Email: broker@savemaxproven.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਜਾਇਦਾਦ ਟੈਕਸ 'ਵੈਲਥ ਟੈਕਸ' ਕਿਉਂ ਜ਼ਰੂਰੀ ਹੈ?



ਹਰੀਪਾਲ
403-714-4816

*ਇਹ ਲੇਖ ਕੈਨੇਡਾ ਦੇ ਸੀਨੀਅਰ ਅਰਥਸ਼ਾਸ਼ਤਰੀ ਅਤੇ ਜਨਤਕ ਆਰਥਿਕ ਨੀਤੀਆਂ ਦੇ ਅਲੋਚਕ 'ਅਲੈਕਸ ਹੈਮਿੰਗਵੇਅ' ਦੇ ਲੇਖ 'ਵੈਲਥ ਟੈਕਸ ਕਿਉਂ ਜਰੂਰੀ ਹੈ' 'ਤੇ ਅਧਾਰਿਤ ਹੈ'*

ਦੁਨੀਆਂ ਭਰ ਦੇ ਬੁੱਧੀਜੀਵੀ, ਚਿੰਤਕ, ਅਰਥਸਾਸ਼ਤਰੀ, ਗਰੀਬ ਅਮੀਰ ਦੇ ਵਧ ਰਹੇ ਪਾੜੇ ਨੂੰ ਲੈ ਕੇ ਬੇਹੱਦ ਚਿੰਤਤ ਹਨ। ਸਾਰੀ ਲੋਕਾਈ ਵਿੱਚ ਇਸ ਪਾੜੇ ਨੂੰ ਠੱਲ ਪਾਉਣ ਲਈ ਅਵਾਜ਼ ਉਠ ਰਹੀ ਹੈ ਕਿ ਅਮੀਰਾਂ ਤੇ ਵੈਲਥ ਟੈਕਸ ਲਾਇਆ ਜਾਵੇ ਅਤੇ ਕਨੇਡਾ ਵੀ ਇਸ ਤੋਂ ਬਚ ਨਹੀਂ ਸਕਦਾ। ਕੈਨੇਡੀਅਨ ਲੋਕਾਂ ਵਿੱਚ ਇਹ ਮੰਗ 'ਪਾਰਟੀ ਲਾਈਨਾਂ ਨੂੰ ਪਰੇ ਛੱਡ ਕੇ' ਕਿ ਅਮੀਰਾਂ ਦੀ ਜਾਇਦਾਦ ਤੇ ਟੈਕਸ ਲਾਇਆ ਜਾਵੇ 89% ਲੋਕਾਂ ਦੀ ਹੈ, ਪਰ ਫਿਰ ਵੀ ਅੱਜ ਤੱਕ ਕਿਸੇ ਵੀ ਸਰਕਾਰ ਦੇ ਅਜੰਡੇ ਤੇ ਇਹ ਗੱਲ ਨਹੀਂ ਆਈ ਅਤੇ ਨਾਂ ਹੀ ਚੋਣ ਪਰਚਾਰ ਦਾ ਮੁੱਦਾ ਬਣੀ ਹੈ। ਇਹ ਟੈਕਸ ਨੈਟਵਰਥ ਤੇ ਹੈ ਜਿਸਦਾ ਮਤਲਬ ਸਾਰੀ ਜਾਇਦਾਦ ਘਰ, ਬੈਂਕਾਂ ਵਿੱਚ ਪਿਆ ਪੈਸਾ ਤੇ ਬਿਜਨਿਸ ਐਸੇਟ, ਇਸ ਚੋਂ ਕਰਜਾ ਘਟਾ ਕੇ ਜਿਹੜਾ ਬਣਦਾ ਹੈ ਉਹ ਨੈਟਵਰਥ ਹੈ। ਜੇਕਰ ਇਹਨਾਂ ਅਮੀਰਾਂ ਤੇ ਥੋੜੀ ਬਹੁਤ ਛਿੱਕਲ਼ੀ ਪਾਈ ਜਾਵੇ ਤਾਂ ਇਹ ਇਕੱਠਾ ਹੋਇਆ ਪੈਸਾ, ਗਰੀਬੀ ਅਮੀਰੀ ਦੇ ਪਾੜੇ ਨੂੰ ਘੱਟ ਕਰਨ ਲਈ ਥੋੜਾ ਬਹੁਤ ਰੋਲ ਜਰੂਰ ਨਿਭਾਅ ਸਕਦਾ ਹੈ। ਕਰੋਨਾ ਕਾਲ ਦੀ ਮਹਾਂਮਾਰੀ ਤੋਂ ਪਹਿਲਾਂ ਦੀ ਇੱਕ ਖੋਜ ਮੁਤਾਬਿਕ ਕਨੇਡਾ ਦੇ 87 ਪਰਿਵਾਰ ਹਨ ਜਿਨ੍ਹਾਂ ਕੋਲ਼ ਕਨੇਡਾ ਦੇ ਹੇਠਲੇ 12 ਮਿਲੀਅਨ ਇੱਕ ਕਰੋੜ ਵੀਹ ਲੱਖ ਲੋਕਾਂ ਨਾਲ਼ੋ ਵੱਧ ਦੌਲਤ ਹੈ ਜਾਣੀ ਕਿ ਇੱਕ ਅਮੀਰ ਪਰਿਵਾਰ ਇਹਨਾਂ 87 ਪਰਿਵਾਰਾਂ ਵਿੱਚੋਂ ਦੌਲਤ ਇੱਕ ਆਮ ਕੈਨੇਡੀਅਨ ਪਰਵਾਰ ਨਾਲ਼ੋ 4448 ਗੁਣਾਂ ਵੱਧ ਹੈ। ਪਾਰਲੀਮੈਂਟ ਦੇ ਬਜਟ ਔਫਿਸ ਦੇ ਅੰਦਾਜੇ ਮੁਤਾਬਿਕ 1% ਕੇਨੇਡੀਅਨ ਲੋਕਾਂ ਕੋਲ਼ ਕੇਨੇਡਾ ਦੀ 25% ਦੌਲਤ ਹੈ ਜਿਹੜੀ ਹੁਣ ਵੱਧ ਕੇ 29% ਹੋ ਗਈ ਹੈ। ਕਰੋਨਾ ਕਾਲ ਦੇ ਸਮੇਂ ਅਰਬਪਤੀ ਲੋਕਾਂ ਦੀ ਦੌਲਤ ਕੇਨੇਡਾ ਵਿੱਚ ਵੀ ਬੁਰੀ ਤਰ੍ਹਾਂ ਵਧੀ। ਇਹ ਲਾਈਨਾਂ ਲਿਖਦੇ ਸਮੇਂ 61 ਕਨੇਡੀਅਨ ਅਰਬਪਤੀਆਂ ਕੋਲ਼, ਕਨੇਡਾ ਦੀ 324 ਬਿਲੀਅਨ ਡਾਲਰ ਦੀ ਦੌਲਤ ਹੈ। ਜਿਸ ਸਮੇਂ ਕਨੇਡੀਅਨ ਲੋਕ ਇਨਫਲੇਸ਼ਨ ਦੀ ਮਾਰ ਝੱਲ ਰਹੇ ਸੀ, ਉਹਨਾਂ ਨੂੰ ਖਾਣ ਪੀਣ ਅਤੇ ਰੋਜਮਰ੍ਹਾ ਦੀ ਚੀਜਾਂ ਲਈ ਭੱਜ ਦੌੜ ਕਰਨੀ ਪੈ ਰਹੀ ਸੀ, ਉਸ ਸਮੇਂ ਇਹਨਾਂ ਅਮੀਰਾਂ ਦੀਆਂ ਕੰਪਨੀਆਂ ਦੌਲਤ ਦੇ ਅੰਬਾਰ ਹੋਰ ਉਚੇ ਕਰ ਰਹੀਆਂ ਸਨ। ਇਹ ਆਰਥਿਕ ਪਾੜਾ ਸਾਨੂੰ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਕਮਜ਼ੋਰ ਕਰ ਰਿਹਾ ਹੈ। ਆਈ.ਐਮ.ਐਫ ਅਤੇ ਓ.ਸੀ.ਡੀ ਦਾ ਮੰਨਣਾ ਹੈ ਕਿ ਐਨਾ ਗਹਿਰਾ ਆਰਥਿਕ ਪਾੜਾ, ਆਰਥਿਕ ਗਰੋਥ ਨੂੰ ਘੱਟ ਕਰ ਦਿੰਦਾ ਹੈ। ਇਸ ਆਰਥਿਕ, ਪਾੜੇ ਕਰਕੇ ਅਮੀਰ ਲੋਕ ਸਰਕਾਰਾਂ ਨੂੰ ਪ੍ਰਭਾਵਿਤ ਕਰਕੇ ਆਪਦੇ ਪੱਖ ਵਾਲ਼ੇ ਕਨੂੰਨ ਬਣਵਾ ਲੈਂਦੇ ਹਨ। ਅਮਰੀਕਾ ਵਿੱਚ ਬਰਨੀ ਸੈਂਡਰਜ ਅਤੇ ਅਲਿੱਜਬੈਥ ਵਾਰਨ ਨੇ ਦੌਲਤ ਤੇ ਟੈਕਸ ਦੀ ਵਕਾਲਤ ਕੀਤੀ ਹੈ। ਸਾਡੇ ਇੱਥੇ ਐਨ.ਡੀ.ਪੀ ਵੀ ਦੌਲਤ ਦੀ ਵਕਾਲਤ ਤਾਂ ਕਰਦੀ ਹੈ, ਪਰ ਬਰਨੀ ਸੈਨਡਰਜ ਜਾਂ ਅਲਿੱਜਬੈਥ ਵਾਰਨ ਦੀ ਸਲਾਹ ਤੋਂ ਬਹਤ ਘੱਟ ਕਰਦੀ ਹੈ।

ਦੌਲਤ ਤੇ ਲੱਗੇ ਹੋਏ ਇਸ ਪੈਸੇ ਨਾਲ਼, ਲੋਕ ਨਿਰਮਾਣ ਦੇ ਬਹੁਤ ਕੰਮ ਚੱਲ ਸਕਦੇ ਹਨ ਅਤੇ ਗਰੀਬਾਂ ਨੂੰ ਥੋੜੀ ਬਹਤ ਰਾਹਤ ਦਿੱਤੀ ਜਾ ਸਕਦੀ ਹੈ। ਜੇਕਰ ਕੇਨੇਡਾ ਵਿੱਚ ਪਹਿਲੇ 10 ਮਿਲੀਅਨ ਤੋਂ ਉਪਰ ਤੇ 1%, 50 ਮਿਲੀਅਨ ਤੋਂ ਉਪਰ ਤੇ 2% ਅਤੇ 100 ਮਿਲੀਅਨ ਤੋਂ ਉਪਰ ਤੇ 3% ਟੈਕਸ ਲਾਇਆ ਜਾਵੇ ਤਾਂ ਇਸ ਟੈਕਸ ਨਾਲ਼ ਪਹਿਲੇ ਸਾਲ 32 ਬਿਲੀਅਨ ਤੇ ਫਿਰ ਦਸਵੇਂ ਸਾਲ ਤੱਕ 51 ਬਿਲੀਅਨ ਸਲਾਨਾ ਇਕੱਠਾ ਹੋ ਸਕਦਾ ਹੈ। ਇਸ ਟੈਕਸ ਦਾ ਬੋਝ ਸਿਰਫ 87000 ਪਰਿਵਾਰਾਂ 'ਤੇ ਹੀ ਪਵੇਗਾ। ਕਨੇਡਾ ਵਿੱਚ 8500 ਪਰਿਵਾਰਾਂ ਦੀ ਆਮਮਦਨ 50 ਮਿਲੀਅਨ ਤੋਂ ਉਪਰ ਹੈ, 3100 ਪਰਿਵਾਰਾਂ ਦੀ ਆਮਦਨ 100 ਮਿਲੀਅਨ ਤੋਂ ਉਪਰ ਹੈ। ਇਹ ਸਾਰਾ ਡੈਟਾ ਅਲੈਕਸ ਹੈਮਿੰਗਵੇਅ ਨੇ ਹਾਈ ਨੈਟਵਰਥ ਫੈਮਿਲੀ ਡੈਟਾ ਬੇਸ ਪਾਰਲੀਮੈਂਟਰੀ ਬਜਟ ਔਫਿਸ ਤੋਂ ਲਿਆ ਹੈ। ਪਿਛਲੀਆਂ ਚੋਣਾਂ ਵੇਲ਼ੇ ਐਨ.ਡੀ.ਪੀ ਦੀ ਮੰਗ ਸੀ ਕਿ 10 ਮਿਲੀਅਨ ਤੋਂ ਉਪਰ ਦੀ ਜਾਇਦਾਦ ਵਾਲ਼ੇ ਲੋਕਾਂ ਤੇ 1% ਟੈਕਸ ਲਾਇਆ ਜਾਵੇ ਜਿਸਦੇ ਨਾਲ਼ 19 ਬਿਲੀਅਨ ਡਾਲਰ ਸਲਾਨਾ ਇਕੱਠਾ ਹੋਵੇਗਾ, ਐਨ.ਡੀ.ਪੀ ਨੇ ਉਪਰਲੀਆਂ ਬਰੈਕਟਾਂ ਜਾਣੀ 50, 100 ਜਾਂ ਇਸਤੋਂ ਉਪਰ ਜਾਇਦਾਦ ਵਾਲ਼ੇ ਲੋਕਾਂ ਤੇ ਵਾਧੂ ਟੈਕਸ ਦੀ ਗੱਲ ਨਹੀਂ ਕੀਤੀ। ਇਸਤੋਂ ਉਲਟ ਬਰਨੀ ਸੈਂਡਰਜ ਦੀ ਮੰਗ ਹੈ ਕਿ 1 ਬਿਲੀਅਨ ਦੀ ਜਾਇਦਾਦ ਵਾਲ਼ੇ ਲੋਕਾਂ ਤੇ 6% ਤੇ 10 ਬਿਲੀਅਨ ਤੋਂ ਉਪਰ ਵਾਲ਼ੇ ਲੋਕਾਂ ਤੇ 8% ਟੈਕਸ ਲਾਇਆ ਜਾਵੇ। ਇਸ ਹਿਸਾਬ ਨਾਲ਼ ਜੇਕਰ ਕੈਨੇਡਾ ਦੇ ਅਮੀਰਾਂ ਤੇ 3% ਟੈਕਸ ਲਾਇਆ ਜਾਵੇ ਤਾਂ ਕੋਈ ਬਹੁਤਾ ਨਹੀਂ। ਜੇਕਰ ਸਰਕਾਰਾਂ ਚਾਹੁਣ ਤਾਂ ਇਹ ਟੈਕਸ ਜਬਰਦਸਤੀ ਲਾਗੂ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਤਾਂ ਪ੍ਰਾਈਵੇਟ ਬਿਜਨਿਸ ਜਾਂ ਰੈਜੀਡੈਂਸ ਨੂੰ ਇਸ ਤੋਂ ਬਖਸ਼ਿਆ ਨਾ ਜਾਵੇ, ਕਾਰਪੋਰੇਸ਼ਨਾ ਲਈ ਦਿੱਤੀਆਂ ਟੈਕਸ ਚੋਰ ਮੋਰੀਆਂ ਬੰਦ ਕੀਤੀਆਂ ਜਾਣ, ਕੈਪੀਟਲਗੇਨ ਟੈਕਸ ਨਾਲ਼ ਸਪੈਸ਼ਲ ਸਲੂਕ ਬੰਦ ਕੀਤਾ ਜਾਵੇ। ਸਰਕਾਰਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਟੈਕਸ ਬਚਾਉਣ ਵਾਲ਼ੀਆਂ ਚੋਰ ਮੋਰੀਆਂ ਕਿਵੇਂ ਬੰਦ ਕਰਨੀਆਂ ਹਨ ਤੇ ਜਾਇਦਾਦ ਤੋਂ ਟੈਕਸ ਕਿਵੇਂ ਉਗਰਾਹੁਣਾ ਹੈ। ਇੰਗਲੈਂਡ ਦੇ ਅਰਥਸਾਸ਼ਤਰੀਆਂ ਦੀ ਰਾਇ ਹੈ ਕਿ ਜਾਇਦਾਦ ਟੈਕਸ 7 ਤੋਂ 17 ਪਰਸੈਂਟ ਤੱਕ ਹੋਣਾ ਚਾਹੀਦਾ ਹੈ, ਕੈਨੇਡੀਅਨ ਅਰਥਸਾਸ਼ਤਰੀ ਸੇਜ ਅਤੇ ਜ਼ੁੱਕਮੈਨ 16% ਦੀ ਸਲਾਹ ਦਿੰਦੇ ਹਨ। ਫਰਜ਼ ਕਰੋ ਜੇ 10 ਮਿਲੀਅਨ ਤੋਂ ਉਪਰ ਵਾਲ਼ੀ ਛਤਰੀ ਤੋਂ 50 ਜਾਂ 100 ਮਿਲੀਅਨ ਤੋਂ ਉਪਰ ਵਾਲ਼ੀ ਜਾਇਦਾਦ ਤੇ ਕ੍ਰਮਵਾਰ 2% ਤੋਂ ਲੈ ਕੇ 3% ਤੱਕ ਟੈਕਸ ਲਾਇਆ ਜਾਵੇ ਤਾਂ ਇਸ ਨਾਲ਼ ਯੂਨੀਵਰਸਲ ਫਰਮਾਕੇਅਰ, ਸਟੂਡੈਂਟਾਂ ਲਈ ਟਿਊਸ਼ਨ ਫੀਸ ਅਤੇ ਗਰੀਬਾਂ ਲਈ ਅਫੋਰਡੇਬਲ ਘਰ ਬਣਾਏ ਜਾ ਸਕਦੇ ਹਨ ਅਤੇ ਟਰਾਂਜਿਟ ਸਿਸਟਮ ਨੂੰ ਸੁਧਾਰਿਆ ਜਾ ਸਕਦਾ ਹੈ। ਵੱਡੀ ਆਮਦਨ ਤੇ ਟੈਕਸ ਵਧਾਇਆ ਜਾਵੇ ਅਤੇ ਕਾਰਪੋਰੇਟ ਟੈਕਸ ਦੀ ਦਰ ਵਧਾਈ ਜਾਵੇ, ਇਸਦੇ ਨਾਲ਼ ਨਾਲ਼ ਘੱਟੋ ਘੱਟ ਉਜਰਤ ਵਧਾਈ ਜਾਵੇ। ਹੁਣ ਜਿਹੜੇ ਲੋਕ ਸੱਪ ਵਾਂਗ ਪੈਸੇ ਤੇ ਕੁੰਡਲ਼ੀ ਮਾਰੀ ਬੈਠੇ ਹਨ, ਉਹ ਪੈਸਾ ਪਬਲਿਕ ਵਿੱਚ ਆਵੇਗਾ, ਲੋਕਾਂ ਦੀ ਖਰੀਦ ਸ਼ਕਤੀ ਵਧੇਗੀ ਆਪੇ ਹੀ ਆਰਥਿਕਤਾ ਠੀਕ ਹੋਣੀ ਸ਼ੁਰੂ ਹੋ ਜਾਵੇਗੀ। ਜਦੋਂ ਇੱਕ ਸਰਵੇ ਦੇ ਮੁਤਾਬਿਕ 89% ਲੋਕ ਚਾਂਹੁੰਦੇ ਹਨ ਕਿ ਵੈਲਥ ਟੈਕਸ ਲਾਇਆ ਜਾਵੇ, ਫਿਰ ਸਾਡੇ ਮੁਲਕ ਦੇ ਸਿਆਸਤਦਾਨਾਂ ਨੂੰ ਕੀ ਸਮੱਸਿਆ ਹੈ ਕਿ ਉਹ ਇਸਨੂੰ ਪਾਲਿਸੀ ਅਜੰਡੇ ਤੇ ਕਿਉਂ ਨਹੀਂ ਲੈ ਕੇ ਆਉਂਦੇ।




ਕਿਊਬਾ ਦੇ ਸਿਸਟਮ ਦੀ ਤਾਂ ਮੈਂ ਗੱਲ ਨਹੀਂ ਕਰਦਾ ਸ਼ਾਇਦ ਇਸ ਨਾਲ ਕਈਆਂ ਨੂੰ ਅਲੱਰਜਿਕ ਹੋ ਜਾਵੇ, ਸਕੈਂਡੇਨੇਵੀਅਨ ਦੇਸ਼ ਡੈਨਮਾਰਕ ਦੀ ਇੱਕ ਉਦਾਹਰਣ ਜ਼ਰੂਰ ਦੇਣੀ ਚਾਂਹਾਗਾ। ਡੈਨਮਾਰਕ ਇੱਕ ਸੋਸ਼ਲ ਡੈਮੋਕਰੇਟਿਕ ਦੇਸ਼ ਹੈ ਜਿੱਥੇ : –

ਪਰਿਵਾਰ ਦੀ ਟੈਕਸੇਬਲ117800 ਡੈਨਮਾਰਕ ਕਰੰਸੀ 23560 ਕੈਨੇਡੀਅਨ 27% ਹੈ , ਇਸ ਤੋਂ ਵੱਧ ਤੇ 42 % ਹੈ ।

ਜਦੋਂ ਸਾਰੀਆਂ ਡਿਡੱਕਸ਼ਨਾਂ ਕੱਢੀਆਂ ਜਾਂਦੀਆਂ ਹਨ ਤਾਂ ਟੈਕਸੇਬਲ ਆਮਦਨ ਬਹਤ ਥੋੜੀ ਰਹਿ ਜਾਂਦੀ ਹੈ। ਕਾਰਪੋਰੇਟ ਟੈਕਸ 22% ਯੂਨਵਰਸਿਟੀ ਲੈਵਲ ਤੱਕ ਪੜ੍ਹਈ ਫਰੀ ਹੈ, ਯੂਨੀਵਰਸਲ ਫਾਰਮਾਕੇਅਰ ਲਾਗੂ ਹੈ। ਕੋਈ ਐਂਬੂਲੈਂਸ ਚਾਰਜ ਨਹੀਂ ਹੈ। ਇੱਕ ਵਰਕਰ ਦੀ ਔਸਤ ਆਮਦਨ 87413 ਕਨੇਡੀਅਨ ਡਾਲਰ ਘਰ ਦੀ ਔਸਤਨ ਕੀਮਤ 284000 ਕੈਨੇਡੀਅਨ। ਹੁਣ ਜੇਕਰ ਕੈਨੇਡਾ ਨਾਲ਼ ਮਕਾਬਲਾ ਕਰੀਏ:–

ਕਾਰਪੋਰੇਟ ਟੈਕਸ ਸਿਰਫ 13%

ਟਿਊਸ਼ਨ ਫੀਸ 12 ਹਜ਼ਾਰ ਸਲਾਨਾ ਤੋਂ ਉਪਰ ਹੈ।

ਇੱਕ ਵਰਕਰ ਦੀ ਔਸਤ ਆਮਦਨ 70000 ਹੈ। ਐਂਟਰੀ ਲੈਵਲ ਤੇ 4900 ਹੈ, ਘੱਟੋ ਘੱਟ ਉਜਰਤ ਵਾਲ਼ੇ ਸਾਲ ਦਾ 31200 ਬਣਾਉਂਦੇ ਹਨ 'ਕੈਨੇਡਾ ਵਿੱਚ ਘਰ ਦੀ ਔਸਤਨ ਕੀਮਤ 5 ਲੱਖ ਡਾਲਰ

ਕਿਉਂਕਿ ਅਮੀਰਾਂ ਤੇ ਡੈਨਮਾਰਕ ਵਿੱਚ ਕੈਨੇਡਾ ਦੇ ਮੁਕਾਬਲੇ ਟੈਕਸ ਦੀ ਦਰ ਬਹੁਤ ਉਚੀ ਹੈ, ਸਰਕਾਰ ਨੂੰ ਆਪਦੇ ਕੰਮਾਂ ਲਈ ਪੈਸੇ ਦੀ ਕਮੀ ਨਹੀਂ ਪੈਂਦੀ, ਇਸ ਕਰਕੇ ਡੈਨਿਸ਼ ਲੋਕਾਂ ਨੂੰ ਸਾਡੇ ਨਾਲ਼ੋਂ ਕਿਤੇ ਵੱਧ ਸਹੂਲਤਾਂ ਹਨ ਅਤੇ ਡੈਨਿਸ਼ ਲੋਕ ਕੈਨੇਡੀਅਨ ਲੋਕਾਂ ਨਾਲ਼ੋਂ ਵੱਧ ਖੁਸ਼ ਹਨ। ਕੈਨੇਡਾ ਦੇ ਸ਼ਹਿਰਾਂ ਵਿੱਚ ਜ਼ੁਰਮ, ਗੈਂਗਵਾਰ, ਨਸ਼ੇ ਦੀ ਤਸਕਰੀ ਡੈਨਮਾਰਕ ਨਾਲ਼ੋਂ ਕਿਤੇ ਜਿਆਦਾ ਹੈ। ਅਮੀਰਾਂ ਤੇ ਟੈਕਸ ਲਾਉਣ ਦੀ ਬਜਾਏ ਸਾਡੀਆਂ ਸਰਕਾਰਾਂ ਜਰੂਰੀ ਸੇਵਾਵਾਂ ਵਿੱਚ ਕਟੌਤੀਆਂ ਕਰ ਰਹੀਆਂ ਹਨ। ਕਦੇ ਪੁਲਿਸ ਦਾ ਬਜਟ ਘੱਟ ਕਰ ਦਿੱਤਾ ਜਾਂਦਾ ਹੈ, ਕਦੇ ਫਾਇਰ ਫਾਈਟਰ ਦਾ ਘੱਟ ਕੀਤਾ ਜਾਂਦਾ ਹੈ। ਜਦ ਅੱਗਾਂ ਲੱਗਦੀਆਂ ਹਨ ਫਿਰ ਭਾਜੜਾਂ ਪੈਂਦੀਆਂ ਹਨ, ਦੂਜੇ ਮੁਲਕਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ ਕਿ ਫਾਇਰ ਫਾਈਟਰ ਭੇਜ ਦੇਵੋ। ਕਦੇ ਸਾਡੇ ਸਿਆਸਤਦਾਨ ਡਾਕਟਰੀ ਚੈਕਅੱਪ ਦੀ ਫੀਸ ਵੀ ਨਾਗਰਿਕਾਂ ਕੋਲ਼ੋਂ ਲੈਣ ਦੀ ਗੱਲ ਕਰਦੇ ਹਨ। ਸਾਡੇ ਸ਼ਹਿਰਾਂ ਨੂੰ ਆਪਸ ਵਿੱਚ ਜੋੜਨ ਵਾਲ਼ੀ ਬੱਸ ਸੇਵਾ ਵੀ ਬਹੁਤ ਜਗਾਹ ਤੇ ਬੰਦ ਪਈ ਹੈ। ਖੁੱਲ੍ਹੀਆਂ ਰੱਖੀਆਂ ਚੋਰ ਮੋਰੀਆਂ ਰਾਹੀਂ ਸਾਡੀ ਅਮੀਰ ਸ਼੍ਰੇਣੀ ਆਪਦਾ ਬਣਦਾ ਟੈਕਸ ਨਹੀਂ ਦਿੰਦੀ। ਅਮੀਰ ਗਰੀਬ ਦਾ ਪਾੜਾ ਦਿਨੋ ਦਿਨ ਵਧ ਰਿਹਾ ਹੈ, ਜਿਹੜਾ ਕਿ ਸਭ ਤਰ੍ਹਾਂ ਦੀਆਂ ਬੁਰਾਈਆਂ ਨੂੰ ਪੈਦਾ ਕਰਦਾ ਹੈ। ਸਾਡੇ ਤਾਂ ਅਟਾਰਨੀ ਜਰਨਲ ਤੱਕ ਕਿਸੇ ਕੰਪਨੀ ਦੀ ਹੇਰਾਫੇਰੀ ਦਾ ਪਰਦਾਫਾਸ਼ ਕਰਨ ਤੇ ਆਪਦੀ ਨੌਕਰੀ ਤੋਂ ਹੱਥ ਧੋ ਬੈਠਦੇ ਹਨ। ਜਿੱਥੇ ਡੈਨਮਾਰਕ ਦੇ ਲੋਕ ਤੀਹ ਪੈਂਤੀ ਘੰਟੇ ਤੋਂ ਵੱਧ ਕੰਮ ਨਹੀਂ ਕਰਦੇ ਉਥੇ ਆਮ ਕਨੇਡੀਅਨ ਵਰਕਰ 60 ਘੰਟੇ ਤੋਂ ਉਪਰ ਕੰਮ ਕਰਦਾ ਹੈ। ਬਹੁਤ ਲੋਕ ਦੋ ਦੋ ਸ਼ਿਫਟਾਂ ਕੰਮ ਕਰਦੇ ਹਨ, ਇਸ ਨਾਲ਼ ਪਰਿਵਾਰਾਂ ਦਾ ਆਪਸ ਵਿੱਚ ਇਕੱਠਾ ਸਮਾਂ ਗੁਜ਼ਾਰਨਾ ਵੀ ਮੁਸ਼ਕਿਲ ਹੋ ਗਿਆ ਹੈ। ਪਰਿਵਾਰਕ ਝਗੜੇ ਵਧ ਰਹੇ ਹਨ, ਬੱਚਿਆਂ ਨੂੰ ਪੂਰਾ ਟਾਈਮ ਨਹੀਂ ਦਿੱਤਾ ਜਾਂਦਾ, ਇਸ ਕਰਕੇ ਮਾਪਿਆਂ ਤੇ ਬੱਚਿਆਂ ਵਿੱਚ ਪੀੜ੍ਹੀ ਪਾੜਾ ਵਧ ਰਿਹਾ ਹੈ। ਕੈਨੇਡੀਅਨ ਵਰਕਰਾਂ ਤੇ ਕੰਮ ਦੀ ਐਨੀ ਸਟਰੈਸ ਰਹਿਣ ਕਰਕੇ, ਸ਼ਰਾਬ ਰੋਗ ਦੀ ਬਿਮਾਰੀ ਵੀ ਵਧ ਰਹੀ ਹੈ। ਸਾਡੀਆਂ ਸਰਕਾਰਾਂ ਆਪਦੇ ਖਰਚੇ ਪੂਰੇ ਕਰਨ ਲਈ ਅਮੀਰਾਂ ਦੀ ਬਜਾਏ ਆਮ ਲੋਕਾਂ ਤੋਂ ਪੈਸੇ ਕੱਠੇ ਕਰਨ ਦੇ ਨਵੇਂ ਨਵੇ ਤਰੀਕੇ ਸੋਚਦੀ ਰਹਿੰਦੀਆਂ ਹਨ। ਇਸ ਤਰ੍ਹਾਂ ਤਾਂ ਬਹੁਤਾ ਚਿਰ ਚੱਲਣਾ ਨੀ, ਲੋਕਾਂ ਨੂੰ ਜਾਗਣਾ ਪੈਣਾ ਹੈ, ਇੱਕ ਸੁਨੇਹਾ ਦੇਣਾ ਪੈਣਾ ਹੈ ਕਿ ਅਸੀਂ ਹੁਣ ਥੱਕ ਗਏ ਹਾਂ। ਜੇਕਰ 89% ਕੈਨੇਡੀਅਨ ਚਾਂਹੁੰਦੇ ਹਨ ਕਿ ਇਹ ਅਮੀਰ ਸ਼੍ਰੇਣੀ ਆਪਦਾ ਬਣਦਾ ਹਿੱਸਾ ਪਾਵੇ ਤਾਂ ਫਿਰ ਸਰਕਾਰਾ ਨੂੰ ਵੀ ਵੈਲਥ ਟੈਕਸ ਲਾਗੂ ਕਰਾਉਣ ਲਈ ਕਦਮ ਚੁੱਕਣੇ ਚਾਹੁਦੇ ਹਨ ਆਖਰਕਾਰ ਇਹ ਬਹੁਸੰਮਤੀ ਦਾ ਫੈਸਲਾ ਹੈ, ਲੋਕਤੰਤਰ ਵਿੱਚ ਬਹਸੰਮਤੀ ਦੀ ਰਾਏ ਤਾਂ ਟਾਲ਼ੀ ਨਹੀਂ ਜਾ ਸਕਦੀ।

**12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ**

**ਸਰੋਕਾਰਾਂ ਦੀ ਆਵਾਜ਼**

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955



ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598



SECURELIFE INSURANCE AGENCY INC.

NOW HIRING !!!

NEW & EXPERIENCED ADVISORS

Ravinderjit Basra

416-845-6232

www.securelifeinsurance.ca

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

*ਆਓ ਆਪਣੀ ਕਲਮ ਉਠਾਈਏ*

# ਸੌੜੀ ਸੋਚ ਦੇ ਪੰਜਾਬ 'ਚ ਬਿਰਤਾਂਤ ਦੇ ਅੰਗ-ਸੰਗ



ਕਾਲਮ ਦੀ ਪੇਸ਼ਕਸ਼ ਕਰਤਾ
ਬਲਜਿੰਦਰ ਸਿੰਘ ਵੜੈਚ
+91-92167-29598




20ਵੀਂ ਸਦੀ ਤੋਂ ਸ਼ਾਇਦ ਅਸੀਂ ਅਤੇ ਦੁਨੀਆ ਨੇ ਕੋਈ ਸਬਕ ਨਹੀਂ ਸਿੱਖਿਆ। ਜਦੋਂ ਵਿਸ਼ੇਸ਼ ਕਰਕੇ ਯੂਰਪ ਦੇ ਵਿਚ ਨਸਲ ਦਾ ਸਵਾਲ ਸਭ ਤੋਂ ਉਭਰਵੇਂ ਰੂਪ ਵਿਚ ਸਾਹਮਣੇ ਆਇਆ ਅਤੇ ਇਥੋਂ ਤੱਕ ਕਿ ਵੱਖ ਵੱਖ ਨਸਲਾਂ ਵਿਚ ਵਿਤਕਰੇ ਉਤਪੰਨ ਕਰਨ ਦੀ ਪ੍ਰਕਿਰਿਆ ਹੀ ਨਹੀਂ ਸ਼ੁਰੂ ਹੋਈ ਬਲਕਿ ਵੱਡੀ ਪੱਧਰ 'ਤੇ ਮੋਸੋਲੀਨੀ ਅਤੇ ਹਿਟਲਰ ਦੇ ਚੇਲੇ ਵੀ ਪੈਦਾ ਹੋ ਗਏ ਜਿਨ੍ਹਾਂ ਨੇ ਆਪਣੇ ਦੇਸ਼ਾਂ ਵਿਚੋਂ ਇਕ ਦੂਸਰੀ ਨਸਲ ਨੂੰ ਨਫ਼ਰਤ ਹੀ ਨਹੀਂ ਕੀਤੀ ਬਲਕਿ ਵੱਡੀ ਤਾਦਾਦ ਦੇ ਵਿਚ ਖ਼ੂਨ ਖਰਾਬਾ ਵੀ ਹੋਇਆ ਜਿਸ ਦਾ ਸਭ ਤੋਂ ਤਰਾਸਦਿਕ ਪਹਿਲੂ ਇਹ ਬਣਿਆ ਕਿ ਇਜ਼ਰਾਇਲ ਵਰਗਾ ਮੁਲਕ ਬਣ ਗਿਆ। ਇਸੇ ਤਰ੍ਹਾਂ 1947 ਤੋਂ ਪਹਿਲਾਂ ਜੋ ਭਾਰਤ ਸਮੇਤ ਪਾਕਿਸਤਾਨ ਵਾਲੇ ਖਿੱਤੇ ਨੇ ਅਜ਼ਾਦ ਹੋ ਕੇ ਬਹੁਤ ਵੱਡੇ ਪੱਧਰ 'ਤੇ ਏਸ਼ੀਆ ਦੇ ਖਿੱਤੇ ਵਿਚ ਵਿਕਾਸ ਕਰਨਾ ਸੀ ਪ੍ਰੰਤੂ ਜਿਸ ਕਿਸਮ ਨਾਲ ਪਾੜੋ ਅਤੇ ਰਾਜ ਕਰੋ ਦੀ ਨੀਤੀ ਤਹਿਤ ਦੋ ਮੁਲਕ ਬਣਾ ਦਿੱਤੇ ਅਤੇ 10 ਲੱਖ ਤੋਂ ਵੱਧ ਅਜਾਈਂ ਜਾਨਾਂ ਗਈਆਂ ਅਤੇ ਲੱਖਾਂ ਲੋਕ ਘਰੋਂ ਬੇਘਰ ਹੋ ਗਏ। 1947 ਤੋਂ ਬਾਅਦ ਦੋਵਾਂ ਮੁਲਕਾਂ ਅੰਦਰ ਭਲਾ ਆਪੋ ਆਪਣੇ ਕਿਸਮ ਦਾ ਵਿਕਾਸ ਹੋਇਆ ਪ੍ਰੰਤੂ ਜੋ ਤਰਾਸਦੀ ਪੰਜਾਬੀਆਂ ਨੇ 1947 ਵਿਚ ਹੰਢਾਈ ਅੱਜ ਵੀ ਉਨ੍ਹਾਂ ਦੇ ਚੇਤਿਆਂ ਵਿਚ ਪ੍ਰੰਤੂ ਜਿਸ ਕਿਸਮ ਨਾਲ ਪੰਜਾਬੀਆਂ ਨੇ ਆਪਣੀ ਵਿਰਾਸਤ ਸਾਂਝੀਵਾਲਤਾ ਦੇ ਆਧਾਰਤ ਦੁਨੀਆ ਭਰ ਵਿਚ ਆਪਣਾ ਸਿੱਕਾ ਵੀ ਜਮਾਇਆ ਅਤੇ ਜਿਸ ਵੀ ਮੁਲਕ ਵਿਚ ਗਏ ਉਥੇ ਆਪਣੀ ਆਨ ਅਤੇ ਸ਼ਾਨ ਨੂੰ ਬਰਕਰਾਰ ਰੱਖਿਆ ਅਤੇ ਹਰ ਧਰਮ ਮਜ਼੍ਹਬ ਅਤੇ ਕਿਰਤ ਕਰਨ ਵਾਲੇ ਦੀ ਕਦਰ ਕੀਤੀ ਅਤੇ ਭਾਈਚਾਰਕ ਸਾਂਝ ਦੇ ਤੌਰ 'ਤੇ ਅੱਜ ਦੁਨੀਆ ਭਰ ਵਿਚ ਪੰਜਾਬੀ ਜਾਣੇ ਜਾਂਦੇ ਹਨ। ਪ੍ਰੰਤੂ ਜਿਸ ਕਿਸਮ ਨਾਲ ਭਾਰਤ ਦੀ ਰਾਜਨੀਤੀ ਪਿਛਲੇ ਸਮੇਂ ਤੋਂ ਚੱਲ ਰਹੀ ਹੈ ਉਸ ਨੇ ਮੁਸਲਮਾਨ ਅਤੇ ਹਿੰਦੂਆਂ ਵਿਚ ਇਕ ਵੱਡਾ ਵਿਚਾਰਧਾਰਕ ਅਤੇ ਸਮਾਜਿਕ ਪਾੜਾ ਉਤਪੰਨ ਕਰਨ ਦੀ ਰਾਜਨੀਤੀ ਉਪਰ ਸੱਤਾ ਹਾਸਲ ਕੀਤੀ ਹੈ। ਇਸੇ ਤਰ੍ਹਾਂ ਭਾਰਤ ਦੇ ਵੱਖ ਵੱਖ ਖਿੱਤਿਆਂ ਵਿਚ ਜਾਤਾਂ, ਜਮਾਤਾਂ, ਘੱਟ ਗਿਣਤੀਆਂ ਆਦਿ ਵਿਚ ਪਈਆਂ ਤਰੇੜਾਂ ਨੂੰ ਰਾਜਨੀਤੀ ਡੂੰਘਾ ਕਰਦੀ ਆ ਰਹੀ ਹੈ ਤਾਂ ਕਿ ਵੱਖ ਵੱਖ ਧਰਮਾਂ ਅਤੇ ਮਜ਼੍ਹਬਾਂ ਦੇ ਲੋਕ ਜਿਸ ਵੀ ਕਿੱਤੇ ਵਿਚ ਸਾਂਝੇ ਰੂਪ ਵਿਚ ਕੰਮ ਕਰਦੇ ਹਨ ਉਨ੍ਹਾਂ ਵਿਚ ਉਨ੍ਹਾਂ ਦੇ ਵੱਖ-ਵੱਖ ਰਾਜਾਂ ਵਿਚੋਂ ਆਉਣ ਅਤੇ ਜਾਣ ਅਤੇ ਕੰਮ ਕਰਨ ਦੇ ਆਧਾਰ 'ਤੇ ਵੀ ਨਵੇਂ ਟਕਰਾਅ ਉਤਪੰਨ ਕੀਤੇ ਜਾ ਰਹੇ ਹਨ। ਉਹ ਵੀ ਉਸ ਸਮੇਂ ਜਦੋਂ ਸਾਰੀ ਦੁਨੀਆ ਵੱਖ ਵੱਖ ਕਿੱਤਿਆਂ ਅਤੇ ਕੰਮਾਂ ਲਈ ਹੱਦਾਂ ਬੰਨ੍ਹੇ ਤੋੜ ਕੇ ਜਾ ਰਹੀ ਹੈ। ਵਿਸ਼ਵ ਭਰ ਵਿਚ ਇਹ ਵਰਤਾਰਾ ਵਾਪਰ ਰਿਹਾ ਹੈ। ਪੰਜਾਬੀ ਜੋ ਦੁਨੀਆ ਭਰ ਵਿਚ ਪਰਵਾਸ ਦੇ ਸਵਾਲ 'ਤੇ ਪਿਛਲੀਆਂ ਦੋ ਸਦੀਆਂ ਤੋਂ ਜਾਣੇ ਜਾਂਦੇ ਹਨ ਜਿਸ ਦੇ ਕਾਰਨ ਆਰਥਿਕ, ਸਮਾਜਿਕ, ਰਾਜਨੀਤਕ ਆਦਿ ਅਤੇ ਅਗਾਂਹ ਵੱਖ ਵੱਖ ਖੇਤਰਾਂ ਵਿਚ ਵਧਣ ਦੀ ਚਾਹਣਾ ਕਰਕੇ ਵੀ ਹਨ। ਜਦੋਂ ਅਜਿਹੀ ਤੋਰ ਵਿਚ ਪੰਜਾਬੀ ਸ਼ਾਮਲ ਹੋਣ ਉਸ ਸਮੇਂ ਉਨ੍ਹਾਂ ਦੀ ਖ਼ੁਦ ਦੀ ਧਰਤੀ ਤੋਂ ਜਦੋਂ ਅਜਿਹੀਆਂ ਆਵਾਜ਼ਾਂ ਆਉਂਦੀਆਂ ਹਨ ਕਿ ਇਥੇ ਪੰਜਾਬੀ ਅਤੇ ਗੈਰ ਪੰਜਾਬੀ ਵਿਚ ਇਕ ਪਾੜਾ ਅਤੇ ਵਿਤਕਰਾ ਇਥੋਂ ਤੱਕ ਲੜਾਈ ਉਤਪੰਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਨੂੰ ਪਹਿਲਾਂ ਧਾਰਮਿਕ ਰੰਗਤ ਦੇ ਕੇ ਹਿੰਦੂ ਅਤੇ ਸਿੱਖ ਦੀ ਲੜਾਈ ਵਿਚ ਝੋਕਣ ਦੀ ਕੋਸ਼ਿਸ਼ ਕੀਤੀ ਗਈ ਇਹ ਪੰਜਾਬ ਨੇ ਦੋ ਦਹਾਕੇ 80ਵਿਆਂ ਦੇ ਇਰਦ ਗਿਰਦ ਦੇਖਿਆ ਅਤੇ ਹੰਢਾਇਆ ਜਿਸ ਦਾ ਨਤੀਜਾ ਬੇਹੱਦ ਤਰਾਸਦਿਕ ਹੀ ਨਿਕਲਿਆ। ਹੁਣ ਮੁੜ ਜੋ ਕਿਰਤ ਕਰਨ ਵਾਲੇ ਪਰਵਾਸੀ ਪੰਜਾਬ ਦੇ ਖੇਤਾਂ ਤੋਂ ਲੈ ਕੇ ਫੈਕਟਰੀਆਂ ਤੱਕ ਇਥੋਂ ਤੱਕ ਰੋਜ਼ ਮਰਾਂ ਦੇ ਕੰਮਾਂ ਕਾਰਾਂ ਵਿਚ ਭਾਈਵਾਲ ਹੋਣ ਤੋਂ ਸਕੂਲਾਂ ਅਤੇ ਹੋਰ ਵਿਦਿਅਕ ਸੰਸਥਾਵਾ ਵਿਚ ਤਿੰਨ ਦਹਾਕਿਆਂ ਦੀ ਤਬਦੀਲੀ ਅਤੇ ਹਰੀ ਕ੍ਰਾਂਤੀ ਦੀਆਂ ਲੋੜਾਂ ਕਾਰਨ ਇਨ੍ਹਾਂ ਪਰਵਾਸੀਆਂ ਨੂੰ ਆਪਣੇ ਆਪ ਨੂੰ ਪੰਜਾਬ ਦਾ ਅਟੁੱਟ ਹਿੱਸਾ ਬਣਾ ਲਿਆ ਹੈ ਅਤੇ ਕੋਈ ਵੀ ਅਜਿਹਾ ਖੇਤਰ ਨਹੀਂ ਜਿਸ ਵਿਚ ਪਰਵਾਸੀ ਵਿਸ਼ੇਸ਼ ਕਰਕੇ ਬਿਹਾਰੀ ਕਾਮੇ ਨਾ ਸ਼ਾਮਲ ਹੋਣ। ਪੰਜਾਬ ਦੀ ਆਰਥਿਕਤਾ ਤੋਂ ਲੈ ਕੇ ਸਮਾਜਿਕਤਾ ਤੱਕ ਪਰਵਾਸੀਆਂ ਦਾ ਵਿਸ਼ੇਸ਼ ਸਥਾਨ ਹੈ।

ਪ੍ਰੰਤੂ ਜਿਸ ਕਿਸਮ ਨਾਲ ਵਾਰ ਵਾਰ ਪੰਜਾਬ ਨੂੰ ਅੰਦਰੂਨੀ ਸੰਕਟਾਂ ਵਿਚ ਸੁੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਇਸ ਦੀ ਬੁਨਿਆਦ ਵਿਚ ਪਹਿਲਾਂ ਹੀ ਦੋ ਧਰਮ ਕਦੇ ਨਾ ਕਦੇ ਆਪਸੀ ਖਿੱਚੋਤਾਣ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਹੁਕਮਰਾਨਾ ਲਈ ਇਕ ਅਜਿਹੀ ਰਾਜਨੀਤੀ ਨੂੰ ਜਨਮ ਦੇਣ ਜਾਂ ਫਾਇਦਾ ਪਹੁੰਚਾਉਣ ਦਾ ਜ਼ਰੀਆ ਬਣਦੇ ਹਨ ਕੋਈ ਇਹ ਕਿ ਅਸੀਂ ਸਿੱਖ ਭਾਈਚਾਰੇ ਦੇ ਲੀਡਰ ਹਾਂ ਅਤੇ ਉਹ ਇਸ ਵਿਰੋਧਤਾਈ ਨੂੰ ਵਰਤਕੇ ਆਪਣੀ ਰਾਜਨੀਤੀ ਧਰਮ ਦੇ ਆਧਾਰ 'ਤੇ ਕਰਦੇ ਹਨ। ਕਈ ਕਿਸਮ ਦੀਆਂ ਕੱਟੜ ਵਿਚਾਰਧਾਰਾਵਾਂ ਅਤੇ ਜਥੇਬੰਦੀਆਂ ਉਤਪੰਨ ਹੋ ਜਾਂਦੀਆਂ ਜੋ ਧਰਮ ਦੇ ਆਧਾਰ 'ਤੇ ਰਾਜ ਵਾਸਤੇ ਆਵਾਜ਼ ਉਠਾਉਣ ਲੱਗਦੀਆਂ ਹਨ। ਇਸੇ ਤਰ੍ਹਾਂ ਪੰਜਾਬ ਵਿਚ ਘੱਟ ਗਿਣਤੀ ਹਿੰਦੂਆਂ ਨੂੰ ਖਤਰਾ ਦਿਖਾ ਕੇ ਕਈ ਕਿਸਮ ਦੇ ਹਿੰਦੂ ਸੰਗਠਨ ਜੋ ਬੇਹੱਦ ਗਰਮ ਆਵਾਜ਼ ਵਿਚ ਪੰਜਾਬ ਦੇ ਲੋਕਾਂ ਵਿਚ ਭਾਈਚਾਰਕ ਵਖਰੇਵਾਂ ਖੜ੍ਹਾ ਕਰਦੇ ਹਨ। ਪੰਜਾਬ ਦਾ ਇਤਿਹਾਸ ਅਤੇ ਅਖ਼ਬਾਰੀ ਪੰਨੇ ਇਨ੍ਹਾਂ ਵਿਰੋਧਤਾਈਆਂ ਨਾਲ ਭਰੇ ਪਏ ਹਨ। ਜੇ 1980 ਤੋਂ 90 ਤੱਕ ਜਗ ਬਾਣੀ ਤੋਂ ਲੈ ਕੇ ਅਜੀਤ ਤੱਕ ਦੀਆਂ ਖ਼ਬਰਾਂ ਨੂੰ ਦੇਖਿਆ ਅਤੇ ਵਾਚਿਆ ਜਾਵੇ ਉਹ ਸਭ ਕੁਝ ਵਿਚ ਇਹ ਬਿਰਤਾਂਤ ਦਰਸਾਏ ਗਏ ਹਨ। ਇੰਝ ਜਾਪਦਾ ਹੈ ਕਿ ਅਸੀਂ ਵਾਰ ਵਾਰ ਕਿਸੇ ਅਜਿਹੀ ਸੋਚ ਅਤੇ ਰਾਜਨੀਤੀ ਦੇ ਜਾਲ ਵਿਚ ਫਸ ਜਾਂਦੇ ਹਾਂ ਜੋ ਪੰਜਾਬ ਲਈ ਤਰਾਸਦੀ ਲੈ ਕੇ ਆਉਂਦੀ ਹੈ। ਹੁਣ ਜਦੋਂ ਇਕ ਸੋਸ਼ਲ ਮੀਡੀਆ ਦਾ ਯੁੱਗ ਵੀ ਚੱਲ ਰਿਹਾ ਹੈ ਉਸ ਵੇਲੇ ਲੁਧਿਆਣੇ ਦੇ ਦੋ ਪਰਵਾਸੀ ਮਜ਼ਦੂਰਾਂ ਅਤੇ ਸਿੱਖ ਮਜ਼ਦੂਰਾਂ/ਕਿਸਾਨਾਂ ਵਿਚ ਟਕਰਾਅ ਉਤਪੰਨ ਹੋ ਗਿਆ ਜਿਹੜਾ ਬਹੁਤ ਹੀ ਹੇਠਲੇ ਪੱਧਰ ਦਾ ਸੀ। ਪ੍ਰੰਤੂ ਜਿਸ ਕਿਸਮ ਨਾਲ ਉਸ ਨੂੰ ਮੀਡੀਏ ਨੇ ਉਛਾਲ ਦਿੱਤਾ ਅਤੇ ਇਸ ਵਿਰੋਧ ਨੂੰ ਇਥੋਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਸ਼ਾਇਦ ਆਉਣ ਵਾਲੇ ਭਵਿੱਖ ਵਿਚ ਪੰਜਾਬ ਉਪਰ ਪਰਵਾਸੀ ਕਾਬਜ਼ ਹੀ ਨਾ ਹੋ ਜਾਣ। ਇਹ ਖਦਸ਼ਾ ਪ੍ਰਗਟ ਕਰਨਾ ਅਤੇ ਇਸ ਉਪਰ ਇਕ ਟਕਰਾਅ ਪੈਦਾ ਕਰਨਾ ਪੰਜਾਬ ਅੰਦਰ ਕਾਰਜਸ਼ੀਲ ਸੌੜੀ ਸੋਚ ਦੀ ਵੱਡੀ ਨਿਸ਼ਾਨੀ ਹੈ। ਹਾਲਾਂਕਿ ਹਕੀਕਤ ਇਹ ਹੈ ਕਿ ਜਿਸ ਕਿਸਮ ਨਾਲ ਅਜੋਕੀ ਆਰਥਿਕਤਾ ਚੱਲ ਰਹੀ ਹੈ ਉਸ ਵਿਚਲੇ ਕਾਮਿਆਂ, ਕਿਰਤੀਆਂ, ਮੁਲਾਜ਼ਮਾਂ ਆਦਿ ਦਾ ਅਦਾਨ ਪ੍ਰਦਾਨ ਕੋਈ ਵੀ ਨਹੀਂ ਰੋਕ ਸਕਦਾ। ਜੋ ਵੀ ਇਸ ਕਿਸਮ ਦੀ ਰੁਕਾਵਟ ਜਾਂ ਸੋਚ ਨੂੰ ਉਤਪੰਨ ਕਰੇਗਾ ਉਹ ਅਸਲ ਵਿਚ ਪੰਜਾਬ ਅਤੇ ਇਸ ਦੇ ਵੱਡੇ ਭਾਈਚਾਰੇ ਦੇ ਖਿਲਾਫ਼ ਹੀ ਹੋਵੇਗਾ। ਉਹ ਵੀ ਉਸ ਸਮੇਂ ਜਦੋਂ ਸਮੁੱਚੀ ਦੁਨੀਆ ਵਿਚ ਪੰਜਾਬੀ ਮਾਣ ਨਾਲ ਕਹਿੰਦੇ ਹਨ ਕਿ ਅਸੀਂ ਹਰੇਕ ਕਿਰਤ ਕਰਨ ਵਾਲੇ ਦੀ ਕਦਰ ਕਰਦੇ ਹਾਂ ਅਤੇ ਸਾਡੇ ਦਰਵਾਜ਼ੇ ਖੁੱਲ੍ਹੇ ਹਨ ਪ੍ਰੰਤੂ ਜਿਸ ਕਿਸਮ ਨਾਲ ਸੌੜੀ ਸੋਚ ਸੋਸ਼ਲ ਮੀਡੀਆ ਦੇ ਦਰਸਾਈ ਜਾ ਰਹੀ ਹੈ ਉਹ ਪੰਜਾਬ ਦੇ ਮਾੜੇ ਦੌਰ ਨੂੰ ਇਕ ਵੱਖਰੇ ਢੰਗ ਨਾਲ ਵਿਕਸਿਤ ਕਰਨ ਦੀ ਚਾਲ 'ਚ ਹੈ। ਪੰਜਾਬੀ ਜੋ ਬੇਹੱਦ ਗੰਭੀਰ ਤਜਰਬਿਆਂ ਵਿਚੋਂ ਲੰਘ ਚੁੱਕੇ ਹਨ ਉਹ ਇਸ ਨੂੰ ਉਭਰਨ ਨਹੀਂ ਦੇਣਗੇ।

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ‘ਪੰਜਾਬ ਦੀ ਹੋਣੀ’ ਬਾਰੇ ਇਕ ਅਹਿਮ ਸੰਵਾਦ

*ਬੌਧਿਕ ਅਤੇ ਵਿਚਾਰਧਾਰਕ ਪੱਧਰ ’ਤੇ ਕਾਰਜ ਕੀਤੇ ਤੋਂ ਬਿਨਾਂ ਸਹੀ ਦਿਸ਼ਾ ਅਤੇ ਸਮਝਦਾਰੀ ਨਹੀਂ ਅਪਣਾਈ ਜਾ ਸਕਦੀ ਹੈ। ਹਾਲਾਂਕਿ ਖੁੱਲ੍ਹੇ ਰੂਪ ਵਿਚ ਵੱਖ-ਵੱਖ ਚਿੰਤਤ ਲੋਕ ਆਪਣੀਆਂ ਸਮਝਦਾਰੀਆਂ ਅਤੇ ਸੋਚਾਂ ਨੂੰ ਲਿਖਤਾਂ, ਲੈਕਚਰਾਂ, ਸੈਮੀਨਾਰਾਂ, ਗੋਸ਼ਟੀਆਂ, ਲੇਖਣੀਆਂ, ਸੰਘਰਸ਼ਾਂ ਆਦਿ ਰਾਹੀਂ ਵੱਖਰੇ ਰੂਪ ਵਿਚ ਕਰ ਰਹੇ ਹਨ। ਜਦੋਂ ਵੀ ਲੋਕ ਵੱਖੋ-ਵੱਖਰੇ ਪੱਧਰ ’ਤੇ ਸੰਕਟਾਂ ਨਾਲ ਜੂਝ ਰਹੇ ਹੁੰਦੇ ਹਨ ਉਹ ਉਨ੍ਹਾਂ ’ਚੋਂ ਉਭਰਨ ਲਈ ਜਿਥੇ ਸੰਘਰਸ਼ ਕਰਦੇ ਹਾਂ ਉਥੇ ਆਪਣੀ ਇਕ ਸਮਝਦਾਰੀ ਵੀ ਉਸਾਰ ਲੈਂਦੇ ਹਨ। ਪ੍ਰੰਤੂ ਜਿਸ ਕਿਸਮ ਨਾਲ ਇਕ ਪਲੇਟਫਾਰਮ ਉਪਰ ਸਿਰ ਜੋੜ ਕੇ ਇਹ ਕਾਰਜ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਇਕ ਬਦਲਵਾਂ ਸਾਂਝਾ ਵਿਚਾਰ ਅਤੇ ਸੋਚ ਉਪਤੰਨ ਹੋ ਸਕੇ। ਇਸ ਦਿਸ਼ਾ ਵੱਲ ਪੰਜਾਬ ਦੇ ਵਿਚੋਂ ਇਕ ਪਹਿਲਕਦਮੀ ਜੋ ਹੋਈ ਹੈ 'ਸਰੋਕਾਰਾਂ ਦੀ ਆਵਾਜ਼' ਉਸ ਨੂੰ ਹਾਂਪੱਖੀ ਸਮਝਦਾ ਹੈ ਅਤੇ ਆਪਣੀ ਸਮਰੱਥਾ ਅਤੇ ਸੋਝੀ ਅਨੁਸਾਰ ਯੋਗਦਾਨ ਪਾਉਣਾ ਆਪਣਾ ਫਰਜ਼ ਸਮਝਦਾ ਹੈ ਤਾਂ ਕਿ ਜਿਸ ਕਿਸਮ ਨਾਲ ਪੰਜਾਬ ਦੀਆਂ ਸਮੱਸਿਆਵਾਂ ਦੇਸ਼ ਵਿਦੇਸ਼ ਬੈਠੇ ਪੰਜਾਬੀਆਂ ਨਾਲ ਵੀ ਜੁੜ ਗਈਆਂ ਹਨ ਉਨ੍ਹਾਂ ਦੇ ਸਰੋਕਾਰਾਂ ਲਗਾਤਾਰ ਪੰਜਾਬ ਵੱਲ ਰਹਿੰਦੇ ਹਨ। ਸੋ ਇਸ ਕਦਮ ਨੂੰ ਹੋਰ ਵਿਸ਼ਾਲ ਅਤੇ ਸਹੀ ਦਿਸ਼ਾ ਅਗਾਂਹ ਵਧਾਈਏ। – ਸੰਪਾਦਕ*

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚੋਂ ਫਿਕਰਮੰਦ ਦਾਨਸ਼ਵਰ ਅਤੇ ਬੁੱਧੀਮਾਨਾਂ ਨੇ ਪੰਜਾਬ ਦੀਆਂ ਅਜੋਕੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਨੂੰ ਸਮਝਣ ਅਤੇ ਇਸ ਵਿਚੋਂ ਨਿਕਲਣ ਲਈ ਪੰਜਾਬੀਅਤ ਦੀ ਪ੍ਰਬਲ ਭਾਵਨਾ, ਗੁੰਦਵੇਂ ਭਰਪਣ ਅਤੇ ਸਮੁੱਚੇ ਪੰਜਾਬ ਦੀ ਸਥਿਤੀ ਨੂੰ ਵੱਖ ਵੱਖ ਖੇਤਰਾਂ ਵਿਚ ਤਬਦੀਲ ਕਰਨ ਅਤੇ ਉਨ੍ਹਾਂ ਵਿਚ ਸਮਝਦਾਰੀ ਪ੍ਰਦਾਨ ਕਰਨ ਹਿੱਤ ਇਕੱਤਰਤਾ ਕੀਤੀ ਗਈ।

ਵੱਖ ਵੱਖ ਦਾਨਸ਼ਵਰਾਂ ਨੇ ਵਿਚਾਰ ਪ੍ਰਦਾਨ ਕਰਦਿਆਂ ਕਿਹਾ ਕਿ ਜਿਸ ਦਿਸ਼ਾ ਵਿਚ ਦੇਸ਼ ਚਲਾ ਗਿਆ ਹੈ ਉਸ ਤੋਂ ਆਮ ਲੋਕ ਬੇਹੱਦ ਪ੍ਰੇਸ਼ਾਨ ਅਤੇ ਭਵਿੱਖ ਬਾਰੇ ਫਿਰਕਮੰਦ ਹਨ। ਗੰਭੀਰ ਸੰਕਟਾਂ ਅਤੇ ਮੰਡਰਾ ਰਹੇ ਖਤਰਿਆਂ ਨੇ ਸਮੁੱਚੇ ਦੇਸ਼ ਅਤੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਲੋਕਾਂ ਲਈ ਚਿੰਤਾਤਰ ਹਿੱਸੇ ਭਲੀਭਾਂਤ ਜਾਣੂ ਹਨ ਕਿ ਦੇਸ਼ ਨੂੰ ਮਿਥੇ ਹੋਏ ਸੰਵਿਧਾਨਕ ਫਰਜ਼ਾਂ ਤੋਂ ਭਟਕਾ ਦਿੱਤਾ ਗਿਆ ਹੈ ਜਿਸ ਕਾਰਨ ਇਥੋਂ ਦੀ ਰਾਜਨੀਤੀ, ਆਰਥਿਕਤਾ, ਸਮਾਜ ਅਤੇ ਸਭਿਆਚਾਰ ਹਾਲਾਤ ਕੋਈ ਤਸੱਲੀਬਖਸ਼ ਨਹੀਂ ਹੈ। ਵੱਖ-ਵੱਖ ਧਰਮਾਂ ਦਾ ਸਨਮਾਨ, ਜਮਹੂਰੀਅਤ ਅਤੇ ਸੰਘੀ ਢਾਂਚੇ ਦੀ ਵਿਰਾਸਤ ਨੂੰ ਫਿਰਕੂ ਅਤੇ ਫਾਸੀ ਰੁਝਾਨ ਮਲੀਆਮੇਟ ਕਰਨ ਵੱਲ ਵਧ ਰਹੇ ਹਨ। ਇਹ ਰੁਝਾਨ ਮਾਨਵਤਾ ਅਤੇ ਸਦਭਾਵਨਾ ਲਈ ਖਤਰਾ ਪੈਦਾ ਕਰ ਰਹੇ ਹਾਂ। ਇਸੇ ਤਰ੍ਹਾਂ ਦੇਸ਼ ਦੀਆਂ ਸ਼ਾਨਾਂਮੱਤੀ ਇਤਿਹਾਸਕ ਪ੍ਰਾਪਤੀਆਂ ਮਿੱਠੀ ਵਿਚ ਰੁਲਾਈਆਂ ਜਾ ਰਹੀਆਂ ਹਨ। ਪੰਜਾਬ ਅੰਦਰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਨਸ਼ਿਆਂ ਦਾ ਪ੍ਰਕੋਪ, ਆਰਥਿਕ ਮੰਦਹਾਲੀ, ਖੁਦਕੁਸ਼ੀਆਂ, ਡੂੰਘੇ ਹੋ ਰਹੇ ਪਾਣੀ ਦੇ ਸੰਕਟ, ਵਾਤਾਵਰਣ ਦੀ ਤਬਾਹੀ, ਸਿੱਖਿਆ ਅਤੇ ਸਿਹਤ ਵਿਚ ਆਇਆ ਨਿਘਾਰ ਹੋਰ ਵੀ ਗੰਭੀਰ ਚਿੰਤਾ ਦੇ ਕਾਰਨ ਬਣ ਗਏ ਹਨ। ਪੰਜਾਬ ਵਿਚ ਬੇਉਮੀਦੀ ਦਾ ਮਾਹੌਲ ਹੈ ਅਤੇ ਪੰਜਾਬ ਇਕ ਕਿਸਮ ਨਾਲ ਪੂਰਨ ਰੂਪ ਵਿਚ ਰਾਜਨੀਤਕ ਖਲਾਅ ਵਿਚੋਂ ਗੁਜ਼ਰ ਰਿਹਾ ਹੈ। ਕਿਸੇ ਵੀ ਰਾਜਨੀਤਕ ਪਾਰਟੀ ਦੀ ਸਾਰਥਿਕ ਅਤੇ ਪ੍ਰਭਾਵਸ਼ਾਲੀ ਹੋਂਦ ਨਹੀਂ ਹੈ। ਸ਼ਾਇਦ ਇਹ ਪਹਿਲੀ ਵਾਰੀ ਪੰਜਾਬ ਦੇ ਇਤਿਹਾਸ ਵਿਚ ਵਾਪਰ ਰਿਹਾ ਹੈ। ਅਜਿਹੀ ਤਰਾਸ਼ਦਿਕ ਸਥਿਤੀ ਵਿਚੋਂ ਨਿਕਲਣ ਲਈ ਅਤੇ ਹੋਰ ਨਿਘਾਰ ਵਲ ਵਧਣ ਤੋਂ ਪੰਜਾਬ ਨੂੰ ਰੋਕਣ ਲਈ ਅਤੇ ਚੰਗੇ ਭਵਿੱਖ ਦੀ ਉਸਾਰੀ ਲਈ ਕੋਈ ਚਾਰਾਜੋਈ ਦੀ ਜ਼ਰੂਰਤ ਹੈ। ਇਸ ਮਨੋਰਥ ਲਈ ਸਮੁੱਚੇ ਪੰਜਾਬੀਆਂ ਦੀ ਫਿਕਰਮੰਦੀ ਨੂੰ ਸਹੀ ਸੰਦਰਭ ਵਿਚ ਸਮਝਣ ਅਤੇ ਬਦਲਣ ਦੀ ਜ਼ਰੂਰਤ ਹੈ।

ਇਸ ਦੇ ਨਾਲ ਹੀ ਜਿਸ ਕਿਸਮ ਨਾਲ ਪੰਜਾਬ ਦਾ ਨੌਜਵਾਨ ਇਸ ਧਰਤੀ ਤੋਂ ਆਰਥਿਕ ਅਤੇ ਰਾਜਨੀਤਕ ਭੈੜੀਆਂ ਸਥਿਤੀਆਂ ਦਾ ਸਤਾਇਆ ਪਰਵਾਸ ਕਰ ਰਿਹਾ ਹੈ ਉਹ ਹੋਰ ਵੀ ਪੰਜਾਬ ਦੇ ਸੰਕਟ ਨੂੰ ਡੂੰਘਾ ਕਰੇਗਾ। ਜਿਸ ਕਿਸਮ ਦੀਆਂ ਅਵਾਜ਼ਾਂ ਪੰਜਾਬ ਤੋਂ ਪਰਵਾਸ ਕਰਕੇ ਗਏ ਹਿੱਸਿਆਂ ਦੀਆਂ ਆ ਰਹੀਆਂ ਹਨ ਕਿ ਉਨ੍ਹਾਂ ਸਮਾਜਾਂ ਵਿਚ ਪੰਜਾਬ ਦੀ ਇਸ ਨੌਜਵਾਨ ਪੀੜ੍ਹੀ ਦੀ ਕੀ ਦਸ਼ਾ ਅਤੇ ਦਿਸ਼ਾ ਬਣ ਰਹੀ ਹੈ ਉਹ ਸਮੁੱਚੇ ਪੰਜਾਬੀਆਂ ਦਾ ਸਰੋਕਾਰ ਬਣਨਾ ਚਾਹੀਦਾ ਹੈ। ਇਸ ਪਹਿਲੂ ’ਤੇ ਵੱਖ ਵੱਖ ਵਕਤਿਆਂ ਨੇ ਆਪਣੇ ਵਿਚਾਰ ਪ੍ਰਦਾਨ ਵੀ ਕੀਤੇ।

ਇਸ ਵਿਚਾਰ-ਚਰਚਾ ਵਿਚ ਜਿਥੇ ਵੱਖ ਵੱਖ ਪ੍ਰਮੁੱਖ ਵਿਚਾਰਾਂ ਦੇ ਨਾਲ-ਨਾਲ ਹੋਰ ਕਈ ਪੱਖਾਂ ਤੋਂ ਵੱਖ ਵੱਖ ਵਕਤਿਆਂ ਨੇ ਇਸ ਉਪਰ ਜ਼ੋਰ ਦਿੱਤਾ ਕਿ ਪੰਜਾਬ ਦੀ ਹੋਣੀ ਦੇ ਸਵਾਲ ਨੂੰ ਵਿਸ਼ਾਲ ਪੱਧਰ ’ਤੇ ਸੰਬੋਧਤ ਹੋਣ ਲਈ ਇਕ ਅਜਿਹਾ ਕੇਂਦਰ ਸਥਾਪਤ ਕੀਤਾ ਜਾਵੇ ਜਿਸ ਵਿਚ ਇਕ ਬੌਧਿਕ ਸੋਝੀ ਤੋਂ ਇਲਾਵਾ ਵੱਖ-ਵੱਖ ਮਸਲਿਆਂ ਉਪਰ ਵੀ ਠੋਸ ਨੀਤੀ ਅਪਣਾਉਣ ਲਈ ਅਗਾਂਹ ਵਧਿਆ ਜਾਵੇ। ਇਸ ਦਿਸ਼ਾ ਵੱਲ ਵਿਸ਼ਾਲ ਘੇਰਿਆਂ ਨੂੰ ਸ਼ਾਮਲ ਕਰਨ ਵਾਸਤਾ ਅਗਾਂਹ ਤਰੱਦਦ ਕੀਤੇ ਜਾਣ। ਪ੍ਰੋ. ਅਜੀਤ ਲੰਗੇਰੀ, ਪ੍ਰੋ. ਰਾਜੀਵ ਖੋਸਲਾ, ਸੰਦੀਪ ਨਈਅਰ, ਡਾ. ਗੋਪਾਲ ਸਿੰਘ ਬੁੱਟਰ, ਡਾ. ਕਾਨਤਾ ਇਕਬਾਲ, ਮੱਖਣ ਸਿੰਘ ਕੁਹਾਰ, ਸੁਮੀਤ ਸਿੰਘ, ਕਮਲ ਦੁਸਾਂਝ, ਪ੍ਰੋ. ਸੁਰਿੰਦਰ ਪਾਲ, ਕਾਮਰੇਡ ਨਰਭਿੰਦਰ, ਜਗਰੂਪ ਸਿੰਘ, ਬਲਬੀਰ ਸਿੰਘ ਜੰਡੂ, ਉਂਕਾਰ ਸਿੰਘ ਡਮੇਲੀ, ਸਰਦਾਰਾ ਸਿੰਘ ਚੀਮਾ, ਪ੍ਰੋ. ਤੇਜਿੰਦਰ ਵਿਰਲੀ, ਸੁਰਿੰਦਰ ਕੁਮਾਰੀ ਕੋਛੜ, ਐਡਵੋਕੇਟ ਜੋਗਿੰਦਰ ਸਿੰਘ ਜਿੰਦੂ, ਨਰਿੰਦਰ ਸਿੰਘ ਸੰਧੂ, ਪ੍ਰਿੰ. ਤੋਤਾ ਸਿੰਘ, ਸੁਲੱਖਣ ਸਰਹੱਦੀ, ਦੀਪਕ ਠਾਕਰ, ਡਾ. ਜਸਪਾਲ ਸਿੰਘ, ਜਤਿੰਦਰ ਚੌਹਾਨ, ਕਰਨੈਲ ਸਿੰਘ ਆਦਿ ਪੰਜਾਬ ਦੇ ਵੱਖ ਵੱਖ ਕੋਨਿਆਂ ਤੋਂ ਪਹੁੰਚੇ ਹੋਏ ਸਨ।

ਜਿਨ੍ਹਾਂ ਨੇ ਸਮੁੱਚੀ ਚਰਚਾ ਵਿਚ ਭਾਗ ਲੈਂਦਿਆਂ ਸੁਝਾਅ ਦਿੱਤੇ ਕਿ ਇਸ ਪਲੇਟਫਾਰਮ ਨੂੰ ਹੋਰ ਵਿਕਸਿਤ ਕਰਨ ਵਾਸਤੇ ਵੱਖ ਵੱਖ ਜੋ ਪੰਜਾਬ ਦੇ ਸੰਕਟ ਹਨ ਜਿਨ੍ਹਾਂ ਵਿਚ ਪ੍ਰਮੁੱਖ ਰਾਜਨੀਤੀ ਦਾ ਸਵਾਲ ਹੈ ਉਸ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਪੰਜਾਬ ਦੀ ਆਰਥਿਕਤਾ ਜਿਸ ਦਿਸ਼ਾ ਵੱਲ ਜਾ ਰਹੀ ਹੈ ਅਤੇ ਬੇਰੁਜ਼ਗਾਰੀ ਪੂਰੀ ਤਰ੍ਹਾਂ ਪੰਜਾਬ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀ ਹੈ ਇਸੇ ਤਰ੍ਹਾਂ ਸਮਾਜਿਕ ਸੰਕਟ ਦੀਆਂ ਵੱਖ ਵੱਖ ਵੰਨਗੀਆਂ ਲਗਾਤਾਰ ਦਾਨਸ਼ਵਰ ਅਤੇ ਚੇਤੰਨ ਹਿੱਸਿਆਂ ਨੂੰ ਸੋਚਣ ਲਈ ਮਜਬੂਰ ਕਰ ਰਹੀਆਂ ਹਨ ਕਿ ਅਸੀਂ ਕਿਸ ਕਿਸਮ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ। ਵਾਤਾਵਰਣ ਦਾ ਮਸਲਾ ਆਪਣੇ ਆਪ ਵਿਚ ਅਹਿਮ ਸਵਾਲ ਬਣਿਆ ਹੋਇਆ ਹੈ, ਭਵਿੱਖ ਵਿਚ ਅਜੋਕੇ ਵਿਕਾਸ ਮਾਡਲ ਰਾਹੀਂ ਪਾਣੀ ਦਾ ਸੰਕਟ ਬੁਰੀ ਤਰ੍ਹਾਂ ਗੰਭੀਰ ਹੋ ਚੁੱਕਾ ਹੈ। ਵਿਦਿਆ ਦਾ ਸੰਕਟ ਨਵੀਆਂ ਸਮੱਸਿਆਵਾਂ ਸਮਾਜ ਵਿਚ ਉਤਪੰਨ ਕਰ ਰਿਹਾ ਹੈ। ਖੇਤੀ ਦਾ ਸੰਕਟ ਇਕ ਵੱਡੇ ਸੰਘਰਸ਼ ਤੋਂ ਬਾਅਦ ਵੀ ਪੰਜਾਬ ਨੂੰ ਖੇਤੀ ਦੇ ਖੇਤਰ ਵਿਚ ਸੰਕਟਗ੍ਰਸਤ ਕਰੀ ਬੈਠਾ ਹੈ। ਇਸ ਦੇ ਨਾਲ ਹੀ ਸਭ ਤੋਂ ਵੱਡੀ ਤੇ ਅਹਿਮ ਸਵਾਲ ਜਿਸ ਪੱਧਰ ’ਤੇ ਪੰਜਾਬ ਵਿਚੋਂ ਪਰਵਾਸ ਦਾ ਸਿਲਸਿਲਾ ਸ਼ੁਰੂ ਹੋਇਆ ਹੈ ਉਹ ਇਥੇ ਤਾਂ ਸਮੱਸਿਆਵਾਂ ਉਤਪੰਨ ਕਰ ਹੀ ਰਿਹਾ ਹੈ ਉਸ ਦੇ ਨਾਲ ਹੀ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਚਿੰਤਾਗ੍ਰਸਤ ਹਨ। ਇਸ ਦੇ ਗੰਭੀਰਤਾ ਨੂੰ ਸਮਝਣ ਅਤੇ ਸਹੀ ਪਹੁੰਚਣ ਅਪਣਾਉਣ ਲਈ ਪੰਜਾਬ ਤੋਂ ਬਾਹਰ ਬੈਠੇ ਮਾਹਿਰਾਂ ਦੀਆਂ ਰਾਇਆਂ ਅਤੇ ਸਮਝਦਾਰੀਆਂ ਨੂੰ ਵੀ ਸ਼ਾਮਲ ਕਰਨ ਦੀ ਜ਼ਰੂਰਤ ਹੈ। ਇਸ ਸਵਾਲ ਨੂੰ ਨਜਿੱਠਣਾ ਅਜੋਕੇ ਪੰਜਾਬ ਦਾ ਗੰਭੀਰ ਇਕ ਮਸਲਾ ਬਣ ਗਿਆ ਹੈ।

ਉਪਰੋਕਤ ਪਹਿਲੂਆਂ ਨੂੰ ਵਿਚਾਰਨ ਅਤੇ ਸਮਝਦਾਰੀ ਬਣਾਉਣ ਦੇ ਨਾਲ ਨਾਲ ਜਿਸ ਪੱਧਰ ’ਤੇ ਪੰਜਾਬ ਦੇ ਲੋਕ ਲਗਾਤਾਰ ਸੰਘਰਸ਼ਾਂ ਵਿਚ ਲੱਗੇ ਹੋਏ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਇਕ ਬੌਧਿਕ ਪੱਧਰ



ਪੰਜਾਬ ਦੇ ਮੌਜੂਦਾ ਸੰਕਟ ਦੀਆਂ ਜੜ੍ਹਾਂ ਉਸ ਸਮੇਂ ਸ਼ੁਰੂ ਹੋ ਗਈਆਂ ਸਨ ਜਦੋਂ ਅਮਰੀਕਾ ਵਲੋਂ ਪੈਦਾਵਾਰ ਦੇ ਵਾਧੇ ਲਈ ਫੋਰਡ ਫਾਉਂਡੇਸ਼ਨ ਰਾਹੀਂ ਹਰੀ ਕ੍ਰਾਂਤੀ ਦੀ ਸ਼ੁਰੂਆਤ ਪੰਜਾਬ ਵਿਚ ਕੀਤੀ ਅਤੇ ਜਿਸ ਦੇ ਅੱਜ ਭਿਆਨਕ ਨਤੀਜੇ ਵਾਤਾਵਰਣਿਕ ਤਬਾਹੀ ਤੋਂ ਲੈ ਕੇ ਮਨੁੱਖੀ ਜੀਵਨ ਦੀ ਹਰੇਕ ਪਰਤ ਵਿਚ ਦੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਜਿਸ ਕਿਸਮ ਨਾਲ ਨਵੀਂ ਪੀੜ੍ਹੀ ਨੂੰ ਆਧੁਨਿਕ ਤਕਨਾਲੋਜੀ ਨੇ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ ਅਤੇ ਬਦਲਵੇਂ ਪਲੇਟਫਾਰਮ ਅਸੀਂ ਵਿਕਸਿਤ ਨਹੀਂ ਕਰ ਸਕੇ। ਇਹ ਵੀ ਇਕ ਚੁਣੌਤੀ ਹੈ। ਇਸ ਦੇ ਨਾਲ ਹੀ ਕਈ ਭਿਆਨਕ, ਸਮਾਜਿਕ ਅਤੇ ਆਰਥਿਕ ਬਿਮਾਰੀਆਂ ਇਥੋਂ ਦੀਆਂ ਸੱਤਾਧਾਰੀ ਪਾਰਟੀਆਂ ਦੀ ਰਾਜਨੀਤੀ ਰਾਹੀਂ ਪੰਜਾਬ ਵਿਚ ਬੁਰੀ ਤਰ੍ਹਾਂ ਪ੍ਰਵੇਸ਼ ਕਰ ਗਈਆਂ ਹਨ। ਇਸ ਕਰਕੇ ਲੋੜ ਹੈ ਕਿ ਬਹੁਪਰਤੀ ਅਤੇ ਬਹੁਦਿਸ਼ਾਵੀ ਦ੍ਰਿਸ਼ਟੀਕੋਣਾਂ ਤੋਂ ਪੰਜਾਬ ਨੂੰ ਵਿਚਾਰਿਆ ਜਾਵੇ।

ਪ੍ਰੋ. ਜਗਮੋਹਨ ਸਿੰਘ (ਭਾਣਜਾ ਸ਼ਹੀਦੇ-ਆਜ਼ਮ ਭਗਤ ਸਿੰਘ)



ਦੇਸ਼ ਦੀ ਅਜੋਕੀ ਰਾਜਨੀਤੀ ਜਿਸ ਕਿਸਮ ਨਾਲ ਘੱਟ ਗਿਣਤੀਆਂ ਤੋਂ ਲੈ ਕੇ ਵੱਖ-ਵੱਖ ਭਾਸ਼ਾਵਾਂ ਦੇ ਸਵਾਲਾਂ ’ਤੇ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਰਹੀ ਹੈ ਅਤੇ ਪੰਜਾਬ ਕਈ ਕਿਸਮ ਦੇ ਸੰਕਟਾਂ ਵਿਚੋਂ ਗੁਜ਼ਰ ਰਿਹਾ ਹੈ ਅਤੇ ਗੁਆਂਢੀ ਮੁਲਕ ਤਬਾਹੀ ਦੀ ਕਗਾਰ ਉਪਰ ਖੜ੍ਹਾ ਹੈ। ਇਸ ਖਿੱਤੇ ਵਿਚ ਨਵੀਆਂ ਸੰਕਟ ਵਾਲੀਆਂ ਸਥਿਤੀਆਂ ਉਤਪੰਨ ਹੋ ਗਈਆਂ ਹਨ। ਅਜਿਹੇ ਦੌਰ ਵਿਚ ਚਿੰਤਾ ਨੂੰ ਚਿੰਤਨ ਵਿਚ ਬਦਲਣ ਦੀ ਜ਼ਰੂਰਤ ਹੈ ਤਾਂ ਕਿ ਅਜੋਕੇ ਵੱਡੇ ਸੰਕਟ ’ਚੋਂ ਉਭਰਿਆ ਜਾ ਸਕੇ। ਨਹੀਂ ਤਾਂ ਲੋਕਾਂ ਦਾ ਭਵਿੱਖ ਬੜਾ ਧੁੰਦਲਾ ਬਣ ਜਾਵੇਗਾ ਅਤੇ ਸਮਾਜਿਕ ਪਾੜਾ ਜੋ ਅਜੋਕੀ ਰਾਜਨੀਤੀ ਵਲੋਂ ਉਤਪੰਨ ਕੀਤਾ ਜਾ ਰਿਹਾ ਹੈ ਉਹ ਸਮੁੱਚੀ ਮਨੁੱਖਤਾ ਲਈ ਨਵੀਆਂ ਸਮੱਸਿਆਵਾਂ ਰੋਜ਼ਮਰਾ ਦੇ ਜੀਵਨ ਵਿਚ ਵੀ ਲੈ ਆਵੇਗਾ।

**ਸਤਨਾਮ ਮਾਣਕ**
**(ਪ੍ਰਸਿੱਧ ਪੱਤਰਕਾਰ)**



ਪੰਜਾਬ ਇਕ ਕਿਸਮ ਨਾਲ ਰਾਜਨੀਤੀ ਤੋਂ ਬੇਹੂਣਾ ਹੋਇਆ ਜਾਪ ਰਿਹਾ ਹੈ। ਸਭ ਪਾਰਟੀਆਂ ਆਰਜੀ ਰੂਪ ਵਿਚ ਹੀ ਆਪਣਾ ਕਾਰਜ ਚਲਾ ਰਹੀਆਂ ਹਨ। ਜਦੋਂਕਿ ਸਮੁੱਚਾ ਪੰਜਾਬ ਕਈ ਪੱਖਾਂ ਤੋਂ ਸੰਕਟਗ੍ਰਸਤ ਹੋਇਆ ਪਿਆ ਹੈ। ਰਾਜਨੀਤੀ ਦੇ ਸਵਾਲਾਂ ’ਤੇ ਸਹੀ ਤਾਕਤਾਂ ਦੀ ਪਹਿਲਕਦਮੀ ਅਤੇ ਅਣਹੋਂਦ ਵਿਚ ਸਮਾਜ ਨੂੰ ਦਿਸ਼ਾ ਨਹੀਂ ਮਿਲ ਰਹੀ। ਇਸ ਕਰਕੇ ਪੰਜਾਬ ਦੇ ਦਾਨਸ਼ਵਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਸਿਰ ਜੋੜ ਕੇ ਇਸ ਵੱਡੇ ਸਵਾਲ ਨੂੰ ਸੰਬੋਧਨ ਹੋਣ ਅਤੇ ਅਜੋਕੇ ਸੰਕਟ ਦੀਆਂ ਵੱਖ-ਵੱਖ ਪਰਤਾਂ ਦਾ ਹੱਲ ਲੱਭਣ ਲਈ ਇਕ ਵਿਸ਼ਾਲ ਵਿਚਾਰ ਚਰਚਾ ਦਾ ਘੇਰਾ ਉਸਾਰਿਆ ਜਾਵੇ ਜਿਸ ਵਿਚ ਖੁੱਲ੍ਹਦਿਲੀ ਨਾਲ ਹਰ ਕੋਈ ਭਾਗੀਦਾਰ ਬਣ ਸਕੇ।

**ਪ੍ਰੋ. ਬਾਵਾ ਸਿੰਘ**
**(ਸਾਬਕਾ ਵਾਇਸ ਚੇਅਰਮੈਨ, ਘੱਟ ਗਿਣਤੀ ਕਮਿਸ਼ਨ)**



ਪੰਜਾਬ ਦੇ ਲੋਕਾਂ ਨੇ ਕਿਸਾਨ ਅੰਦੋਲਨ ਰਾਹੀਂ ਦਿਖਾ ਦਿੱਤਾ ਹੈ ਕਿ ਉਹ ਇਤਿਹਾਸ ਦੇ ਪੰਨਿਆਂ ’ਤੇ ਕਿੰਨੇ ਵੱਡੇ ਸੰਘਰਸ਼ ਲੜ ਸਕਦੇ ਹਨ ਅਤੇ ਜਿੱਤ ਪ੍ਰਾਪਤ ਕਰ ਸਕਦੇ ਹਨ। ਲੋਕ ਖੁਦ ਹੀ ਲੜਾਈ ਵਿਚੋਂ ਆਪਣੀ ਲੀਡਰਸ਼ਿਪ ਵਿਕਸਿਤ ਕਰ ਲੈਂਦੇ ਹਨ। ਇਸ ਸੰਘਰਸ਼ ਨੇ ਵੀ ਕਈ ਕਿਸਮ ਦੀਆਂ ਨਵੀਆਂ ਲੀਡਰਸ਼ਿਪਾਂ ਉਤਪੰਨ ਕੀਤੀਆਂ ਪ੍ਰੰਤੂ ਰਾਜਨੀਤੀ ਦੇ ਖੇਤਰ ਵਿਚ ਜਿਸ ਕਿਸਮ ਦੀ ਅਗਵਾਈ ਵਾਲੀ ਲੀਡਰਸ਼ਿਪ ਉਭਰਨੀ ਚਾਹੀਦੀ ਸੀ ਉਸ ਘਾਟ ਪੰਜਾਬੀਆਂ ਨੂੰ ਰੜਕ ਰਹੀ ਹੈ। ਇਸ ਦੀ ਪੂਰਤੀ ਕਰਨ ਲਈ ਇਕ ਅਜਿਹਾ ਚਿੰਤਨਸ਼ੀਲ ਹਿੱਸਿਆਂ ਦਾ ਵਰਗ ਅਗਾਂਹ ਆਵੇ ਜੋ ਛੋਟੀਆਂ ਮੋਟੀਆਂ ਹੱਦਬੰਦੀਆਂ ਤੋਂ ਉਪਰ ਉਠ ਕੇ ਵਿਸ਼ਾਲ ਲੋਕਾਈ ਲਈ ਕਾਰਜ ਕਰਨ ਦੀ ਸਮਰੱਥਾ ਬਣਾਉਣ ਵਿਚ ਰੋਲ ਅਦਾ ਕਰ ਸਕੇ। ਇਸ ਦਿਸ਼ਾ ਵੱਲ ਇਹ ਇਕ ਪਹਿਲਾ ਸ਼ਾਨਦਾਰ ਕਦਮ ਹੈ।

**ਸਤਨਾਮ ਚਾਨਾ**
**(ਪ੍ਰਸਿੱਧ ਇਤਿਹਾਸਕਾਰ ਅਤੇ ਲੇਖਕ)**



ਪੰਜਾਬ ਦੀ ਹੋਣੀ ਸ਼ਾਇਦ ਅਜੋਕੀ ਵੋਟਰ ਰਾਜਨੀਤੀ ਦੀ ਚਾਲ ਅਤੇ ਢਾਲ ਨੇ ਸੰਕਟਗ੍ਰਸਤ ਕਰ ਦਿੱਤੀ ਹੈ। ਵੱਖ-ਵੱਖ ਦਹਾਕਿਆਂ ਦੇ ਵੋਟ ਪੈਟਰਨ ਅਤੇ ਉਸ ਵਿਚ ਕਾਰਜਸ਼ੀਲ ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਸੋਚਾਂ, ਸਮਝਾਂ ਅਤੇ ਇੱਛਾਵਾਂ ਨੂੰ ਡੂੰਘਾਈ ਨਾਲ ਮੁੜ ਤਲਾਸ਼ਣ ਦੀ ਜ਼ਰੂਰਤ ਹੈ ਕਿ ਕਿਉਂ ਪੰਜਾਬੀ ਲਗਾਤਾਰ ਰਾਜਨੀਤੀ ਦੇ ਖੇਤਰ ਵਿਚ ਚੰਗੀਆਂ ਲੀਡਰਸ਼ਿਪਾਂ ਨੂੰ ਵਿਕਸਿਤ ਕਰਨ ਵਿਚ ਨਾਕਾਮਯਾਬ ਹੋ ਰਹੇ ਹਨ। ਇਸ ਸਵਾਲ ਨੂੰ ਸਹੀ ਸੰਦਰਭ ਨਾਲ ਸਮਝਣ, ਤਲਾਸ਼ਣ ਅਤੇ ਦਿਸ਼ਾ ਪ੍ਰਦਾਨ ਕਰਨ ਤੋਂ ਬਿਨਾਂ ਪੰਜਾਬ ਦਾ ਰਾਜਨੀਤਕ ਦ੍ਰਿਸ਼ ਤਬਦੀਲ ਕਰਨਾ ਅਸੰਭਵ ਹੈ। ਇਸ ਦਿਸ਼ਾ ਵੱਲ ਪਹਿਲਕਦਮੀ ਕਰਨ ਦੀ ਜ਼ਰੂਰਤ ਹੈ।

**ਪ੍ਰੋ. ਜਗਰੂਪ ਸਿੰਘ ਸੇਖੋਂ**
**(ਪ੍ਰਸਿੱਧ ਰਾਜਨੀਤਕ ਵਿਸ਼ਲੇਸ਼ਕ)**



ਜਿਸ ਕਿਸਮ ਨਾਲ ਕਿਸਾਨ ਅੰਦੋਲਨ ਦੌਰਾਨ ਔਰਤਾਂ ਨੇ ਆਪਣੇ ਆਪ ਨੂੰ ਲਹਿਰਾਂ ਦੇ ਸੰਦਰਭ ਵਿਚ ਚੇਤੰਨ ਕੀਤਾ ਹੈ ਹੁਣ ਉਨ੍ਹਾਂ ਨੂੰ ਰਾਜਨੀਤਕ ਖੇਤਰ ਵਿਚ ਅਗਾਂਹ ਚੇਤੰਨ ਕਰਕੇ ਵਿਕਸਿਤ ਕਰਨ ਦੀ ਜ਼ਰੂਰਤ ਸੀ। ਸ਼ਾਇਦ ਅਸੀਂ ਇਸ ਵਿਚ ਖੁੰਝ ਗਏ ਹਾਂ। ਜਿਸ ਪ੍ਰਤੀ ਸੰਜੀਦਗੀ ਨਾਲ ਸੋਚਣ ਦੀ ਜ਼ਰੂਰਤ ਹੈ।

**ਪ੍ਰੋ. ਕੰਵਲਜੀਤ ਕੌਰ ਢਿੱਲੋਂ**
**(ਔਰਤਾਂ ਦੇ ਹੱਕਾਂ ਦੀ ਅਵਾਜ਼)**

**ਪੰਜਾਬ ਦੀ ਹੋਣੀ ਦੇ ਵੱਖ-ਵੱਖ ਪਹਿਲੂਆਂ ਨੂੰ ਵਿਚਾਰਨ ਹਿੱਤ ਪੰਜਾਬ ਦੇ ਦਾਨਸ਼ਵਰ ਵਿਅਕਤੀਆਂ, ਚਿੰਤਕਾਂ ਅਤੇ ਸਮਾਜਿਕ ਕਾਰਕੁੰਨਾਂ ਵਲੋਂ ਇਕ ਭਰਵੀਂ ਬੈਠਕ ਦੇਸ਼ ਭਗਤ ਯਾਦਗਾਰ ਹਾਲ ਦੇ ਸੈਮੀਨਰ ਵਿਚ ਕੀਤੀ ਗਈ। ਜਿਸ ਵਿਚ ਪੰਜਾਬ ਦੇ ਵੱਖ ਵੱਖ ਸਰੋਕਾਰਾਂ ਨੂੰ ਸੰਬੋਧਨ ਹੋਣ ਅਤੇ ਉਨ੍ਹਾਂ ਦੀ ਅਵਾਜ਼ ਬਣਨ ਲਈ ਹੋਰ ਭਰਵੀਆਂ ਵੱਖ ਵੱਖ ਪਹਿਲੂਆਂ ’ਤੇ ਮੀਟਿੰਗਾਂ/ਚਰਚਾਵਾਂ ਆਦਿ ਕਰਨ ਬਾਰੇ ਵੀ ਫੈਸਲਾ ਲਿਆ ਗਿਆ। ਸਰੋਕਾਰਾਂ ਦੀ ਆਵਾਜ਼ ਅਜਿਹੇ ਕਦਮਾਂ ਵਿਚ ਆਪਣੀ ਇਖਲਾਕੀ ਸਹਾਇਤਾ ਪ੍ਰਦਾਨ ਕਰਦਾ ਰਹੇਗਾ। ਕਿਉਂਕਿ ਪੰਜਾਬ ਦੇ ਵੱਖ ਵੱਖ ਪਹਿਲੂਆਂ ਨਾਲ ਕੈਨੇਡਾ ਦੀ ਹੋਣੀ ਵੀ ਜੁੜੀ ਹੋਈ ਹੈ ਜਿਸ ਕਿਸਮ ਨਾਲ ਪੰਜਾਬ ਵਿਚੋਂ ਪਰਵਾਸ ਵੱਧ ਰਿਹਾ ਹੈ ਅਤੇ ਵਿਦੇਸ਼ਾਂ ਵਿਚ ਜਾ ਕੇ ਪੰਜਾਬੀਆਂ ਦੀਆਂ ਸਮੱਸਿਆਵਾਂ ਆ ਰਹੀਆਂ ਹਨ ਅਤੇ ਉਨ੍ਹਾਂ ਪ੍ਰਤੀ ਸਮੁੱਚੇ ਪੰਜਾਬੀਆਂ ਨੂੰ ਜਾਗਰੁਕ ਕਰਨ ਅਤੇ ਸਹੀ ਪਹੁੰਚ ਪਰਵਾਸ ਅਤੇ ਵਿਦੇਸ਼ਾਂ ਵਿਚ ਪੱਕੇ ਬਾਸਿੰਦੇ ਬਣਨ ਦੀਆਂ ਵੱਖ ਵੱਖ ਗੁੰਝਲਦਾਰ ਸਮੱਸਿਆਵਾਂ ਉਪਰ ‘ਸਰੋਕਾਰਾਂ ਦੀ ਆਵਾਜ਼’ ਲਗਾਤਾਰ ਇਨ੍ਹਾਂ ਨਾਲ ਜੂਝ ਵੀ ਰਹੀ ਹੈ। ਭਵਿੱਖ ਵਿਚ ਪੰਜਾਬ ਦੇ ਦਾਨਸ਼ਵਰ ਸੱਜਣਾਂ ਨਾਲ ਹੋਰ ਚਰਚਾਵਾਂ ਵਿਚ ਆਪਣੀ ਸਮਝਦਾਰੀ ਅਤੇ ਸੋਝੀ ਪ੍ਰਦਾਨ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਰਹਾਂਗਾ। - ਸੰਪਾਦਕ**

ਦੀ ਸੋਝੀ ਅਤੇ ਸਮਝਦਾਰੀ ਪ੍ਰਦਾਨ ਕੀਤੀ ਜਾਵੇ ਤਾਂ ਕਿ ਕੋਈ ਸ਼ਾਨਦਾਰ ਦਿਸ਼ਾ ਪੰਜਾਬ ਵਿਚ ਉਤਪੰਨ ਹੋ ਸਕੇ। ਇਸ ਨੂੰ ਵਿਚਾਰਨ ਹਿੱਤ ਅਤੇ ਭਵਿੱਖ ਦੇ ਕਾਰਜਾਂ ਲਈ ਇਕ 11 ਮੈਂਬਰੀ ਕਮੇਟੀ ਆਰਜੀ ਰੂਪ ਵਿਚ ਬਣਾਈ ਗਈ ਜਿਹੜੀ ਇਸ ਕਦਮ ਨੂੰ ਹੋਰ ਵਿਸ਼ਾਲ ਕਰਨ ਵਾਸਤੇ ਕਾਰਜ ਕਰੇਗੀ ਤਾਂ ਕਿ ਕੋਈ ਇਕ ਸਾਂਝਾ ਕੇਂਦਰ ਸਥਾਪਤ ਹੋ ਸਕੇ ਜਿਹੜਾ ਬੌਧਿਕ, ਵਿਚਾਰਧਾਰਕ ਅਤੇ ਸਮਝਦਾਰੀ ਦੇ ਪੱਧਰ ’ਤੇ ਦਿਸ਼ਾ ਪ੍ਰਦਾਨ ਕਰਨ ਦੇ ਖੇਤਰ ਵਿਚ ਕਾਰਜ ਕਰਨ ਨੂੰ ਪਹਿਲ ਦੇਵੇ।

ਪੰਜਾਬ ਜਿਥੇ ਰਾਜਨੀਤਕ ਤੌਰ ’ਤੇ ਇਕ ਨਵੇਂ ਬਦਲ ਦੀ ਤਲਾਸ਼ ਵਿਚ ਹੈ ਕਿਉਂਕਿ ਰਾਜਨੀਤਕ ਏਜੰਡੇ ਤੋਂ ਬਿਨਾਂ ਕਿਸੇ ਕਿਸਮ ਦਾ ਬਦਲ ਵੀ ਅਸੰਭਵ ਹੈ। ਭਾਰਤ ਅਜਿਹਾ ਦੇਸ਼ ਹੈ ਜਿਥੇ ਵੱਖ ਵੱਖ ਖਿੱਤਿਆਂ ਦੀਆਂ ਆਪਣੀਆਂ ਵਿਲੱਖਣਤਾਵਾਂ ਹਨ ਅਤੇ ਹਰੇਕ ਖਿੱਤੇ ਅੰਦਰ ਵਿਕਾਸ ਦਾ ਪੱਧਰ ਵੀ ਵੱਖਰਾ ਹੈ। ਅਕਸਰ ਬਹੁਤ ਵਿਦਵਾਨ ਲਿਖਦੇ ਹਨ ਕਿ ਜਿਸ ਕਿਸਮ ਦਾ ਇਹ ਖਿੱਤਾ ਹੈ ਉਸ ਵਿਚਲੀਆਂ ਵਿਭਿੰਨਤਾਵਾਂ ਕਈ ਕਿਸਮ ਦੇ ਮੁਲਕਾਂ ਨੂੰ ਸਮੇਟੀ ਬੈਠੀਆਂ ਹਨ। ਇਸ ਕਰਕੇ ਵੱਖੋ ਵੱਖਰੇ ਖਿੱਤਿਆਂ ਦੀ ਰਾਜਨੀਤੀ ਵੀ ਵੱਖੋ ਵੱਖਰੇ ਪ੍ਰੋਗਰਾਮਾਂ ਉਪਰ ਆਧਾਰਤ ਹੀ ਵਿਕਸਿਤ ਹੋ ਸਕਦੀ ਹੈ। ਇਸ ਸੰਦਰਭ ਵਿਚ ਪੰਜਾਬ ਦਾ ਪ੍ਰੋਗਰਾਮ ਪੱਛਮੀ ਬੰਗਾਲ ਨਾਲੋਂ ਵੀ ਵੱਖਰਾ ਹੋਵੇਗਾ ਕਿਉਂਕਿ ਇਨ੍ਹਾਂ ਰਾਜਾਂ ਵਿਚ ਰਾਜਨੀਤਕ ਚੇਤੰਨਤਾਵਾਂ ਅਤੇ ਵਿਕਾਸ ਦੇ ਪੱਧਰ ਵੀ ਵੱਖੋ ਵੱਖਰੇ ਅਤੇ ਹਨ ਕਈ ਕਿਸਮ ਦੇ ਸਭਿਆਚਾਰਕ ਪਹਿਲੂ ਵੀ ਵੱਖਰੇ ਹਨ। ਸੋ ਪੰਜਾਬ ਦੀ ਰਾਜਨੀਤੀ ਵਿਚ ਤਦਬੀਲੀ ਲਈ ਇਸ ਦਾ ਵੱਖਰਾ ਰਾਜਨੀਤਕ ਏਜੰਡਾ ਤੈਅ ਕਰਨਾ ਅਤੇ ਉਸ ਦੀਆਂ ਕੜੀਆਂ ਨੂੰ ਮੇਲਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਇਸ ਦੀ ਆਰਥਿਕਤਾ ਹਰੀ ਕ੍ਰਾਂਤੀ ਤੋਂ ਬਾਅਦ ਜਿਸ ਕਿਸਮ ਨਾਲ ਸੰਕਟਗ੍ਰਸਤ ਹੋ ਗਈ ਹੈ ਇਸ ਸੰਕਟ ਦੀਆਂ ਕਈ ਪਰਤਾਂ ਹਨ ਜਿਨ੍ਹਾਂ ਵਿਚ ਕਣਕ ਅਤੇ ਝੋਨੇ ਦੀਆਂ ਬਦਲਵੀਆਂ ਫਸਲਾਂ ਨੇ ਕੁਦਰਤੀ ਵਾਤਾਵਰਣ ਨੂੰ ਤਬਾਹ ਤਾਂ ਕਰ ਹੀ ਦਿੱਤਾ ਹੈ ਬਲਕਿ ਇਸ ਦੇ ਕੁਦਰਤੀ ਸਾਧਨ ਪਾਣੀ ਨੂੰ ਵੀ ਖਾਤਮੇ ਦੇ ਕੰਡੇ ’ਤੇ ਪਹੁੰਚਾ ਦਿੱਤਾ ਹੈ ਅਤੇ ਕਰਜ਼ਾ ਕਿਸਾਨੀ ਦੀ ਹਰੇਕ ਰਗ ਵਿਚ ਭਰਿਆ ਪਿਆ ਹੈ। ਰੁਜ਼ਗਾਰ ਦੇ ਮੌਕੇ ਲਗਾਤਾਰ ਇਸ ਵਿਕਾਸ ਮਾਡਲ ਵਿਚੋਂ ਸੀਮਤ ਹੋ ਗਏ ਹਨ ਜਿਸ ਕਰਕੇ ਵੱਡੀ ਗਿਣਤੀ ਪੰਜਾਬ ਦੇ ਨੌਜਵਾਨਾਂ ਨੂੰ ਆਪਣਾ ਰੁਖ ਪਰਵਾਸ ਵੱਲ ਕਰ ਲਿਆ ਹੈ। ਹਾਲਾਂਕਿ ਉਥੇ ਜਾ ਵੀ ਇਨ੍ਹਾਂ ਨੂੰ ਨਵੀਆਂ ਚੁਣੌਤੀਆਂ ਨਾਲ ਜੂਝਣਾ ਪੈਂਦਾ ਹੈ ਕਿ ਇਧਰੋਂ ਵੱਡੀ ਗਿਣਤੀ ਵਿਚ ਪੰਜਾਬ ਦਾ ਸਰਮਾਇਆ ਵੀ ਪਰਵਾਸ ਕਰਨ ਵਾਲੇ ਦੇ ਨਾਲ ਹੀ ਜਾ ਰਿਹਾ ਹੈ ਜੋ ਭਵਿੱਖ ਵਿਚ ਪੰਜਾਬ ਦੀ ਆਰਥਿਕਤਾ ਨੂੰ ਨਵਾਂ ਸੰਕਟ ਦੇਵੇਗਾ। ਇਸੇ ਤਰ੍ਹਾਂ ਜਿੰਨੀ ਵੱਡੇ ਪੱਧਰ ’ਤੇ ਉਚੇਰੀ ਸਿੱਖਿਆ ਦਾ ਨਿੱਜੀਕਰਨ ਹੋ ਚੁੱਕਾ ਹੈ ਅਤੇ ਵੱਡੇ ਹਿੱਸਿਆਂ ਨੂੰ ਮਹਿੰਗੀ ਸਿੱਖਿਆ ਹਾਸਲ ਕਰਨੀ ਪੈਂਦੀ ਹੈ ਜਿਸ ਵਿਚ ਵੱਖ ਵੱਖ ਪੱਧਰ ’ਤੇ ਪ੍ਰਾਈਵੇਟ ਨਿੱਜੀ ਅਦਾਰੇ ਆਰਥਿਕ ਨਵੇਂ ਕਿਸਮ ਦੀ ਲੁੱਟ ਕਰਦੇ ਹਨ ਅਤੇ ਪੜ੍ਹਾਈ ਦਾ ਪੱਧਰ ਵੀ ਸਮਾਜਿਕ ਵਿਗਿਆਨਾਂ ਤੋਂ ਘੱਟ ਕੇ ਸਿਰਫ਼ ਤੇ ਸਿਰਫ਼ ਤਕਨਾਲੋਜੀ ਅਤੇ ਬਿਜਨਿਸ ਵਰਗੇ ਹਿੱਸਿਆਂ ਤੱਕ ਸੀਮਤ ਹੋ ਗਿਆ ਹੈ। ਇਸੇ ਤਰ੍ਹਾਂ ਪੰਜਾਬ ਵਿਚੋਂ ਵੱਡੀ ਪੱਧਰ ’ਤੇ ਹੋਣਹਾਰ ਵਿਦਿਆਰਥੀਆਂ ਦੇ ਪਰਵੇਸ ਨਾਲ ਸਮਾਜਿਕ ਅਸੰਤੁਲਨ ਦੀਆਂ ਕਈ ਸੰਭਾਵਨਾਵਾਂ ਅਤੇ ਚੁਣੌਤੀਆਂ ਨਾਲ ਵੱਡੇ ਪੱਧਰ ’ਤੇ ਪੰਜਾਬੀ ਪਰਿਵਾਰ ਤਣਾਅਗ੍ਰਸਤ ਹੁੰਦੇ ਜਾ ਰਹੇ ਹਨ। ਅਜਿਹੀ ਸਥਿਤੀ ਵਿਚ ਪੰਜਾਬ ਦੇ ਸਮੁੱਚੇ ਬਦਲਵੇਂ ਮਾਡਲ ਦੀ ਤਲਾਸ਼ ਅਤੇ ਉਸ ਪ੍ਰਤੀ ਕਾਰਜ ਕਰਨ ਲਈ ਇਕਜੁਟ ਹੋਏ ਤੋਂ ਬਿਨਾਂ ਪੰਜਾਬ ਦੇ ਖਿੱਤੇ ਦਾ ਕੋਈ ਭਵਿੱਖ ਨਹੀਂ। ਹਾਲਾਂਕਿ ਬਹੁਤ ਹੀ ਵੱਡੇ ਹਿੱਸੇ ਵੱਖ-ਵੱਖ ਪੱਧਰ ’ਤੇ ਆਪੋ ਆਪਣੇ ਚੌਖਟਿਆਂ ਵਿਚ ਰਹਿ ਕੇ ਕੰਮ ਕਰ ਰਹੇ ਹਨ ਅਤੇ ਇਕ ਹੱਦਬੰਦੀਆਂ ਸਥਾਪਤ ਕਰ ਚੁੱਕੇ ਹਨ। ਉਸ ਤੋਂ ਅਗਾਂਹ ਸਾਂਝੇ ਰੂਪ ਵਿਚ ਇਕ ਵਿਚਾਰਧਾਰਕ ਲਹਿਰ ਵਿਕਸਿਤ ਕਰਨਾ ਜਿਸ ਵਿਚ ਹਰ ਕਿਸਮ ਦੇ ਜਮਹੂਰੀ ਹਿੱਸੇ ਨੂੰ ਸ਼ਾਮਲ ਕੀਤਾ ਜਾਵੇ ਇਹ ਸਮੇਂ ਦੀ ਅਣਸਰਦੀ ਲੋੜ ਹੈ।

ਇਸ ਮੌਕੇ ਪੰਜਾਬ ਦੀ ਨਾਮਵਰ ਹਸਤੀ ਗੁਰਸ਼ਰਨ ਭਾਅ ਦੀ ਸਪੁੱਤਰੀ ਡਾ. ਨਵਸ਼ਰਨ ਸਿੰਘ ਨੂੰ ਈਡੀ ਵਲੋਂ ਤੰਗ ਪ੍ਰੇਸ਼ਾਨ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਹੱਥ ਕੰਡੇ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ।



ਅਸੀਂ ਇਤਿਹਾਸਕ ਤੌਰ ’ਤੇ ਜੋ ਸਮਾਜ ਦਾ ਪਦਾਰਥਵਾਦੀ ਨਜ਼ਰੀਆ ਵਿਕਸਿਤ ਕਰਨ ਵਿਚ ਯੋਗਦਾਨ ਪਾਉਣਾ ਸੀ ਸ਼ਾਇਦ ਉਸ ਵਿਚੋਂ ਖੁੰਝ ਗਏ ਹਾਂ ਅਤੇ ਹੌਲੀ ਹੌਲੀ ਜੋ ਸਮਾਜ ਵਿਚਲੀ ਗੈਰ ਪਦਾਰਥਵਾਦੀ ਪਹੁੰਚ ਸੀ ਉਹ ਪੂਰੀ ਤਰ੍ਹਾਂ ਸਮੁੱਚੇ ਸਮਾਜ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਚੁੱਕੀ ਹੈ। ਇਸ ਬਾਰੇ ਹੋਰ ਗੰਭੀਰਤਾ ਨਾਲ ਸੋਚਣ ਅਤੇ ਕਾਰਜ ਕਰਨ ਦੀ ਜ਼ਰੂਰਤ ਹੈ ਤਾਂ ਕਿ ਪੰਜਾਬ ਨੂੰ ਤਰਕ ਦੇ ਅਧਾਰ ’ਤੇ ਵਿਕਸਿਤ ਕੀਤਾ ਜਾ ਸਕੇ।

**ਡਾ. ਕਰਮਜੀਤ ਸਿੰਘ**
**(ਪ੍ਰਸਿੱਧ ਪੰਜਾਬੀ ਆਲੋਚਕ)**



ਜਿਸ ਕਿਸਮ ਨਾਲ ਦੁਨੀਆ ਦੇ ਇਤਿਹਾਸ ਵਿਚ ਵਾਪਰਿਆ ਹੈ ਕਿ ਵੱਖ ਵੱਖ ਲੇਖਕ ਜਿਹੜੇ ਲੋਕਾਂ ਦੀ ਰੋਜ਼ਮਰਾਂ ਜੀਵਨ ਜਾਚ ਨਾਲ ਜੁੜੇ ਹੋਏ ਹੁੰਦੇ ਹਨ ਉਹ ਕਦੀ ਕਵਿਤਾ ਰਾਹੀਂ, ਕਦੀ ਨਾਵਲ ਰਾਹੀਂ, ਕਵੀ ਕਹਾਣੀ ਰਾਹੀਂ ਅਤੇ ਕਦੀ ਨਾਟਕ ਰਾਹੀਂ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਨੂੰ ਲੋਕਾਂ ਅੱਗੇ ਨਸ਼ਰ ਕਰਦੇ ਹਨ। ਲੋੜ ਇਹ ਗੱਲ ਦੀ ਹੁੰਦੀ ਹੈ ਕਿ ਇਸ ਤੋਂ ਵੱਧ ਕੇ ਕਿਸ ਕਿਸਮ ਦੀ ਰਾਜਨੀਤੀ ਲੋਕਾਂ ਅੰਦਰ ਆਪਸੀ ਵਿਰੋਧ ਪੈਦਾ ਕਰਦੀ ਹੈ ਅਤੇ ਉਸ ਦਾ ਬਦਲ ਵੀ ਰਾਜਨੀਤੀ ਵਿਚ ਹੀ ਹੁੰਦਾ ਹੈ। ਇਹ ਕਾਰਜ ਕਰਨਾ ਅਜੋਕੇ ਸਮਿਆਂ ਦੀ ਸਭ ਤੋਂ ਵੱਡੀ ਲੋੜ ਹੈ।

ਸਾਹਿਤ ਦੇ ਖੇਤਰ ਵਿਚ ਪਿਛਲੇ ਦੌਰ ਦੌਰਾਨ ਕਈ ਕਿਸਮ ਦਾ ਨਵਾਂ ਵਿਸ਼ਾਲ ਘੇਰਾ ਲੇਖਕਾਂ ਦਾ ਉਤਪੰਨ ਹੋਇਆ ਜਿਨ੍ਹਾਂ ਨੇ ਪੰਜਾਬ ਦੇ ਸਰੋਕਾਰਾਂ ਨੂੰ ਆਪਣੀਆਂ ਕਵਿਤਾਵਾਂ, ਕਹਾਣੀਆਂ ਅਤੇ ਨਾਵਲਾਂ ਵਿਚ ਲੈ ਆਂਦਾ ਹੈ ਅਤੇ ਅਗਾਂਹਵਧੂ ਵਿਚਾਰ ਸਾਹਿਤਕ ਸਭਾਵਾਂ ਰਾਹੀਂ ਆਪਣਾ ਯੋਗਦਾਨ ਪਾ ਰਹੇ ਹਨ। ਇਨ੍ਹਾਂ ਨੂੰ ਵਿਸ਼ਾਲ ਲਹਿਰ ਵਿਚ ਤਬਦੀਲ ਕਰਨ ਦੀ ਜ਼ਰੂਰਤ ਹੈ।

**ਸੁਸ਼ੀਲ ਦੁਸਾਂਝ**
**(ਮੁੱਖ ਸੰਪਾਦਕ ਮੈਗਜ਼ੀਨ ਹੁਣ)**



ਜਿਸ ਕਿਸਮ ਨਾਲ ਵੱਖ ਵੱਖ ਵਿਦਿਅਕ ਅਦਾਰਿਆਂ ਤੋਂ ਲੈ ਕੇ ਸਮਾਜਿਕ ਅਦਾਰਿਆਂ ਦੇ ਪੈਮਾਨੇ ਅਤੇ ਦਿਸ਼ਾਵਾਂ ਤੋੜੀਆਂ ਜਾ ਰਹੀਆਂ ਹਨ ਉਹ ਹਰੇਕ ਅਦਾਰੇ ਨੂੰ ਸੰਕਟਗ੍ਰਸਤ ਕਰ ਰਹੀਆਂ ਹਨ। ਇਸ ਕਰਕੇ ਪੰਜਾਬ ਦੇ ਸਵਾਲਾਂ ਵਿਚ ਅਜੋਕੀ ਅਦਾਰਿਆਂ ਦੀ ਦਸ਼ਾ ਅਤੇ ਦਿਸ਼ਾ ਨੂੰ ਵੀ ਵਿਚਾਰਨ ਦੀ ਜ਼ਰੂਰਤ ਹੈ।

**ਪ੍ਰੋ.ਅਮਰਜੀਤ ਸਿੰਘ ਸਿੱਧੂ**
**(ਪ੍ਰਸਿੱਧ ਅਰਥਸ਼ਾਸਤਰੀ)**



ਸਾਹਿਤਕ ਖੇਤਰ ਦਾ ਸਰੋਕਾਰ ਸਮਾਜ ਹੁਣ ਦੇ ਲੇਖਕਾਂ ਵਿਚ ਪ੍ਰਮੁੱਖ ਹੈ। ਸਾਡੀਆਂ ਸਾਹਿਤਕ ਸਭਾਵਾਂ ਵੀ ਇਸ ਵਿਚ ਪਹਿਲਕਦਮੀ ਕਰ ਰਹੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਜਿਸ ਕਿਸਮ ਨਾਲ ਪੰਜਾਬ ਵੱਖ ਵੱਖ ਪੱਧਰਾਂ ’ਤੇ ਸੰਕਟਗ੍ਰਸਤ ਹੋਇਆ ਪਿਆ ਹੈ ਉਸ ਵਿਚੋਂ ਉਭਰਨ ਲਈ ਸਾਨੂੰ ਅੱਜ ਦੀ ਇਕੱਤਰਤਾ ਵਾਂਗ ਹੋਰ ਵਿਸ਼ਾਲ ਪੰਜਾਬ ਪੱਧਰ ’ਤੇ ਕਰਨ ਦੀ ਜ਼ਰੂਰਤ ਹੈ।

**ਦਰਸ਼ਨ ਬੁੱਟਰ**
**(ਪ੍ਰਸਿੱਧ ਪੰਜਾਬੀ ਸ਼ਾਇਰ)**



ਪੰਜਾਬ ਬਹੁਪਰਤੀ ਅਤੇ ਬਹੁਦਿਸ਼ਾਵੀ ਸੰਕਟਾਂ ਵਿਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੂੰ ਵੱਖੋ ਵੱਖਰੇ ਢੰਗਾਂ ਰਾਹੀਂ ਦੇਖਿਆ ਅਤੇ ਬਦਲ ਤਲਾਸ਼ੇ ਜਾ ਰਹੇ ਹਨ। ਪਰ ਸਮੁੱਚਤਾ ਵਿਚ ਇਸ ਨੂੰ ਦੇਸ਼ ਅਤੇ ਦੁਨੀਆ ਨਾਲ ਜੋੜਕੇ ਸਮਝਣਾ ਸਮੁੱਚੇ ਉਨ੍ਹਾਂ ਵਿਦਵਾਨਾਂ ਅਤੇ ਚਿੰਤਕਾਂ ਦੇ ਹਿੱਸੇ ਆਵੇਗਾ ਜਿਹੜੇ ਦਹਾਕਿਆਂ ਤੋਂ ਬੌਧਿਕ ਪੱਧਰ ਤੋਂ ਲੈ ਕੇ ਸਮਾਜਿਕ ਲਹਿਰਾਂ ਵਿਚ ਕਾਰਜਸ਼ੀਲ ਹਨ।

ਪੰਜਾਬ ਦੇ ਸੰਕਟ ਦੀਆਂ ਪਰਤਾਂ ਨੂੰ ਸਮਝਣ ਲਈ ਵਿਚਾਰਾਂ ਦੇ ਪੱਧਰ ’ਤੇ ਸੰਬੋਧਤ ਹੋਣ ਦੀ ਲੋੜ ਹੈ ਤਾਂ ਕਿ ਅਜੋਕੇ ਮੰਡੀ ਅਤੇ ਪੂੰਜੀ ਦੇ ਸੰਕਟ ਨੂੰ ਸਮਝ ਕੇ ਇਸ ਦੇ ਬਦਲ ਵਜੋਂ ਰਾਜਨੀਤੀ ਅਤੇ ਆਰਥਿਕਤਾ ਦੇ ਸਵਾਲਾਂ ਨੂੰ ਉਭਾਰਿਆ ਜਾਵੇ ਅਤੇ ਭਵਿੱਖ ਦੇ ਪੰਜਾਬ ਦਾ ਕੋਈ ਦਿਸ਼ਾ ਮਾਡਲ ਵਿਕਸਿਤ ਕਰਨ ਦੀ ਸੋਝੀ ਅਤੇ ਸੋਚ ਉਤਪੰਨ ਕੀਤੀ ਜਾਵੇ। ਇਸੇ ਤਰ੍ਹਾਂ ਬੌਧਿਕ ਖੇਤਰ ਵਿਚਲੀ ਸੰਕਟਗ੍ਰਸਤ ਸਥਿਤੀ ’ਚੋਂ ਉਭਰਨ ਲਈ ਦਾਨਸ਼ਵਰ ਹਿੱਸਿਆਂ ਨਾਲ ਇਕਜੁਟ ਹੋ ਕੇ ਬੈਠਿਆ ਅਤੇ ਵਿਚਾਰਿਆ ਜਾਵੇ।

**ਡਾ. ਕੁਲਦੀਪ ਸਿੰਘ**
**(ਸਿੱਖਿਆ ਖੇਤਰ ਦੇ ਮਾਹਿਰ)**



ਦੇਸ਼ ਦੀ ਅਜੋਕੀ ਰਾਜਨੀਤੀ ਨੇ ਸਮੁੱਚੀ ਮਾਨਵਤਾ ਨੂੰ ਅਣਖ ਨਾਲ ਜਿਉਣਾ ਦੁਭਰ ਕਰ ਦਿੱਤਾ ਹੈ। ਇਸ ਕਰਕੇ ਲੋੜ ਹੈ ਕਿ ਅਸੀਂ ਦਾਨਸ਼ਵਰ ਅਤੇ ਪੰਜਾਬ ਦੇ ਪ੍ਰਤੀ ਸ਼ੁਹਿਰਦ ਹਿੱਸੇ ਇਕੱਠੇ ਹੋ ਕੇ ਕੋਈ ਨਵਾਂ ਰਾਜਨੀਤਕ ਪੜੁਲ ਬੰਨ੍ਹਣ ਦੀ ਕੋਸ਼ਿਸ਼ ਕਰੀਏ ਤਾਂ ਕਿ ਕਿਸੇ ਕਿਸਮ ਨਾਲ ਅਜੋਕੇ ਬਹੁਗਿਣਤੀ ਹਿੰਦੂਤਵ ਦੇ ਰਥ ਨੂੰ ਰੋਕਣ ਦੇ ਸਮਰੱਥ ਹੋਈਏ। ਅਜੋਕਾ ਹਰੇਕ ਸਮਾਜ ਪ੍ਰਤੀ ਸ਼ੁਹਿਰਦ ਇਨਸਾਨ ਭਿਆਨਕ ਤਰਾਸ਼ਦੀ ਅਤੇ ਚਿੰਤਾ ਵਿਚੋਂ ਗੁਜ਼ਰ ਰਿਹਾ ਹੈ ਅਤੇ ਇਕ ਕਿਸਮ ਨਾਲ ਪੰਜਾਬ ਸਮਾਜ ਵਿਚ ਇਥੋਂ ਤੱਕ ਮੁਰਦੇਹਾਣੀ ਛਾਈ ਪਈ ਹੈ।

**ਸਵਰਣ ਸਿੰਘ ਭੰਗੂ**
**(ਸਿੱਖਿਆ ਖੇਤਰ ਦੇ ਸੰਵੇਦਨਸ਼ੀਲ ਇਨਸਾਨ)**



ਦੇਸ਼ ਦੇ ਚਿੰਤਾਤੁਰ ਲੋਕਾਂ ਨੂੰ ਪਤਾ ਹੈ ਕਿ ਆਜ਼ਾਦ ਭਾਰਤ ਵਿਚ ਪਹਿਲੇ ਦਹਾਕਿਆਂ ਦੇ ਧੀਮੇ ਵਿਕਾਸ ਅਤੇ ਫਿਰ ਨਵਉਦਾਰਵਾਦ ਹੇਠ ਤੇਜ਼ ਗਤੀ ਵਿਚ ਵਿਕਾਸ ਨੇ ਭਾਰਤੀ ਗਣਰਾਜ ਲਈ ਬੜੀਆਂ ਅਜੀਬ ਗੁੰਝਲਤਾਵਾਂ ਖੜ੍ਹੀਆਂ ਕਰ ਦਿੱਤੀਆਂ। ਖੁਸ਼ਹਾਲੀ ਮਾਣਦੇ ਅਤੇ ਅਗਲੇ ਸੁਪਨੇ ਸਮੋਈ ਵਿਸਾਲ ਮੱਧਵਰਗ ਨੇ ਆਪਣੇ ਆਪ ਨੂੰ ਭਾਰਤ ਦੇ ਅਮੀਰਾਂ ਦੀ ਕਤਾਰ ਵਿਚ ਸ਼ਾਮਲ ਕਰ ਲਿਆ। ਦਹਾਕਿਆਂ ਤੱਕ ਦੇਸ਼ ਨੂੰ ਚਲਾਉਣ ਵਾਲੇ ਨਹਿਰੂਵਾਦੀ ਧਰਮਨਿਰਪੱਖਤਾ, ਸਮਾਜਵਾਦ ਉਪਰ ਬਣੀ ਸਹਿਮਤੀ ਨੇ ਭਾਰਤ ਦੇ ਇਕ ਹਿੱਸੇ ਨੂੰ ਖੁਸ਼ਹਾਲੀ ਅਤੇ ਮਹਾਨ ਰਾਸ਼ਟਰ ਬਣਾਉਣ ਵੱਲ ਨੂੰ ਤੋਰਿਆ ਪ੍ਰੰਤੂ ਜਿਸ ਕਿਸਮ ਨਾਲ ਹੌਲੀ ਹੌਲੀ ਭਾਰਤੀ ਵੰਨ ਸੁਵੰਨਤਾ, ਭਾਸ਼ਾਈ ਆਧਾਰ, ਮੁੜ ਗਠਿਤ ਸੂਬਿਆਂ ਵਿਚੋਂ ਕਾਂਗਰਸ ਦੀ ਤਾਕਤ ਢਿੱਲੀ ਹੋਈ। ਕਾਂਗਰਸ ਮੁਕਤ ਭਾਰਤ ਰਾਹੀਂ ਨਹਿਰੂਵਾਦੀ ਧਰਮਨਿਰਪੱਖਤਾ ਖਤਮ ਕਰਨ, ਖੇਤਰੀ ਪਾਰਟੀਆਂ ਲਈ ਰਾਖਵੀਂ ਲੁੱਟ ਦਾ ਸਮਝੌਤਾ ਭੰਗ ਕਰਨ ਅਤੇ ਰਹਿੰਦੀ ਖੂਹਿੰਦੀਆਂ ਸੰਵਿਧਾਨਕ ਅਜ਼ਾਦੀਆਂ ਦੀ ਬਲੀ ਦੇਣ ਵਾਸਤੇ ਬਹੁਗਿਣਤੀਵਾਦ ਦਾ ਚੱਕਰ ਦੇਸ਼ ਨੂੰ ਆਪਣੇ ਵਿਚ ਫਸਾ ਗਿਆ। ਅਜੋਕਾ ਭਾਰਤ ਰਾਸ਼ਟਰ ਬਣਨ ਦੀ ਥਾਂ ਇਕ ਨਵੇਂ ਖਤਰੇ ਵਾਲੇ ਬਹੁਗਿਣਤੀ ਰਾਸ਼ਟਰਵਾਦ ਦੇ ਸ਼ੋਰ ਹੇਠ ਦਫਨ ਹੋ ਰਿਹਾ ਹੈ। ਜਿਸ ਕਾਰਨ ਮਾਨਵਤਾ ਅਤੇ ਸਦਭਾਵਨਾ ਦੇ ਅਲੋਪ ਹੋਣ ਦਾ ਖਤਰਾ ਖੜ੍ਹਾ ਹੈ। ਪੰਜਾਬ ਵਿਚ ਸਭ ਤੋਂ ਵੱਡਾ ਸਵਾਲ ਇਥੇ ਰਾਜਨੀਤੀ ਵਿਚ ਕਿਸ ਕਿਸਮ ਨਾਲ ਦਖਲਅੰਦਾਜ਼ੀ ਕੀਤੀ ਜਾਵੇ ਅਤੇ ਕਿਸ ਕਿਸਮ ਦੀ ਰਾਜਨੀਤੀ ਉਸਾਰੀ ਜਾਵੇ ਉਸ ਤੋਂ ਬਿਨਾਂ ਇਹ ਪੰਜਾਬ ਆਪਣੀ ਹੋਣੀ ਦਾ ਵਾਰਿਸ ਨਹੀਂ ਬਣ ਸਕਦਾ ਅਤੇ ਅਜੋਕੇ ਸੰਕਟਾਂ ਵਿਚੋਂ ਨਿਕਲਣ ਤੋਂ ਵੀ ਅਸਮਰੱਥ ਰਹੇਗਾ। ਇਹ ਕਰਕੇ ਰਾਜਨੀਤੀ ਦਾ ਸਵਾਲ ਸਾਡੇ ਫੋਰਮਾਂ ਦਾ ਅਹਿਮ ਸਵਾਲ ਹੋਣਾ ਚਾਹੀਦਾ ਹੈ। ਅਜੋਕੀ ਪਹਿਲਕਦਮੀ ਇਕ ਚੰਗਾ ਕਦਮ ਹੈ। ਇਸ ਕਦਮ ਨੂੰ ਹੋਰ ਵਿਸਾਲ ਘੇਰਿਆਂ ਤੱਕ ਲੈ ਕੇ ਜਾਣ ਦੀ ਜ਼ਰੂਰਤ ਹੈ ਤਾਂ ਕਿ ਖੁੱਲ੍ਹੇ ਮਨ ਇਕ ਰਾਜਨੀਤਕ ਬਦਲ ਉਸਰਨ ਦੀਆਂ ਸੰਭਾਵਨਾਵਾਂ ਵਿਕਸਿਤ ਹੋ ਸਕਣ। ਇਹ ਇਤਿਹਾਸਕ ਅਜਿਹਾ ਦੌਰ ਹੈ ਜਿਸ ਵਿਚੋਂ ਸਾਨੂੰ ਗੁਜ਼ਰਨਾ ਪੈ ਰਿਹਾ ਹੈ।

**ਡਾ. ਜਗਜੀਤ ਚੀਮਾ**
**(ਪ੍ਰਸਿੱਧ ਰਾਜਨੀਤਕ ਵਿਸ਼ਲੇਸ਼ਕ)**

# ਖੇਡ ਦੇ ਖੇਤਰ 'ਚ ਜਿਨਸੀ ਸ਼ੋਸ਼ਣ ਅਤੇ ਨਿਆਂ ਲਈ ਸੰਘਰਸ਼



ਬੂਟਾ ਸਿੰਘ
ਮਹਿਮੂਦਪੁਰ
94634-74342

**24 ਖ਼ਾਪ ਪੰਚਾਇਤਾਂ ਨੇ ਸਾਂਝਾ ਮਤਾ ਪਾਸ ਕਰਕੇ ਸਰਕਾਰ ਨੂੰ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੰਦਰਾਂ ਦਿਨ ਦਾ ਅਲਟੀਮੇਟਮ ਦੇ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਵੀ ਸੰਘਰਸ਼ ਦੀ ਹਮਾਇਤ 'ਚ ਪੂਰੇ ਮੁਲਕ 'ਚ ਸਰਗਰਮੀ ਉਲੀਕੀ ਹੈ। ਬੇਸ਼ੱਕ ਲੜਕੀਆਂ ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਐੱਮ.ਪੀ. ਬ੍ਰਿਜਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੀਆਂ ਹਨ ਪਰ ਉਨ੍ਹਾਂ ਦੇ ਸੰਘਰਸ਼ ਦਾ ਮਹੱਤਵ ਇਸ ਤੋਂ ਕਿਤੇ ਵੱਡਾ ਅਤੇ ਵਿਸ਼ਾਲ ਅਰਥ-ਸੰਭਾਵਨਾਵਾਂ ਵਾਲਾ ਹੈ।**

23 ਅਪ੍ਰੈਲ ਤੋਂ ਭਾਰਤ ਦੀਆਂ ਚੋਟੀ ਦੀਆਂ ਪਹਿਲਵਾਨ ਲੜਕੀਆਂ ਸਾਥੀ ਪਹਿਲਵਾਨਾਂ ਅਤੇ ਹੋਰ ਇਨਸਾਫ਼ਪਸੰਦਾਂ ਦੇ ਸਹਿਯੋਗ ਨਾਲ ਜੰਤਰ-ਮੰਤਰ ਦਿੱਲੀ ਵਿਖੇ ਸੰਘਰਸ਼ 'ਚ ਡੱਟੀਆਂ ਹੋਈਆਂ ਹਨ। ਸਮਾਜਿਕ ਜਥੇਬੰਦੀਆਂ, ਸੰਘਰਸ਼ਸ਼ੀਲ ਤਾਕਤਾਂ, ਖ਼ਾਪ ਪੰਚਾਇਤਾਂ, ਲੇਖਕ ਸਭਾਵਾਂ ਅਤੇ ਹੋਰ ਜਥੇਬੰਦੀਆਂ ਉਨ੍ਹਾਂ ਵੱਲੋਂ ਉਠਾਏ ਮੁੱਦੇ ਨਾਲ ਇਕਮੁੱਠਤਾ ਪ੍ਰਗਟਾ ਰਹੀਆਂ ਹਨ ਅਤੇ ਕਾਫ਼ਲੇ ਲੈ ਕੇ ਹਮਾਇਤ 'ਚ ਪਹੁੰਚ ਰਹੀਆਂ ਹਨ। 24 ਖ਼ਾਪ ਪੰਚਾਇਤਾਂ ਨੇ ਸਾਂਝਾ ਮਤਾ ਪਾਸ ਕਰਕੇ ਸਰਕਾਰ ਨੂੰ ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੰਦਰਾਂ ਦਿਨ ਦਾ ਅਲਟੀਮੇਟਮ ਦੇ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਵੀ ਸੰਘਰਸ਼ ਦੀ ਹਮਾਇਤ 'ਚ ਪੂਰੇ ਮੁਲਕ 'ਚ ਸਰਗਰਮੀ ਉਲੀਕੀ ਹੈ। ਬੇਸ਼ੱਕ ਲੜਕੀਆਂ ਭਾਰਤੀ ਕੁਸ਼ਤੀ ਫੈੱਡਰੇਸ਼ਨ ਦੇ ਪ੍ਰਧਾਨ ਅਤੇ ਭਾਜਪਾ ਐੱਮ.ਪੀ. ਬ੍ਰਿਜਭੂਸ਼ਣ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੀਆਂ ਹਨ ਪਰ ਉਨ੍ਹਾਂ ਦੇ ਸੰਘਰਸ਼ ਦਾ ਮਹੱਤਵ ਇਸ ਤੋਂ ਕਿਤੇ ਵੱਡਾ ਅਤੇ ਵਿਸ਼ਾਲ ਅਰਥ-ਸੰਭਾਵਨਾਵਾਂ ਵਾਲਾ ਹੈ। ਦਰਅਸਲ, ਉਹ ਸਮੁੱਚੇ ਔਰਤ ਵਰਗ ਦੇ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਮਾਣ-ਸਨਮਾਨ ਅਤੇ ਸੁਰੱਖਿਆ ਦੀ ਲੜਾਈ ਲੜ ਰਹੀਆਂ ਹਨ।

ਪੰਜ ਮਹੀਨਿਆਂ 'ਚ ਉਨ੍ਹਾਂ ਨੂੰ ਦੂਜੀ ਵਾਰ ਸੜਕਾਂ ਉੱਪਰ ਆਉਣਾ ਪਿਆ ਹੈ। ਪਹਿਲਾ ਧਰਨਾ ਉਨ੍ਹਾਂ ਨੇ ਜਨਵਰੀ ਮਹੀਨੇ 'ਚ ਦਿੱਤਾ ਸੀ ਜੋ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਨੇ ਇਹ ਵਾਅਦਾ ਕਰਕੇ ਵਾਪਸ ਕਰਵਾ ਦਿੱਤਾ ਸੀ ਕਿ ਉਨ੍ਹਾਂ ਵੱਲੋਂ ਲਗਾਏ ਦੋਸ਼ਾਂ ਦੀ ਜਾਂਚ ਕਰਵਾਈ ਜਾਵੇਗੀ। ਇਹ ਸਿਰਫ਼ ਸੰਘਰਸ਼ ਨੂੰ ਖ਼ਤਮ ਕਰਾਉਣ ਲਈ ਕੀਤਾ ਝੂਠਾ ਵਾਅਦਾ ਸੀ। 'ਬਾਹੂਬਲੀ' ਭ੍ਰਿਜਭੂਸ਼ਣ ਤੋਂ ਪੁੱਛਗਿੱਛ ਨਹੀਂ ਕੀਤੀ ਗਈ। ਸਰਕਾਰ ਨੇ ਜਾਂਚ ਲਈ ਜੋ 'ਓਵਰਸਾਈਟ ਕਮੇਟੀ' ਬਣਾਈ ਉਸ ਦੀ ਰਿਪੋਰਟ ਵਿਚ ਜਿਨਸੀ ਸ਼ੋਸ਼ਣ ਦੇ ਮੁੱਖ ਮੁੱਦੇ ਉੱਪਰ ਮਿੱਟੀ ਪਾ ਕੇ ਮਾਮੂਲੀ ਸਿਫ਼ਾਰਸ਼ਾਂ ਕੀਤੀਆਂ ਗਈਆਂ। ਜਿਸ ਨਾਲ ਪੀੜਤਾਂ ਨੂੰ ਕਮੇਟੀ ਰਾਹੀਂ ਜਾਂਚ ਤੋਂ ਭਰੋਸਾ ਉੱਠ ਗਿਆ। ਇਸੇ ਲਈ ਪਹਿਲਵਾਨ ਲੜਕੀਆਂ ਨੂੰ ਮੁੜ ਸੰਘਰਸ਼ ਵਿੱਢਣਾ ਪਿਆ। ਹੁਣ ਵੀ ਅਨੁਰਾਗ ਠਾਕੁਰ ਬਿਆਨਬਾਜ਼ੀ ਕਰਕੇ ਦੁਨੀਆ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ 'ਨਿਰਪੱਖ ਜਾਂਚ ਹੋਣ ਦਿਓ ਅਤੇ ਦਿੱਲੀ ਪੁਲਿਸ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਤਾਰ ਦੇਵੇਗੀ।' ਕੀ ਦੇਸ਼-ਦੁਨੀਆ ਦੇ ਲੋਕ ਨਹੀਂ ਜਾਣਦੇ ਕਿ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਬਣ ਚੁੱਕੀ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਨੱਚਦੀ ਦਿੱਲੀ ਪੁਲਿਸ ਕਿਸ ਤਰ੍ਹਾਂ ਦੀ 'ਨਿਰਪੱਖ' ਜਾਂਚ ਕਰਦੀ ਹੈ?

ਨਿਆਂ ਦੀ ਮੰਗ ਕਰਨ ਵਾਲਿਆਂ ਨੂੰ ਇਕ ਪਾਸੇ ਹਕੂਮਤ, ਰਾਜ-ਮਸ਼ੀਨਰੀ ਅਤੇ ਦਰਬਾਰੀ ਮੀਡੀਆ ਨਾਲ ਮੱਥਾ ਲਾਉਣਾ ਪੈਂਦਾ ਹੈ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਆਪਣੇ ਹੀ ਖੇਤਰ ਦੀਆਂ ਉਨ੍ਹਾਂ ਨਾਮਵਰ ਹਸਤੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ ਜਿਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੈ, ਜਿਨ੍ਹਾਂ ਨੇ ਅੱਖਾਂ ਉੱਪਰ ਐਨੀ ਮੋਟੀ ਪੱਟੀ ਬੰਨ੍ਹ ਰੱਖੀ ਹੈ ਕਿ ਉਨ੍ਹਾਂ ਨੂੰ ਸਿਰਫ਼ ਮੁਲਕ ਦੀ ਬਦਨਾਮੀ ਦਿਸਦੀ ਹੈ, ਨਿਆਂ ਲਈ ਸੰਘਰਸ਼ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦਾ। ਇਸ ਮਾਮਲੇ 'ਚ ਵੀ ਕੁਸ਼ਤੀ ਸਮੇਤ ਖੇਡ ਖੇਤਰ ਦੇ ਮਸ਼ਹੂਰ ਸ਼ਖ਼ਸਾਂ ਨੇ ਚੁੱਪ ਧਾਰੀ ਹੋਈ ਹੈ। ਇਨ੍ਹਾਂ ਸਾਰਿਆਂ ਦੇ ਲੜਾਈ ਤੋਂ ਦੂਰ ਰਹਿਣ ਦੇ ਆਪੋ-ਆਪਣੇ ਬਹਾਨੇ ਹਨ। ਪੀ.ਟੀ. ਊਸ਼ਾ ਵਰਗਿਆਂ ਨੂੰ ਸਿਰਫ਼ ਤੇ ਸਿਰਫ਼ ਖੇਡ ਖੇਤਰ ਦਾ 'ਅਨੁਸ਼ਾਸਨ ਭੰਗ ਹੋਣ' ਦੀ ਅਤੇ ਸੰਘਰਸ਼ ਨਾਲ ਮੁਲਕ ਦੀ ਬਦਨਾਮੀ ਹੋਣ ਦੀ ਚਿੰਤਾ ਹੈ, ਖਿਡਾਰਨਾਂ ਦੇ ਜਿਨਸੀ ਸ਼ੋਸ਼ਣ ਦੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਨੂੰ ਆਰ.ਐੱਸ.ਐੱਸ.-ਭਾਜਪਾ ਦੇ ਔਰਤਾਂ ਨੂੰ ਮੁੜ ਮੱਧਯੁਗੀ ਦਾਬੇ 'ਚ ਧੱਕਣ ਦੇ ਰਾਜਨੀਤਕ ਏਜੰਡੇ ਅਤੇ ਇਸ ਏਜੰਡੇ ਦੇ ਬੇਹੱਦ ਖ਼ਤਰਨਾਕ ਅੰਜਾਮਾਂ ਨਾਲ ਕੋਈ ਸਰੋਕਾਰ ਨਹੀਂ ਹੈ।



ਬ੍ਰਿਜਭੂਸ਼ਣ ਮਾਮੂਲੀ ਮੁਜਰਿਮ ਨਹੀਂ ਹੈ। ਸ਼ਿਕਾਇਤ ਦਰਜ ਕਰਾਉਣ ਵਾਲੀਆਂ ਸੱਤ ਪਹਿਲਵਾਨਾਂ ਵਿੱਚੋਂ ਦੋ ਨੇ ਉਸ ਵਿਰੁੱਧ ਜਿਨਸੀ ਸ਼ੋਸ਼ਣ ਦੀਆਂ ਅੱਠ ਘਟਨਾਵਾਂ ਦੇ ਵੇਰਵੇ ਦਿੱਤੇ ਹਨ। ਉਸ ਵਿਰੁੱਧ 40 ਦੇ ਕਰੀਬ ਸੰਗੀਨ ਫ਼ੌਜਦਾਰੀ ਕੇਸ ਦਰਜ ਹੋਏ ਜਿਨ੍ਹਾਂ ਵਿਚ ਕਤਲ, ਇਰਾਦਾ ਕਤਲ, ਲੁੱਟਖੋਹ ਦੇ ਕੇਸ ਸਨ ਜਿਨ੍ਹਾਂ ਵਿੱਚੋਂ 30 ਵਿਚ ਉਹ ਆਪਣੇ ਰਸੂਖ਼ ਦੇ ਜ਼ੋਰ ਬਰੀ ਹੋ ਗਿਆ। ਚਾਰ ਕੇਸ ਗੈਂਗਸਟਰ ਐਕਟ ਤਹਿਤ ਦਰਜ ਹੋਏ। ਜੇ ਯੂ.ਪੀ. ਦੇ ਪਿੰਡ ਦਾ ਇਕ ਆਮ ਪਹਿਲਵਾਨ ਵੱਖ-ਵੱਖ ਲੋਕ ਸਭਾ ਹਲਕਿਆਂ ਤੋਂ ਪੰਜ ਵਾਰ ਭਾਜਪਾ ਦੀ ਟਿਕਟ ਤੋਂ ਅਤੇ ਇਕ ਵਾਰ ਸਮਾਜਵਾਦੀ ਪਾਰਟੀ ਦੀ ਟਿਕਟ ਤੋਂ ਮੈਂਬਰ ਪਾਰਲੀਮੈਂਟ ਬਣ ਕੇ ਅਤੇ ਭਾਰਤੀ ਕੁਸ਼ਤੀ ਫੈੱਡਰੇਸ਼ਨ ਦਾ ਬਿਨਾਂ ਵਿਰੋਧ ਪ੍ਰਧਾਨ ਬਣਕੇ ਤਰੱਕੀ ਦੀਆਂ ਬੁਲੰਦੀਆਂ ਛੂੰਹਦਾ ਹੈ ਤਾਂ ਇਸ ਪਿੱਛੇ ਉਸ ਦੇ 'ਖ਼ਾਸ' ਗੁਣਾਂ ਦਾ ਕ੍ਰਿਸ਼ਮਾ ਹੈ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਉਸ ਦੇ ਇਨ੍ਹਾਂ 'ਗੁਣਾਂ' ਦਾ ਖ਼ੁਲਾਸਾ ਕਰਦੀ ਹੈ। ਉਸਨੇ ਬਾਬਰੀ ਮਸਜਿਦ ਢਾਹੁਣ ਵਿਚ ਹਿੱਸਾ ਲਿਆ ਸੀ। ਸੀ.ਬੀ.ਆਈ. ਨੇ ਬਾਬਰੀ ਮਸਜਿਦ ਕੇਸ ਵਿਚ ਭਾਜਪਾ ਆਗੂਆਂ ਐੱਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ, ਊਮਾ ਭਾਰਤੀ ਆਦਿ ਦੇ ਨਾਲ ਬ੍ਰਿਜਭੂਸ਼ਣ ਨੂੰ ਵੀ ਨਾਮਜ਼ਦ ਕੀਤਾ ਸੀ ਪਰ 2020 'ਚ ਸਾਰੇ ਦੋਸ਼ੀਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। 1990ਵਿਆਂ 'ਚ ਉਹ ਹਿੰਦੂ ਸੰਤਾਂ ਅਤੇ ਰਾਮ ਮੰਦਰ ਅੰਦੋਲਨ ਦੇ ਆਗੂਆਂ ਨਾਲ ਅਕਸਰ ਨਜ਼ਰ ਆਉਂਦਾ ਸੀ ਅਤੇ ਇਕ ਤੇਜ਼-ਤਰਾਰ ਭਗਵਾਂ ਆਗੂ ਬਣ ਕੇ ਉੱਭਰਿਆ। ਰਿਪੋਰਟ ਅਨੁਸਾਰ ਉਸ ਉੱਪਰ 1992 'ਚ ਗੈਂਗਸਟਰ ਦਾਊਦ ਇਬਰਾਹਿਮ ਦੇ ਸਾਥੀਆਂ ਦੀ ਮੱਦਦ ਕਰਨ ਦੇ ਇਲਜ਼ਾਮ 'ਚ ਟਾਡਾ ਕਾਨੂੰਨ ਵੀ ਲਗਾਇਆ ਗਿਆ ਸੀ ਅਤੇ ਉਹ ਕਈ ਮਹੀਨੇ ਤਿਹਾੜ ਜੇਲ੍ਹ ਵਿਚ ਵੀ ਰਿਹਾ ਸੀ। ਫਿਰ ਉਸਨੇ ਸਿਆਸਤ ਦੇ ਖੇਤਰ ਵਿਚ ਪੈਰ ਰੱਖਿਆ ਅਤੇ ਐਸੇ ਆਗੂ ਦੇ ਰੂਪ 'ਚ ਦਬਦਬਾ ਬਣਾ ਲਿਆ ਜੋ ਸਰਕਾਰਾਂ ਨੂੰ ਆਪਣੇ ਫ਼ੈਸਲੇ ਵਾਪਸ ਲੈਣ ਲਈ ਮਜਬੂਰ ਕਰ ਸਕਦਾ ਹੈ। ਯੂ.ਪੀ. ਦੀ ਤਤਕਾਲੀ ਮੁੱਖ ਮੰਤਰੀ ਮਾਇਆਵਤੀ ਨੇ ਗੋਂਡਾ ਦਾ ਨਾਮ ਬਦਲ ਕੇ ਲੋਕਨਾਇਕ ਜੈਪ੍ਰਕਾਸ਼ ਨਰਾਇਣ ਨਗਰ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਬ੍ਰਿਜ਼ਭੂਸ਼ਣ ਦੇ ਵਿਰੋਧ ਕਾਰਨ ਮਾਇਆਵਤੀ ਨੂੰ ਫ਼ੈਸਲਾ ਵਾਪਸ ਲੈਣਾ ਪਿਆ ਸੀ। ਬ੍ਰਿਜਭੂਸ਼ਣ ਮੌਕੇ ਅਨੁਸਾਰ ਦਲ-ਬਦਲੀ ਕਰਨ 'ਚ ਮਾਹਿਰ ਹੈ। ਜਦੋਂ ਭਾਜਪਾ ਨੇ ਵੋਟਿੰਗ ਦੇ ਸਵਾਲ 'ਤੇ ਉਸ ਨੂੰ ਕੱਢ ਦਿੱਤਾ ਤਾਂ ਉਹ ਸਮਾਜਵਾਦੀ ਪਾਰਟੀ 'ਚ ਚਲਾ ਗਿਆ ਅਤੇ 2014 ਤੋਂ ਪਹਿਲਾਂ ਹਵਾ ਦਾ ਰੁਖ਼ ਦੇਖ ਕੇ ਮੁੜ ਭਾਜਪਾ 'ਚ ਆ ਗਿਆ।

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਭਾਰਤੀ ਸਟੇਟ ਵਿਚ ਨਿਆਂ ਲਈ ਸੰਘਰਸ਼ ਬੇਹੱਦ ਬਿਖੜਾ ਰਾਹ ਹੈ। ਬੇਹੱਦ ਤਾਕਤਵਰ ਮੁਜਰਿਮ ਬ੍ਰਿਜਭੂਸ਼ਣ ਵਿਰੁੱਧ ਐੱਫ.ਆਈ.ਆਰ. ਦਰਜ ਕਰਾਉਣ ਲਈ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਖਿਡਾਰਨਾਂ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਆਖ਼ਿਰਕਾਰ ਸੁਪਰੀਮ ਕੋਰਟ ਨੂੰ ਉਨ੍ਹਾਂ ਦੀ ਆਵਾਜ਼ ਦਾ ਨੋਟਿਸ ਲੈਣਾ ਪਿਆ ਅਤੇ ਦਿੱਲੀ ਪੁਲਿਸ ਨੂੰ ਉਸ ਵਿਰੁੱਧ ਦੋ ਐੱਫ.ਆਈ.ਆਰ ਦਰਜ ਕਰਨੀਆਂ ਪਈਆਂ ਜੋ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਤਿੰਨ ਮਹੀਨੇ ਤੋਂ ਨਜ਼ਰਅੰਦਾਜ਼ ਕਰ ਰਹੀ ਸੀ। ਹੁਣ ਉਸ ਨੂੰ ਗ੍ਰਿਫ਼ਤਾਰ ਕਰਾਉਣ ਲਈ ਸਖ਼ਤ ਲੜਾਈ ਲੜਨੀ ਪੈ ਰਹੀ ਹੈ। ਹਕੂਮਤ ਦੀ ਪੁਸ਼ਤਪਨਾਹੀ ਮਾਣ ਰਹੇ ਇਸ ਦਰਿੰਦੇ ਦੇ ਸਿਰ ਨੂੰ ਸੱਤਾ ਦਾ ਹੰਕਾਰ ਇਸ ਕਦਰ ਚੜ੍ਹ ਚੁੱਕਾ ਹੈ ਕਿ ਪਹਿਲਵਾਨਾਂ ਲੜਕੀਆਂ ਨੂੰ ਮੀਡੀਆ ਕੈਮਰਿਆਂ ਅੱਗੇ ਅਤੇ ਵੀਡੀਓ ਪੋਸਟ ਕਰਕੇ ਖੁੱਲ੍ਹੇਆਮ ਧਮਕੀਆਂ ਦੇ ਰਿਹਾ ਹੈ। ਉਹ ਐਲਾਨੀਆ ਤੌਰ 'ਤੇ ਕਹਿ ਰਿਹਾ ਹੈ ਕਿ ਜੇ ਮੋਦੀ-ਅਮਿਤ ਸ਼ਾਹ ਅਤੇ ਜੇ.ਪੀ.ਨੱਢਾ ਕਹਿਣਗੇ ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਉਸ ਨੂੰ ਪਤਾ ਹੈ ਕਿ ਬਲਾਤਕਾਰੀਆਂ, ਭਗਵੇਂ ਦਹਿਸ਼ਤਗਰਦਾਂ ਦੇ ਇਹ ਸਰਪ੍ਰਸਤ ਜ਼ੁਬਾਨ ਹੀ ਨਹੀਂ ਖੋਲ੍ਹਣਗੇ ਅਤੇ ਉਸ ਨੂੰ ਅਸਤੀਫ਼ਾ ਦੇਣ ਲਈ ਨਹੀਂ ਕਹਿਣਗੇ। ਕਿਉਂਕਿ ਅਸਤੀਫ਼ਾ ਲਏ ਜਾਣ 'ਤੇ ਉਹ ਇਨ੍ਹਾਂ ਦੇ ਪਾਪਾਂ ਦਾ ਭਾਂਡਾ ਭੰਨ ਦੇਵੇਗਾ।

ਮਿਸਟਰ ਮੋਦੀ ਕਰਨਾਟਕਾ ਦੀ ਚੋਣ ਮੁਹਿੰਮ 'ਚ 'ਜੈ ਬਜਰੰਗ ਬਲੀ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰਿਆਂ ਦਰਮਿਆਨ 'ਨਾਰੀ ਸ਼ਕਤੀ' ਦੇ ਹੋਕਰੇ ਰਿਹਾ ਹੈ ਪਰ ਮੁਲਕ ਦੀ ਰਾਜਧਾਨੀ ਵਿਚ ਨਿਆਂ ਦੀ ਮੰਗ ਕਰ ਰਹੀਆਂ ਲੜਕੀਆਂ ਨੂੰ ਉਸ ਦੀ ਹਕੂਮਤ ਆਪਣੀ 'ਬਲਾਤਕਾਰੀ ਸ਼ਕਤੀ' ਦੇ ਦੀਦਾਰ ਕਰਵਾ ਰਹੀ ਹੈ। ਵੱਡੀ ਗਿਣਤੀ 'ਚ ਪੁਲਿਸ ਫੋਰਸ ਅਤੇ ਬੈਰੀਕੇਡ ਲਗਾ ਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਹਕੂਮਤ ਦੇ ਇਸ਼ਾਰੇ 'ਤੇ ਪਾਣੀ, ਬਿਜਲੀ, ਹੋਰ ਰੋਜ਼ਮਰਾ ਜ਼ਰੂਰਤ ਦੀਆਂ ਚੀਜ਼ਾਂ ਦੀ ਸਪਲਾਈ ਬੰਦ ਕਰਕੇ, ਲੜਕੀਆਂ ਅਤੇ ਧਰਨੇ ਦੀ ਹਮਾਇਤ ਕਰਨ ਵਾਲਿਆਂ ਨਾਲ ਬਦਤਮੀਜ਼ੀ ਕਰਕੇ ਅਤੇ ਤਾਕਤ ਵਰਤ ਕੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਸ਼ਾਹੀਨ ਬਾਗ਼ ਮੋਰਚੇ, ਕਿਸਾਨ ਸੰਘਰਸ਼, ਜੇ.ਐੱਨ.ਯੂ., ਜਾਮੀਆ ਮਿਲੀਆ, ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਅੰਦੋਲਨਾਂ ਨੂੰ ਕੁਚਲਣ ਲਈ ਦਿੱਲੀ ਪੁਲਿਸ ਨੇ ਬੇਖ਼ੌਫ਼ ਹੋ ਕੇ ਗੁੰਡਾਗਰਦੀ ਕੀਤੀ ਸੀ ਅਤੇ ਭਗਵੇਂ ਗੁੰਡਿਆਂ/ਦਹਿਸ਼ਤਵਾਦੀਆਂ ਨਾਲ ਮਿਲ ਕੇ ਅੰਦੋਲਨਕਾਰੀਆਂ ਉੱਪਰ ਜਬਰ ਕੀਤਾ ਸੀ ਉਸੇ ਨਮੂਨੇ 'ਤੇ ਹੁਣ ਪਹਿਲਵਾਨਾਂ ਦੇ ਸੰਘਰਸ਼ ਵਿਰੁੱਧ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓ ਬਲਾਤਕਾਰ ਕੇਸ ਅਤੇ ਹਾਥਰਸ ਬਲਾਤਕਾਰ ਵਰਗੇ ਕੇਸਾਂ 'ਚ ਮੋਦੀ ਨੇ ਜ਼ੁਬਾਨ ਨਹੀਂ ਸੀ ਖੋਲ੍ਹੀ। ਇਸ ਕੇਸ 'ਚ ਵੀ ਉਹ 'ਸਾਈਲੈਂਟ ਮੋਡ' 'ਚ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਤਮਗੇ ਜਿੱਤ ਕੇ ਆਈਆਂ ਇਨ੍ਹਾਂ ਹੀ ਪਹਿਲਵਾਨ ਲੜਕੀਆਂ ਨੂੰ 'ਸ਼ਾਬਾਸ਼' ਦੇ ਕੇ ਵਾਹ-ਵਾਹ ਖੱਟਣੀ ਹੋਵੇ, ਭਗਵੇਂ ਦਹਿਸ਼ਤਵਾਦੀਆਂ ਦੀ ਤਾਰੀਫ਼ ਕਰਨੀ ਹੋਵੇ ਜਾਂ ਮਮਤਾ ਬੈਨਰਜੀ ਜਾਂ ਸੋਨੀਆ ਗਾਂਧੀ ਵਰਗੀਆਂ ਵਿਰੋਧੀ-ਧਿਰ ਦੀਆਂ ਆਗੂਆਂ ਉੱਪਰ ਵਿਅੰਗ ਕੱਸਣੇ ਹੋਣ ਤਾਂ ਉਸ ਦੀ ਜ਼ੁਬਾਨ ਫਟਾਫਟ ਖੁੱਲ੍ਹ ਜਾਂਦੀ ਹੈ। ਨਿਆਂ ਦੇ ਸਵਾਲ ਉੱਪਰ ਉਸ ਦੀ ਜੀਭ ਠਾਕੀ ਜਾਂਦੀ ਹੈ।

ਦਰਅਸਲ, ਹੁਕਮਰਾਨ ਧਿਰ ਦੇ ਚਹੇਤਿਆਂ ਅਤੇ ਰਾਜਕੀ ਤੇ ਰਾਜਸੀ ਪੁਸ਼ਤਪਨਾਹੀ ਮਾਣਦੇ ਡਾਹਢਿਆਂ ਵੱਲੋਂ ਜਿਨਸੀ ਸ਼ੋਸ਼ਣ ਦੀਆਂ ਕਹਾਣੀਆਂ 'ਚ ਕੁਝ ਵੀ ਹੈਰਾਨੀਜਨਕ ਨਹੀਂ ਹੈ ਅਤੇ ਨਾ ਮਜ਼ਲੂਮਾਂ ਦਾ ਨਿਆਂ ਲਈ ਸੰਘਰਸ਼ ਨਵੀਂ ਗੱਲ ਹੈ। ਸਰਸੇ ਵਾਲੇ ਸਾਧ ਵਿਰੁੱਧ ਸਾਧਵੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਨ-ਹੂਲਵੀਂ ਲੜਾਈ ਲੜਨੀ ਪਈ ਸੀ। ਇਸੇ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਮਿਲ ਜਾਣਗੀਆਂ ਜਿੱਥੇ ਨਿਆਂ ਲਈ ਮਜ਼ਲੂਮਾਂ ਆਪਣੀ ਜਾਨ ਜ਼ੋਖ਼ਮ 'ਚ ਪਾ ਕੇ ਸੱਤਾ, ਮੁਜਰਿਮਾਂ ਅਤੇ ਪੁਲਿਸ ਦੇ ਗੱਠਜੋੜ ਨਾਲ ਲੜਨਾ ਪਿਆ। ਫ਼ਰਕ ਸਿਰਫ਼ ਇਹ ਹੈ ਕਿ ਆਰ.ਐੱਸ.ਐੱਸ.-ਭਾਜਪਾ ਦੇ ਰਾਜ ਵਿਚ ਇਹ ਸੰਘਰਸ਼ ਹੋਰ ਜ਼ਿਆਦਾ ਕਠਿਨ ਹੋ ਗਿਆ ਹੈ। ਭਗਵੀਂ ਹਕੂਮਤ ਅਜਿਹੇ ਮੁਜਰਿਮਾਂ ਨੂੰ ਬਚਾਉਣ ਲਈ ਹੋਰ ਵੀ ਜ਼ਿਆਦਾ ਬੇਸ਼ਰਮੀ ਨਾਲ ਉਨ੍ਹਾਂ ਦੀ ਪਿੱਠ 'ਤੇ ਖੜ੍ਹੀ ਦੇਖੀ ਜਾ ਸਕਦੀ ਹੈ। ਦੰਗਈ, ਦਹਿਸ਼ਤਵਾਦੀ, ਬਲਾਤਕਾਰੀ ਅਤੇ ਗੁੰਡੇ ਜ਼ਮੀਨੀਂ ਪੱਧਰ 'ਤੇ ਸੰਘ ਬਰਗੇਡ ਦੇ ਕਾਰਿੰਦੇ ਹਨ ਜਿਨ੍ਹਾਂ ਉੱਪਰ ਭਗਵੀਂ ਧੌਂਸਬਾਜ਼ ਸਿਆਸਤ ਟਿਕੀ ਹੋਈ ਹੈ। ਇਸੇ ਲਈ ਭਾਜਪਾ ਦੇ ਸਾਬਕਾ ਕੇਂਦਰੀ ਮੰਦਰੀ ਚਿਨਮਯਾਨੰਦ ਅਤੇ ਉਨਾਓਂ ਬਲਾਤਕਾਰ-ਕਤਲ ਕੇਸ ਦੇ ਮੁਜਰਿਮ ਭਾਜਪਾ ਵਿਧਾਇਕ ਕੁਲਦੀਪ ਸੈਂਗਰ ਹੱਥੋਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਲੜਕੀਆਂ ਦੀ ਆਵਾਜ਼ ਨੂੰ ਦਬਾਉਣ ਲਈ ਆਰ.ਐੱਸ.ਐੱਸ.-ਭਾਜਪਾ ਨੇ ਪੂਰੀ ਤਾਕਤ ਝੋਕ ਦਿੱਤੀ ਸੀ। ਕਸ਼ਮੀਰੀ ਬੱਚੀ ਆਸਿਫ਼ਾ ਦੇ ਕਾਤਲ ਬਲਾਤਕਾਰੀਆਂ ਨੂੰ ਬਚਾਉਣ ਲਈ ਭਾਜਪਾ ਨੇ ਤਿਰੰਗੇ ਝੰਡੇ ਚੁੱਕ ਕੇ ਮੁਜ਼ਾਹਰੇ ਕੀਤੇ ਸਨ। ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ ਸਜ਼ਾਯਾਫ਼ਤਾ ਮੁਜਰਿਮਾਂ ਦੀ ਸਜ਼ਾ ਮਾਫ਼ ਕਰਕੇ ਉਨ੍ਹਾਂ ਨੂੰ ਜੇਲ੍ਹਾਂ 'ਚੋਂ ਰਿਹਾ ਕੀਤਾ ਗਿਆ ਅਤੇ 'ਸੰਸਕਾਰੀ ਬ੍ਰਾਹਮਣ' ਐਲਾਨ ਕੇ ਸਨਮਾਨਿਆ ਗਿਆ। ਘਿਣਾਉਣੇ ਬਲਾਤਕਾਰੀਆਂ-ਮੁਜਰਿਮਾਂ ਨੂੰ ਤਾਂ ਰਾਜਨੀਤਕ ਜ਼ਰੂਰਤ 'ਚੋਂ ਹਰ ਹਾਕਮ ਜਮਾਤੀ ਪਾਰਟੀ ਬਚਾਉਂਦੀ ਹੈ, ਭਾਜਪਾ ਲਈ ਵੀ ਆਪਣੇ ਪੂਰਬ ਆਂਚਲ ਦੇ ਵੋਟ ਬੈਂਕ ਨੂੰ ਬਚਾਉਣ ਲਈ ਇਸ ਦਰਿੰਦੇ ਨੂੰ ਬਚਾਉਣ ਦਾ ਮਸਲਾ ਹੈ। ਪਰ ਆਰ.ਐੱਸ.ਐੱਸ.-ਭਾਜਪਾ ਦਾ ਇਸ ਪਿੱਛੇ ਬਕਾਇਦਾ ਮਨੂਵਾਦੀ ਵਿਚਾਰਧਾਰਕ ਪ੍ਰੋਜੈਕਟ ਵੀ ਹੈ। ਉਹ ਕਿਸੇ ਵੀ ਕੀਮਤ 'ਤੇ ਔਰਤਾਂ ਦੀ ਹੱਕ-ਜਤਾਈ ਨੂੰ ਕੁਚਲਕੇ ਉਨ੍ਹਾਂ ਨੂੰ ਸਮਾਜ ਦੀ ਕਥਿਤ ਇੱਜ਼ਤ ਲਈ ਮੂੰਹ ਨਾ ਖੋਲ੍ਹਣ ਵਾਲੀ 'ਸੰਸਕਾਰੀ ਨਾਰੀ' ਬਣਾ ਕੇ ਰੱਖਣਾ ਚਾਹੁੰਦੇ ਹਨ। ਇਸੇ ਲਈ, ਔਰਤਾਂ ਦੇ ਮਾਣ-ਸਨਮਾਨ ਅਤੇ ਹੱਕ-ਜਤਾਈ ਲਈ ਸੰਘਰਸ਼ ਦਾ ਮਹੱਤਵ ਹੁਣ ਹੋਰ ਵੀ ਜ਼ਿਆਦਾ ਹੈ ਅਤੇ ਹਰ ਨਿਆਂਪਸੰਦ ਨੂੰ ਪਹਿਲਵਾਨ ਲੜਕੀਆਂ ਦੇ ਹੱਕ 'ਚ ਸੜਕਾਂ ਉੱਪਰ ਆਉਣਾ ਚਾਹੀਦਾ ਹੈ।



ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਆਵਾਜ਼ ਤੇ ਸੋਚ

# ਇਨਸਾਫ਼ ਪ੍ਰਾਪਤ ਕਰਨ ਲਈ ਇਕਜੁਟ ਲੰਬੇ ਸੰਘਰਸ਼ਾਂ ਦੀ ਜ਼ਰੂਰਤ






**'ਜਿਸ ਕਿਸਮ ਨਾਲ ਦੇਸ਼ ਦਾ ਮੌਜੂਦਾ ਹੁਕਮਰਾਨ ਕਾਰਪੋਰੇਟ ਘਰਾਣਿਆਂ ਨੂੰ ਮੁਲਕ ਵੇਚ ਚੁੱਕਾ ਹੈ, ਉਥੇ ਸਮਾਜ ਦੇ ਅੰਦਰ ਪਾੜਾ ਪਾਉਣ ਦੀ ਕਸਰ ਵੀ ਬਾਕੀ ਨਹੀਂ ਛੱਡ ਰਿਹਾ। ਇਥੋਂ ਤੱਕ ਜਿਸ ਵੀ ਵਰਗ 'ਤੇ ਕੋਈ ਜੁਲਮ ਜਾਂ ਅੱਤਿਆਚਾਰ ਹੁੰਦਾ ਹੈ ਉਸ ਦੀ ਸੁਣਾਈ ਵੀ ਨਹੀਂ ਕੀਤੀ ਜਾਂਦੀ। ਇਥੋਂ ਤੱਕ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀਆਂ ਹੋਣਹਾਰ ਪਹਿਲਵਾਨ ਲੜਕੀਆਂ ਨੂੰ ਆਪਣੇ ਜੌਹਰ ਦਿਖਾਉਣ ਵਾਲੇ ਅਖਾੜਿਆਂ ਤੋਂ ਪਰੇ ਹੋ ਕੇ ਆਪਣੀ ਅਣਖ ਅਤੇ ਇੱਜ਼ਤ ਦੀ ਰਾਖੀ ਲਈ ਸੰਘਰਸ਼ ਵਿਚ ਉਤਰਨਾ ਪੈ ਰਿਹਾ ਹੈ ਪ੍ਰੰਤੂ ਦੇਸ਼ ਦੀ ਹਕੂਮਤ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਵੀ ਪਰ੍ਹੇ ਕਰਕੇ ਦੇਸ਼ ਦੀ ਸੱਤਾਧਾਰੀ ਪਾਰਟੀ ਦੇ ਦੋਸ਼ੀ ਨੂੰ ਅਜੇ ਤੱਕ ਗ੍ਰਿਫ਼ਤਾਰ ਤਾਂ ਕੀ ਕਰਨਾ ਸੀ ਬਲਕਿ ਦੇਸ਼ ਦੀ ਸਭ ਤੋਂ ਵੱਡੀ ਸਮਝੀ ਜਾਂਦੀ ਪਾਰਲੀਮੈਂਟ ਦਾ ਮੈਂਬਰ ਵੀ ਰੱਖਿਆ ਹੋਇਆ ਹੈ। ਅਜਿਹੀਆਂ ਤਰਾਸਦਿਕ ਸਥਿਤੀਆਂ 'ਚੋਂ ਉਭਰਨ ਲਈ ਸਮੁੱਚੇ ਮਾਨਵੀ ਹੱਕਾਂ ਤੋਂ ਲੈ ਕੇ ਸਮਾਜਿਕ ਅਤੇ ਰਾਜਨੀਤਕ ਹੱਕਾਂ ਦੀ ਰਾਖੀ ਲਈ ਲੜਨ ਤੋਂ ਬਿਨਾਂ ਦੇਸ਼ ਦੇ ਲੋਕਾਂ ਕੋਲ ਕੋਈ ਰਸਤਾ ਨਹੀਂ ਬਚਿਆ। ਇਸ ਕਿਸਮ ਦੀਆਂ ਆਵਾਜ਼ਾਂ ਜਿਥੇ ਦੇਸ਼ ਦੇ ਹਰੇਕ ਕੋਨੇ ਵਿਚ ਉਠ ਰਹੀਆਂ ਹਨ, ਉਥੇ ਜੰਤਰ ਮੰਤਰ ਵਿਚ ਪਹੁੰਚ ਕੇ ਵੱਖ ਵੱਖ ਵਰਗਾਂ ਦੇ ਲੋਕ ਅਤੇ ਜਮਹੂਰੀ ਹੱਕਾਂ ਵਾਲੀਆਂ ਜਥੇਬੰਦੀਆਂ ਵੀ ਸੰਘਰਸ਼ ਵਿਚ ਯੋਗਦਾਨ ਪਾ ਰਹੀਆਂ ਹਨ। ਇਸ ਕੜੀ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ ਨੇ ਅਹੁਦੇਦਾਰਾਂ ਤੋਂ ਲੈ ਕੇ ਵਰਕਰਾਂ ਤੱਕ ਨੂੰ ਇਸ ਅੰਦੋਲਨ ਵਿਚ ਸ਼ਾਮਲ ਕੀਤਾ ਹੈ। - ਸੰਪਾਦਕ**

**ਬਲਜਿੰਦਰ ਸਿੰਘ ਪਟਿਆਲਾ**

ਓਲੰਪੀਅਨ ਪਹਿਲਵਾਨਾਂ ਵਿਨੇਸ਼ ਫੋਗਾਟ, ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਦੀ ਅਗਵਾਈ ਹੇਠ ਜੰਤਰ ਮੰਤਰ ਦਿੱਲੀ ਵਿਖੇ ਹੋ ਰਹੇ ਸੰਘਰਸ਼ ਵਿਚ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਪ੍ਰੋਫੈਸਰ ਏ ਕੇ ਮਲੇਰੀ, ਸੀਨੀਅਰ ਮੀਤ ਪ੍ਰਧਾਨ ਅਤੇ ਜਥੇਬੰਦਕ ਸਕੱਤਰ ਨਰਭਿੰਦਰ ਸਿੰਘ ਦੀ ਅਗਵਾਈ ਹੇਠ ਇਸ ਸੰਘਰਸ਼ ਨੂੰ ਹੋਰ ਬਲ ਦੇਣ ਲਈ ਅਤੇ ਇਸ ਲੜਾਈ ਵਿਚ ਇਕਮੁਠਤਾ ਦਾ ਪ੍ਰਗਟਾਵਾ ਕਰਨ ਲਈ ਹਿੱਸਾ ਲਿਆ। ਮਹਿਲਾ ਪਹਿਲਵਾਨਾਂ ਵੱਲੋਂ ਕੁਸ਼ਤੀ ਐਸੋਸੀਏਸ਼ਨ ਦੇ ਮੁਖੀ ਵੱਲੋਂ ਔਰਤ ਪਹਿਲਵਾਨਾਂ ਦੇ ਕੀਤੇ ਸਰੀਰਕ ਸ਼ੋਸ਼ਣ ਨੂੰ ਨੰਗੇ ਕਰਨ ਅਤੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਵਿੱਢੇ ਸੰਘਰਸ਼ ਦੀ ਵਧਾਈ ਦਿੰਦਿਆਂ ਸਭਾ ਦੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਬਠਿੰਡਾ ਨੇ ਸੰਬੰਧਿਤ ਕਰਦਿਆਂ ਕਿਹਾ ਕਿ ਇਹ ਔਰਤ ਵਰਗ ਉਪਰ ਹੋ ਰਹੇ ਜਿਨਸੀ ਜਬਰ ਨੂੰ ਚੁੱਪ ਕਰਕੇ ਸਹਿਣ ਦੀ ਮਾਨਸਿਕਤਾ ਨੂੰ ਤੋੜ ਇਸ ਵਿਰੁੱਧ ਔਰਤ ਵਰਗ ਵੱਲੋਂ ਆਵਾਜ਼ ਬੁਲੰਦ ਕਰਨ ਦਾ ਪ੍ਰੇਰਣਾ ਸਰੋਤ ਬਣੇਗਾ। ਜਿਸ ਕਿਸਮ ਨਾਲ ਦੇਸ਼ ਦੇ ਵਿਚ ਵੱਖ ਵੱਖ ਵਿਤਕਰੇ ਖੜ੍ਹੇ ਕੀਤੇ ਜਾ ਰਹੇ ਹਨ ਅਤੇ ਭਾਈਚਾਰਿਆਂ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ, ਉਥੇ ਦੇਸ਼ ਦੇ ਅਣਖ ਅਤੇ ਗੈਰਤ ਨੂੰ ਵੀ ਮਿੱਟੀ ਵਿਚ ਰੋਲਿਆ ਜਾ ਰਿਹਾ ਹੈ। ਸਮੁੱਚੀ ਦੁਨੀਆ ਅੱਗੇ ਦੇਸ਼ ਸ਼ਰਮਸਾਰ ਹੋ ਰਿਹਾ ਹੈ। ਪਹਿਲਾਂ ਹੀ 2002 ਦੇ ਦੰਗਿਆਂ 'ਤੇ ਬੀਬੀਸੀ ਵਲੋਂ ਬਣੀ ਫਿਲਮ ਅਤੇ ਹਿੰਡਨਵਰਗ ਰਿਪੋਰਟ ਜਿਸ ਨੇ ਕਾਰਪੋਰੇਟ ਘਰਾਣਿਆਂ ਦੀ ਲੁੱਟ ਦਾ ਪਾਜ਼ ਉਧੇੜਿਆ ਸੀ। ਹਕੀਕਤ ਵਿਚ ਦੇਸ਼ ਇਕ ਬੇਹੱਦ ਗੰਭੀਰ ਅਤੇ ਤਰਾਸਦਿਕ ਦੌਰ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਇਸ ਕਰਕੇ ਦੇਸ਼ ਨੂੰ ਬਚਾਉਣ ਵਾਲੀਆਂ ਅਤੇ ਇਸ ਵਿਚ ਬਦਲਵਾਂ ਸਮਾਜ ਵਿਕਸਿਤ ਕਰਨ ਵਾਲੀਆਂ ਧਿਰਾਂ ਨੂੰ ਇਕਜੁਟ ਹੋ ਕੇ ਹਰੇਕ ਲੜਾਈ ਵਿਚ ਕੁੱਦਣਾ ਚਾਹੀਦਾ ਹੈ। ਜਿਸ ਕਿਸਮ ਨਾਲ ਕਿਸਾਨ ਅੰਦੋਲਨ ਵਿਚ ਕੀਤਾ ਗਿਆ ਅਤੇ ਹਕੂਮਤ ਨੂੰ ਪਿਛਲੇ ਪੈਰੀਂ ਮੁੜਨਾ ਪਿਆ।


ਜਮਹੂਰੀ ਅਧਿਕਾਰ ਸਭਾ ਤਹਿ ਕੀਤੇ ਪ੍ਰੋਗਰਾਮ ਅਨੁਸਾਰ ਸੰਗਰੂਰ, ਬਰਨਾਲਾ, ਬਠਿੰਡਾ, ਪਟਿਆਲਾ, ਲੁਧਿਆਣਾ, ਤਰਨਤਾਰਨ ਤੋਂ ਸਭਾ ਦੇ ਮੈਂਬਰਾਂ ਵੱਲੋਂ ਬੰਗਲਾ ਸਾਹਿਬ ਦਿੱਲੀ ਗੁਰਦੁਆਰਾ ਸਾਹਿਬ ਦਿੱਲੀ ਗੁਰਦੁਆਰਾ ਤੋਂ ਲੈ ਕੇ ਜੰਤਰ ਮੰਤਰ ਤੱਕ ਇਕ ਰੋਸ ਮਾਰਚ ਵੀ ਕੱਢਿਆ ਗਿਆ। ਜਥੇਬੰਦੀ ਦੇ ਪ੍ਰਮੁੱਖ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਭਾਵੇਂ ਔਰਤਾਂ ਦੀ ਸੁਰੱਖਿਆ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਹਕੀਕਤ ਵਿਚ ਮੰਨੂ ਸਿਮਰਤੀ ਦੇ ਆਦੇਸ਼ਾਂ ਅਨੁਸਾਰ ਔਰਤਾਂ ਨੂੰ ਪੈਰਾਂ ਦੀ ਜੁੱਤੀ ਤੋਂ ਵੱਧ ਕੁਝ ਨਹੀਂ ਸਮਝਿਆ ਜਾਂਦਾ। ਹਰ ਤਰ੍ਹਾਂ ਦੇ ਜਬਰ ਜ਼ੁਲਮ ਦਾ ਟਾਕਰਾ ਕਰਨ ਵਾਲੀਆਂ ਬਹਾਦੁਰ ਔਰਤਾਂ ਦਾ ਮਨੋਬਲ ਤੋੜਨ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ। ਇਕ ਪਾਸੇ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਮਹਿਲਾ ਪਹਿਲਵਾਨਾਂ ਨੇ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਬੀਜੇਪੀ ਦੇ ਮੈਂਬਰ ਪਾਰਲੀਮੈਂਟ ਬ੍ਰਿਜ ਭੂਸ਼ਣ ਸਿੰਘ ਖ਼ਿਲਾਫ਼ ਔਰਤ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਲਾਇਆ ਹੈ। ਪੋਕਸੋ ਤਹਿਤ ਪਰਚਾ ਦਰਜ ਕਰਕੇ ਪ੍ਰਧਾਨ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਪਰ ਕੇਂਦਰ ਸਰਕਾਰ ਦੀ ਲੁਕਵੀਂ ਹਮਾਇਤ ਕਰਕੇ ਦੋਸ਼ੀ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ ਹੈ। ਪੰਜਾਬ ਦੇ ਵਿਚ ਦਹਾਕਿਆਂ ਤੱਕ ਰੋਲੀ ਅਤੇ ਗਰਜਵੀਂ ਅਵਾਜ਼ ਨਾਲ ਹਕੂਮਤਾਂ ਨੂੰ ਚੁਣੌਤੀ ਦੇਣ ਵਾਲੇ ਨਾਮਵਰ ਨਾਟਕਾਰ ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਸਿੰਘ ਜੋ ਕਿ ਵੱਖ-ਵੱਖ ਸੰਘਰਸ਼ਾਂ ਸਮੇਤ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਆ ਰਹੀ ਹੈ, ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਈ ਡੀ ਦੀ ਜਾਂਚ ਪੜਤਾਲ ਰਾਹੀਂ ਝੂਠੇ ਕੇਸਾਂ ਵਿੱਚ ਨਾਮਜ਼ਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਗੂਆਂ ਨੇ ਕਿਹਾ ਕਿ ਜਮਹੂਰੀ ਅਧਿਕਾਰ ਸਭਾ ਪੰਜਾਬ ਔਰਤਾਂ ਦੇ ਮਾਣ ਸਨਮਾਨ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਯਤਨ ਕਰਦੀ ਰਹੇਗੀ। ਸਭਾ ਮੰਗ ਕਰਦੀ ਹੈ ਕਿ ਪਿਛਲੇ ਚਾਰ ਮਹੀਨਿਆਂ ਤੋਂ 7 ਲੜਕੀਆਂ ਨਾਲ ਹੋਏ ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਕੀਤੀ ਸ਼ਿਕਾਇਤ ਤੇ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਬਿਰਜ ਭੂਸ਼ਨ ਸ਼ਰਨ ਸਿੰਘ ਗ੍ਰਿਫ਼ਤਾਰ ਕੀਤਾ ਜਾਵੇ।

ਸੰਘਰਸ਼ਸ਼ੀਲ ਲੜਕੀਆਂ ਨੂੰ ਜਿਸ ਮਾਨਸਿਕ ਪੀੜਾ ਵਿਚੋਂ ਗੁਜ਼ਰਨਾ ਪੈ ਰਿਹਾ ਹੈ ਉਹ ਅਜੋਕੀ 21ਵੀਂ ਸਦੀ ਵਿਚ ਭਿਆਨਕ ਤਰਾਸਦੀ ਵਾਲਾ ਪਹਿਲੂ ਹੈ ਜਦੋਂ ਦੁਨੀਆ ਭਰ ਦੀਆਂ ਔਰਤਾਂ ਹਰੇਕ ਖੇਤਰ ਵਿਚ ਆਪਣੇ ਨਾਂ ਰੋਸ਼ਨ ਕਰ ਰਹੀਆਂ ਹਨ ਅਤੇ ਖੁੱਲ੍ਹੀ ਹਵਾ ਵਿਚ ਹੋਰ ਉਡਾਰੀ ਮਾਰਨਾ ਚਾਹੁੰਦੀਆਂ ਹਨ ਉਨ੍ਹਾਂ ਸਮਿਆਂ ਵਿਚ ਅਜਿਹਾ ਗੈਰ ਮਾਨਵੀ ਪਹਿਲੂ ਦੇਸ਼ ਲਈ ਸ਼ਰਮਸਾਰ ਕਰਨ ਵਾਲਾ ਹੈ। ਪ੍ਰੰਤੂ ਹੁਕਮਰਾਨ ਜਿਸ ਗੈਰ ਮਾਨਵੀ ਢੰਗ ਦਾ ਸਬੂਤ ਦੇ ਰਹੇ ਹਨ ਇਹ ਇਤਿਹਾਸ ਦੇ ਕਾਲੇ ਪੰਨਿਆਂ ਨੂੰ ਦਰਸਾ ਰਿਹਾ ਹੈ ਜੋ ਮੌਜੂਦਾ ਹੁਕਮਰਾਨਾ ਵਲੋਂ ਲਿਖੇ ਜਾ ਰਹੇ ਹਨ। ਪਰ ਜਿਸ ਕਿਸਮ ਨਾਲ ਵਿਰੋਧ ਦੀਆਂ ਆਵਾਜ਼ਾਂ ਇਕਜੁਟ ਹੋ ਰਹੀਆਂ ਹਨ ਇਹ ਹੀ ਦੇਸ਼ ਨੂੰ ਬਚਾ ਸਕਦੀਆਂ ਹਨ ਅਤੇ ਅਜਿਹੇ ਹਾਲਾਤਾਂ ਤੋਂ ਲੋਕਾਂ ਨੂੰ ਪਾਰ ਲੰਘਾ ਸਕਦੀਆਂ ਹਨ।


Harpreet Parmar CPA, CGA
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
Chartered Professional Accountant
• Accounting • Tax • Business Advisory
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home.
You can upgrade your Kitchen or Washroom



ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Harmanjot Dhudike
403-975-0006



*ਜਨਮ ਦਿਨ ਲਈ ਵਿਸ਼ੇਸ਼*

# ਵਿਨਾਇਕ ਦਮੋਦਰ ਸਾਵਰਕਰ ਦਾ ਰਿਹਾਈ ਲਈ ਮੁਆਫੀ ਨਾਮਾ

*(ਕਾਲੇ ਪਾਣੀ ਦੀ ਜੇਲ ਤੋਂ ਦਾਮੋਦਰ ਸਾਵਰਕਰ ਦਾ 28 ਨਵੰਬਰ 1913 ਨੂੰ ਭੇਜਿਆ ਮੁਆਫੀਨਾਮਾ)*

ਮੈਂ ਹਜ਼ੂਰ-ਏ-ਆਲਾ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੀ 1911 ਵਿੱਚ ਭੇਜੀ ਰਹਿਮ ਦੀ ਅਪੀਲ ਨੂੰ ਪੜ੍ਹਦੇ ਹੋਏ ਦਰਿਆ-ਦਿਲੀ ਨਾਲ ਸੋਚਿਆ ਜਾਵੇ। ਇਸਨੂੰ ਭਾਰਤ ਸਰਕਾਰ ਨੂੰ ਭੇਜਣ ਦੀ ਮਨਜ਼ੂਰੀ ਦਿੱਤੀ ਜਾਵੇ। ਭਾਰਤ ਦੀ ਰਾਜਨੀਤੀ ਦਾ ਤਾਜਾ ਵਿਕਾਸ ਕ੍ਰਮ ਅਤੇ ਸਰਕਾਰ ਦੀ ਰਾਜ਼ੀਨਾਮਾ ਕਰਨ ਵਾਲੀ ਨੀਤੀ ਨੇ ਇਕ ਵਾਰ ਫਿਰ ਸੰਵਿਧਾਨਕ ਰਾਹ ਖੋਹਲ ਦਿੱਤਾ ਹੈ। ਹੁਣ ਕੋਈ ਵੀ ਬੰਦਾ ਭਾਰਤ (ਸਰਕਾਰ) ਦੀ ਚੰਗਿਆਈ ਅਤੇ ਮਨ ਵਿੱਚ ਮਨੁੱਖਤਾ ਲਈ ਦਰਦ ਦੇਖਦਿਆਂ ਅੱਖਾਂ ਬੰਦ ਕਰਕੇ ਉਸ ਕੰਡਿਆਲੇ ਰਾਹ ਤੇ ਨਹੀਂ ਤੁਰੇਗਾ, ਜਿਵੇਂ ਕਿ ਭਾਰਤ ਵਿਚ 1906-07 ਦੀ ਭੜਕਾਊ ਤੇ ਉਮੀਦ-ਰਹਿਤ ਹਾਲਤ ਨੇ ਸਾਨੂੰ ਅਮਨ ਤੇ ਤਰੱਕੀ ਦੇ ਮਾਰਗ ਤੋਂ ਗੁੰਮਰਾਹ ਕਰ ਦਿੱਤਾ ਸੀ। ਇਸ ਲਈ ਜੇਕਰ ਸਰਕਾਰ ਆਪਣੀਆਂ ਅਨੇਕਾਂ ਰਹਿਮਤਾਂ ਤੇ ਬਖ਼ਸ਼ੀਸ਼ਾਂ ਨਾਲ ਮੈਨੂੰ ਰਿਹਾ ਕਰ ਦਿੰਦੀ ਹੈ, ਮੈਂ ਕੇਵਲ ਇਕ ਵਾਰ ਨਹੀਂ ਸਗੋਂ ਹਮੇਸਾ ਹਮੇਸਾ ਲਈ ਸੰਵਿਧਾਨਿਕ ਤਰੱਕੀ ਅਤੇ ਅੰਗਰੇਜ਼ੀ ਹਕੂਮਤ ਦਾ ਕੱਟੜ ਪੈਰੋਕਾਰ ਰਹਾਂਗਾ। ਇਸ ਅੰਗਰੇਜ਼ੀ ਹਕੂਮਤ ਦੀ ਮਜ਼ਬੂਤੀ ਉਸ ਤਰੱਕੀ ਲਈ ਸਭਤੋ ਮੂਹਰਲੀ ਲੋੜ



ਹੈ। ਜਿੰਨੀ ਦੇਰ ਅਸੀਂ ਲੋਕ ਜੇਲਾਂ ਵਿਚ ਬੰਦ ਹਾਂ ਤਾਂ ਭਾਰਤ ਵਿੱਚ ਬਾਦਸ਼ਾਹ ਸਲਾਮਤ ਦੀ ਵਫਾਦਾਰ ਪਰਜਾ ਦੇ ਲੱਖਾਂ ਹਜ਼ਾਰਾਂ ਘਰਾਂ ਵਿੱਚ ਅਸਲੀ ਖ਼ੁਸ਼ੀ ਤੇ ਰੌਣਕ ਮੇਲਾ ਨਹੀਂ ਆ ਸਕਦਾ। ਜਹਾਂ ਪਨਾਹ ਖ਼ੂਨ ਹਮੇਸਾ ਹੀ ਪਾਣੀ ਨਾਲੋਂ ਗਾੜ੍ਹਾ ਹੁੰਦਾ ਹੈ। ਜੇਕਰ ਸਾਨੂੰ ਰਿਹਾ ਕਰ ਦਿੱਤਾ ਜਾਂਦਾ ਹੈ ਤਾਂ ਲੋਕ ਸਰਕਾਰ ਦੀ ਦਿਆਲਤਾ ਕਾਰਣ ਖ਼ੁਸ਼ੀ ਵਿੱਚ ਤਹਿਦਿਲੋਂ ਜੈਕਾਰੇ ਛੱਡ ਦੇਣਗੇ। ਅਸੀਂ ਭਾਰਤੀ ਲੋਕ ਕਿਸੇ ਦਾ ਪਿੱਛਾ ਕਰਨ ਤੇ ਬਦਲਾ ਲੈਣ ਦੀ ਬਜਾਏ, ਮੁਆਫ ਕਰਨਾ ਤੇ ਦਰੁਸਤ ਕਰਨਾ ਚੰਗੀ ਤਰਾਂ ਜਾਣਦੇ ਹਾਂ। ਸਭ ਤੋਂ ਅਹਿਮ ਗੱਲ ਇਹ ਹੈ ਕਿ ਮੇਰੇ ਸੰਵਿਧਾਨਕ ਮਾਰਗ ਵੱਲ ਪਰਿਵਰਤਤ ਹੋ ਜਾਣ ਨਾਲ ਦੇਸ ਤੇ ਬਦੇਸਾਂ ਵਿੱਚ ਬੈਠੇ ਸਾਰੇ ਦੇ ਸਾਰੇ ਗੁੰਮਰਾਹ ਹੋਏ ਨੌਜਵਾਨਾਂ ਨੂੰ (ਅੰਗਰੇਜ਼ ਹਕੂਮਤ ਦੀ ਸੇਵਾ ਹਿਤ) ਵਾਪਸ ਲਿਆਂਦਾ ਜਾ ਸਕਦਾ ਹੈ ਜੋ ਕਿਸੇ ਵੇਲੇ ਮੈਨੂੰ ਆਪਣਾ ਰਾਹ-ਦਸੇਰਾ ਮੰਨਦੇ ਹੁੰਦੇ ਸਨ। ਸਰਕਾਰ ਜੋ ਵੀ ਚਾਹੇਗੀ ਮੈਂ ਕਿਸੇ ਵੀ ਸੂਰਤ ਵਿਚ ਸਰਕਾਰ ਦੀ ਸੇਵਾ ਕਰਨ ਲਈ ਤਿਆਰ ਬਰ ਤਿਆਰ ਹਾਂ ਕਿਉਂਕਿ ਮੇਰੇ ਵਿੱਚ ਬਦਲਾਓ ਜ਼ਮੀਰ ਦੀ ਅਵਾਜ਼ ਨਾਲ ਆਇਆ ਹੈ। ਮੇਰੀ ਉਮੀਦ ਹੈ ਕਿ ਮੇਰੀ ਭਵਿੱਖੀ ਸਰਗਰਮੀ ਵੀ ਸਰਕਾਰ ਦੀ ਸੇਵਾ ਵਿੱਚ ਹੋਵੇਗੀ। ਮੈਨੂੰ ਜੇਲ ਵਿੱਚ ਰੱਖਣ ਨਾਲ ਅਜਿਹਾ ਕੁਝ ਵੀ ਹਾਸਲ ਨਹੀਂ ਹੋਵੇਗਾ, ਜਿੰਨਾ ਛੱਡ ਦੇਣ ਨਾਲ (ਅੰਗਰੇਜ਼ ਸਰਕਾਰ ਨੂੰ) ਹਾਸਲ ਹੋ ਸਕਦਾ ਹੈ। ਸਿਰਫ ਤਾਕਤਵਰ ਲੋਕ ਹੀ ਦਇਆਵਾਨ ਹੋ ਸਕਦੇ ਹਨ ਨਹੀਂ ਤਾਂ ਨਲਾਇਕ/ਅਯਾਸ ਪੁੱਤਰ ਸਰਕਾਰੀ ਮਾਪਿਆਂ ਦੇ ਦਰਘਰ ਤੋਂ ਬਿਨਾ ਕਿੱਥੇ ਜਾ ਸਕਦਾ ਹੈ? ਉਮੀਦ ਕਰਦਾ ਹਾਂ ਕਿ ਜਹਾਪਨਾਹ ਮੇਰੇ ਇਹਨਾਂ ਨੁਕਤਿਆਂ ਤੇ ਗੌਰ ਕਰਨਗੇ।

**ਅਨੁਵਾਦ: ਕਰਮ ਬਰਸਟ**

# ਭੰਮੀਪੁਰਾ ਸਕੂਲ ਦਾ ਹੋਇਆ ਸਾਲਾਨਾ ਇਨਾਮ ਵੰਡ ਸਮਾਗਮ

**ਮਾਂ ਸੰਦੀਪ ਕੌਰ ਵਲੋਂ ਪ੍ਰਿੰਸ ਦੀ ਦੂਜੀ ਬਰਸੀ 'ਤੇ ਟਰਾਫ਼ੀਆਂ ਕੀਤੀਆਂ ਭੇਟ**




ਜਗਰਾਓਂ, (ਬਲਜਿੰਦਰ ਸਿੰਘ ਪਟਿਆਲਾ) : ਪਿੰਡ ਭੰਮੀਪੁਰਾ ਦੇ ਸਰਕਾਰੀ ਹਾਈ ਸਕੂਲ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਰਪੰਚ ਬਲਜਿੰਦਰ ਕੌਰ ਅਤੇ ਐਡਵੋਕੇਟ ਸਮਾਜ ਸੇਵੀ ਗੁਰਮੇਲ ਸਿੰਘ ਧਾਲੀਵਾਲ ਨੇ ਬਤੌਰ ਮੁੱਖ ਮਹਿਮਾਨ ਸਮਾਗਮ




ਸ਼ਿਰਕਤ ਕਰਦਿਆਂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ। ਗੈਸਟ ਆਫ਼ ਆਨਰ ਨਾਜ਼ਰ ਸਿੰਘ ਧਾਲੀਵਾਲ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਸੰਧੂ ਅਤੇ ਗੁਰਪ੍ਰੀਤ ਸਿੰਘ ਬਿੱਟੂ ਨੇ ਵੱਖ ਵੱਖ ਕਲਾਸਾਂ 'ਚ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ। ਇਹ ਇਨਾਮ ਸੰਦੀਪ ਕੌਰ ਕੈਨੇਡਾ ਨੇ ਆਪਣੇ ਬੇਟੇ ਪ੍ਰਿੰਸ ਦੀ ਯਾਦ 'ਚ ਭੇਜੇ। ਸਟੇਜ ਦੀ ਭੂਮਿਕਾ ਕੁਲਦੀਪ ਕੌਰ ਨੇ ਨਿਭਾਈ। ਸਕੂਲ ਇੰਚਾਰਜ ਰਾਜਨ ਬਾਂਸਲ ਨੇ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਉਨ੍ਹਾਂ ਵੱਲੋਂ ਸਕੂਲ ਪ੍ਰਤੀ ਕੀਤੇ ਕੰਮ ਬਾਰੇ ਚਾਨਣਾ ਪਾ ਕੇ ਧੰਨਵਾਦ ਕੀਤਾ। ਵਿਦਿਆਰਥੀਆਂ ਨੇ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਨੂੰ ਤਿਆਰ ਕਰਨ ਵਿਚ ਕੁਲਵੰਤ ਸਿੰਘ, ਗੁਰਤੇਜ ਸਿੰਘ, ਰਮਨਦੀਪ ਕੌਰ, ਬੱਬੂ ਸਿੰਘ ਅਤੇ ਬੇਅੰਤ ਕੌਰ ਨੇ ਯੋਗਦਾਨ ਪਾਇਆ।












# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 127ਵੇਂ ਜਨਮ ਦਿਨ ਨੂੰ ਸਮਰਪਿਤ ਤਿੰਨ ਰੋਜ਼ਾ ਨਾਟ ਰੰਗ

**ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਐਕਟਰ ਤੇ ਡਾਇਰੈਕਟਰ ਹਰਕੇਸ਼ ਚੌਧਰੀ ਪਹਿਲੀ ਜੂਨ ਨੂੰ ਨਾਟਕ ਦੀ ਤਿਆਰੀ ਲਈ ਕੈਲਗਰੀ ਪਹੁੰਚ ਰਹੇ ਹਨ**











**ਬਲਜਿੰਦਰ ਸਿੰਘ ਪਟਿਆਲਾ**

ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 127ਵੇਂ ਜਨਮ ਦਿਨ ਨੂੰ ਸਮੱਰਪਿਤ ਤਿੰਨ ਰੋਜਾ ਨਾਟ ਰੰਗ ਉਤਸਵ ਗੁਰਸ਼ਰਨ ਕਲਾ ਭਵਨ ਵਿਖੇ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਦੀਆਂ ਤਿੰਨ ਨਾਮਵਰ ਟੀਮਾਂ ਨੇ ਭਾਗ ਲਿਆ। ਪਹਿਲੇ ਦਿਨ ਦੇ ਸਮਾਗਮ ਵਿੱਚ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਆਪਣਾ ਨਾਟਕ 'ਪਰਿੰਦੇ ਭਟਕ ਗਏ' ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਅਗਵਾਈ ਵਿੱਚ ਪੇਸ਼ ਹੋਇਆ। ਨਸ਼ਿਆਂ ਨਾਲ ਬਰਬਾਦ ਹੋ ਰਹੀ ਜਵਾਨੀਂ ਨੂੰ ਬਚਾਉਣ ਲਈ ਅੱਕੀਂ ਪਲਾਹੀ ਹੱਥ ਮਾਰਦੇ ਮਾਪਿਆਂ ਦੀ ਦਰਦ ਗਾਥਾ ਪੇਸ਼ ਕੀਤੀ ਗਈ। ਇਸ ਨਾਟਕ ਵਿੱਚ ਪਰਵਾਸ ਦੀ ਸਮੱਸਿਆ ਨੂੰ ਵੀ ਉਭਾਰਨ ਦੀ ਕੋਸ਼ਿਸ਼ ਕੀਤੀ ਗਈ। ਦੂਜੇ ਦਿਨ ਦੇ ਨਾਟਕ ਸਮਾਗਮ ਵਿੱਚ ਅਕਸ ਰੰਗ ਮੰਚ ਸਮਰਾਲਾ ਦੀ ਟੀਮ ਵੱਲੋਂ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾਂ ਹੇਠ ਉੱਘੀ ਕਵਿੱਤਰੀ 'ਸੁਖਵਿੰਦਰ ਅੰਮ੍ਰਿਤ' ਦੀ ਜਿੰਦਗੀ ਅਤੇ ਕਵਿਤਾਵਾਂ ਤੇ ਅਧਾਰਿਤ ਨਾਟਕ 'ਰਾਹਾਂ ਵਿੱਚ ਅੰਗਿਆਰ ਬੜੇ ਸੀ' ਪੇਸ਼ ਕੀਤਾ ਗਿਆ। ਦੋ ਘੰਟੇ ਦੇ ਇੱਕ ਪਾਤਰੀ ਨਾਟਕ ਨੂੰ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ। ਕਿੱਤੇ ਕਿੱਤੇ ਜ਼ੋਰਦਾਰ ਤਾੜੀਆਂ ਵੀ ਵੱਜਦੀਆਂ ਰਹੀਆਂ ਸਨ। ਨੂੰਰ ਕਮਲ ਦੀ ਸੁਭਾਵਿਕ ਅਦਾਕਾਰੀ ਨੇ ਔਰਤਾਂ ਜਾਤੀ ਦੀ ਵੇਦਨਾ ਨੂੰ ਪੇਸ਼ ਕੀਤਾ ਹੈ। ਤੀਜੇ ਦਿਨ ਦੇ ਨਾਟ ਰੰਗਮੰਚ ਸਮਾਗਮ ਵਿੱਚ ਮੰਚ ਰੰਗਮੰਚ ਅੰਮ੍ਰਿਤਸਰ ਦੀ ਟੀਮ ਵੱਲੋਂ ਸ੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾਂ ਹੇਠ ਜਰਮਨ ਨਾਟਕਕਾਰ ਬ੍ਰਤੋਲਤ ਬ੍ਰੈਖ਼ਤ ਦਾ ਲਿਖਿਆ ਕਾਕੇਸੀਅਨ ਚਾਕ ਸਰਕਲ ਜਿਸ ਦਾ ਪੰਜਾਬੀ ਰੂਪ ਅਮਿਤੋਜ਼ ਜੀ ਨੇ ਮਿੱਟੀ ਨਾ ਹੋਵੇ ਮਤਰੇਈ ਨਾਂ ਹੇਠ ਕੀਤਾ ਸੀ। ਇਸ ਨਾਟਕ ਨੂੰ ਪੇਸ਼ ਕੀਤਾ ਗਿਆ। ਨਾਟਕ ਨੇ ਦੇਸ਼ਾਂ ਦੀਆਂ ਨਿਹੱਕੀਆਂ ਜੰਗਾਂ ਵਿੱਚ ਕਿਸ ਤਰ੍ਹਾਂ ਆਮ ਲੋਕਾਂ ਨੂੰ ਦੁਸ਼ਵਾਰੀਆਂ ਝੱਲਣੀਆਂ ਪੈਂਦੀਆਂ ਹਨ। ਨਾਟਕ ਨੂੰ ਦਰਸ਼ਕਾਂ ਪੂਰੀ ਤਰ੍ਹਾਂ ਮਾਣਿਆ ਨਾਟਕ ਨਕਾਲ ਸ਼ੈਲੀ ਵਿੱਚ ਪੇਸ਼ ਕੀਤਾ ਗਿਆ। ਕੁਲ ਮਿਲਾ ਕੇ ਸਮਾਗਮ ਹਰ ਪੱਖ ਤੋਂ ਸਫ਼ਲ ਰਿਹਾ। ਸਮਾਗਮ ਦਾ ਉਦਾਘਾਟਨ ਡਾ. ਅਮਰਪ੍ਰੀਤ ਦਿਉਲ, ਡਾ. ਰੂਹੀ ਦਿਉਲ, ਉੱਘੇ ਸਾਹਿਤਕਾਰ ਅਮਰੀਕ ਤਲਵੰਡੀ, ਪ੍ਰੋ. ਅਮਰੀਕ ਸਿੰਘ ਵਿਰਕ, ਸੰਤੋਖ ਗਿੱਲ, ਜਰਨੈਲ ਗਿੱਲ, ਅੰਜੂ ਚੌਧਰੀ, ਨੀਰਜਾ, ਗੁਰਜੀਤ ਸਿੰਘ, ਤੇਲੂ ਰਾਮ ਬਾਂਸਲ, ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਸਾਬਕਾ ਅਧਿਆਪਕ ਆਗੂ ਜੋਗਿੰਦਰ ਅਜਾਦ ਲੋਕ ਕਲਾ ਮੰਚ ਮੰਡੀ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਸਾਂਝੇ ਰੂਪ ਵਿੱਚ ਕੀਤਾ। ਯੰਤਰ ਮੰਤਰ ਤੇ ਪਹਿਲਵਾਨ ਧੀਆਂ ਨੂੰ ਇਨਸਾਫ਼ ਦੀ ਮੰਗ ਅਮੋਲਕ ਸਿੰਘ ਜੀ ਨੇ ਕੀਤੀ। ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਦੀਪਕ ਰਾਏ, ਕਮਲਜੀਤ ਮੋਹੀ, ਅਨਿਲ ਸੇਠੀ, ਪਰਦੀਪ ਕੌਰ, ਗੁਰਿੰਦਰ ਗੁਰੀ, ਭਾਗ ਸਿੰਘ, ਬਲਜੀਤ ਕੌਰ, ਕੁਲਵਿੰਦਰ ਸਿੰਘ, ਕਰਨਵੀਰ ਸਿੰਘ ਨੇ ਪੂਰੀ ਮਿਹਨਤ ਕੀਤੀ। ਦਰਸ਼ਕਾਂ ਦੀ ਭਰਪੂਰ ਸ਼ਮੂਲੀਅਤ ਲਖਿੰਦਰ ਸਿੰਘ, ਪ੍ਰਗਟ ਸਿੰਘ, ਗੁਰਮੀਤ ਸਿੰਘ ਧਨੋਆ, ਗੁਰਮੀਤ ਸਿੰਘ, ਸੁਖਦੀਪ ਸਿੰਘ ਨੇ ਪੂਰਾ ਸਾਥ ਦੇ ਕੇ ਸਫ਼ਲ ਬਣਾ ਦਿੱਤਾ। ਜਥੇਬੰਦੀ ਵਲੋਂ ਕਰਵਾਏ ਜਾ ਰਹੇ ਸਲਾਨਾ ਦੋ ਰੋਜ਼ਾ ਨਾਟਕ ਮੇਲੇ ਦੀ ਤਿਆਰੀ ਲਈ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਐਕਟਰ ਤੇ ਡਾਇਰੈਕਟਰ ਹਰਕੇਸ਼ ਚੌਧਰੀ ਪਹਿਲੀ ਜੂਨ ਨੂੰ ਕੈਲਗਰੀ ਪਹੁੰਚ ਰਹੇ ਹਨ।


NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'

ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ

Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services

Weekends/Evenings Services also available.

Tel. : 403-479-4220, 403-561-9011

pandher_2004@yahoo.com or singhh73@gmail.com

# ਪਰਵਾਸੀ ਮਜ਼ਦੂਰਾਂ ਖਿਲਾਫ ਜ਼ਹਿਰ ਉਗਲਦੀ ਪਰਚਾਰ ਮੁਹਿੰਮ

- ਨਰਾਇਣ ਦੱਤ
8427511770



ਪੰਜਾਬ ਦੇ ਪਿੰਡਾਂ ਅੰਦਰ ਸੀਜਨਲ ਕੰਮਾਂ ਲਈ ਮਜਦੂਰ ਖੇਤੀਬਾੜੀ ਦੇ ਕੰਮ ਧੰਦਿਆਂ ਲਈ ਆਉਂਦੇ ਹਨ। ਅਖੌਤੀ ਹਰੇ ਇਨਕਲਾਬ ਖਿੱਤਿਆਂ ਦੀ ਉਸਾਰੀ ਵਜੋਂ ਪੰਜਾਬ ਨੂੰ ਮਾਡਲ ਵਜੋਂ ਵਿਕਸਤ ਕੀਤਾ ਗਿਆ। ਇਸੇ ਸਮੇਂ ਖੇਤੀਬਾੜੀ ਵਿੱਚ ਪੁਰਾਣੇ ਰਵਾਇਤੀ ਢੰਗ ਤਰੀਕਿਆਂ ( ਹੱਥੀਂ ਵਾਢੀ, ਹੱਥੀਂ ਕਟਾਈ) ਦੀ ਥਾਂ ਸਾਮਰਾਜੀ ਖੇਤੀ ਮਾਡਲ ਰਾਹੀਂ ਮਸ਼ੀਨੀਕਰਨ ਦਾ ਦੌਰ ਸ਼ੁਰੂ ਹੋਇਆ। ਫਸਲਾਂ ਦੀ ਪੈਦਾਵਾਰ ਨੂੰ ਮਨੁੱਖੀ ਲੋੜ ਦੀ ਥਾਂ ਮੰਡੀ ਦੀਆਂ ਲੋੜਾਂ ਅਤੇ ਤਰਜੀਹਾਂ ਤੈਅ ਕਰਨ ਲੱਗੀਆਂ। ਇਸ ਤੋਂ ਪਹਿਲਾਂ ਪਿੰਡਾਂ ਵਿੱਚ ਪਰਵਾਸੀ ਮਜਦੂਰ ਨਾ ਮਾਤਰ ਹੀ ਸਨ। 80 ਵਿਆਂ ਦੇ ਦਹਾਕੇ 'ਚ ਪਰਵਾਸੀ ਮਜਦੂਰਾਂ ਦੇ ਪੰਜਾਬ ਦੇ ਪਿੰਡਾਂ ਵਿੱਚ ਆਉਣ ਦਾ ਦੌਰ ਸਰਕਾਰ ਵੱਲੋਂ ਝੋਨੇ ਦੀ ਫਸਲ ਦਾ ਪ੍ਰਚਾਰ ਕੀਤੇ ਜਾਣ ਨਾਲ ਝੋਨਾ ਪੰਜਾਬ ਦੀ ਸਾਉਣੀ ਦੀ ਮੁੱਖ ਫਸਲ ਵਜੋਂ ਹੋਂਦ 'ਚ ਆਉਣ ਸ਼ੁਰੂ ਹੋਇਆ। ਹਾਲਾਂ ਕਿ ਸ਼ਹਿਰਾਂ ਵਿੱਚ ਵੀ ਵੱਡੀਆਂ ਸਨਅਤਾਂ ਵਿੱਚ ਪਹਿਲਾਂ ਹੀ ਮੌਜੂਦ ਸਨ। ਹੁਣ ਪਰਵਾਸੀ ਮਜਦੂਰਾਂ ਦੇ ਪੰਜਾਬ ਵਿੱਚ ਆਉਣ ਦਾ ਵਰਤਾਰਾ ਵੱਡੀਆਂ ਸਨਅਤਾਂ ਅਤੇ ਖੇਤੀਬਾੜੀ ਦੇ ਨਾਲ-ਨਾਲ ਰੇੜੀ/ ਫੜੀ/ ਰਿਕਸ਼ਾ/ਆਟੋ ਰਿਕਸ਼ਾ ਚਾਲਕਾਂ/ ਉਸਾਰੀ ਮਜਦੂਰਾਂ/ਚੌਕੀਦਾਰਾ/ ਸਫਾਈ ਸੇਵਕਾਂ/ ਵੇਟਰ/ਦੁਕਾਨਾਂ ਉੱਪਰ ਸੇਲਜਮੈਨ, ਛੋਟੀਆਂ ਨੌਕਰੀਆਂ ਸਮੇਤ ਹੋਰਨਾਂ ਛੋਟੇ ਮੋਟੇ ਅਨੇਕਾਂ ਕਿਸਮ ਦੇ ਕੰਮਾਂ ਧੰਦਿਆਂ ਤੱਕ ਫੈਲਿਆ ਗਿਆ ਹੈ। ਇਨ੍ਹਾਂ ਨੂੰ ਆਮ ਕਰਕੇ ਭਈਆਂ ਵਜੋਂ ਪ੍ਰਚਾਰਿਆ ਜਾਂਦਾ ਹੈ। ਹਾਲਾਂ ਬਿਹਾਰ/ਯੂਪੀ ਅੰਦਰ ਇਹ ਸ਼ਬਦ ਭਈਆ ਸਤਿਕਾਰਤ ਸ਼ਬਦ ਵਜੋਂ ਵਰਤੇ ਜਾਂਦੇ ਸ਼ਬਦ ਦਾ ਵਿਗਾੜਿਆ ਹੋਇਆ ਰੂਪ ਹੈ। ਸਭ ਤੋਂ ਵੱਧ ਬਿਹਾਰ ਸੂਬੇ ਦੇ ਮਜਦੂਰ ਮੁਲਕ ਦੇ ਵੱਖ-ਵੱਖ ਰਾਜਾਂ ਵੱਲ ਪ੍ਰਵਾਸ ਕਰਦੇ ਹਨ। ਅਜਿਹਾ ਨਹੀਂ ਕਿ ਹੋਰਨਾਂ ਰਾਜਾਂ ਦੇ ਮਜਦੂਰ ਮੁਲਕ ਦੇ ਵੱਖ-ਵੱਖ ਰਾਜਾਂ ਵਿੱਚ ਪਰਵਾਸ ਨਹੀਂ ਕਰਦੇ, ਜਰੂਰ ਕਰਦੇ ਹਨ। ਗਿਣਤੀ ਪੱਖੋਂ ਹੋਰਨਾਂ ਰਾਜਾਂ ਦੇ ਮਜਦੂਰਾਂ ਦੇ ਪ੍ਰਵਾਸ ਕਰਨ ਦੀ ਗਿਣਤੀ ਕਾਫੀ ਘੱਟ ਹੈ।

ਪਰਵਾਸ ਕਰਨ ਵਾਲਾ ਵਿਅਕਤੀ/ ਸਮੂਹ ਘਰ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਰੁਜਗਾਰ ਦੀ ਅਹਣੋਂਦ ਕਾਰਨ ਘਰਬਾਰ, ਆਲਾ ਦੁਆਲਾ ਛੱਡਣ ਲਈ ਮਜਬੂਰ ਹੁੰਦਾ ਹੈ। ਜਦ ਉਹ ਸੈਂਕੜੇ/ ਹਜਾਰਾਂ ਕਿਲੋਮੀਟਰ ਦੂਰ ਕਿਸੇ ਥਾਂ ਆਉਂਦਾ ਹੈ ਤਾਂ ਉੱਥੇ ਉਸ ਦਾ ਆਪਣਾ ਕੋਈ ਨਹੀਂ ਹੁੰਦਾ। ਬੇਹੱਦ ਔਖੀਆਂ ਹਾਲਤਾਂ ਵਿੱਚ ਰਹਿਣ ਲਈ ਮਜਬੂਰ ਹੁੰਦਾ ਹੈ। ਉਹ ਮੁਲਕ ਦੇ ਕਿਸੇ ਵੀ ਹਿੱਸੇ 'ਚ ਪਰਵਾਸ ਕਰੇ, ਬੇਰੁਜਗਾਰਾਂ ਦੀ ਮੰਡੀ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹੈ। ਪੂਰੇ ਮੁਲਕ ਅੰਦਰ ਬੇਰੁਜਗਾਰੀ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ। ਸੰਸਾਰ ਅੰਦਰ ਸਾਵਾਂ ਵਿਕਾਸ ਨਹੀਂ ਹੋ ਰਿਹਾ। ਸਾਮਰਾਜੀ ਮਾਡਲ ਰਾਹੀ ਅਗੜਾ-ਦੁਗੜਾ (ਰੁੰਡ-ਮਰੁੰਡ) ਵਿਕਾਸ ਹੋ ਰਿਹਾ ਹੈ।

ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।
Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.
Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR® REAL ESTATE BOARD
Taranjit "T. J." Mand
Real Estate Associate
Max Value Reality Ltd.

The Mortgage Centre Est. 1989
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed
Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਵਿਕਸਤ ਮੁਲਕਾਂ ਅਤੇ ਵਿਕਾਸ਼ਸ਼ੀਲ ਮੁਲਕਾਂ ਅੰਦਰ ਵੱਡਾ ਪਾੜਾ ਮੌਜੂਦ ਹੈ। ਭਾਰਤ ਵਰਗੇ ਮੁਲਕ ਵਿੱਚ ਪ੍ਰਤੀ ਵਿਅਕਤੀ ਔਸਤ ਆਮਦਨ 46861 ਰੁ. ਦੇ ਮੁਕਾਬਲੇ ਕਨੇਡਾ, ਅਮਰੀਕਾ, ਆਸਟਰੇਲੀਆ ਵਰਗੇ ਮੁਲਕ ਵਿੱਚ ਕਿਤੇ ਉੱਚੀ ਦਰ 2,77,332 ਰੁ. ਤੋਂ 4,98,567 ਰੁ. ਤੱਕ ਹੈ। ਸੰਸਾਰ ਪੱਧਰੇ ਅੰਕਿੜਿਆਂ ਅਨੁਸਾਰ ਭਾਰਤ ਪ੍ਰਤੀ ਵਿਅਕਤੀ ਆਮਦਨ ਵਿੱਚ 65 ਵੇਂ ਸਥਾਨ ਤੇ ਹੈ। ਇਹ ਅਸਮਾਨ ਜਿੱਡਾ ਪਾੜਾ ਹੈ। ਇਹੀ ਨਹੀਂ ਇੱਕ ਮੁਲਕ ਅਮਦਨ ਵੀ ਬਹੁਤ ਵੱਡਾ ਪਾੜਾ ਹੈ। ਗੋਆ ਵਿੱਚ ਸਭ ਤੋਂ ਵੱਧ 4,31,351 ਰੁ. ਅਤੇ ਪੰਜਾਬ ਵਿੱਚ ਸਲਾਨਾ ਆਮਦਨ 1,48,894 ਰੁ.ਦੇ ਮੁਕਾਬਲੇ ਬਿਹਾਰ ਵਿੱਚ ਇਹੀ ਆਮਦਨ ਮਹਿਜ 43605 ਰੁ. ਅਤੇ ਯੂ.ਪੀ ਵਿੱਚ 61.666 ਰੁ. ਹੈ। । ਇਹੀ ਪਾੜਾ ਪਿੰਡਾਂ ਅਤੇ ਸ਼ਹਿਰਾਂ ਅੰਦਰ ਵੀ ਮੌਜੂਦ ਹੈ। ਸ਼ਹਿਰਾਂ ਅਤੇ ਮਹਾਂ ਨਗਰਾਂ ਵਿੱਚ ਵੀ ਇਹ ਪਾੜਾ ਮੌਜੂਦ ਹੈ।

ਸੰਸਾਰ ਪੱਧਰ 'ਤੇ ਐਨਾ ਵੱਡਾ ਆਰਥਿਕ ਪਾੜਾ ਹੀ ਪਰਵਾਸ ਦੇ ਦਰਵਾਜੇ ਖੋਲ੍ਹਦਾ ਹੈ। ਪ੍ਰਵਾਸ ਦੀ ਇਹ ਲੜੀ ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਮਹਾਂ ਨਗਰਾਂ ਵੱਲ, ਪਛੜੇ ਰਾਜਾਂ ਤੋਂ ਵੱਧ ਆਮਦਨ ਵੱਲ ਰਾਜਾਂ ਵੱਲ ਅਤੇ ਇਸ ਤੋਂ ਵੀ ਅੱਗੇ ਵਿਕਾਸਸ਼ੀਲ ਮੁਲਕਾਂ ਤੋਂ ਵਿਕਸਤ ਮੁਲਕਾਂ (ਅਮਰੀਕਾ, ਕਨੇਡਾ, ਆਸਟਰੇਲੀਆ, ਨਿਊਜੀਲੈਂਡ) ਵੱਲ ਪ੍ਰਵਾਸ ਲਈ ਰਾਹ ਖੋਲ੍ਹਦੀ ਹੈ। ਉਂਝ ਆਖਣ ਨੂੰ ਬੇਸ਼ੱਕ ਇਸ ਗੱਲ ਦਾ ਪ੍ਰਚਾਰ ਬੜੇ ਜੋਰ ਸ਼ੋਰ ਨਾਲ ਕੀਤਾ ਜਾਂਦਾ ਹੈ ਕਿ ਸੰਸਾਰ ਗਲੋਬਲ ਪਿੰਡ ਬਣ ਚੁੱਕਾ ਹੈ, ਪਰ ਹਕੀਕਤ ਵਿੱਚ ਉਪਰੋਕਤ ਅੰਕੜੇ ਹਾਕਮਾਂ ਦੇ ਇਸ ਪ੍ਰਚਾਰ ਦਾ ਮੂੰਹ ਚਿੜਾਉਂਦੇ ਹਨ ਕਿ ਹਾਕਮਾਂ ਵੱਲੋਂ ਪ੍ਰਚਾਰੇ ਜਾਂਦੇ ਗਲੋਬਲ ਪਿੰਡ ਬਨਣ ਨਾਲ ਜਿੱਥੇ ਪਰਵਾਸ ਦਾ ਦੌਰ ਬਹੁਤ ਤੇਜੀ ਨਾਲ ਵਧ ਰਿਹਾ ਹੈ ਅਤੇ ਨਵੇਂ ਨਸਲੀ ਸੰਕਟ ਨੂੰ ਵੀ ਜਨਮ ਦੇ ਰਿਹਾ ਹੈ। ਪਰਵਾਸ ਦਾ ਇਹ ਦੌਰ ਸਦੀਆਂ ਤੋਂ ਚੱਲ ਰਿਹਾ ਹੈ। ਜਦ ਸੋਹਣੇ ਭਵਿੱਖ ਦੀ ਕਾਮਨਾ ਲੈਕੇ ਭਾਰਤੀ ਕਾਮੇ ਅਮਰੀਕਾ, ਕਨੇਡਾ ਵਰਗੇ ਮੁਲਕਾਂ ਵਿੱਚ ਪਰਵਾਸ ਕਰਕੇ ਗਏ ਸਨ ਤਾਂ 'ਪਰਵਾਸੀ ਅਤੇ ਕੁੱਤੇ ਇਸ ਥਾਂ ਦਾਖਲ ਨਹੀਂ ਹੋ ਸਕਦੇ' ਵਰਗੇ ਨਸਲੀ ਵਿਤਕਰੇ ਵਾਲੀਆਂ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ ਸੀ। ਅਜਿਹਾ ਵਰਤਾਰੇ ਦਾ ਅੱਜ ਵੀ ਹਰ ਥਾਂ ਤੋਂ ਪਰਵਾਸ ਕਰਨ ਵਾਲੇ ਕਾਮਿਆਂ ਨੂੰ ਸਹਿਣਾ ਕਰਨਾ ਪੈ ਰਿਹਾ ਹੈ।

ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਵੱਖ-ਵੱਖ ਰਾਜਾਂ ਦੇ ਪਰਵਾਸੀ ਮਜਦੂਰਾਂ ਦੀ ਵੱਡੀ ਗਿਣਤੀ ਰਹਿ ਰਹੀ ਹੈ। ਵੱਡੀਆਂ ਸਨਅਤਾਂ ਅਤੇ ਸ਼ਹਿਰਾਂ ਵਿੱਚ ਛੋਟਾ ਮੋਟਾ ਕੰਮ ਕਰਨ ਵਾਲੇ (ਰੇਹੜੀ, ਫੜੀ) ਵਾਲੇ ਪਰਵਾਸੀ ਮਜਦੂਰ ਹੌਲੀ- ਹੌਲੀ ਪੱਕੇ ਤੌਰ 'ਤੇ ਵਸ ਗਏ ਹਨ। ਪਿੰਡਾਂ ਵਿੱਚ ਰਹਿਣ ਵਾਲੇ ਮਜਦੂਰ ਹਾਲੇ ਵੀ ਸੀਜਨ ਵਿੱਚ ਹੀ ਆਉਂਦੇ ਹਨ। ਝੋਨੇ ਦੀ ਲਵਾਈ, ਮੰਡੀਆਂ ਦੇ ਸੀਜਨ ਵਿੱਚ ਜਿਆਦਾਤਰ ਮਜਦੂਰ ਆਉਂਦੇ ਹਨ, ਕੰਮ ਖਤਮ ਹੁੰਦੇ ਸਾਰ ਹੀ ਵਾਪਸ ਪਰਤ ਜਾਂਦੇ ਹਨ। ਸਮੁੱਚੇ ਤੌਰ 'ਤੇ ਇਹ ਪਰਵਾਸੀ ਅਸੰਗਿਠਤ ਖੇਤਰ ਵਿੱਚ ਕੰਮ ਕਰਦੇ ਹਨ। ਬੇਰੁਜਗਾਰੀ ਜਿੱਥੇ ਮਜਦੂਰਾਂ ਲਈ ਵੱਡੇ ਸੰਕਟ ਨੂੰ ਜਨਮ ਦੇ ਰਹੀ ਹੈ। ਉੱਥੇ ਹੀ ਇਹ ਵਧ ਰਹੀ ਬੇਲਗਾਮ ਬੇਰੁਜਗਾਰੀ ਇਨ੍ਹਾਂ ਕਿਰਤੀਆਂ ਦੀ ਅੰਨ੍ਹੀ ਲੁੱਟ ਕਰਨ ਲਈ ਮਾਲਕ ਜਮਾਤਾਂ ਲਈ ਨਿਆਮਤ ਬਣਕੇ ਬਹੁੜ ਰਹੀ ਹੈ। ਇਹਨਾਂ ਪਰਵਾਸੀ ਕਾਮਿਆਂ ਨੂੰ ਆਰਥਿਕ ਲੁੱਟ ਦੇ ਨਾਲ-ਨਾਲ ਜਬਰ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਪ੍ਰਵਾਸੀ ਅਤੇ ਅਸੰਗਠਿਤ ਹੋਣ ਕਰਕੇ ਇਨ੍ਹਾਂ ਦੀ ਥਾਣਿਆਂ ਕਚਿਹਰੀਆਂ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ ਹੁੰਦੀ। ਇਸ ਤਰ੍ਹਾਂ ਇਹ ਪ੍ਰਵਾਸੀ ਕਾਮੇ ਅਤਿ ਦੀ ਜਲਾਲਤ ਭਰੀ ਨਰਕੀ ਜਿੰਦਗੀ ਜਿਉਣ ਲਈ ਸਰਾਪੇ ਹੋਏ ਹਨ।

ਪ੍ਰਵਾਸ ਦੇ ਇਨ੍ਹਾਂ ਅਸਲ ਕਾਰਨ ਤੋਂ ਅਣਜਾਣ ਜਾਂ ਜਾਣਬੁੱਝ ਕੇ ਅੱਖਾਂ ਮੀਟੀ ਬੈਠੇ ਪੰਜਾਬ ਦੇ ਕੁੱਝ ਫੇਸਬੁੱਕੀਏ ਵਿਦਵਾਨ, ਪੰਜਾਬੀ ਭਾਈਚਾਰੇ ਦਾ ਅਖੌਤੀ ਪਹਿਰੇਦਾਰ ਸ਼ੋਸ਼ਲ ਮੀਡੀਆ ਤੇ ਸਰਗਰਮ ਸਿੱਖ ਫਿਰਕਾਪ੍ਰਸਤ ਲਾਬੀ, ਬੁਰਜੂਆ ਸਿਆਸਤਦਾਨ, ਕੁੱਝ ਖਾਲਿਸਤਾਨੀ ਅਨਸਰਾਂ ਨੇ ਬਹੁਤ ਅੱਤ ਚੁੱਕੀ ਹੋਈ ਹੈ ਕਿ ਇਹ ਸਾਡੇ ਭਈਏ ਸਾਡੀ ਪੰਜਾਬ ਦੇ ਅਰਥਚਾਰੇ ਅਤੇ ਸਿਆਸਤ ਉੱਤੇ ਕਾਬਜ ਹੋ ਜਾਣਗੇ। ਇਹੀ ਅਖੌਤੀ ਪੰਜਾਬੀਅਤ ਦੇ ਪਹਿਰੇਦਾਰ ਕਨੇਡਾ, ਅਮਰੀਕਾ, ਇੰਗਲੈਂਡ, ਨਿਊਜੀਲੈਂਡ ਆਦਿ ਮੁਲਕਾਂ ਵਿੱਚ ਗਿਸ਼ੀ ਸੂਨਕ, ਰੂਬੀ ਢੱਲਾ, ਗਰੇਵਾਲ, ਗਿੱਲ, ਬੈਂਸ ਆਦਿ ਦੇ ਉਨ੍ਹਾਂ ਮੁਲਕਾਂ ਦੇ ਐਮਪੀ, ਮੇਅਰ ਆਦਿ ਚੁਣੇ ਜਾਣ 'ਤੇ ਚਾਂਗੜਾਂ ਉੱਚੀ-ਉੱਚੀ ਮਾਰਦੇ ਹਨ। ਇਨ੍ਹਾਂ ਮੁਲਕਾਂ ਵਿੱਚ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ ਉੱਪਰ ਕੁੱਝ ਕੁ ਕਾਰੋਬਾਰਾਂ ਤੇ ਕੀਤੇ ਕਬਜੇ ਨੂੰ ਪ੍ਰਾਪਤੀ ਵਜੋਂ ਉਚਿਆਉਂਦੇ ਹਨ। ਪਰ ਸੱਚਾਈ ਤੋਂ ਅੱਖਾਂ ਮੀਟੀ ਰੱਖਦੇ ਹਨ ਕਿ ਜਿਵੇਂ ਪੰਜਾਬ ਵਿੱਚ ਆਕੇ ਕੰਮ ਕਰਨ ਵਾਲੇ ਪਰਵਾਸੀ ਮਜਦੂਰ ਹਰ ਔਖਾ ਅਤੇ ਨੀਵੇਂ ਦਰਜੇ ਦਾ ਕੰਮ ਕਰਦੇ ਹਨ ਬਿਲਕੁਲ ਉਸੇ ਤਰ੍ਹਾਂ ਬਾਹਰਲੇ ਮੁਲਕਾਂ ਵਿੱਚ ਪਰਵਾਸ ਕਰਕੇ ਗਏ ਲੋਕ ਇਨ੍ਹਾਂ ਪਰਵਾਸੀ ਮਜਦੂਰਾਂ ਵਾਂਗ ਸਨਅਤਾਂ, ਸਫਾਈ, ਚੌਂਕੀਦਾਰ, ਵੇਅਰ ਹਾਊਸ, ਖੇਤਾਂ, ਰੈਸਟੋਰੈਂਟਾਂ, ਮਾਲਜ ਆਦਿ ਵਿੱਚ ਲੇਬਰ ਵਜੋਂ ਕੰਮ ਕਰਦੇ ਹਨ। ਇਨ੍ਹਾਂ ਅਖੌਤੀ ਪੰਜਾਬੀਅਤ ਦੇ ਹਿੱਤਾਂ ਦੇ ਪਹਿਰੇਦਾਰ ਅਖਵਾਉਣ ਵਾਲੇ ਬੁੱਧੀਜੀਵੀਆਂ, ਫੇਸਬੁੱਕੀ ਵਿਦਵਾਨਾਂ ਅਤੇ ਸਿਆਸਤਦਾਨਾਂ ਦਾ ਪਰਵਾਸ ਦੀਆਂ ਬੁਨਿਆਦੀ ਸਮੱਸਿਆ ਦੀ ਜੜ੍ਹ ਨੂੰ ਜਾਨਣ ਅਤੇ ਅਜਿਹੇ ਪਾੜੇ ਨੂੰ ਖਤਮ ਕਰਨ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਨਵੀਂ ਕਿਸਮ ਦੀ ਫਿਰਕਾਪ੍ਰਸਤੀ ਨੂੰ ਜਨਮ ਦਿੰਦੀ ਹੈ, ਇਨ੍ਹਾਂ ਭੱਦਰ ਪੁਰਸ਼ਾਂ ਦੀ ਪਾੜਾ ਪਾਊ ਰਾਜਨੀਤੀ ਹਾਕਮਾਂ ਨੂੰ ਖੂਬ ਰਾਸ ਬੈਠਦੀ ਹੈ।

ਸਮਾਜ ਨੂੰ ਦਰਪੇਸ਼ ਬੁਨਿਆਦੀ ਮੁਸ਼ਕਲਾਂ ਮਹਿੰਗਾਈ, ਬੇਰੁਜਗਾਰੀ, ਭੁੱਖਮਰੀ, ਭ੍ਰਿਸ਼ਟਾਚਾਰ, ਕਿਸਾਨਾਂ-ਮਜਦੂਰਾਂ ਅਤੇ ਬੇਰੁਜਗਾਰਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕਸ਼ੀਆਂ, ਔਰਤਾਂ ਉੱਤੇ ਹੁੰਦੇ ਜਬਰ ਵੱਲ ਵੇਖਣ ਤੋਂ ਸ਼ਾਇਦ ਇਨ੍ਹਾਂ ਲੋਕਾਂ ਦੀ ਕਲਮ/ਅਕਲ ਨੂੰ ਲਕਵਾ ਮਾਰ ਜਾਂਦਾ ਹੈ। ਇਨ੍ਹਾਂ ਪਰਵਾਸੀ ਮਜਦੂਰਾਂ ਨੂੰ ਛੋਟੇ ਮੋਟੇ ਜੁਰਮ ਨੂੰ ਬਹੁਤ ਜਿਆਦਾ ਵਧਾ ਚੜ੍ਹਾਕੇ ਸਮਾਜ ਦੇ ਸਭ ਤੋਂ ਵੱਡੇ ਮੁਜਰਮ ਵਜੋਂ ਪੇਸ਼ ਕੀਤਾ ਜਾਂਦਾ ਹੈ। ਪੈਰ-ਪੈਰ ਤੇ ਹੁੰਦੀ ਇਨ੍ਹਾਂ ਪਰਵਾਸੀ ਮਜਦੂਰਾਂ ਸਮੇਤ ਮਿਹਨਤਕਸ਼ ਲੋਕਾਈ ਨਾਲ ਧੱਕੇਸ਼ਾਹੀ ਦੇ ਅਸਲ ਮੁਜਰਮਾਂ ਵੱਲ ਅਕਸਰ ਹੀ ਅਜਿਹੇ ਜਿਆਦਾ ਸੂਝ ਸਿਆਣਪ ਦੇ ਮਾਲਕ ਅਖਵਾਉਂਦੇ ਲੋਕਾਂ ਦੀ ਨਜਰ ਸਵੱਲੀ ਹੀ ਰਹਿੰਦੀ ਹੈ। ਇਹੀ ਨਹੀਂ ਭਾਰਤੀ ਲੋਕਾਂ ਦੇ ਦੁਸ਼ਮਣ ਸਾਮਰਾਜੀਏ ਅਤੇ ਉਨ੍ਹਾਂ ਦੇ ਦਲਾਲ ਭਾਰਤੀ ਹਾਕਮਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ, ਉਹ ਭਾਵੇਂ ਕਿਰਤ ਕਾਨੂੰਨਾਂ ਦਾ ਭੋਗ ਪਾਕੇ ਚਾਰ ਲੇਬਰ ਕੋਡਾਂ ਵਿੱਚ ਬਦਲਣ ਦਾ ਮਸਲਾ ਹੋਵੇ ਜਾਂ ਖੇਤੀ ਵਿਰੋਧੀ ਤਿੰਨ ਕਾਲੇ ਲਾਗੂ ਕਰਨ ਦਾ ਮਸਲਾ ਹੋਵੇ ਜਾਂ ਰਾਜਾਂ ਦੇ ਹੱਕਾਂ ਉੱਪਰ ਮਾਰੇ ਜਾ ਰਹੇ ਡਾਕਿਆਂ ਦਾ ਮਸਲਾ ਹੋਵੇ, ਇਹ ਭੱਦਰ ਪੁਰਸ਼ ਮੌਨ ਰਹਿਣ ਵਿੱਚ ਹੀ ਭਲਾ ਸਮਝਦੇ ਹਨ। ਇਹੀ ਨਹੀਂ ਵਿਜੇ ਮਾਲੀਆ, ਨੀਰਵ ਮੋਦੀ, ਮੇਹਲ ਚੌਕਸੀ, ਲਲਿਤ ਮੋਦੀ, ਨੀਸ਼ਲ ਮੋਦੀ ਵਰਗੇ ਲੁਟੇਰੇ ਬੈਂਕਾਂ ਨਾਲ ਹਜਾਰਾਂ ਕਰੋੜਾਂ ਰੁ. ਦੀਆਂ ਠੱਗੀਆਂ ਮਾਰਕੇ ਬਾਹਰਲੇ ਮੁਲਕਾਂ ਨੂੰ ਉਡਾਰੀਆਂ ਮਾਰ ਜਾਂਦੇ ਹਨ, ਤਾਂ ਵੀ ਇਹ ਲੋਕ ਚੁੱਪ ਰਹਿਣ ਵਿੱਚ ਹੀ ਭਲੀ ਸਮਝਦੇ ਹਨ। ਰਿਆਸਤ/ਸਟੇਟ ਦੀਆਂ ਨੀਤੀਆਂ ਖਿਲਾਫ ਲੋਕ ਸੰਘਰਸ਼ਾਂ ਦੀ ਆਵਾਜ ਬਨਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਦਲਿਤ ਚਿੰਤਕਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਵਿਦਿਆਰਥੀਆਂ, ਵਕੀਲਾਂ ਨੂੰ ਮੋਦੀ ਹਕੂਮਤ ਚੁਣ-ਚੁਣ ਕੇ ਨਿਸ਼ਾਨ ਬਣਾ ਰਹੀ ਹੈ ਅਤੇ ਦੇਸ਼ ਧ੍ਰੋਹ ਵਰਗੇ ਸੰਗੀਨ ਮੁਕੱਦਮਿਆਂ ਵਿੱਚ ਸਾਲਾਂ ਬੱਧੀ ਸਮੇਂ ਤੋਂ ਜੇਲ੍ਹਾਂ ਦੀਆਂ ਸਲਾਖਾਂ ਪਿੱਛੇ ਬੰਦ ਰੱਖਣ ਵੇਲੇ ਵੀ ਇਹ ਸ਼੍ਰੀਮਾਨ ਘੁਰਨਿਆਂ ਵਿੱਚ ਵੜੇ ਰਹਿਣ ਰਹਿੰਦੇ ਹਨ। ਦਿੱਲੀ ਵਿੱਚ ਸਿੱਖਾਂ ਅਤੇ ਗੁਜਰਾਤ ਵਿੱਚ ਮੁਸਲਮਾਨਾਂ ਦੇ ਰਚਾਏ ਗਏ ਸਮੂਹਿਕ ਕਤਲੇਆਮ, ਕਸ਼ਮੀਰੀ ਲੋਕਾਂ ਦੇ ਹੱਕ ਹਕੂਕ ਦਰੜਨ ਵਾਲੇ ਹਕੂਮਤਾਂ ਦੇ ਲੋਕ ਵਿਰੋਧੀ ਕਾਰਨਾਮਿਆਂ ਨੂੰ ਲੋਕ ਸੱਥਾਂ ਵਿੱਚ ਬੇਪਰਦ ਕਰਨਾ ਇਨ੍ਹਾਂ ਲੋਕਾਂ ਨੇ ਕਦੇ ਵੀ ਆਪਣਾ ਫਰਜ ਨਹੀਂ ਸਮਝਿਆ। ਸਗੋਂ ਮਸਲੇ ਨੂੰ ਫਿਰਕੂ ਪੁੱਠ ਚਾੜ੍ਹਨ 'ਚ ਗਲਤਾਨ ਰਹੇ ਹਨ। ਗੈਰ ਬੁਨਿਆਦੀ ਮੁੱਦਿਆਂ ਫਰਾਂਸ ਵਿੱਚ ਪੱਗ ਦੀ ਬੇਅਦਬੀ ਦਾ ਮਸਲਾ ਹੋ ਜਾਵੇ ਤਾਂ ਉਸ ਨੂੰ ਧਰਮ ਦੀ ਪੁੱਠ ਚਾੜ੍ਹਕੇ ਖੂਬ ਉਛਾਲਿਆ ਜਾਂਦਾ ਹੈ। ਗੁਰਦਵਾਰਿਆਂ ਅੰਦਰ ਕਬਜੇ ਦੀ ਹੋੜ ਸਮੇਂ ਪੱਗੋ-ਪੱਗੀ ਹੁੰਦੇ ਖਾਲਸੇ ਇਨ੍ਹਾਂ ਦੇ ਨਜਰੀਂ ਨਹੀਂ ਪੈਂਦੇ। ਅਕਾਲੀਆਂ, ਕਾਂਗਰਸੀਆਂ ਅਤੇ ਹੁਣ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਬੇਰੁਜਗਾਰਾਂ, ਕਿਸਾਨਾਂ, ਮਜਦੂਰਾਂ ਸਮੇਤ ਹੋਰ ਮਿਹਨਤਕਸ਼ ਤਬਕਿਆਂ ਦੇ ਹੱਕੀ ਸੰਘਰਸ਼ਾਂ ਮੌਕੇ ਹਰ ਆਏ ਦਿਨ ਰੁਲਦੀਆਂ ਪੱਗਾਂ, ਚੁੰਨੀਆਂ ਅਤੇ ਡਾਂਗਾਂ ਦੀ ਬੁਛਾੜ ਮੌਕੇ ਇਨ੍ਹਾਂ ਲੋਕਾਂ ਨੂੰ ਸੱਪ ਸੁੰਘ ਜਾਂਦਾ ਹੈ। ਇਹੀ ਨਹੀਂ ਇਸ ਲੋਕ ਵਿਰੋਧੀ ਮਾਨਸਿਕਤਾ ਦਾ ਸ਼ੁੱਧ ਨਮੂਨਾ ਉਸ ਵਕਤ ਵੇਖਣ ਨੂੰ ਮਿਲਦਾ ਹੈ, ਜਦ ਲੋਕਾਂ ਦੇ ਹੱਕੀ ਸੰਘਰਸ਼ ਤਿੱਖ ਅਖਤਿਆਰ ਕਰ ਜਾਂਦੇ ਹਨ ਤਾਂ ਹਾਕਮ ਧਾਰਮਿਕ ਸਮੇਤ ਹੋਰ ਗੈਰ ਬੁਨਿਆਦੀ ਮੁੱਦੇ ਉਛਾਲਣ ਵਿੱਚ ਰਤੀ ਭਰ ਵੀ ਦੇਰੀ ਨਹੀਂ ਲਾਉਂਦੇ। ਇਹ ਲੋਕ ਉਸ ਸਮੇਂ ਹਾਕਮਾਂ ਦੇ ਇਸ ਦੰਭ ਨੂੰ ਲੋਕ ਪੱਖੀ ਨਜਰੀਏ ਤੋਂ ਸਹੀ ਸੰਦਰਭ ਵਿੱਚ ਪੇਸ਼ ਨਹੀਂ ਕਰਦੇ। ਅਜਿਹਾ ਵਰਤਾਰਾ ਮੁਲਕ ਦੀਆਂ ਹੱਦਾਂ ਬੰਨ੍ਹੇ ਪਾਰ ਕਰ ਸੰਸਾਰ ਦੇ ਕੋਨੇ-ਕੋਨੇ ਵਿੱਚ ਵਸੇ ਹੋਏ ਪੰਜਾਬੀਆਂ ਲਈ ਵੱਡੀ ਮੁਸੀਬਤ ਦੇ ਉਜਾੜੇ ਦਾ ਸਾਧਨ ਬਣ ਸਕਦਾ ਹੈ।

ਅਖੀਰ ਗੱਲ ਇਹ ਹੈ ਕਿ ਪਰਵਾਸ ਦਾ ਮਸਲਾ ਸਾਮਰਾਜੀ ਰੁੰਡ ਮਰੁੰਡ ਅਣਸਾਵੇਂ ਵਿਕਾਸ ਨਾਲ ਜੁੜਿਆ ਹੋਇਆ ਸੰਸਾਰ ਪੱਧਰਾ ਵਰਤਾਰਾ ਹੈ। ਇੱਕ ਉਦਾਹਰਣ ਬਹੁਤ ਜਰੂਰੀ ਹੈ ਕਿ ਪੰਜਾਬ ਵਿੱਚ ਜਾਂ ਹੋਰਨਾਂ ਰਾਜਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਜਾਂ ਸਾਡੇ ਮੁਲਕ ਵਿੱਚੋਂ ਵਿਦੇਸ਼ਾਂ 'ਚ ਪਰਵਾਸ ਕਰਨ ਵਾਲੇ ਲੋਕ ਹੋਣ ਆਮ ਤੌਰ 'ਤੇ ਤਿੱਖੀ ਲੁੱਟ ਦਾ ਸ਼ਿਕਾਰ ਹੁੰਦੇ ਹਨ। ਜੇਕਰ ਪੰਜਾਬ ਵਿੱਚ ਪਰਵਾਸੀ ਮਜਦੂਰ ਸ਼ਹਿਰਾਂ ਅੰਦਰ ਛੋਟੇ-ਛੋਟੇ ਕਮਰਿਆਂ ਜਾਂ ਖੇਤਾਂ ਵਿੱਚ ਮੋਟਰਾਂ ਵਾਲੇ ਕੋਠਿਆਂ ਵਿੱਚ 5-5 ਜਾਂ ਵੱਡੀ ਗਿਣਤੀ ਵਿੱਚ ਸੜਕਾਂ, ਫੁੱਟਪਾਥਾਂ ਅਤੇ ਰੇਹੜੀਆਂ, ਰਿਕਸ਼ਿਆਂ ਉੱਪਰ ਨੀਲੀ ਛੱਤ ਥੱਲੇ ਦਿਨ ਕਟੀ ਕਰਨ ਲਈ ਮਜਬੂਰ ਹਨ ਤਾਂ ਅਮਰੀਕਾ, ਕਨੇਡਾ, ਆਸਟਰੇਲੀਆ ਵਰਗੇ ਮੁਲਕਾਂ ਵਿੱਚ 5-5 ਵਿਅਕਤੀ ਇਕੱਠੇ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹਨ ਜਾਂ ਵੱਡੇ ਫਾਰਮਰਾਂ ਨੇ ਖੇਤਾਂ ਦੇ ਨੇੜੇ ਰਹਿਣ ਲਈ ਛੋਟੇ-ਛੋਟੇ ਕਮਰੇ ਬਣਾਕੇ ਦਿੱਤੇ ਹੋਏ ਹਨ। ਹਾਂ ਮੰਡੀ ਦੀ ਮੰਗ ਅਨੁਸਾਰ ਸੀਜਨ ਵਿੱਚ ਅਡਵਾਂਸ ਕਿਰਾਇਆ ਜਾਂ ਥੋੜੇ ਬਹੁਤੇ ਰੁਪਏ ਪੈਸੇ ਵੀ ਭੇਜੇ ਜਾਂਦੇ ਹਨ ਤਾਂ ਇਹ ਵਰਤਾਰਾ ਹਰ ਥਾਂ ਦਾ ਹੈ। ਅਮਰੀਕਾ ਵਰਗੇ ਸਾਮਰਾਜੀ ਮੁਲਕ ਵਿੱਚ ਖੇਤਾਂ ਵਿੱਚ ਕੰਮ ਕਰਨ ਵਾਲੇ ਮਰਦ-ਔਰਤਾਂ ਨੂੰ ਵੀ ਸੀਜਨ ਕੰਮ ਲਈ ਅਡਵਾਂਸ ਵਿੱਚ ਟਿਕਟਾਂ ਭੇਜਕੇ ਸੱਦਦੇ ਹਨ। ਕਿਰਤੀ ਕਾਮੇ ਦੋਵੇਂ ਥਾਵਾਂ 'ਤੇ ਵੱਧ ਘੱਟ ਰੂਪ ਵਿੱਚ ਬੇਰੁਜਗਾਰੀ ਅਤੇ ਲੁੱਟ ਦਾ ਸੰਤਾਪ ਹੰਢਾਉਂਦੇ ਹਨ। ਬਿਹਾਰੀ ਜਾਂ ਹੋਰਨਾਂ ਰਾਜਾਂ ਤੋਂ ਆਏ ਪਰਵਾਸੀ ਮਜਦੂਰ ਪੰਜਾਬੀ ਕਿਸਾਨੀ-ਮਜਦੂਰਾਂ ਦੇ ਦੁਸ਼ਮਣ ਨਹੀਂ ਹਨ, ਸਗੋਂ ਤਿੱਖੀ ਲੁੱਟ ਅਤੇ ਜਬਰ ਦਾ ਸ਼ਿਕਾਰ ਹਨ। ਇਸ ਦੀ ਤਾਜਾ ਇੱਕ ਮਿਸਾਲ ਹੀ ਕਾਫੀ ਹੈ ਕਿ ਤਾਮਿਲਨਾਡੂ ਵਿੱਚ ਬਿਹਾਰ ਦੇ ਪਰਵਾਸੀ ਮਜਦੂਰਾਂ ਖਿਲਾਫ ਬੀਜੇਪੀ ਦੇ ਇੱਕ ਬਲੌਗਰ ਵੱਲੋਂ ਝੂਠੀ ਪੋਸਟ ਪਾਕੇ ਬਿਹਾਰੀ ਮਜਦੂਰਾਂ ਨੂੰ ਮੁਜਰਮ ਬਣਾਕੇ ਪੇਸ਼ ਕਰਨ ਨਾਲ ਹਜਾਰਾਂ ਮਜਦੂਰਾਂ ਨੂੰ ਉਜਾੜੇ ਦੇ ਮੂੰਹ ਧੱਕ ਦਿੱਤਾ। ਜਦਕਿ ਹਕੀਕਤ ਵਿੱਚ ਅਜਿਹਾ ਕੁੱਝ ਵੀ ਨਹੀਂ ਵਾਪਰਿਆ। ਪੰਜਾਬ ਵਿੱਚ ਵੀ ਅਕਾਲ ਤਖਤ ਦੇ ਜਥੇਦਾਰ ਨੇ ਬਿਆਨ ਦਿੱਤਾ ਹੈ ਕਿ ਪੰਜਾਬੀ ਮਜਦੂਰਾਂ ਲਈ ਪੰਜ ਹਜਾਰ ਮਹੀਨੇ ਦਾ ਰੁਜਗਾਰ ਨਹੀਂ ਪਰ ਬਿਹਾਰੀ ਭਈਏ ਡੇਢ ਲੱਖ ਰੁ. ਕਮਾਉਂਦੇ ਹਨ। ਵੈਸੇ ਸੋਨ ਮੰਦਰਾਂ ਵਿੱਚ ਬਿਰਾਜਮਾਨ ਭੈਂਗੇ ਟੀਰ ਵਾਲੇ ਜਥੇਦਾਰਾਂ ਕੋਲੋਂ ਅਜਿਹੀ ਹੀ ਉਮੀਦ ਕੀਤੀ ਜਾ ਸਕਦੀ ਹੈ। ਖੁੱਲੇ ਅਸਮਾਨ ਥੱਲੇ ਰੇਲਵੇ ਲਾਈਨਾਂ, ਫੁੱਟਪਾਥਾਂ ਅਤੇ ਝੁੱਗੀਆਂ ਵਿੱਚ ਨਰਕੀ ਜਿੰਦਗੀ ਜਿਉਣ ਲਈ ਮਜਬੂਰ ਲੱਖਾਂ ਮਜਦੂਰ ਭੈਂਗੀ ਨਜਰ ਵਾਲੇ ਇਨ੍ਹਾਂ ਭੱਦਰਪੁਰਸ਼ਾਂ ਦੀ ਨਿਗਾਹ ਨਹੀਂ ਪੈਂਦੇ। ਇਸੇ ਤਰ੍ਹਾਂ ਹੀ ਬਹੁਤ ਸਾਰੀਆਂ ਸਰਕਾਰਾਂ ਵੀ ਵੋਟਾਂ ਦੀ ਫਸਲ ਦੀ ਰਾਜਨੀਤੀ ਤਹਿਤ ਸਥਾਨਕ ਬਨਾਮ ਪਰਵਾਸੀ ਦੇ ਅਜਿਹੇ ਮਸਲਿਆਂ ਨੂੰ ਉਭਾਰਨ ਵਿੱਚ ਸ਼ਹਿ ਦਿੰਦੀਆਂ ਹਨ।

ਅਜਿਹਾ ਨਹੀਂ ਕਿ ਪਰਵਾਸੀ ਮਜਦੂਰਾਂ ਦਾ ਕੋਈ ਮਸਲਾ ਨਹੀਂ ਹੈ ਸਗੋਂ ਇੱਕ ਵੱਡਾ ਮਸਲਾ ਹੈ ਕਿ ਰੁਜਗਾਰ ਵਿਹੂਣੇ ਮਸ਼ੀਨੀਕਰਨ ਦੇ ਤੇਜੀ ਨਾਲ ਪੈਰ ਪਸਾਰਨ ਕਰਕੇ ਬੇਰੁਜਗਾਰੀ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਜਿਸ ਕਾਰਨ ਪੰਜਾਬ ਦੇ ਮਜਦੂਰਾਂ ਦੇ ਗੈਰ ਜਥੇਬੰਦ ਅਤੇ ਚੇਤਨਾ ਦਾ ਪੱਧਰ ਨੀਵਾਂ ਹੋਣ ਕਰਕੇ ਉਹ ਇਸ ਬਿਮਾਰੀ ਦੀ ਜੜ੍ਹ ਨੂੰ ਸਮਝਣ ਤੋਂ ਅਸਮਰੱਥ ਹਨ। ਉਨ੍ਹਾਂ ਦੀ ਨਫਰਤ ਦੀ ਸਾਣ ਨੂੰ ਪਰਵਾਸੀ ਮਜਦੂਰਾਂ ਪ੍ਰਤੀ ਨਫਰਤ ਦੀ ਥਾਂ ਇਸ ਜਾਬਰ ਅਤੇ ਲੁਟੇਰੇ ਰਾਜ ਪ੍ਰਬੰਧ ਦੇ ਖਾਤਮੇ ਵੱਲ ਸੇਧਤ ਕਰਨ ਦੀ ਚੇਤੰਨ ਕੋਸ਼ਿਸ਼ਾਂ ਕਰਨ ਦੀ ਵੱਡੀ ਲੋੜ ਹੈ।

# ਦੁਨੀਆ ਟਕਰਾਵਾਂ ਤੇ ਤਬਦੀਲੀਆਂ ਦੇ ਦੌਰ 'ਚ

**ਹਰਬੰਸ ਸਿੰਘ**
416-817-7142

ਵੈਸੇ ਤਾਂ ਸਮੁੱਚੀ ਦੁਨੀਆ ਵੱਖ-ਵੱਖ ਕਿਸਮ ਦੇ ਸੰਕਟਾਂ ਵਿਚੋਂ ਗੁਜਰ ਰਹੀ ਹੈ। ਧਰਤੀ ਦੇ ਕਿਸੇ ਕੋਨੇ 'ਤੇ ਜੰਗ ਨੇ ਬੁਰੀ ਹਾਲਤ ਕੀਤੀ ਹੋਈ ਹੈ। ਇਥੋਂ ਤੱਕ ਕਿ ਸੰਸਾਰ ਪੱਧਰ 'ਤੇ ਜਦੋਂ ਗੈਰ ਬਰਾਬਰਤਾ ਆਪਣੀ ਚਰਨਸੀਮਾ ਉਮਰ ਹੈ ਉਸ ਸਮੇਂ ਮਿਲਟਰੀ ਉਪਰ ਖਰਚਾ ਬੇਤਿਹਾਸਾ ਪਿਛਲੇ ਸਮੇਂ ਵਿਚ ਵਧ ਗਿਆ ਹੈ। ਇਥੋਂ ਤੱਕ ਅਮਰੀਕਾ, ਚੀਨ, ਰੂਸ, ਭਾਰਤ ਅਤੇ ਸਾਊਦੀ ਅਰਬ ਉਹ ਮੁਲਕ ਹਨ ਜੋ ਸਭ ਤੋਂ ਵੱਧ ਆਪਣੇ ਦੇਸ਼ ਦੇ ਸਰਮਾਏ ਵਿਚੋਂ ਮਿਲਟਰੀ ਨੂੰ ਤਾਕਤਵਰ ਕਰਨ ਉਪਰ ਲਗਾ ਰਹੇ ਹਨ। ਇਕ ਪਾਸੇ ਇਸ ਕਿਸਮ ਨਾਲ ਸਥਿਤੀ ਬਣੀ ਹੋਈ ਹੈ ਕਿ ਦੁਨੀਆ ਦਾ ਕੋਈ ਵੀ ਕੋਨਾ ਫੌਜੀ ਹਮਲਿਆਂ ਅਤੇ ਜੰਗਾਂ ਤੋਂ ਅਣਭਿੱਜ ਨਹੀਂ ਹੈ। ਕਈ ਮੁਲਕਾਂ ਵਿਸ਼ੇਸ਼ ਕਰਕੇ ਯੂਕਰੇਨ ਦੀ ਸਥਿਤੀ ਇਹ ਬਣਦੀ ਹੈ ਕਿ ਉਹ ਵੀ ਜੰਗ ਉਪਰ ਖਰਚੇ ਦਾ ਵੱਡਾ ਹਿੱਸਾ ਵਧਾ ਚੁੱਕਾ ਹੈ। ਇਕ ਮੁਲਕ ਪਾਕਿਸਤਾਨ ਜਿਸ ਵਿਚ ਮਿਲਟਰੀ ਉਪਰ ਖਰਚਾ 10.3 ਬਿਲੀਅਨ ਵਰ੍ਹਾ 2022 ਵਿਚ ਖਰਚਾ ਕੀਤਾ ਜਾਂਦਾ ਸੀ ਉਹ ਹੁਣ ਇੰਨੀ ਭਿਆਨਕ ਭੁੱਖਮਰੀ ਅਤੇ ਲੜਾਈ ਦੀ ਕਗਾਰ ਉਪਰ ਪਹੁੰਚ ਗਿਆ ਹੈ। ਸਮੁੱਚਾ ਦੇਸ਼ ਰਾਜਨੀਤਕ ਸੰਕਟ ਤੋਂ ਲੈ ਕੇ ਆਰਥਿਕ ਸੰਕਟ ਨਾਲ ਗ੍ਰਸਿਆ ਪਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸ਼ਾਇਦ ਇਹ ਨੇੜ ਭਵਿੱਖ ਵਿਚ ਮੁਲਕ ਜਾਂ ਤਾਂ ਟੁਕੜੇ ਟੁਕੜੇ ਹੋ ਜਾਏਗਾ ਜਾਂ ਕਿਸੇ ਚੀਨ ਵਰਗੇ ਮੁਲਕ ਤੋਂ ਸਹਾਇਤਾ ਲੈਂਦਾ ਸਦਾ ਲਈ ਮੁੜ ਗੁਲਾਮੀ ਦੀ ਕਗਾਰ 'ਤੇ ਪਹੁੰਚ ਜਾਵੇਗਾ ਅਤੇ ਮਿਲਟਰੀ ਰਾਜ ਦੀ ਸਥਾਪਤੀ ਲਗਭਗ ਤੈਅ ਹੀ ਹੈ ਅਤੇ ਬਚੀ ਖੁਚੀ ਜਮਹੂਰੀਅਤ ਦਾ ਭੋਗ ਪੈ ਰਿਹਾ ਹੈ। ਇਸੇ ਤਰ੍ਹਾਂ ਵੱਖ ਵੱਖ ਦੇਸ਼ਾਂ ਅੰਦਰ ਇਥੋਂ ਤੱਕ ਅਮਰੀਕਾ, ਕੈਨੇਡਾ ਅਤੇ ਯੂਰਪ ਦੀਆਂ ਆਰਥਿਕਤਾਵਾਂ ਕਾਰਪੋਰੇਟ ਘਰਾਣਿਆਂ ਰਾਹੀਂ ਹੀ ਚਲ ਰਹੀਆਂ ਹਨ ਅਤੇ ਲੋਕ ਸੰਘਰਸ਼ ਇਨ੍ਹਾਂ ਮੁਲਕਾਂ ਵਿਚ ਰੋਜ਼ਮਰਾਂ ਦਾ ਹਿੱਸਾ ਬਣ ਰਿਹਾ ਹੈ। ਕਿਰਤ ਕਰਨ ਵਾਲੇ ਲੋਕਾਂ ਦੀ ਜਾਨ ਬੁਰੀ ਸਥਿਤੀ ਵਿਚ ਹੈ। ਉਹ ਕਰਜ਼ੇ ਦੀ ਭਿਆਨਕ ਜਕੜ ਵਿਚ ਫਸੇ ਪਏ ਹਨ।

ਸੰਕਟਗ੍ਰਸਤ ਭਾਰਤ ਜੋ ਬਹੁਤ ਗੁੰਝਲਦਾਰ ਮੁਲਕ ਹੈ ਜਿਸ ਦੀਆਂ ਅੰਦਰੂਨੀ ਭਾਸ਼ਾਈ, ਜਾਤੀ ਅਤੇ ਗੈਰ ਬਰਾਬਰੀ ਦੀਆਂ ਬੁਨਿਆਦਾਂ ਲਗਾਤਾਰ ਹਿੱਲਦੀਆਂ ਰਹਿੰਦੀਆਂ ਹਨ। ਪਿਛਲੇ ਦਸ ਸਾਲਾਂ ਤੋਂ ਇਸ ਮੁਲਕ ਦੀ ਵਾਗਡੋਰ ਜਿਸ ਕਿਸਮ ਦੇ ਹੁਕਮਰਾਨਾ ਦੇ ਹੱਥਾਂ ਵਿਚ ਆ ਗਈ ਹੈ ਉਨ੍ਹਾਂ ਨੇ ਇਸ ਗੁੰਝਲਦਾਰ ਮੁਲਕ ਨੂੰ ਆਪਸੀ ਜਾਤਾਂ, ਧਰਮਾਂ ਅਤੇ ਮਜ਼ਬ੍ਹਾਂ ਵਿਚ ਵੰਡਣਾ ਅਤੇ ਲੜਾਉਣਾ ਜਾਰੀ ਰੱਖਿਆ ਹੈ। ਇਥੋਂ ਤੱਕ ਇਹ ਵੰਡੀਆਂ ਇਸ ਦੇਸ਼ ਦੇ ਦੋ ਵੱਡੇ ਧਰਮ ਹਿੰਦੂ ਅਤੇ ਮੁਸਲਮਾਨਾਂ ਵਿਚ ਹਕੂਮਤ ਰਾਹੀਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਇਕ ਪਾਸੇ ਇਸ ਕਿਸਮ ਦੀ ਦੇਸ਼ ਦੀ ਜਮਹੂਰੀਅਤ ਬਣਾਈ ਜਾ ਰਹੀ ਹੈ ਕਿ ਭਵਿੱਖ ਵਿਚ ਲੋਕਾਂ ਨੂੰ ਖਦਸ਼ਾ ਹੈ ਕਿ ਇਹ ਇਕ ਧਰਮ ਦਾ ਮੁਲਕ ਹੀ ਨਾ ਬਣ ਜਾਵੇ। ਇਸ ਦੇ ਨਾਲ ਹੀ ਵੱਖ-ਵੱਖ ਕਾਰਪੋਰੇਟ ਘਰਾਣੇ ਜਿਨ੍ਹਾਂ ਦੀ ਸੱਤਾ ਵਿਚ ਪੂਰੀ ਹਿੱਸੇਦਾਰੀ ਹੈ ਉਹ ਬਣੇ ਬਣਾਏ ਸਰਕਾਰੀ ਅਦਾਰਿਆਂ ਨੂੰ ਆਪਣੇ ਕਬਜ਼ਿਆਂ ਵਿਚ ਲੈ ਰਹੇ ਹਨ। ਇੰਝ ਕਿਹਾ ਜਾ ਸਕਦਾ ਹੈ ਕਿ ਸਭ ਤੋਂ ਵੱਡੀਆਂ ਤਾਕਤਾਂ ਵਿਚ ਸਮਝਿਆ ਜਾਣ ਵਾਲਾ ਮੁਲਕ ਬੁਰੀ ਤਰ੍ਹਾਂ ਗੈਰ ਬਰਾਬਰੀ ਅਤੇ ਰਾਜਨੀਤਕ ਵਿਤਕਰੇਬਾਜ਼ੀ ਕਾਰਨ ਬਣੀ ਬਣਾਈ ਜਮਹੂਰੀਅਤ ਨੂੰ ਸੰਕਟਗ੍ਰਸਤ ਕਰਦਾ ਤੁਰਿਆ ਆ ਰਿਹਾ ਹੈ। ਪ੍ਰੰਤੂ ਜਿਸ ਕਿਸਮ ਨਾਲ ਇਸ ਦੇਸ਼ ਦੇ ਲੋਕਾਂ ਵਿਚ ਅਜ਼ਾਦੀ ਦੀ ਚੇਤਨਤਾ ਦੀਆਂ ਪੈੜਾਂ ਅਤੇ ਵਿਰਾਸਤਾਂ ਵੱਖ-ਵੱਖ ਸੰਘਰਸ਼ਾਂ 'ਚੋਂ ਲੰਘਣ ਕਾਰਨ ਪਈਆਂ ਹਨ ਇਨ੍ਹਾਂ ਤੋਂ ਕੁਝ ਆਸ ਬੱਝਦੀ ਹੈ ਕਿਉਂਕਿ ਦੇਸ਼ ਦੇ ਕੋਨਿਆਂ 'ਚ ਵੱਖ ਵੱਖ ਖਿੱਤਿਆਂ ਅਤੇ ਰਾਜਾਂ ਵਿਚ ਲਗਾਤਾਰ ਲੋਕ ਸੰਘਰਸ਼ਸ਼ੀਲ ਹਨ ਅਤੇ ਹਕੂਮਤ ਨੂੰ ਵੱਖ-ਵੱਖ ਪੱਧਰਾਂ 'ਤੇ ਵਿਚਾਰਾਂ ਤੋਂ ਲੈ ਕੇ ਰਾਜਨੀਤੀ ਤੱਕ ਚੁਣੌਤੀਆਂ ਵੀ ਦੇ ਰਹੇ ਹਨ। ਖ਼ੁਦ ਹਕੂਮਤ ਵਿਚ ਰਿਹਾ ਜੰਮੂ ਕਸ਼ਮੀਰ ਦਾ ਗਵਰਨਰ ਮਲਿਕ ਵਾਰ-ਵਾਰ ਕਹਿ ਰਿਹਾ ਹੈ ਕਿ ਦੇਸ਼ ਦੇ ਲੋਕੋ ਜੇ ਬਚਣਾ ਹੈ ਅਤੇ ਦੇਸ਼ ਨੂੰ ਬਚਾਉਣਾ ਹੈ ਤਾਂ ਅਜੋਕੀ ਸਰਕਾਰ ਨੂੰ ਸੱਤਾ ਤੋਂ ਪਰ੍ਹੇ ਕਰਨਾ ਹੋਵੇਗਾ। ਇਸ ਕਰਕੇ ਇਸ ਸੱਤਾ ਦੇ ਖਿਲਾਫ਼ ਇਕਜੁਟ ਹੋ ਕੇ ਰਾਜਨੀਤੀ ਲੜਾਈ ਲੜਨੀ ਹੋਵੇਗੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਕਰਨਾਟਕਾ ਵਰਗੇ ਰਾਜ ਵਿਚ ਜਿਸ ਤਰ੍ਹਾਂ ਵੱਖ-ਵੱਖ ਸਿਵਲ ਸੁਸਾਇਟੀ ਦੇ ਗਰੁੱਪਾਂ ਅਤੇ ਲੋਕਾਂ ਨੇ ਮੌਜੂਦਾ ਸਰਕਾਰ ਖਿਲਾਫ ਇਕ ਚੇਤਨਤਾ ਦੀ ਲਹਿਰ ਖੜ੍ਹੀ ਕੀਤੀ ਅਤੇ ਉਥੇ ਸੱਤਾ ਵਾਲੀ ਬੀਜੇਪੀ ਨੂੰ ਬੁਰੀ ਤਰ੍ਹਾਂ ਹਰਾ ਕੇ ਇਹ ਦਿਖਾ ਦਿੱਤਾ ਕਿ ਵੱਖ ਵੱਖ ਖਿੱਤਿਆਂ ਨੂੰ ਹੁਣ ਡਬਲ ਇੰਜਣ ਵਾਲੀ ਸਰਕਾਰ ਦੀ ਜ਼ਰੂਰਤ ਨਹੀਂ ਹੈ। ਭਲਾ ਹੀ ਕਾਂਗਰਸ ਇਹ ਸਮਝਦੀ ਹੈ ਕਿ ਇਹ ਸਾਡੀ ਜਿੱਤ ਹੈ ਪ੍ਰੰਤੂ ਹਕੀਕਤ ਇਹ ਜਿਸ ਕਿਸਮ ਨਾਲ ਕਰਨਾਟਕਾ ਵਿਚ ਅਤੇ ਹੋਰ ਦੇਸ਼ ਦੇ ਹਿੱਸਿਆਂ ਵਿਚ ਸਿਵਲ ਸੁਸਾਇਟੀ ਦੇ ਵੱਖ ਵੱਖ ਗਰੁੱਪ ਲਗਾਤਾਰ ਕਾਰਜਸ਼ੀਲ ਹਨ ਉਹ ਹੀ ਜ਼ਮੀਨੀ ਪੱਧਰ 'ਤੇ ਮੌਜੂਦਾ ਸਰਕਾਰ ਦੀਆਂ ਜੜ੍ਹਾਂ ਉਖੇੜ ਰਹੇ ਹਨ। ਇਸੇ ਕਿਸਮ ਦੀਆਂ ਪਹਿਲ ਕਦਮੀਆਂ ਵੱਖ ਵੱਖ ਰਾਜਾਂ ਵਿਚ ਵੀ ਸ਼ੁਰੂ ਹੋ ਚੁੱਕੀਆਂ ਹਨ। ਭਵਿੱਖ ਵਿਚ ਆਸ ਰੱਖੀ ਜਾ ਸਕਦੀ ਹੈ ਕਿ ਇਹ ਤੋਰ ਬਦਲਵੀਂ ਰਾਜਨੀਤੀ ਨੂੰ ਵੀ ਜਨਮ ਦੇਵੇਗੀ।

*ਜਥੇਬੰਦਕ ਧਰਮਾਂ ਦਾ ਮਾਇਆਜਾਲ਼-5*

# ਕਰਮਕਾਂਡ ਅਧਾਰਿਤ ਨਕਲੀ ਧਰਮ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਉਹ ਕਰਮ (ਕੰਮ) ਕਰਨੇ ਜਿਸ ਦੇ ਕਰਨ ਨਾਲ ਧਰਮ ਪੁਜਾਰੀ ਤੋਂ ਸਿਵਾਏ ਹੋਰ ਕਿਸੇ ਨੂੰ ਕੋਈ ਲਾਭ ਨਾ ਹੋਵੇ ਤੇ ਮਨੁੱਖ ਹੋਰ ਅਗਿਆਨਤਾ ਤੇ ਅੰਧ ਵਿਸ਼ਵਾਸ਼ ਵਿਚ ਫਸਦਾ ਜਾਵੇ, ਅਜਿਹੇ ਕਰਮ ਨੂੰ ਕਰਮਕਾਂਡ ਕਹਿੰਦੇ ਹਨ। ਨਕਲੀ ਧਰਮਾਂ ਵਿੱਚ ਇਸਦਾ ਅਹਿਮ ਸਥਾਨ ਹੈ, ਜਾਂ ਜੇ ਇਉਂ ਕਹੀਏ ਕਿ ਨਕਲੀ ਧਰਮ ਚਲਦੇ ਹੀ ਕਰਮਕਾਂਡਾਂ ਆਸਰੇ ਹਨ ਤਾਂ ਕੋਈ ਅਤਕਿਥਨੀ ਨਹੀਂ ਹੋਵੇਗੀ। ਵੱਖ-ਵੱਖ ਧਰਮਾਂ ਵਿਚ ਪੁਜਾਰੀ ਵਲੋਂ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੋਂ ਅਨੇਕਾਂ ਤਰ੍ਹਾਂ ਦੇ ਮੂਰਖਤਾ ਪੂਰਨ ਤੇ ਦਿਲ ਦਹਿਲਾ ਦੇਣ ਵਾਲੇ ਕਰਮਕਾਂਡ ਕਰਵਾਏ ਜਾਂਦੇ ਰਹੇ ਹਨ। ਕਲਪਿਤ ਦੇਵਤਿਆਂ ਨੂੰ ਖੁਸ਼ ਕਰਨ ਦੇ ਨਾਮ ਤੇ ਮਨੁੱਖ ਦੀ ਬਲੀ ਦਿੱਤੀ ਜਾਂਦੀ ਰਹੀ ਹੈ, ਜੋ ਕਿ ਬਾਅਦ ਵਿਚ ਪਸ਼ੂ ਬਲੀ ਵਿੱਚ ਤਬਦੀਲ ਹੋਈ। ਕਲਪਿਤ ਅਗਲੇ ਜਨਮ ਤੋਂ ਮੁਕਤੀ ਦੇ ਨਾਮ ਤੇ ਕਾਂਸ਼ੀ ਵਿੱਚ ਲੋਕਾਂ ਨੂੰ ਆਰੇ ਨਾਲ ਚੀਰਿਆ ਜਾਂਦਾ ਰਿਹਾ ਹੈ। ਰੱਬ ਨੂੰ ਪਾਉਣ ਦੇ ਨਾਮ ਤੇ ਲੋਕ ਸਾਰੀ ਉਮਰ ਜੰਗਲਾਂ ਪਹਾੜਾਂ ਵਿੱਚ ਭਟਕਦੇ ਰਹਿੰਦੇ ਸਨ, ਦਰਖਤਾਂ ਨਾਲ ਪੁੱਠੇ ਲਟਕਦੇ ਸਨ, ਲੰਬਾ ਸਮਾਂ ਭੋਜਨ ਨਾ ਖਾ ਕੇ ਸਰੀਰ ਨੂੰ ਕਸ਼ਟ ਦਿੰਦੇ ਸਨ, ਠੰਡੇ ਪਾਣੀ ਵਿੱਚ ਲੰਬਾ ਸਮਾਂ ਇੱਕ ਲੱਤ ਭਾਰ ਖੜ੍ਹੇ ਹੋਣ ਦਾ ਹਠ ਕਰਦੇ ਸਨ।

ਕੋਈ ਵੀ ਜਥੇਬੰਦਕ ਧਰਮ, ਕਰਮਕਾਂਡਾਂ ਤੋਂ ਬਚ ਨਹੀਂ ਸਕਦਾ। ਧਰਮਾਂ ਵਿੱਚ ਪ੍ਰਚਲਿਤ ਬਹੁਤੀਆਂ ਫੋਕਟ ਰਸਮਾਂ ਅਸਲ ਵਿੱਚ ਫੋਕਟ (ਬੇਮਤਲਬ) ਕਰਮਕਾਂਡ ਹੀ ਹੁੰਦੇ ਹਨ। ਮਨੁੱਖ ਦੀਆਂ ਅੱਖਾਂ ਤੇ ਸ਼ਰਧਾ, ਵਿਸ਼ਵਾਸ਼, ਅਗਿਆਨਤਾ ਦੀ ਅਜਿਹੀ ਪੱਟੀ ਬੰਨ੍ਹੀ ਜਾਂਦੀ ਹੈ ਕਿ ਮਨੁੱਖ ਸਦੀਆਂ ਤੋਂ ਸੂਰਜ ਵੱਲ ਮੂੰਹ ਕਰਕੇ ਆਪਣੇ ਪੈਰਾਂ ਵਿਚ ਪਾਣੀ ਸੁੱਟ ਕੇ ਸੋਚਦਾ ਹੈ ਕਿ ਇਹ ਪਾਣੀ ਕਿਸੇ ਕਲਪਿਤ ਪਿੱਤਰ ਲੋਕ ਵਿੱਚ ਬੈਠੇ ਪਿੱਤਰਾਂ ਨੂੰ ਜਾ ਰਿਹਾ ਹੈ, ਬੰਦ ਕਮਰੇ ਵਿੱਚ ਕਿਸੇ ਨੂੰ ਪੈਸੇ ਦੇ ਕੇ ਕਰਾਏ ਪਾਠ ਨਾਲ ਆਸ ਕੀਤੀ ਜਾਂਦੀ ਹੈ, ਮਿਰਤਕ ਨੂੰ ਗੁਰੂ ਦੇ ਚਰਨਾਂ ਵਿੱਚ ਜਗ੍ਹਾ ਮਿਲ ਜਾਵੇਗੀ, ਉਸਦੀ ਆਤਮਾਂ ਨੂੰ ਸ਼ਾਂਤੀ ਮਿਲ ਜਾਵੇਗੀ ਜਾਂ ਕੋਈ ਹੋਰ ਸੁੱਖਣਾ (ਮਨੋਕਾਮਨਾ) ਪੂਰੀ ਹੋ ਜਾਵੇਗੀ, ਕਿਸੇ ਧਾਰਮਿਕ ਸਰੋਵਰ ਦੇ ਪਾਣੀ ਨਾਲ ਪਾਪਾਂ ਤੋਂ ਮੁਕਤੀ ਮਿਲਣ ਦਾ ਭਰਮ ਪਾਲ਼ਿਆ ਜਾਂਦਾ ਹੈ, ਆਪਣੇ ਹੱਥੀਂ ਬਣਾਈਆਂ ਪੱਥਰ ਦੀਆਂ ਮੂਰਤਾਂ ਜਾਂ ਗ੍ਰੰਥਾਂ ਨੂੰ ਭੋਗ ਲਗਾਉਣ ਦਾ ਭਰਮ ਪਾਲਿਆ ਜਾਂਦਾ ਹੈ ਕਿ ਭੋਜਨ ਮੂਰਤੀ ਜਾਂ ਗ੍ਰੰਥ ਨੇ ਖਾ ਲਿਆ ਹੈ, ਕਿਸੇ ਸ਼ਬਦ ਦੇ ਮੰਤਰ ਜਾਪ ਨਾਲ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਹੋਣ ਜਾਂ ਦੂਸਰਿਆਂ ਦਾ ਨੁਕਸਾਨ ਕਰਨ ਦੀਆਂ ਸਾਜਿਸ਼ਾਂ ਹੁੰਦੀਆਂ ਹਨ।

ਨਕਲੀ ਧਰਮਾਂ ਵਿੱਚ ਕਰਮਕਾਂਡਾਂ ਰਾਹੀਂ ਹਰ ਪੁਜਾਰੀ ਨੇ ਹਰ ਮੂਰਖਤਾ ਤੋਂ ਮੂਰਖਤਾ ਭਰਿਆ ਕੰਮ ਅਨਪੜ੍ਹ ਤੋਂ ਲੈ ਕੇ ਡਿਗਰੀਆਂ ਪ੍ਰਾਪਤ ਪੜ੍ਹਿਆਂ ਲਿਖਿਆਂ ਤੋਂ ਕਰਵਾ ਕੇ ਹਮੇਸ਼ਾਂ ਆਪਣਾ ਲੋਹਾ ਮਨਵਾਇਆ ਹੈ। ਇਨ੍ਹਾਂ ਕਰਮਕਾਂਡਾਂ ਦੀਆਂ ਕੁਝ ਮਿਸਾਲਾਂ ਇਸ ਗੱਲ ਦਾ ਸਬੂਤ ਹਨ। ਜਿਸ ਤਰ੍ਹਾਂ ਹਰ ਸਾਲ ਬੀਬੀਆਂ ਇੱਕ ਦਿਨ ਵਰਤ ਰੱਖ ਕੇ ਆਪਣੇ ਪਤੀ ਦੀ ਲੰਬੀ ਉਮਰ ਕਰਨ ਦਾ ਭਰਮ ਪਾਲ਼ਦੀਆਂ ਹਨ, ਮੁਸਲਮਾਨਾਂ ਵਿੱਚ ਕੁਝ ਦਿਨ ਦੇ ਰੋਜ਼ੇ ਰੱਖ ਕੇ ਕਲਪਿਤ ਜੰਨਤ ਮਿਲਣ ਦਾ ਭਰਮ ਪਾਲ਼ਿਆ ਜਾਂਦਾ ਹੈ, ਸ਼ਰਾਧਾਂ ਵਿੱਚ ਪੁਜਾਰੀਆਂ ਨੂੰ ਭੋਜਨ ਖੁਆ ਕੇ ਕਲਪਿਤ ਪਿੱਤਰ ਲੋਕ ਵਿੱਚ ਭੁੱਖੇ ਆਪਣੇ ਪਿੱਤਰਾਂ ਨੂੰ ਸਾਲ ਭਰ ਲਈ ਰਜ਼ਾਉਣ ਦਾ ਭਰਮ ਪਾਲਿਆ ਜਾਂਦਾ ਹੈ, ਮਿਰਤਕ ਪ੍ਰਾਣੀ ਨਮਿਤ ਪਾਠ ਰਖਾ ਕੇ ਉਸਦੀ ਆਤਮਾ ਨੂੰ ਸ਼ਾਂਤ ਕਰਨ ਜਾਂ ਗੁਰੂ ਦੇ ਚਰਨਾਂ ਵਿੱਚ ਸੀਟ ਪੱਕੀ ਹੋਣ ਦਾ ਭਰਮ ਪਾਲ਼ਿਆ ਜਾਂਦਾ ਹੈ, ਕਿਸੇ ਤੀਰਥ ਜਾਂ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਮਨੋ-ਕਾਮਨਾਵਾਂ ਪੂਰੀਆਂ ਹੋਣ ਜਾਂ ਪਾਪ ਧੋ ਹੋ ਜਾਣ ਦਾ ਭਰਮ ਪਾਲ਼ਿਆ ਜਾਂਦਾ ਹੈ, ਕੋਈ ਅੱਖਰ ਜਾਂ ਸ਼ਬਦ ਲੈ ਕੇ ਉਸਦੀ ਮਕੈਨੀਕਲ ਰੈਪੀਟੀਸ਼ਨ (ਤੋਤਾ ਰਟਨੀ) ਨਾਲ ਰੱਬ ਨੂੰ ਪਾਉਣ ਦਾ ਭਰਮ ਪਾਲਿਆ ਜਾਂਦਾ ਹੈ, ਕਿਸੇ ਸਾਧ ਜਾਂ ਪੁਜਾਰੀ ਤੋਂ ਕਿਸੇ ਸੁਆਹ ਦੀ ਪੁੜੀ ਵਿੱਚ ਫੂਕ ਮਰਾ ਕੇ ਤੇ ਮੰਤਰ ਪੜ੍ਹਾ ਕੇ ਦੂਜੇ ਦਾ ਨੁਕਸਾਨ ਕਰਨ ਦਾ ਭਰਮ ਪਾਲ਼ਿਆ ਜਾਂਦਾ ਹੈ, ਕਿਸੇ ਪਾਂਧੇ ਜਾਂ ਪੰਡਤ ਤੋਂ ਵਿਆਹ ਜਾਂ ਕਿਸੇ ਖਾਸ ਮੌਕੇ ਲਈ ਸਮਾਂ ਪੁੱਛ ਕੇ ਸ਼ੁੱਭ ਮਹੂਰਤ ਹੋਣ ਦਾ ਭਰਮ ਪਾਲ਼ਿਆ ਜਾਂਦਾ ਹੈ, ਕਿਸੇ ਅੱਖਰ ਦੇ ਮੰਤਰ ਜਾਪ ਜਾਂ ਸਿਮਰਨ ਨਾਲ ਕਿਸੇ ਕਲਪਿਤ ਸਵਰਗ ਜਾਂ ਸੱਚਖੰਡ ਵਿੱਚ ਸੀਟ ਰਿਜ਼ਰਵ ਹੋਣ ਦਾ ਭਰਮ ਪਾਲ਼ਿਆ ਜਾਂਦਾ ਹੈ, ਆਪਣੇ ਹੱਥੀਂ ਪੱਥਰ ਨੂੰ ਘੜ ਕੇ ਬਣਾਈ ਮੂਰਤੀ, ਕਿਸੇ ਗੁਰੂ ਪੀਰ ਦੀ ਫੋਟੋ, ਕਿਸੇ ਧਾਰਮਿਕ ਗ੍ਰੰਥ ਅੱਗੇ ਚੰਗੇ ਭਲੇ ਪੜ੍ਹੇ ਲਿਖੇ ਲੋਕ ਮੱਥੇ ਰਗੜਦੇ, ਮੰਨਤਾਂ ਮੰਗਦੇ, ਸੁੱਖਣਾ ਸੁੱਖਦੇ ਦੇਖੇ ਜਾ ਸਕਦੇ ਹਨ, ਧਰਮ ਸਥਾਨਾਂ ਅੱਗੇ ਪੈਰ ਧੋਣ ਲਈ ਬਣੇ ਪਾਣੀ ਦੇ ਚੁਬੱਚਿਆਂ ਵਿਚੋਂ ਗੰਦੇ ਪਾਣੀ ਨੂੰ ਅੰਮ੍ਰਿਤ ਸਮਝ ਕੇ ਚੂਲ਼ੇ ਪੀਂਦੇ ਸ਼ਰਧਾਲੂਆਂ ਨੂੰ ਦੇਖਿਆ ਜਾ ਸਕਦਾ ਹੈ, ਅਨੇਕਾਂ ਤਰ੍ਹਾਂ ਦੀਆਂ ਗੈਰ ਕੁਦਰਤੀ ਕਰਾਮਾਤੀ ਕਥਾ ਕਹਾਣੀਆਂ ਤੇ ਪੜ੍ਹੇ ਲਿਖੇ ਸ਼ਰਧਾਲੂ ਵੀ ਅਨਪੜ੍ਹਾਂ ਵਾਂਗ ਯਕੀਨ ਕਰਦੇ ਦੇਖੇ ਜਾ ਸਕਦੇ ਹਨ, ਭਵਿੱਖ ਦੱਸਣ ਦੇ ਜੋਤਿਸ਼ ਵਰਗੇ ਮੂਰਖਤਾ ਪੂਰਨ ਪਾਖੰਡ ਵਿੱਚ ਅਨਪੜ੍ਹ ਹੀ ਨਹੀਂ, ਪੜ੍ਹੇ ਲਿਖੇ ਸਾਇੰਸ ਦੇ ਵਿਦਿਆਰਥੀ ਵੀ ਫਸੇ ਆਮ ਮਿਲਦੇ ਹਨ ਤੇ ਅਨਪੜ੍ਹ ਜੋਤਸ਼ੀਆਂ ਅੱਗੇ ਹੱਥ ਅੱਡ ਕੇ ਬੈਠੇ ਹੁੰਦੇ ਹਨ।

ਕਰਮਕਾਂਡ ਨਕਲੀ ਧਰਮਾਂ ਦਾ ਇੱਕ ਅਜਿਹਾ ਗੋਰਖਧੰਦਾ ਹੈ, ਜਿਸ ਵਿੱਚ ਹਰ ਸ਼ਰਧਾਲੂ ਨੂੰ ਕੁਝ ਵੀ ਕਹਿ ਕੇ ਫਸਾਇਆ ਵੀ ਜਾ ਸਕਦਾ ਹੈ ਤੇ ਲੁੱਟਿਆ ਵੀ ਆਸਾਨੀ ਨਾਲ ਜਾ ਸਕਦਾ ਹੈ। ਪੁਜਾਰੀ ਅਗਰ ਥੋੜਾ ਵੀ ਸਮਝਦਾਰ ਹੈ, ਉਹ ਸ਼ਰਧਾਲੂ ਤੋਂ ਜੋ ਮਰਜ਼ੀ ਕਰਵਾ ਸਕਦਾ ਹੈ। ਜਾਨਵਰਾਂ, ਦਰਖਤਾਂ ਤੋਂ ਲੈ ਕੇ ਪੱਥਰਾਂ ਦੀ ਪੂਜਾ ਕਰਵਾ ਸਕਦਾ ਹੈ। ਕਰਮਕਾਂਡੀ ਧਰਮ ਤੋਂ ਨਿਕਲ ਕੇ ਸੱਚੇ ਧਰਮ ਵਿੱਚ ਪ੍ਰਵੇਸ਼ ਕਰਨ ਲਈ ਹਰ ਕਰਮਕਾਂਡ ਨੂੰ ਨਕਾਰਨਾ ਪਵੇਗਾ, ਜੋ ਤਰਕ, ਦਲੀਲ, ਵਿਗਿਆਨ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ, ਸਿਰਫ ਇਹ ਕਹਿਣ ਨਾਲ਼ ਕਿ ਸ਼ਰਧਾ ਵਿੱਚ ਸਭ ਕੁਝ ਹੈ, ਸ਼ਰਧਾ ਕਰਨ ਵਾਲ਼ੇ ਨੂੰ ਸਭ ਕੁਝ ਪ੍ਰਾਪਤ ਹੋ ਸਕਦਾ ਹੈ, ਨਿਰਾ ਬਕਵਾਸ ਹੈ। ਝੂਠ ਤੋਂ ਵੱਧ ਕੁਝ ਨਹੀਂ। ਜਿਹੜਾ ਵੀ ਪੁਜਾਰੀ, ਸਾਧ, ਧਰਮ ਗੁਰੂ ਤੁਹਾਨੂੰ ਧਰਮ ਦੇ ਨਾਮ ਤੇ ਕੋਈ ਪਾਖੰਡ, ਕਰਮਕਾਂਡ ਕਰਨ ਨੂੰ ਕਹਿੰਦਾ ਹੈ, ਅਗਰ ਤੁਹਾਨੂੰ ਉਸਦਾ ਕੋਈ ਲਾਭ ਨਹੀਂ ਲਗਦਾ, ਉਹ ਫੋਕਟ ਕਰਮ ਲਗਦਾ ਹੈ ਤਾਂ ਉਸਨੂੰ ਸਵਾਲ ਕਰੋ, ਉਸਤੇ ਕਿੰਤੂ ਕਰੋ, ਅਗਰ ਤੁਹਾਨੂੰ ਸਿਰਫ ਇਹੀ ਜਵਾਬ ਮਿਲਦਾ ਹੈ ਕਿ ਇਹ ਸਭ ਸ਼ਰਧਾ ਦਾ ਵਿਸ਼ਾ ਹੈ, ਤੁਸੀਂ ਵਿਸ਼ਵਾਸ਼ ਕਰੋ ਤਾਂ ਸਮਝੋ ਉਹ ਪਾਖੰਡੀ ਹੈ, ਇਹ ਸਭ ਉਸਦਾ ਲੁੱਟ ਦਾ ਧੰਦਾ ਹੈ। ਇਸ ਵਿੱਚ ਫਸਣ ਦੀ ਲੋੜ ਨਹੀਂ, ਜਿਸ ਵੀ ਧਰਮ ਕਰਮ ਨਾਲ ਤੁਹਾਡੇ ਸਰੀਰ ਜਾਂ ਮਨ ਨੂੰ ਕੋਈ ਲਾਭ ਨਹੀਂ, ਅਜਿਹੇ ਪਾਖੰਡ ਕਰਮਾਂ ਨੂੰ ਕਰਨਾ ਸਮੇਂ ਤੇ ਪੈਸੇ ਦੀ ਬਰਬਾਦੀ ਹੈ। ਮੌਜੂਦਾ ਜਥੇਬੰਧਕਾਂ ਧਰਮਾਂ ਵਿੱਚੋਂ ਜੇ ਕਰਮਕਾਂਡ ਕੱਢ ਦਿੱਤੇ ਜਾਣ ਤਾਂ ਇਨ੍ਹਾਂ ਕੋਲ਼ ਮਨੁੱਖਤਾ ਨੂੰ ਦੇਣ ਲਈ ਕੁਝ ਵੀ ਨਹੀਂ ਬਚਦਾ। ਜਥੇਬੰਧਕ ਧਾਰਮਿਕ ਫਿਰਕੇ ਧਰਮ ਦੇ ਨਾਮ ਤੇ ਲੁੱਟਣ ਦੀਆਂ ਦੁਕਾਨਾਂ ਤੋਂ ਵੱਧ ਕੁਝ ਨਹੀਂ। ਇਹ ਮਨੁੱਖਤਾ ਦਾ ਕੁਝ ਸੰਵਾਰਨ ਦੀ ਥਾਂ ਮਨੁੱਖਤਾ ਵਿੱਚ ਵੰਡੀਆਂ ਹੀ ਪਾਉਂਦੇ ਹਨ। ਅਜਿਹੇ ਕਰਮਕਾਂਡੀ ਧਰਮਾਂ ਤੋਂ ਜਿਤਨਾ ਜਲਦੀ ਛੁਟਕਾਰਾ ਪਾ ਲਿਆ ਜਾਵੇ, ਉਤਨਾ ਹੀ ਸਮਾਜ ਦਾ ਤੇ ਮਨੁੱਖਤਾ ਦਾ ਭਲਾ ਹੈ। ਜਿਤਨਾ ਸਮਾਂ, ਪੈਸਾ ਤੇ ਆਪਣੀ ਤਾਕਤ ਧਰਮਾਂ ਦੇ ਕਰਮਕਾਂਡਾਂ ਨੂੰ ਨਿਭਾਉਣ ਲਈ ਮਨੁੱਖ ਲਗਾਉਂਦਾ ਹੈ, ਜੇ ਉਤਨਾ ਸਮਾਂ ਆਪਣੇ ਸਰੀਰ ਦੀ ਤੰਦਰੁਸਤੀ ਅਤੇ ਮਨ ਦੀ ਸ਼ਾਂਤੀ ਲਈ ਲਗਾਵੇ ਤਾਂ ਆਪਣਾ, ਆਪਣੇ ਪਰਿਵਾਰ ਤੇ ਸਮਾਜ ਦਾ ਵੱਡਾ ਭਲਾ ਕਰ ਸਕਦਾ ਹੈਸ਼ ?

(ਚੱਲਦਾ)

# ਅਮਰ ਸ਼ਹੀਦ ਭਗਵਤੀ ਚਰਨ ਵੋਹਰਾ ਦੇ ਸ਼ਹਾਦਤ



ਭਾਰਤ ਦੀ ਇਨਕਲਾਬੀ ਲਹਿਰ ਦੇ ਜੁਝਾਰੂ ਸਿਆਸਤਦਾਨ, ਪ੍ਰਬੁੱਧ ਸਿਧਾਂਤਕਾਰ , ਇਨਕਲਾਬੀ ਅਤੇ ਦੁਰਗਾ ਭਾਬੀ ਦੇ ਜੀਵਨ ਸਾਥੀ- ਅਮਰ ਸ਼ਹੀਦ ਭਗਵਤੀ ਚਰਨ ਵੋਹਰਾ ਨੂੰ ਅੱਜ ਘੱਟ ਲੋਕ ਹੀ ਜਾਣਦੇ ਹਨ। 4 ਜੁਲਾਈ 1904 ਨੂੰ ਆਗਰਾ ਵਿੱਚ ਜਨਮੇ ਭਗਵਤੀ ਜੀ ਦੀ ਸਿੱਖਿਆ ਭਗਤ ਸਿੰਘ ਅਤੇ ਸੁਖਦੇਵ ਦੇ ਨਾਲ ਨੈਸ਼ਨਲ ਕਾਲਜ, ਲਾਹੌਰ ਵਿੱਚ ਹੋਈ। 1921 ਵਿੱਚ ਗਾਂਧੀ ਦੇ ਸੱਦੇ 'ਤੇ ਪੜ੍ਹਾਈ ਛੱਡ ਨਾ-ਮਿਲਵਰਤਨ ਲਹਿਰ ਵਿੱਚ ਸ਼ਾਮਲ ਹੋਏ ਪਰ ਲਹਿਰ ਵਾਪਸ ਲਏ ਜਾਣ ਕਾਰਨ ਨਿਰਾਸ਼ ਹੋਕੇ ਉਹਨਾਂ ਨੇ ਮੁੜ ਪੜ੍ਹਾਈ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਭਗਤ ਸਿੰਘ, ਸੁਖਦੇਵ, ਭਗਵਤੀ ਚਰਨ ਵੋਹਰਾ ਵਰਗੇ ਇਨਕਲਾਬੀਆ ਦੇ ਸੰਪਰਕ ਵਿੱਚ ਆਏ। ਇਹਨਾਂ ਤਿੰਨਾਂ ਇਨਕਾਬੀਆ ਦੀ ਸਮਝ ਵਧਾਉਣ ਵਿੱਚ ਨੈਸ਼ਨਲ ਕਾਲਜ ਦੇ ਪ੍ਰੋਫੈਸਰ ਛਬੀਲ ਦਾਸ ਅਤੇ 'ਸਰਵਰ ਆਫ ਦੀ ਪੀਪਲ ਸੁਸਾਇਟੀ' ਦੀ ਦੁਆਰਕਾ ਦਾਸ ਲਾਇਬ੍ਰੇਰੀ ਦੇ ਲਾਈਬ੍ਰੇਰੀਅਨ ਰਾਜਾਰਾਮ ਦਾ ਬਹੁਤ ਯੋਗਦਾਨ ਸੀ। ਉਮਰ ਕੈਦ ਦੀ ਸਜਾ ਭੁਗਤ ਚੁੱਕੇ ਇਨਕਲਾਬੀ ਸਾਥੀ ਮਰਹੂਮ ਸ਼ਿਵ ਵਰਮਾ ਦੇ ਸ਼ਬਦਾਂ ਵਿੱਚ, "ਵਿਗਿਆਨਕ ਦ੍ਰਿਸ਼ਟੀਕੋਣ ਅਤੇ ਸਮਾਜਿਕ ਵਿਗਿਆਨ ਦੀ ਡੂੰਘੀ ਸਮਝ ਦੇ ਮਾਮਲੇ ਵਿੱਚ ਭਗਤ ਸਿੰਘ ਅਤੇ ਵੋਹਰਾ ਦੀ ਬੌਧਿਕ ਸੂਝ ਇੱਕੋ ਜਿਹੀ ਸੀ। (ਯਾਦਾਂ) ਇਹ ਬਹੁਤ ਘੱਟ ਲੋਕ ਜਾਣਦੇ ਹਨ ਕਿ ਅਸੈਂਬਲੀ ਬੰਬ ਕਾਂਡ ਵਿੱਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦੁਆਰਾ 'ਇਨਕਲਾਬ ਜ਼ਿੰਦਾਬਾਦ-ਸਾਮਰਾਜਵਾਦ ਮੁਰਦਾਬਾਦ' ਦਾ ਜੋ ਨਾਹਰਾ ਲਾਇਆ ਗਿਆ ਸੀ, ਉਹ ਸ਼ਹੀਦ ਵੋਹਰਾ ਦੁਆਰਾ ਹੀ ਘੜਿਆ ਗਿਆ ਸੀ। ਇਹ ਭਗਵਤੀ ਹੀ ਸਨ ਜਿਹਨਾਂ ਨੇ 'ਨੌਜਵਾਨ ਭਾਰਤ ਸਭਾ' ਦੇ ਐਲਾਨਨਾਮੇ ਦਾ ਮੂਲ ਦਸਤਾਵੇਜ ਤਿਆਰ ਕੀਤਾ। ਇਹ ਗੌਰਤਲਬ ਹੈ ਕਿ ਨੌਜਵਾਨ ਭਾਰਤ ਸਭਾ ਦੇ ਪ੍ਰਚਾਰ ਮੰਤਰੀ ਵੋਹਰਾ ਹੀ ਸਨ। ਇਹਨਾ ਵੱਲੋਂ ਤਿਆਰ ਦੂਸਰਾ ਪ੍ਰਸਿੱਧ ਇਤਿਹਾਸਕ ਦਸਤਾਵੇਜ 1929 ਵਿੱਚ 'ਬੰਬ ਦਾ ਫਲਸਫਾ' ਦੇ ਨਾਮ ਨਾਲ ਆਇਆ ਵਾਇਸਰਾਏ ਦੀ ਰੇਲ 'ਤੇ ਬੰਬ ਹਮਲੇ ਤੋਂ ਬਾਅਦ ਗਾਂਧੀ ਦੁਆਰਾ ਇਸ ਦੀ ਨਿੰਦਾ ਕੀਤੇ ਜਾਣ ਅਤੇ ਯੰਗ ਇੰਡੀਆ ਪੇਪਰ ਵਿੱਚ ਇਨਕਲਾਬੀਆਂ 'ਤੇ ਬੰਬ ਦੀ ਪੂਜਾ ਦਾ ਇਲਜਾਮ ਲਗਾਏ ਜਾਣ 'ਤੇ ਇਹ ਪਰਚਾ ਲਿਖਿਆ ਗਿਆ। ਇਸ ਵਿੱਚ ਗਾਂਧੀ ਦੇ ਪ੍ਰਚਾਰਾਤਮਕ ਹਮਲੇ ਦਾ ਜਵਾਬ ਦੇਣ ਦੇ ਨਾਲ-ਨਾਲ ਅਹਿੰਸਾ ਦੀ ਸੁਚੱਜੀ ਵਿਆਖਿਆ ਕਰਦੇ ਹੋਏ ਇਨਕਲਾਬੀਆਂ ਦੇ ਅਸਲੀ ਮਕਸਦ ਅਤੇ ਭਵਿੱਖੀ ਸਮਾਜ ਦੀ ਰੂਪ ਰੇਖਾ ਵੀ ਪੇਸ਼ ਕੀਤੀ ਗਈ ਸੀ। ਵਾਇਸਰਾਏ ਅਤੇ ਗਾਂਧੀ ਦੀ ਮੁਲਾਕਾਤ ਨੂੰ ਵੋਹਰਾ ਨੇ ਸਾਮਰਾਜਵਾਦ ਅਤੇ ਸਰਮਾਏਦਾਰਾਂ ਦੇ ਨੁਮਾਇੰਦਿਆਂ ਦੀ ਗੱਲਬਾਤ ਦਾ ਨਾਮ ਦਿੱਤਾ।

28 ਮਈ, 1930 ਵਿੱਚ ਭਗਤ ਸਿੰਘ ਨੂੰ ਛੁਡਾਉਣ ਲਈ ਬੰਬ ਪਰੀਖਣ ਦੀ ਇੱਕ ਦਿਲ ਕੰਬਾਊ ਦੁਰਘਟਨਾ ਵਿੱਚ ਰਾਵੀ ਕੰਢੇ ਇਨਕਲਾਬ ਦਾ ਇਹ ਪ੍ਰਚੰਡ ਵਿਚਾਰਕ ਅਤੇ ਇਨਕਲਾਬ ਦਾ ਜੁਸ਼ੀਲਾ ਯੋਧਾ ਸ਼ਹੀਦ ਹੋ ਗਿਆ। ਸਰੀਰ ਦੇ ਚਿਥੜੇ ਉੱਡ ਗਏ ਪਰ ਆਖਰੀ ਸਾਹ ਤੱਕ ਉਹ ਸਾਥੀਆਂ ਨੂੰ ਹੌਸਲਾ ਦਿੰਦੇ ਰਹੇ। ਕਿਤੇ ਅੰਗਰੇਜਾਂ ਨੂੰ ਪਤਾ ਨਾ ਲੱਗ ਜਾਵੇ, ਇਸ ਲਈ ਉਹਨਾਂ ਨੂੰ ਮੌਤ ਤੋਂ ਬਾਅਦ ਉੱਥੇ ਰਾਵੀ ਦੇ ਕੰਢੇ ਹੀ ਦਫਨ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਉਹਨਾ ਦੀ ਪਤਨੀ ਦੁਰਗਾ ਭਾਬੀ ਵੀ ਉਹਨਾਂ ਨੂੰ ਨਹੀਂ ਮਿਲ ਸਕੀ। ਇਨਕਲਾਬੀ ਲਹਿਰ ਦਾ ਏਨਾ ਵੱਡਾ ਆਗੂ ਧਰਤੀ ਦੀ ਗੋਦ ਵਿੱਚ ਸੌਂ ਗਿਆ।

ਇਸ ਅਮਰ ਸ਼ਹੀਦ ਦੇ ਅੱਜ ਸ਼ਹਾਦਤ ਦਿਹਾੜੇ ਮੌਕੇ ਉਸੇ ਤਰ੍ਹਾਂ ਦੀ ਚੁੱਪ ਦਿਲ ਵਿੱਚ ਇੱਕ ਚੀਸ ਪੈਦਾ ਕਰਦੀ ਹੈ। ਕੁੱਝ ਕੁ ਨੌਜਵਾਨਾ ਨੂੰ ਛੱਡ ਕੇ ਉਹਨਾ ਦਾ ਨਾਮ ਲੈਣ ਵਾਲਾ ਕੋਈ ਵਿਖਾਈ ਨਹੀਂ ਦਿੰਦਾ, ਜਦਕਿ ਉਹਨਾਂ ਦੀਆਂ ਕੁਰਬਾਨੀਆਂ ਦੀ ਬਦੌਲਤ ਅਜਾਦੀ ਦਾ ਅਨੰਦ ਲੈਣ ਵਾਲੇ ਬਥੇਰੇ ਨੇ। ਫਿਰ ਸੋਚਣਾ ਪਵੇਗਾ ਕਿ ਕੀ ਇਨਕਲਾਬੀਆ ਦਾ ਸੁਪਨਾ ਪੂਰਾ ਹੋਇਆ ? ਅੱਜ ਇਹ ਸਵਾਲ ਸਾਡੀਆਂ ਅੱਖਾਂ ਵਿੱਚ ਅੱਖਾਂ ਪਾਈ ਖੜਾ ਹੈ।

# ਔਕਸਫੈਮ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਵਸਤਾਂ



ਔਕਸਫੈਮ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਵਸਤਾਂ ਤੇ ਸੇਵਾਵਾਂ ਕਰ ਰਾਹੀਂ ਸਰਕਾਰਾਂ ਨੂੰ ਹੋਣ ਵਾਲੀ ਆਮਦਨ ਦਾ 64.3% ਜਾਣੀ ਲਗਭਗ ਦੋ ਤਿਹਾਈ ਹਿੱਸਾ ਦੇਸ਼ ਦੀ ਸਭ ਤੋਂ ਗਰੀਬ 50% ਅਬਾਦੀ ਦੀਆਂ ਜੇਬਾਂ ਵਿੱਚੋਂ ਆਉਂਦਾ ਹੈ। ਇਸ ਦੇ ਉਲਟ ਭਾਰਤ ਦੇ ਸਿਖਰਲੇ 10% ਅਮੀਰਾਂ ਦੀਆਂ ਜੇਬਾਂ ਵਿੱਚੋਂ ਵਸਤਾਂ ਤੇ ਸੇਵਾਵਾਂ ਕਰ ਦਾ ਸਿਰਫ 3-4% ਹਿੱਸਾ ਹੀ ਆਉਂਦਾ ਹੈ। ਇੱਕ ਪਾਸੇ ਦੇਸ਼ ਦੀ ਕਿਰਤੀ ਅਬਾਦੀ ਤਰ੍ਹਾਂ-ਤਰ੍ਹਾਂ ਦੇ ਕਰ ਦੇਣ ਉੱਤੇ ਮਜਬੂਰ ਹੈ ਜਿਸਦਾ ਵੱਡਾ ਹਿੱਸਾ ਸਰਕਾਰਾਂ ਸਰਮਾਏਦਾਰਾਂ ਦੀ ਝੋਲੀ ਪਾਉਣ ਨੂੰ ਕਾਹਲੀਆਂ ਰਹਿੰਦੀਆਂ ਹਨ ਤੇ ਦੂਜੇ ਪਾਸੇ ਬੀ.ਸੀ.ਸੀ.ਆਈ (ਭਾਰਤ ਵਿੱਚ ਕ੍ਰਿਕੇਟ ਕੰਟਰੋਲ ਬੋਰਡ) ਹੈ ਜਿਸਨੇ ਆਈ.ਪੀ.ਐਲ. ਦੇ 2023-27 ਦੇ ਗੇੜ ਵਾਲੇ ਮੀਡੀਆ ਹੱਕ ਵੇਚਕੇ 48,390 ਕਰੋੜ ਕਮਾਏ ਪਰ ਸਰਕਾਰ ਨੇ ਬੀ.ਸੀ.ਸੀ.ਆਈ ਤੋਂ ਇੱਕ ਰੁਪਇਆ ਵੀ ਕਰ ਨਹੀਂ ਲਿਆ।

ਆਮ ਹੀ ਮੌਜੂਦਾ ਸਰਮਾਏਦਾਰਾ ਪ੍ਰਬੰਧ ਦੇ ਹਮਾਇਤੀਆਂ ਮੂਹੋਂ ਇਹ ਤਰਕ ਸੁਣਨ ਨੂੰ ਮਿਲਦਾ ਹੈ ਕਿ ਸਰਮਾਏਦਾਰ ਹੀ ਕਰਾਂ ਵਿੱਚ ਸਭ ਤੋਂ ਵੱਡਾ ਹਿੱਸਾ ਪਾਉਂਦੇ ਹਨ। ਪਹਿਲੀ ਗੱਲ ਤਾਂ ਇਹ ਕਿ ਜੋ ਸਰਮਾਏਦਾਰ ਕਰਾਂ ਵਿੱਚ ਜੋ ਹਿੱਸਾ ਪਾਉਂਦੇ ਹਨ ਉਹ ਉਹਨੇ ਦੇ ਮੁਨਾਫਿਆਂ ਦਾ ਹੀ ਇੱਕ ਹਿੱਸਾ ਹੁੰਦਾ ਹੈ ਤੇ ਮੁਨਾਫਿਆਂ ਦਾ ਇੱਕੋ ਇੱਕੋ ਸਰੋਤ ਮਜਦੂਰਾਂ ਦੀ ਕਿਰਤ ਦੀ ਹੀ ਲੁੱਟ ਹੈ ਜਾਣੀ ਸਰਮਾਏਦਾਰ ਹੋਰਾਂ ਦੀ ਲੁੱਟ ਰਾਹੀਂ ਹਾਸਲ ਧਨ ਦਾ ਇੱਕ ਹਿੱਸਾ ਹੀ ਕਰਾਂ ਦੇ ਰੂਪ ਵਿੱਚ ਦਿੰਦੇ ਹਨ। ਦੂਜਾ ਇਹ ਕਰ ਸਰਮਾਏਦਾਰ ਕੋਈ ਲੋਕ ਭਲਾਈ ਲਈ ਨਹੀਂ ਸਗੋਂ ਰਾਜ ਸੱਤਾ ਨੂੰ ਇਸ ਲੋਟੂ ਸਰਮਾਏਦਾਰਾ ਪ੍ਰਬੰਧ ਨੂੰ ਹੀ ਬਣਾਈ ਰੱਖਣ ਤੇ ਸੁਚਾਰੂ ਰੂਪ ਵਿੱਚ ਚਲਾਉਣ ਲਈ ਦਿੰਦੇ ਹਨ। ਤੀਜਾ, ਨਵਉਦਾਰਵਾਦੀ ਨੀਤੀਆਂ ਤਹਿਤ ਲਗਾਤਾਰ ਵਧੇਰੇ ਤੋਂ ਵਧੇਰੇ ਕਰਾਂ ਦਾ ਬੋਝ ਲੋਕਾਈ ਸਿਰ ਸਿੱਟਿਆ ਜਾ ਰਿਹਾ ਹੈ ਤੇ ਲੋਕਾਂ ਵੱਲੋਂ ਕਰਾਂ ਵਿੱਚ ਪਾਇਆ ਹਿੱਸਾ ਸਰਮਾਏਦਾਰਾਂ ਦੇ ਨਿਸਬਤਨ ਦੁਨੀਆਂ ਭਰ ਵਿੱਚ ਹੀ ਵਧਦਾ ਜਾ ਰਿਹਾ ਹੈ।

ਲੋਕਾਂ ਦੇ ਸਿਰ ਕਰਾਂ ਦਾ ਬੋਝ ਵਧਾਉਣ ਦੇ ਨਾਲ-ਨਾਲ ਦੁਨੀਆਂ ਭਰ ਵਿੱਚ ਸਰਕਾਰਾਂ, ਸਮੇਤ ਭਾਰਤ ਦੀ ਯੂਨੀਅਨ ਤੇ ਸੂਬਾ ਸਰਕਾਰਾਂ ਦੇ, ਸਰਕਾਰੀ ਆਮਦਨ ਵਿੱਚੋਂ ਲੋਕਾਂ ਉੱਤੇ ਖਰਚ ਹੋਣ ਵਾਲੀ ਰਕਮ ਨੂੰ ਘਟਾਉਂਦੀਆਂ ਜਾ ਰਹੀਆਂ ਹਨ ਤਾਂਕਿ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਹੁਲਾਰਾ ਮਿਲ ਸਕੇ। ਇਸ ਨਾਲ ਸਰਮਾਏਦਾਰੀ ਤੇ ਉਹਨਾਂ ਦੀਆਂ ਚਾਕਰ ਸਰਕਾਰਾਂ ਦਾ ਲੋਕ ਦੋਖੀ, ਪਰਜੀਵੀ ਖਾਸਾ ਵਧੇਰੇ ਤੋਂ ਵਧੇਰੇ ਨੰਗਾ ਹੁੰਦਾ ਜਾ ਰਿਹਾ ਤੇ ਇਸ ਖ਼ਾਸੇ ਸਬੰਧੀ ਲੋਕ ਵੀ ਵਧੇਰੇ ਚੇਤੰਨ ਹੋਣ ਲੱਗੇ ਹਨ। ਅੱਜ ਲੋੜ ਹੈ ਕਿ ਲੋਕ ਪੱਖੀ ਤਾਕਤਾਂ ਲੋਕਾਂ ਵਿੱਚ ਸੁਲਗਦੀ ਇਸ ਚੇਤਨਾ ਨੂੰ ਵਧੇਰੇ ਤਿੱਖਾ ਕਰਨ ਤੇ ਲੋਕਾਈ ਦੀਆਂ ਤਕਲੀਫ਼ਾਂ ਦੇ ਮੂਲ ਕਾਰਨ, ਇਸ ਸਰਮਾਏਦਾਰਾ ਢਾਂਚੇ, ਵਿਰੁੱਧ ਉਹਨਾਂ ਦੇ ਗੁੱਸੇ, ਘੋਲਾਂ ਨੂੰ ਸੇਧਤ ਕਰਨ।

ਲਲਕਾਰ 'ਚੋਂ ਧੰਨਵਾਦ ਸਹਿਤ

# ਹਥਿਆਰਾਂ ਦੀ ਦੌੜ : ਜੰਗ ਤੇ ਰਾਜਨੀਤੀ ਦਾ ਸੁਮੇਲ



ਡਾ. ਕੁਲਦੀਪ ਸਿੰਘ
98151-15429

*ਜੰਗਾਂ ਮਨੁੱਖੀ ਇਤਿਹਾਸ ਉਪਰ ਕਲੰਕਿਤ ਪੰਨੇ ਹੁੰਦੇ ਹਨ ਜਿਹੜੇ ਲਗਾਤਾਰ ਸੋਚਣ ਲਈ ਮਜਬੂਰ ਕਰਦੇ ਹਨ ਕਿ ਅਸੀਂ ਇਸ ਧਰਤੀ ਦੇ ਹੀ ਬਾਸ਼ਿੰਦੇ ਹਾਂ ਜਿਹੜੇ ਆਪਣਿਆਂ ਦੇ ਚਿਹਰਿਆਂ ਨੂੰ ਤਬਾਹ ਕਰ ਦਿੰਦੇ ਹਨ। ਹਜ਼ਾਰਾਂ ਬੱਚੇ ਜਿਹੜੇ ਨਿੱਕੀਆਂ ਜੰਗਾਂ ਵਿਚ ਆਪਣਾ ਸਭ ਕੁਝ ਗਵਾ ਲੈਂਦੇ ਹਨ ਜਿਨ੍ਹਾਂ ਦਾ ਕੋਈ ਕਸੂਰ ਨਹੀਂ ਹੁੰਦਾ। ਅਜੇ ਤਾਂ ਉਨ੍ਹਾਂ ਦੀ ਤੀਸਰੀ ਅੱਖ ਨੇ ਖੁੱਲ੍ਹਣਾ ਹੀ ਹੁੰਦਾ ਹੈ ਅਸੀਂ ਪਹਿਲਾਂ ਹੀ ਉਸ ਅੱਖ ਨੂੰ ਤਬਾਹ ਕਰ ਦਿੰਦੇ ਹਾਂ ਤਾਂ ਕਿ ਦੁਨੀਆ ਨੂੰ ਉਹ ਆਪਣੇ ਨਜ਼ਰ ਨਾਲ ਵੇਖ ਨਾ ਸਕਣ। ਅਜਿਹੇ ਕਾਲੇ ਪੰਨੇ ਦੁਨੀਆ ਦੀਆਂ ਜੰਗਾਂ ਦੌਰਾਨ ਲਿਖੇ ਗਏ ਹਨ ਜਿਸ ਕਿਸਮ ਨਾਲ ਅਜੋਕੀ ਹਥਿਆਰਾਂ ਦੀ ਦੌੜ ਦਾ ਸਿਲਸਿਲਾ ਚਲ ਰਿਹਾ ਹੈ ਇਹ ਪਤਾ ਨਹੀਂ ਦੁਨੀਆ ਦੇ ਹਰੇਕ ਚੱਪੇ ਚੱਪੇ 'ਤੇ ਕਿਸ ਕਿਸਮ ਦੀਆਂ ਅਣਹੋਣੀਆਂ ਨੂੰ ਜਨਮ ਦੇਵੇਗਾ। ਉਸ ਤੋਂ ਸੁਚੇਤ ਕਰਾਉਣ ਹਿਤ ਇਹ ਦਿਲ ਕੰਬਾਊ ਰਿਪੋਰਟ ਤੱਥਾਂ ਦੇ ਆਧਾਰ 'ਤੇ ਪਾਠਕਾਂ ਅੱਗੇ ਰੱਖ ਰਹੇ ਹਾਂ। - ਸੰਪਾਦਕ*



ਅਜੋਕੀ ਦੁਨੀਆ ਜਿਥੇ ਸਮਾਜਿਕ ਅਤੇ ਰਾਜਨੀਤਕ ਖੇਤਰਾਂ ਤੋਂ ਲੈ ਕੇ ਆਰਥਿਕਤਾਵਾਂ ਦੇ ਸੰਕਟਾਂ ਨਾਲ ਜੂਝ ਰਹੀ ਹੈ। ਦੁਨੀਆ ਦਾ ਕੋਈ ਵੀ ਅਜਿਹਾ ਕੋਨਾ ਨਹੀਂ ਬਚਿਆ ਜਿਥੇ ਅੰਦਰੂਨੀ ਅਤੇ ਬਾਹਰੀ ਸੰਕਟ ਵੱਖੋ ਵੱਖ ਮੁਲਕਾਂ ਨੂੰ ਨਾ ਘੇਰੀ ਬੈਠੇ ਹੋਣ। ਪ੍ਰੰਤੂ ਜਿਸ ਕਿਸਮ ਨਾਲ ਸੰਸਾਰ ਪੱਧਰ 'ਤੇ ਮਿਲਟਰੀ ਤਾਕਤ ਬਣਨ ਦੀ ਦੌੜ ਨੇ ਆਪਣੇ ਕੁੱਲ ਘਰੇਲੂ ਪੈਦਾਵਾਰਾਂ ਵਿਚੋਂ ਖਰਚੇ ਵਧਾ ਦਿੱਤੇ ਹਨ ਉਨ੍ਹਾਂ ਤੋਂ ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਦੁਨੀਆ ਦਾ ਆਉਣ ਵਾਲਾ ਭਵਿੱਖ ਹੋਰ ਨਵੀਆਂ ਜੰਗਾਂ ਨੂੰ ਜਨਮ ਦੇਵੇਗਾ। ਸਟਾਕਹੋਲਨ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਜੋ ਕਿ ਕੌਮਾਂਤਰੀ ਪੱਧਰ ਦਾ ਖੋਜ ਅਦਾਰਾ ਹੈ ਜਿਹੜਾ ਵੱਖ ਵੱਖ ਦੇਸ਼ਾਂ ਵਿਚ ਆਪਸੀ ਅਤੇ ਬਾਹਰੀ ਝਗੜਿਆਂ ਜੋ ਵੱਡੀਆਂ ਅਤੇ ਛੋਟੀਆਂ ਜੰਗਾਂ ਨਾਲ ਸੰਬੰਧਤ ਹੁੰਦੇ ਹਨ ਦੇ ਨਾਲ ਨਾਲ ਵੱਖ ਵੱਖ ਦੇਸ਼ਾਂ ਵਿਚ ਕਿਸ ਕਿਸਮ ਦੇ ਹਥਿਆਰ ਖਰੀਦੇ ਜਾਂਦੇ ਹਨ ਅਤੇ ਕਿਵੇਂ ਵੱਖ ਵੱਖ ਮੁਲਕਾਂ ਦੀਆਂ ਨੀਤੀਆਂ ਵਿਚ ਹਥਿਆਰਾਂ ਦੀ ਖਰੀਦੋ ਫਰੋਖਤ ਨੂੰ ਲੈ ਕੇ ਫੈਸਲੇ ਲਏ ਜਾਂਦੇ ਹਨ। ਇਸ ਅਦਾਰੇ ਦੀ ਰਿਪੋਰਟ-2023 ਨੇ ਦੁਨੀਆ ਨੂੰ ਦਿਖਾ ਦਿੱਤਾ ਹੈ ਕਿ ਕਿਸ ਕਿਸਮ ਨਾਲ ਇਕ ਮੁਲਕ ਤੋਂ ਬਾਅਦ ਦੂਸਰਾ ਮੁਲਕ ਹਥਿਆਰਾਂ ਦੀ ਦੌੜ ਵਿਚ ਸ਼ਾਮਲ ਹੋ ਰਿਹਾ ਹੈ। ਵਰ੍ਹਾ 2022 ਵਿਚ ਦੁਨੀਆ ਭਰ ਦੇ ਮੁਲਕ 2240 ਬਿਲੀਅਨ ਡਾਲਰ ਹਥਿਆਰਾਂ ਉਪਰ ਖਰਚ ਕਰਦੇ ਸਨ। ਵਰ੍ਹਾ 2015 ਤੋਂ ਵਰ੍ਹਾ 2022 ਤੱਕ ਹਥਿਆਰਾਂ ਉਪਰ ਖਰਚਾ 19 ਪ੍ਰਤੀਸ਼ਤ ਵਧਿਆ ਹੈ। ਸਮੁੱਚੀ ਦੁਨੀਆ ਆਪਣੀ ਕੁੱਲ ਘਰੇਲੂ ਪੈਦਾਵਾਰ ਦਾ 2.2 ਪ੍ਰਤੀਸ਼ਤ ਖਰਚ ਹਥਿਆਰਾਂ ਉਪਰ ਕਰਦੀ ਹੈ। ਇਸ ਰਿਪੋਰਟ ਵਿਚ ਦਰਜ ਕੀਤਾ ਹੈ ਕਿ ਦੁਨੀਆ ਦੇ ਪੰਜ ਮੁਲਕ ਜਿਨ੍ਹਾਂ ਵਿਚ ਅਮਰੀਕਾ, ਚੀਨ, ਰੂਸ, ਭਾਰਤ ਅਤੇ ਸਾਊਦੀ ਅਰਬ ਸਮੁੱਚੀ ਦੁਨੀਆ ਉਪਰ ਹਥਿਆਰਾਂ ਦੇ ਖਰਚ ਕੀਤੇ ਜਾਣ ਵਾਲੇ ਵਿਚੋਂ 63 ਪ੍ਰਤੀਸ਼ਤ ਇਹ ਮੁਲਕ ਹੀ ਖਰਚ ਕਰਦੇ ਹਨ। ਇਸ ਹਥਿਆਰਾਂ ਦੀ ਦੌੜ ਵਿਚ ਅੱਜ ਵੀ ਅਮਰੀਕਾ ਸਭ ਤੋਂ ਉਪਰ ਹੈ ਜੋ ਕਿ 887 ਬਿਲੀਅਨ ਡਾਲਰ ਖਰਚਾ ਕਰ ਰਿਹਾ ਹੈ ਅਤੇ ਦੂਸਰੇ ਨੰਬਰ 'ਤੇ ਚੀਨ ਜੋ 292 ਬਿਲੀਅਨ ਡਾਲਰ, ਰੂਸ 86.4 ਬਿਲੀਅਨ ਡਾਲਰ, ਭਾਰਤ 81.4 ਬਿਲੀਅਨ ਡਾਲਰ ਅਤੇ ਸਾਊਦੀ ਅਰਬ 75 ਬਿਲੀਅਨ ਡਾਲਰ ਖਰਚ ਕਰ ਰਿਹਾ ਹੈ। ਜੋ ਯੂਕਰੇਨ ਦੀ ਜੰਗ ਚੱਲ ਰਹੀ ਹੈ ਉਸ ਵਿਚ ਯੂਕਰੇਨ ਨੂੰ ਆਪਣੇ ਮਿਲਟਰੀ ਉਪਰ ਖਰਚੇ ਵਧਾਉਣੇ ਪਏ। ਇਥੋਂ ਤੱਕ ਕਿ ਇਹ 44 ਬਿਲੀਅਨ ਡਾਲਰ ਖਰਚਣ ਤੱਕ ਪਹੁੰਚ ਗਿਆ। ਇਸੇ ਤਰ੍ਹਾਂ ਫਰਾਂਸ, ਜਰਮਨ, ਜਾਪਾਨ, ਇੰਗਲੈਂਡ ਅਤੇ ਯੂਕਰੇਨ ਆਦਿ ਆਪਣੇ ਕੁੱਲ ਘਰੇਲੂ ਪੈਦਾਵਾਰ ਦਾ 3.4 ਪ੍ਰਤੀਸ਼ਤ ਹਥਿਆਰਾਂ ਉਪਰ ਖਰਚ ਕਰ ਰਹੇ ਹਨ। ਜਿਸ ਕਿਸਮ ਨਾਲ ਵੱਖ ਵੱਖ ਮੁਲਕਾਂ ਨੇ ਆਪਣੇ ਖਰਚੇ ਹਥਿਆਰਾਂ ਉਪਰ ਵਧਾਏ ਉਸ ਨਾਲ ਦੇਸ਼ਾਂ ਅੰਦਰ ਜਨ ਸਮੂਹ ਨੂੰ ਵੱਡੀਆਂ ਆਰਥਿਕ ਤੰਗੀਆਂ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਇਸ ਰਿਪੋਰਟ ਵਿਚ ਹੀ ਦਰਜ ਕੀਤਾ ਗਿਆ ਹੈ ਕਿ ਲੋਕਾਂ ਦੀ ਰੋਜ਼ਮਰਾਂ ਦੀ ਜੀਵਨ ਜਾਚ ਬੁਰੀ ਤਰ੍ਹਾਂ ਪ੍ਰਭਾਵਤ ਹੋਈ ਹੈ ਤੇ ਉਹ ਭਿਆਨਕ ਮਹਿਗਾਈ ਦੇ ਦੌਰ ਵਿਚ ਪ੍ਰਵੇਸ਼ ਕਰ ਗਏ ਹਨ। ਵੱਖ ਵੱਖ ਦੇਸ਼ਾਂ ਨੇ ਆਪਣੇ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉਪਰ ਵੱਡੀਆਂ ਕਟੌਤੀਆਂ ਲਗਾ ਦਿੱਤੀਆਂ ਹਨ। ਰਿਪੋਰਟ ਵਿਚ ਇਥੋਂ ਤੱਕ ਜ਼ਿਕਰ ਹੈ ਕਿ ਯੂਕਰੇਨ ਉਪਰ ਰੂਸ ਦੇ ਹਮਲੇ ਤੋਂ ਬਾਅਦ ਵਰ੍ਹਾ 2021 ਤੋਂ ਵਰ੍ਹਾ 2022 ਤੱਕ ਕੁੱਲ ਘਰੇਲੂ ਪੈਦਾਵਾਰ ਦੀ ਹਥਿਆਰਾਂ ਦੇ ਖਪਤ 3.7 ਪ੍ਰਤੀਸ਼ਤ ਤੋਂ ਵੱਧ ਕੇ 4.1 ਪ੍ਰਤੀਸ਼ਤ ਹੋ ਗਈ ਹੈ। ਭਾਰਤ ਜਿਹੜਾ ਹਥਿਆਰਾਂ ਦੀ ਦੌੜ ਵਿਚ ਚੌਥੇ ਨੰਬਰ 'ਤੇ ਹੈ ਇਸ ਨੇ ਵਰ੍ਹਾ 2021 ਤੋਂ 22 ਦੇ ਦਰਮਿਆਨ ਹੀ 6 ਪ੍ਰਤੀਸ਼ਤ ਹੋਰ ਹਥਿਆਰਾਂ 'ਤੇ ਵੱਧ ਖਰਚਿਆ ਹੈ। ਰਿਪੋਰਟ ਵਿਚ ਦਰਜ ਹੈ ਕਿ ਵਰ੍ਹਾ 2013 ਤੋਂ 2021 ਦਰਮਿਆਨ ਹਥਿਆਰਾਂ 'ਤੇ ਖਰਚਾ 47 ਪ੍ਰਤੀਸ਼ਤ ਵਧਿਆ ਹੈ। ਇਸ ਦਾ ਕਾਰਨ ਇਹ ਦਰਸਾਇਆ ਗਿਆ ਹੈ ਕਿ ਚੀਨ ਅਤੇ ਪਾਕਿਸਤਾਨ ਨਾਲ ਲਗਾਤਾਰ ਤਣਾਅ ਰਹਿਣ ਕਰਕੇ ਮਿਲਟਰੀ ਤਾਕਤ ਨੂੰ ਆਧੁਨਿਕ ਕਰਨ ਲਈ ਇਹ ਖਰਚਾ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਰਿਪੋਰਟ ਵਿਚ ਇਹ ਦਰਜ ਕੀਤਾ ਗਿਆ ਕਿ ਯੂਕਰੇਨ ਉਪਰ ਰੂਸ ਦੇ ਹਮਲੇ ਤੋਂ ਬਾਅਦ ਵੱਖ ਵੱਖ ਜੋ ਮੁਲਕ ਡੈਨਮਾਰਕ, ਪੋਲੈਂਡ, ਲੀਥੋਨੀਆ ਆਦਿ ਤੋਂ ਲੈ ਕੇ ਸਵਿਟਜ਼ਰਲੈਂਡ, ਲਕਸ਼ਮ ਵਰਗ। ਹੋਰ ਤਾਂ ਹੋਰ ਲੈਟਵੀਆ, ਬੋਸਨੀਆ ਆਦਿ ਜੋ ਸੈਂਟਰਲ ਅਤੇ ਵੈਸਟ ਯੂਰਪੀਅਨ ਦੇਸ਼ ਬਣਦੇ ਹਨ ਉਨ੍ਹਾਂ ਨੇ ਹਥਿਆਰਾਂ ਉਪਰ 23 ਪ੍ਰਤੀਸ਼ਤ ਹੋਰ ਵਾਧਾ ਕੀਤਾ ਹੈ ਜਿਸ ਨਾਲ ਇਨ੍ਹਾਂ ਮੁਲਕਾਂ ਵਿਚ ਮਹਿਗਾਈ ਦੀ ਦਰ ਲਗਾਤਾਰ ਵੱਧ ਗਈ ਹੈ।

ਏਸ਼ੀਆ ਦੇ ਖਿੱਤੇ ਵਿਚ ਸਮੁੱਚੇ ਮੁਲਕ 575 ਬਿਲੀਅਨ ਡਾਲਰ ਹਥਿਆਰਾਂ 'ਤੇ ਖਰਚਾ ਕਰਦੇ ਹਨ। ਵਰ੍ਹਾ 2013 ਤੋਂ 2021 ਤੱਕ ਇਸ ਦੀ ਪ੍ਰਤੀਸ਼ਤਤਾ 2.7 ਤੋਂ ਵੱਧ ਕੇ 4.5 ਪ੍ਰਤੀਸ਼ਤ ਹੋ ਗਈ ਹੈ ਜਿਹੜੀ ਲਗਾਤਾਰ ਵਧਦੀ ਜਾ ਰਹੀ ਹੈ।



ਆਰਥਿਕ ਤੌਰ 'ਤੇ ਪਹਿਲਾਂ ਅਹਿਮੀਅਤ ਅਖਤਿਆਰ ਕਰ ਗਏ ਈਸਟ ਏਸ਼ੀਅਨ ਮੁਲਕ ਵੀ ਪਿਛਲੇ ਸਮੇਂ ਵਿਚ ਮਿਲਟਰੀ ਉਪਰ ਆਪਣੇ ਖਰਚੇ ਇਸ ਕਰਕੇ ਵਧਾ ਗਏ ਹਨ ਕਿਉਂਕਿ ਲਗਾਤਾਰ ਉਨ੍ਹਾਂ ਨੂੰ ਚੀਨ ਤੋਂ ਖਰਚਾ ਦਿਖਾਈ ਦਿੰਦਾ ਰਹਿੰਦਾ ਹੈ। ਇਸੇ ਤਰ੍ਹਾਂ ਜਾਪਾਨ ਵੀ ਇਕ ਕਿਸਮ ਨਾਲ ਚੀਨ ਤੋਂ ਦਹਿਸ਼ਤਜਦਾ ਮਹਿਸੂਸ ਕਰਦਾ ਹੈ। ਇਸ ਰਿਪੋਰਟ ਨੇ ਸਮੁੱਚਤਾ ਵਿਚ ਇਹ ਦਰਸਾਇਆ ਹੈ ਕਿ ਅਫਰੀਕਨ ਮੁਲਕਾਂ ਨੂੰ ਛੱਡ ਕੇ ਸਮੁੱਚੀ ਦੁਨੀਆ ਵਿਚ ਹਥਿਆਰਾਂ 'ਤੇ ਖਰਚਾ ਲਗਾਤਾਰ ਵਧਿਆ ਹੈ ਜਿਸ ਦਾ ਸਿੱਧਾ ਅਤੇ ਅਸਿੱਧਾ ਪ੍ਰਭਾਵ ਇਹ ਪਿਆ ਹੈ ਕਿ ਅਮਰੀਕਾ ਵਰਗਾ ਮੁਲਕ ਜਿਸ ਦੀ ਆਰਥਿਕਤਾ ਵਿਚ ਪ੍ਰਮੁੱਖ ਹਿੱਸਾ ਮਿਲਟਰੀ ਇੰਡਸਟਰੀਅਲ ਕੰਪਲੈਕਸ ਦਾ ਰਿਹਾ ਹੈ



ਉਹ ਲਗਾਤਾਰ ਤਾਕਤਵਰ ਹੋ ਰਹੀ ਹੈ। ਦੁਨੀਆ ਦੀਆਂ ਵੱਖ ਵੱਖ ਸੰਸਥਾਵਾਂ ਜਿਹੜੀਆਂ ਕਿਸੇ ਸਮੇਂ ਹਥਿਆਰਾਂ ਦੀ ਦੌੜ ਨੂੰ ਰੋਕਣ ਅਤੇ ਜੰਗਾਂ ਦੇ ਖਿਆਲ ਹੁੰਦੀਆਂ ਸੀ ਉਨ੍ਹਾਂ ਦੀ ਸਾਰਥਿਕਤਾ ਪਿਛਲੇ ਸਮੇਂ ਵਿਚ ਲਗਾਤਾਰ ਘਟ ਰਹੀ ਹੈ। ਯੂਕਰੇਨ ਦੀ ਜੰਗ ਨੇ ਇਹ ਦਿਖਾ ਦਿੱਤਾ ਹੈ ਕਿ ਜਦੋਂ ਵੱਡੇ ਮੁਲਕ ਜੰਗਾਂ ਵਿਚ ਉਲਝਦੇ ਹਨ ਅਤੇ ਸਮੁੱਚੀ ਦੁਨੀਆ ਨੂੰ ਖੌਫ ਦੇ ਦੌਰ ਵਿਚ ਸੁੱਟ ਦਿੰਦੇ ਹਨ ਤਾਂ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋ ਜਾਂਦੀ ਹੈ। ਹਥਿਆਰਾਂ ਦੇ ਵੱਧ ਰਹੇ ਝੁਕਾਅ ਨੂੰ ਦਰਸਾਉਂਦੀ ਇਸ ਰਿਪੋਰਟ ਵਿਚ ਮਿਲਟਰੀ ਖਰਚਿਆਂ ਨੂੰ ਸੁਰੱਖਿਆ ਮਹਿਕਮਿਆਂ ਤੋਂ ਲੈ ਕੇ ਵੱਖ ਵੱਖ ਕਿਸਮ ਦੀਆਂ ਮਿਲਟਰੀ ਤਾਕਤਾਂ ਉਨ੍ਹਾਂ ਵਿਚ ਹੀ ਕਈ ਦੇਸ਼ਾਂ ਵਿਚ ਸ਼ਾਂਤੀ ਦੇ ਨਾਂ 'ਤੇ ਭੇਜੀ ਜਾਂਦੀ ਮਿਲਟਰੀ ਤੇ ਇਥੋਂ ਤੱਕ ਵੱਖ ਵੱਖ ਦੇਸ਼ਾਂ ਵਿਚ ਮਿਲਟਰੀ ਅਪ੍ਰੇਸ਼ਨਾਂ ਲਈ ਦਿੱਤੀ ਜਾਂਦੀ ਟ੍ਰੇਨਿੰਗ ਆਦਿ ਤੋਂ ਲੈ ਕੇ ਮਿਲਟਰੀ ਖੋਜਾਂ ਅਤੇ ਉਸ ਵਿਚ ਆਧੁਨਿਕ ਵਿਕਾਸ ਲਈ ਵਰਤੀ ਜਾਂਦੀ ਤਕਨੀਕ ਉਪਰ ਖਰਚੇ ਨੂੰ ਸ਼ਾਮਲ ਕੀਤਾ ਹੈ। ਜਿਸ ਵਿਚ ਦੁਨੀਆ ਭਰ ਦੀ ਪੁਲਿਸ 'ਤੇ ਕੀਤੇ ਜਾਂਦੇ ਖਰਚੇ ਸ਼ਾਮਲ ਨਹੀਂ ਹਨ। ਜੇ ਉਹ ਖਰਚੇ ਵੀ ਸ਼ਾਮਲ ਕਰ ਲਏ ਜਾਣ ਤਾਂ ਕਈ ਗੁਣਾਂ ਇਸ ਦੀ ਪ੍ਰਤੀਸ਼ਤਤਾ ਹੋਰ ਵੱਧ ਜਾਵੇਗੀ। ਦੁਨੀਆ ਭਰ ਦੀ ਆਧੁਨਿਕ ਹਥਿਆਰਾਂ ਦੀ ਦੌੜ ਦਾ ਸਿਲਸਿਲਾ ਇਕ ਕਿਸਮ ਨਾਲ ਜਿਥੇ ਜਿਥੇ ਕਈ ਕਿਸਮ ਦਾ ਅੰਦਰੂਨੀ ਅਤਿਵਾਦ ਦੇ ਨਾਂ ਵਾਲਾ ਮਾਹੌਲ ਹੁੰਦਾ ਹੈ, ਉਥੇ ਵੀ ਅਤਿਵਾਦ ਨੂੰ ਰੋਕਣ ਦੇ ਨਾਂ 'ਤੇ ਜੰਗ ਸ਼ੁਰੂ ਕਰ ਦਿੱਤੀ ਜਾਂਦੀ ਹੈ। ਜਿਸ ਤਰ੍ਹਾਂ 11 ਸਤੰਬਰ 2001 ਤੋਂ ਬਾਅਦ ਅਫ਼ਗਾਨਿਸਤਾਨ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸੇ ਤਰ੍ਹਾਂ ਰਸਾਇਣਕ ਹਥਿਆਰ ਰੱਖਣ ਦੇ ਨਾਂ ਹੇਠ ਇਰਾਕ ਨੂੰ ਤਬਾਹ ਕਰ ਦਿੱਤਾ ਗਿਆ ਸੀ। ਬੁਨਿਆਦੀ ਤੌਰ 'ਤੇ ਪ੍ਰਸਿੱਧ ਵਿਦਵਾਨ ਨੌਮ ਚੌਮਤਕੀ ਇਹ ਆਖਦੇ ਹਨ ਕਿ ਆਧੁਨਿਕ ਸਮਿਆਂ ਦੀ ਅਮੈਰੀਕਨ ਨੀਤੀ ਹੈ। ਜਿਸ ਨੂੰ ਹਥਿਆਰਾਂ ਦੇ ਜ਼ੋਰ ਚਲਾਇਆ ਜਾਂਦਾ ਹੈ। ਇਥੋਂ ਤੱਕ ਦੁਨੀਆ ਦੀਆਂ ਜਮਹੂਰੀਅਤ ਨੂੰ ਰੱਖਣ ਵਾਲੀਆਂ ਯੂਐਨਓ ਵਰਗੀਆਂ ਸੰਸਥਾਵਾਂ ਨੂੰ ਵੀ ਆਪਣੇ ਢੰਗ ਨਾਲ ਆਪਣੇ ਹਿੱਤਾਂ ਵਿਚ ਮੋੜਿਆ ਜਾਂਦਾ ਹੈ।

ਅਜੋਕੀ ਹਥਿਆਰਾਂ ਦੀ ਦੌੜ ਜਿਥੇ ਦੁਨੀਆ ਭਰ ਦੇ ਆਧੁਨਿਕ, ਆਰਥਿਕ ਪ੍ਰਬੰਧ ਦੀਆਂ ਸਮੱਸਿਆਵਾਂ ਦੇ ਨਾਲ ਬੁਰੀ ਤਰ੍ਹਾਂ ਜੁੜੀ ਹੋਈ ਹੈ, ਉਥੇ ਵੱਖ-ਵੱਖ ਮੁਲਕਾਂ ਵਿਚ ਆਪੋ ਆਪਣੀ ਰਾਜਨੀਤੀ ਨੂੰ ਬਰਕਰਾਰ ਰੱਖਣ ਅਤੇ ਅਗਾਂਹ ਚਲਾਉਣ ਲਈ ਜੰਗਾਂ ਦਾ ਸਹਾਰਾ ਲਿਆ ਜਾਂਦਾ ਹੈ। ਇਸ ਕਰਕੇ ਭਾਰਤ ਵਰਗਾ ਮੁਲਕ ਵੀ ਹਥਿਆਰਾਂ ਦੀ ਦੌੜ ਵਿਚ ਕਿਸੇ ਤੋਂ ਪਿਛੇ ਨਹੀਂ ਹੈ।

ਜਿਸ ਕਿਸਮ ਨਾਲ ਦੁਨੀਆ ਉਪਰ ਹਥਿਆਰਾਂ ਦੀ ਇਹ ਦੌੜ ਲਗਾਤਾਰ ਵਧਦੀ ਜਾ ਰਹੀ ਹੈ ਇਹ ਆਉਣ ਵਾਲੇ ਸਮੇਂ ਵਿਚ ਨਵੇਂ ਸੰਕਟਾਂ ਨੂੰ ਜਨਮ ਦੇਵੇਗੀ। ਜਿਹੜੀ ਹੁਣ ਤੱਕ ਬਚੀਆਂ ਖੁੱਚੀਆਂ ਜਮਹੂਰੀਅਤਾਂ ਲਈ ਵੀ ਖਤਰਾ ਹੈ। ਇਸ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ ਜੋ ਸਕੇਲ ਹਥਿਆਰਾਂ ਦੀ ਇਨੇ ਭਿਆਨਕ ਮਦਵਾੜੇ ਦੇ ਦੌੜ ਵਿਚ ਵੱਧ ਰਹੀ ਹੈ ਅਤੇ ਵਿਸ਼ਵ ਮੰਡੀ ਵਿਚ ਹਥਿਆਰਾਂ ਉਪਰ ਕੀਤਾ ਜਾਂਦਾ ਖਰਚਾ ਲਗਾਤਾਰ ਵੱਖ-ਵੱਖ ਸਮਾਜਾਂ ਨੂੰ ਭਿਆਨਕ ਤਬਾਹੀਆਂ ਦੇ ਕੰਢੇ ਪਹੁੰਚਾ ਸਕਦਾ ਹੈ। ਇਨ੍ਹਾਂ ਖਤਰਿਆਂ ਨੂੰ ਜੇ ਵੱਖ-ਵੱਖ ਪੱਧਰ 'ਤੇ ਦੁਨੀਆ ਭਰ ਦੇ ਸੰਘਰਸ਼ਾਂ ਨੇ ਆਪਣੇ ਮੁੱਦਿਆਂ ਵਿਚ ਸ਼ਾਮਲ ਨਾ ਕੀਤਾ ਤਾਂ ਰੋਜ਼ਾ ਲਗਜ਼ਮਵਰਗ ਦੀ ਇਹ ਗੱਲ ਸੱਚੀ ਹੋ ਜਾਵੇਗੀ ਕਿ ਦੁਨੀਆ ਬਰਬਾਦੀ ਦੇ ਕੰਢੇ 'ਤੇ ਪਹੁੰਚਣ ਤੋਂ ਇਸ ਨੂੰ ਕੋਈ ਵੀ ਬਚਾ ਨਹੀਂ ਸਕਦਾ। ਹਾਲਾਂਕਿ ਇਹ ਸ਼ਬਦ ਉਸ ਨੇ ਵਰ੍ਹਾ 1913 ਵਿਚ ਲਿਖੇ ਸੀ ਜਦੋਂ ਸਰਮਾਇਆ ਕੁਝ ਹੱਥਾਂ ਵਿਚ ਕੇਂਦਰਤ ਹੋ ਰਿਹਾ ਸੀ। ਹੁਣ ਤੱਕ ਸਰਮਾਏ ਦੇ ਨਾਲ ਨਾਲ ਹਥਿਆਰ ਵੀ ਕੁਝ ਹੱਥਾਂ ਵਿਚ ਕੇਂਦਰਤ ਹੋ ਰਹੇ ਹਨ ਅਤੇ ਛੋਟੇ ਮੋਟੇ ਮੁਲਕ ਆਪਣੇ ਬਚਾ ਲਈ ਵੀ ਵੱਡੇ ਮੁਲਕਾਂ ਦੇ ਹਥਿਆਰਾਂ ਲਈ ਮੰਡੀ ਬਣ ਰਹੇ ਹਨ। ਜਿਸ ਕਿਸਮ ਦੀਆਂ ਆਧੁਨਿਕ ਲੜਾਈਆਂ ਆਧੁਨਿਕ ਤਕਨਾਲੋਜੀ ਦੇ ਰਾਹੀਂ ਲੜੀਆਂ ਜਾ ਰਹੀਆਂ ਹਨ ਉਸ ਕਰਕੇ ਅਮਰੀਕਾ ਦਾ ਮਿਲਟਰੀ ਇੰਡਸਟੀਅਲ ਕੰਪਲੈਕਸ ਤਾਕਤਵਰ ਹੁੰਦਾ ਜਾ ਰਿਹਾ ਹੈ ਜੋ ਅਜੋਕੀਆਂ ਸੱਤਾ ਦੀਆਂ ਵੱਖ ਵੱਖ ਤਬਦੀਲੀਆਂ ਜੰਗਾਂ ਰਾਹੀਂ ਕੀਤੀਆਂ ਜਾ ਰਹੀਆਂ ਹਨ। ਇਹ ਇਕ ਕਿਸਮ ਨਾਲ ਮਨੁੱਖਤਾ ਦੀ ਆਤਮ ਹੱਤਿਆ ਕਰਨ ਦੇ ਬਰਾਬਰ ਹੈ। ਦੁਨੀਆ ਦੀ ਜੰਗ ਭਲਾ ਛੋਟੇ ਮੁਲਕ ਵਿਚ ਲੜੀ ਜਾ ਰਹੀ ਹੋਵੇ ਜਾਂ ਕਿਸੇ ਨਾ ਕਿਸੇ ਰੂਪ ਵਿਚ ਆਪਣੀਆਂ ਹੱਦਾਂ ਤੇ ਸਰਹੱਦਾਂ ਦੇ ਝਗੜੇ ਹੋਣ ਪ੍ਰੰਤੂ ਉਸ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਵੱਡੀਆਂ ਤਾਕਤਾਂ ਦਾ ਹੱਥ ਲਾਜ਼ਮੀ ਹੁੰਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਪਹਿਲਾਂ ਅਫ਼ਗਾਨਿਸਤਾਨ ਸੀ ਤੇ ਹੁਣ ਯੂਕਰੇਨ ਹੈ।

ਇਸ ਦਿਲ ਕੰਬਾਊ ਰਿਪੋਰਟ ਦੇ ਅੰਕੜਿਆਂ ਨੇ ਦਰਸਾ ਦਿੱਤਾ ਹੈ ਕਿ ਮੁੜ ਦੁਨੀਆ ਇਕ ਵੱਡੀ ਜੰਗ ਦੇ ਕਿਨਾਰੇ 'ਤੇ ਹੀ ਨਹੀਂ ਖੜ੍ਹੀ ਬਲਕਿ ਜੰਗਾਂ ਤਾਂ ਚੱਲ ਰਹੀਆਂ ਹਨ ਅਤੇ ਉਸ ਦੀਆਂ ਤਿਆਰੀਆਂ ਵੱਡੇ ਪੈਮਾਨੇ 'ਤੇ ਹਨ। ਕਿਉਂਕਿ ਵੱਖੋ ਵੱਖ ਮੁਲਕਾਂ ਦੇ ਅੰਦਰ ਅਤੇ ਬਾਹਰ ਲਗਾਤਾਰ ਆਰਥਿਕ, ਗੈਰ-ਬਰਾਬਰੀਆਂ ਤੋਂ ਲੈ ਕੇ ਬੇਚੈਨੀਆਂ ਮੌਜੂਦਾ ਹਕੂਮਤਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਕੰਬਣੀਆਂ ਛੇੜ ਰਹੀਆਂ ਹਨ। ਪ੍ਰੰਤੂ ਜਿਸ ਕਿਸਮ ਦਾ ਰਾਜਨੀਤਕ ਬਦਲ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿਚ ਚਾਹੀਦਾ ਹੈ ਉਸ ਤੋਂ ਅਜੇ ਵੀ ਲੋਕ ਲੜਾਈਆਂ ਕੋਹਾਂ ਦੂਰ ਹਨ। ਜੰਗਾਂ 'ਤੇ ਖਰਚੇ ਜੋ ਵੱਖ-ਵੱਖ ਮੁਲਕਾਂ ਦੀਆਂ ਆਰਥਿਕਤਾਵਾਂ ਨੂੰ ਕੰਗਾਲ ਕਰ ਰਹੇ ਹਨ ਅਤੇ ਹਥਿਆਰਾਂ 'ਤੇ ਖਰਚੇ ਮੁਲਕਾਂ ਦੇ ਸਰਮਾਏ ਨੂੰ ਖਾਹ ਹੀ ਨਹੀਂ ਰਹੇ ਬਲਕਿ ਨਵੇਂ ਕਿਸਮ ਦੀ ਭਿਆਨਕ ਸਥਿਤੀ ਨੂੰ ਵੀ ਜਨਮ ਦੇ ਰਹੇ ਹਨ। ਇਹ ਸਭ ਕੁਝ ਹੀ ਇਸ ਰਿਪੋਰਟ ਰਾਹੀਂ ਸਾਹਮਣੇ ਆਉਂਦਾ ਹੈ ਜੋ ਲਗਾਤਾਰ 1949 ਤੋਂ 2022 ਤੱਕ ਮਿਲਟਰੀ ਉਪਰ ਕੀਤੇ ਜਾਂਦੇ ਖਰਚਿਆਂ ਦਾ ਉਲੇਖ ਕਰਕੇ ਦਰਸਾਉਂਦੀ ਹੈ। ਹਕੀਕਤ ਇਹ ਹੈ ਕਿ ਮਨੁੱਖਤਾ ਬਰਬਾਦੀ ਦੇ ਕੰਗਾਰ 'ਤੇ ਕਈ ਪੱਖਾਂ ਤੋਂ ਖੜ੍ਹੀ ਹੈ। ਜਿਸ ਵਿਚ ਵਾਤਾਵਰਣ ਤਬਦੀਲੀਆਂ, ਆਰਥਿਕ ਮੰਦਵਾੜੇ ਅਤੇ ਮੁਲਕਾਂ ਵਿਚ ਆਪਸੀ ਤਣਾਅ ਅਤੇ ਰਾਜਨੀਤਕ ਫਾਸਿਜ਼ਮ ਵਰਗੀਆਂ ਤਾਕਤਾਂ ਮੁੜ ਸੱਤਾ 'ਤੇ ਕਾਬਜ਼ ਕਰਕੇ ਦੁਨੀਆ ਨੂੰ ਤਰਾਸਦੀਆਂ ਵੱਲ ਨੂੰ ਧੱਕ ਚੁੱਕੀਆਂ ਹਨ। ਇਸ ਗੁੰਝਲਦਾਰ ਸਵਾਲ ਦਾ ਜਵਾਬ ਲੱਭਣਾ ਅਜੋਕੇ ਹਰੇਕ ਚੇਤੰਨ ਅਤੇ ਚਿੰਤਤ ਵਿਅਕਤੀ ਅਤੇ ਸੰਸਥਾਵਾਂ ਲਈ ਜ਼ਰੂਰੀ ਹੈ।

# ਕਰਨਾਟਕਾ ਚੋਣਾਂ 'ਚ ਭਾਜਪਾ ਦੀ ਹਾਰ ਨੂੰ ਕਿਵੇਂ ਸਮਝਿਆ ਜਾਵੇ ?



ਬੂਟਾ ਸਿੰਘ
ਮਹਿਮੂਦਪੁਰ
94634-74342

*ਭਾਜਪਾ ਦੇ ਚੋਟੀ ਦੇ ਆਗੂਆਂ ਨੇ ਹਿੰਦੂਤਵ ਦੇ ਏਜੰਡੇ ਅਤੇ ਝੂਠੇ ਵਿਕਾਸ ਦਾ ਬਿਰਤਾਂਤ ਲੋਕਾਂ ਦੇ ਹਲ਼ਕ 'ਚ ਧੱਕਣ ਲਈ ਦਿਨ-ਰਾਤ ਇਕ ਕੀਤਾ ਹੋਇਆ ਸੀ। ਪਰ ਫਿਰ ਵੀ ਨਾ ਆਰ.ਐੱਸ.ਐੱਸ.ਭਾਜਪਾ ਵੱਲੋਂ ਫੈਲਾਈ ਜਾ ਰਹੀ ਮੁਸਲਿਮ ਵਿਰੋਧੀ ਨਫ਼ਰਤ ਵੋਟਰਾਂ ਨੂੰ ਭਰਮਾ ਸਕੀ ਅਤੇ ਨਾ 'ਮੋਦੀ ਮੰਤਰ' ਵੋਟਰਾਂ ਨੂੰ ਕੀਲ ਸਕਿਆ। ਮੋਦੀ ਦੇ ਰੋਡ-ਸ਼ੋਅ ਅਤੇ ਮੁਸਲਿਮ ਵਿਰੋਧੀ ਧੂੰਆਂਧਾਰ ਜ਼ਹਿਰੀਲੇ ਭਾਸ਼ਣ ਵੀ ਭਾਜਪਾ ਰਾਜ ਵਿਰੁੱਧ ਬਣੀ ਰਾਜਨੀਤਕ ਬਦਜ਼ਨੀ ਨੂੰ ਕਾਟ ਨਾ ਕਰ ਸਕੇ। ਆਰ.ਐੱਸ.ਐੱਸ.-ਭਾਜਪਾ ਵੱਲੋਂ ਬੇਹਿਸਾਬ ਪੈਮਾਨੇ 'ਤੇ ਸੁੱਟਿਆ ਚਿੱਕੜ ਇਸ ਵਾਰ 'ਕਮਲ ਦਾ ਫੁੱਲ' ਖਿੜਾਉਣ 'ਚ ਨਾਕਾਮ ਰਿਹਾ! ਫ਼ਿਲਹਾਲ ਇਸ ਚੋਣ ਫ਼ਤਵੇ ਨੇ ਹਿੰਦੂਤਵ ਦੇ ਦੱਖਣੀ ਰਾਜਾਂ 'ਚ ਦਨਦਨਾ ਰਹੇ ਰਥ ਦਾ ਪਹੀਆ ਰੋਕ ਦਿੱਤਾ ਹੈ।*



ਦੱਖਣੀ ਰਾਜ ਕਰਨਾਟਕਾ ਦੀਆਂ ਵਿਧਾਨ ਸਭਾ ਚੋਣਾਂ 'ਚ ਵੋਟਰਾਂ ਨੇ ਭਾਜਪਾ ਨੂੰ ਨਕਾਰ ਕੇ ਕਾਂਗਰਸ ਨੂੰ ਭਾਰੀ ਬਹੁਮਤ ਨਾਲ ਮੁੜ ਸੱਤਾ ਵਿਚ ਲਿਆਂਦਾ ਹੈ। 2018 'ਚ 104 ਸੀਟਾਂ ਜਿੱਤਣ ਵਾਲੀ ਭਾਜਪਾ ਇਸ ਵਾਰ 65 ਸੀਟਾਂ ਤੱਕ ਸੀਮਤ ਹੋ ਗਈ ਹੈ। ਪਿਛਲੇ ਮਹੀਨਿਆਂ ਤੋਂ ਸੰਘ ਬਰਗੇਡ ਨੇ ਕਰਨਾਟਕਾ ਦੇ ਵੋਟਰਾਂ ਨੂੰ ਭਰਮਾਉਣ ਲਈ ਪੂਰੀ ਤਾਕਤ ਝੋਕੀ ਹੋਈ ਸੀ। ਭਾਜਪਾ ਦੇ ਚੋਟੀ ਦੇ ਆਗੂਆਂ ਨੇ ਹਿੰਦੂਤਵ ਦੇ ਏਜੰਡੇ ਅਤੇ ਝੂਠੇ ਵਿਕਾਸ ਦਾ ਬਿਰਤਾਂਤ ਲੋਕਾਂ ਦੇ ਹਲ਼ਕ 'ਚ ਧੱਕਣ ਲਈ ਦਿਨ-ਰਾਤ ਇਕ ਕੀਤਾ ਹੋਇਆ ਸੀ। ਪਰ ਫਿਰ ਵੀ ਨਾ ਆਰ.ਐੱਸ.ਐੱਸ.ਭਾਜਪਾ ਵੱਲੋਂ ਫੈਲਾਈ ਜਾ ਰਹੀ ਮੁਸਲਿਮ ਵਿਰੋਧੀ ਨਫ਼ਰਤ ਵੋਟਰਾਂ ਨੂੰ ਭਰਮਾ ਸਕੀ ਅਤੇ ਨਾ 'ਮੋਦੀ ਮੰਤਰ' ਵੋਟਰਾਂ ਨੂੰ ਕੀਲ ਸਕਿਆ। ਮੋਦੀ ਦੇ ਰੋਡ-ਸ਼ੋਅ ਅਤੇ ਮੁਸਲਿਮ ਵਿਰੋਧੀ ਧੂੰਆਂਧਾਰ ਜ਼ਹਿਰੀਲੇ ਭਾਸ਼ਣ ਵੀ ਭਾਜਪਾ ਰਾਜ ਵਿਰੁੱਧ ਬਣੀ ਰਾਜਨੀਤਕ ਬਦਜ਼ਨੀ ਨੂੰ ਕਾਟ ਨਾ ਕਰ ਸਕੇ। ਆਰ.ਐੱਸ.ਐੱਸ.-ਭਾਜਪਾ ਵੱਲੋਂ ਬੇਹਿਸਾਬ ਪੈਮਾਨੇ 'ਤੇ ਸੁੱਟਿਆ ਚਿੱਕੜ ਇਸ ਵਾਰ 'ਕਮਲ ਦਾ ਫੁੱਲ' ਖਿੜਾਉਣ 'ਚ ਨਾਕਾਮ ਰਿਹਾ! ਫ਼ਿਲਹਾਲ ਇਸ ਚੋਣ ਫ਼ਤਵੇ ਨੇ ਹਿੰਦੂਤਵ ਦੇ ਦੱਖਣੀ ਰਾਜਾਂ 'ਚ ਦਨਦਨਾ ਰਹੇ ਰਥ ਦਾ ਪਹੀਆ ਰੋਕ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਤੋਂ ਬਾਅਦ ਦੂਜਾ ਰਾਜ ਕਰਨਾਟਕਾ ਹੈ ਜੋ ਮਹਿਜ਼ ਪੰਜ ਮਹੀਨਿਆਂ 'ਚ ਭਾਜਪਾ ਦੇ ਹੱਥੋਂ ਨਿਕਲ ਗਿਆ ਹੈ। 2023 ਦੇ ਅਖ਼ੀਰ 'ਚ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵਿਧਾਨ-ਸਭਾ ਚੋਣਾਂ ਹੋਣਗੀਆਂ। ਉਦੋਂ ਵੋਟਰ ਭਾਜਪਾ ਪ੍ਰਤੀ ਕੀ ਵਤੀਰਾ ਅਖ਼ਤਿਆਰ ਕਰਦੇ ਹਨ ਚੋਣ ਸਿਆਸਤ ਦੇ ਨਜ਼ਰੀਏ ਤੋਂ ਉਹ ਵੀ ਮਹੱਤਵ ਹੋਵੇਗਾ। ਪਰ ਆਰ.ਐੱਸ.ਐੱਸ.-ਭਾਜਪਾ ਨੂੰ ਆਖ਼ਿਰਕਾਰ ਆਪਣੇ ਹਿੰਦੂਤਵੀ ਪ੍ਰੋਜੈਕਟ ਦੀ ਜਿੱਤ 'ਚ ਪੂਰਾ ਵਿਸ਼ਵਾਸ ਹੈ ਜਿਵੇਂ ਸਿਧਾਂਤਕ ਬੁਲਾਰੇ ਰਾਮ ਮਾਧਵ ਨੇ ਦਾਅਵੇ ਨਾਲ ਕਿਹਾ ਹੈ ਕਿ 'ਹਿੰਦੂਤਵ ਕਦੇ ਵੀ ਹਾਰਦਾ ਨਹੀਂ। ਇਹ ਜਿੱਤਦਾ ਹੈ ਜਾਂ ਸਬਕ ਸਿੱਖਦਾ ਹੈ।' ਹੁਣ ਦੇਖਣਾ ਇਹ ਹੈ ਕਿ ਆਉਣ ਵਾਲੇ ਦਿਨਾਂ 'ਚ ਸੰਘ ਬਰਗੇਡ ਸਰਕਾਰਾਂ ਤੋੜਨ ਦੀ ਆਪਣੀ ਮੁਹਾਰਤ ਨੂੰ ਅਜ਼ਮਾਉਂਦਿਆਂ ਕਾਂਗਰਸ ਦੀ ਸਰਕਾਰ ਨੂੰ ਅਸਥਿਰ ਕਰਨ ਅਤੇ ਕਾਂਗਰਸੀ ਜਾਂ ਹੋਰ ਵਿਧਾਇਕਾਂ ਨੂੰ ਭੰਨ ਕੇ ਆਪਣੇ ਨਾਲ ਜੋੜਨ 'ਚ ਕਿੰਨਾ ਕੁ ਕਾਮਯਾਬ ਹੁੰਦਾ ਹੈ।

ਰਿਪੋਰਟਾਂ ਅਨੁਸਾਰ ਇਸ ਦੱਖਣੀ ਰਾਜ ਦੇ ਵੋਟਰਾਂ ਨੇ ਦੋ ਮੂਲ ਮੁੱਦਿਆਂ ਉੱਪਰ ਫ਼ੈਸਲਾਕੁਨ ਵੋਟ ਪਾ ਕੇ ਆਪਣਾ ਵਿਰੋਧ ਦਰਜ ਕਰਾਇਆ ਹੈ: ਭਾਜਪਾ ਸਰਕਾਰ ਦਾ ਬੇਲਗਾਮ ਮੈਗਾ ਭ੍ਰਿਸ਼ਟਾਚਾਰ ਅਤੇ ਹਿੰਦੂਤਵ ਦੇ ਨਾਂ ਹੇਠ ਨਫ਼ਰਤ ਦੀ ਸਿਆਸਤ। ਇਨ੍ਹਾਂ ਤੋਂ ਇਲਾਵਾ, ਮਹਿੰਗਾਈ, ਵਧ ਰਹੀ ਬੇਰੋਜ਼ਗਾਰੀ ਅਤੇ ਭਾਜਪਾ ਦੀਆਂ ਕਿਸਾਨਾਂ, ਮਜ਼ਦੂਰਾਂ ਵਿਰੋਧੀ ਨੀਤੀਆਂ ਨੇ ਵੀ ਇਸ ਵਿਚ ਆਪੋ-ਆਪਣੀ ਭੂਮਿਕਾ ਨਿਭਾਈ ਹੈ।

ਸੰਤੋਸ਼ ਪਾਟਿਲ ਨਾਂ ਦੇ ਠੇਕੇਦਾਰ ਵੱਲੋਂ ਕੀਤੀ ਖ਼ੁਦਕੁਸ਼ੀ ਨੇ ਭਗਵੇਂ ਹਕੂਮਤ ਹੇਠ ਚੱਲ ਰਹੇ ਵਿਆਪਕ ਭ੍ਰਿਸ਼ਟਾਚਾਰ ਤੋਂ ਪਰਦਾ ਚੁੱਕ ਕੇ ਸੰਘ ਬਰਗੇਡ ਦਾ ਅਸਲ ਚਿਹਰਾ ਨੰਗਾ ਕਰ ਦਿੱਤਾ ਸੀ। ਸੰਤੋਸ਼ 'ਹਿੰਦੂ ਯੁਵਾ ਵਾਹਿਨੀ' ਦਾ ਕੌਮੀ ਸਕੱਤਰ ਸੀ ਜੋ ਸੜਕਾਂ ਬਣਾਉਣ ਦੇ ਸਰਕਾਰੀ ਠੇਕੇ ਲੈਂਦਾ ਸੀ। 'ਹਿੰਦੂ ਯੁਵਾ ਵਾਹਿਨੀ' ਮਹੰਤ ਅਦਿੱਤਿਆਨਾਥ ਦਾ ਬਣਾਇਆ ਦਹਿਸ਼ਤੀ ਗੈਂਗ ਹੈ। ਪਿਛਲੇ ਸਾਲ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਸੰਤੋਸ਼ ਵੱਲੋਂ ਮੀਡੀਆ ਨੂੰ ਭੇਜੇ ਸੰਦੇਸ਼ਾਂ ਵਿਚ ਕੀਤੇ ਖ਼ੁਲਾਸਿਆਂ ਨੇ ਸਨਸਨੀ ਫੈਲਾ ਦਿੱਤੀ ਸੀ ਕਿ ਉਸ ਨੇ 2019 'ਚ ਠੇਕੇ ਦੇ ਜੋ ਕੰਮ ਕੀਤੇ ਸਨ ਉਨ੍ਹਾਂ ਦੇ ਬਿੱਲਾਂ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ ਅਤੇ ਬਿੱਲ ਕਲੀਅਰ ਕਰਨ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਮੰਤਰੀ ਕੇ.ਐੱਸ.ਏਸ਼ਵਾਰੱਪਾ ਦੇ ਸਹਾਇਕ ਕੁਲ ਬਿੱਲ ਦਾ 40% ਕਮਿਸ਼ਨ (4 ਕਰੋੜ ਰੁਪਏ) ਮੰਗ ਰਹੇ ਹਨ। ਉਸ ਨੂੰ ਹੋਰ ਠੇਕੇ ਵੀ ਨਹੀਂ ਸੀ ਦਿੱਤੇ ਜਾ ਰਹੇ। ਮੰਤਰੀ ਨੇ ਉਲਟਾ ਉਸ ਨੂੰ ਮੁਕੱਦਮਿਆਂ 'ਚ ਉਲਝਾ ਦਿੱਤਾ। ਇਹ ਮਹਿਜ਼ ਸਰਕਾਰੀ ਪ੍ਰੋਜੈਕਟਾਂ ਦੇ ਠੇਕੇ ਲੈਣ ਵਾਲੇ ਇਕ ਠੇਕੇਦਾਰ ਦਾ ਵਿਅਕਤੀਗਤ ਮਾਮਲਾ ਨਹੀਂ ਸੀ ਸਗੋਂ ਪੂਰਾ ਠੇਕੇਦਾਰ ਵਰਗ ਹੀ ਐਨੇ ਅਸਹਿ ਭ੍ਰਿਸ਼ਟਾਚਾਰ ਤੋਂ ਤੰਗ ਸੀ। ਸਰਕਾਰੀ ਠੇਕੇ ਦੇਣ ਸਮੇਂ ਭ੍ਰਿਸ਼ਟਾਚਾਰ ਤਾਂ ਹਰ ਪਾਰਟੀ ਦੇ ਰਾਜ ਵਿਚ ਬਥੇਰਾ ਹੁੰਦਾ ਹੈ ਪਰ ਭਾਜਪਾ ਦੇ ਭ੍ਰਿਸ਼ਟਾਚਾਰ ਦੀ ਕਰੂਰਤਾ ਲਾਸਾਨੀ ਹੈ! 'ਕਰਨਾਟਕਾ ਰਾਜ ਠੇਕੇਦਾਰ ਐਸੋਸੀਏਸ਼ਨ', ਜਿਸ ਦੇ ਇਕ ਲੱਖ ਤੋਂ ਵਧੇਰੇ ਮੈਂਬਰ ਹਨ, ਨੇ ਵੀ ਬਕਾਇਦਾ ਬਿਆਨ ਦੇ ਕੇ ਪੁਸ਼ਟੀ ਕੀਤੀ ਸੀ ਕਿ ਮੰਤਰੀ, ਵਿਧਾਇਕ ਅਤੇ ਸਰਕਾਰੀ ਅਧਿਕਾਰੀ ਉਨ੍ਹਾਂ ਤੋਂ ਪ੍ਰੋਜੈਕਟਾਂ ਦਾ 40% ਕਮਿਸ਼ਨ ਮੰਗ ਰਹੇ ਹਨ ਅਤੇ ਮੁੱਖ ਮੰਤਰੀ, ਗਵਰਨਰ ਅਤੇ ਪ੍ਰਧਾਨ ਮੰਤਰੀ ਵੀ ਉਨ੍ਹਾਂ ਦੀ ਸ਼ਿਕਾਇਤਾਂ ਨਹੀਂ ਸੁਣ ਰਹੇ ਜਿਨ੍ਹਾਂ ਨੂੰ ਵਾਰ-ਵਾਰ ਲਿਖਤੀ ਸ਼ਿਕਾਇਤਾਂ ਭੇਜ ਕੇ ਉਹ ਥੱਕ ਚੁੱਕੇ ਹਨ। ਸੰਘ ਦੇ ਆਪਣੇ ਬਰਸੂਖ਼ ਕਾਰਿੰਦੇ ਦੀ ਮਾਯੂਸੀ ਤੋਂ ਆਮ ਲੋਕਾਂ ਦੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਨਿਰਸੰਦੇਹ, ਭਾਜਪਾ ਨੂੰ ਬਾਂਹ-ਮਰੋੜ ਭ੍ਰਿਸ਼ਟਾਚਾਰ ਦਾ ਸਿਆਸੀ ਮੁੱਲ ਤਾਰਨਾ ਪਿਆ ਜੋ ਕਾਂਗਰਸ ਦੇ ਭ੍ਰਿਸ਼ਟਾਚਾਰ ਨੂੰ ਮੁੱਖ ਚੋਣ ਮੁੱਦਾ ਬਣਾ ਕੇ ਸੱਤਾ 'ਚ ਆਈ ਸੀ। '40% ਕਮਿਸ਼ਨ' ਅਤੇ 'ਪੇ ਸੀ.ਐੱਮ' ਮੁਹਿੰਮਾਂ ਦੇ ਪ੍ਰਚਾਰ ਨੇ ਭਗਵੇਂ ਕੈਂਪ ਨੂੰ ਐਸਾ ਘੇਰਾ ਪਾਇਆ ਕਿ ਮੋਦੀ, ਅਮਿਤਸ਼ਾਹ ਅਤੇ ਜੇਪੀ ਨੱਡੇ ਦੇ ਮੈਗਾ ਰੋਡਸ਼ੋਅ ਅਤੇ ਰੈਲੀਆਂ ਵੀ ਵਿਰੋਧੀ ਪ੍ਰਚਾਰ ਨੂੰ ਬੇਅਸਰ ਨਾ ਕਰ ਸਕੇ ਅਤੇ ਲੋਕ ਭਗਵੇਂ ਝੂਠ ਉੱਪਰ ਯਕੀਨ ਕਰਨ ਤੋਂ ਇਨਕਾਰੀ ਹੋ ਗਏ। ਮੋਦੀ ਦਾ 'ਜੈ ਬਜਰੰਗ ਬਲੀ' ਦਾ ਟਰਿੱਕ ਵੀ ਕੰਮ ਨਾ ਆਇਆ ਜਿਸ ਨੇ ਨਿਹਾਇਤ ਬੇਸ਼ਰਮੀ ਨਾਲ ਚੋਣ ਰੈਲੀਆਂ 'ਚ ਹੋਕਾ ਦਿੱਤਾ ਕਿ ਵੋਟ ਪਾਉਣ ਸਮੇਂ 'ਜੈ ਬਜਰੰਗ ਬਲੀ' ਕਹਿਣਾ ਨਾ ਭੁੱਲਿਓ। ਕਾਂਗਰਸ ਨੇ ਵਾਅਦਾ ਕਰਦਿਆਂ ਕਿਹਾ ਸੀ ਕਿ ਸੱਤਾ ਵਿਚ ਆ ਕੇ ਬਜਰੰਗ ਦਲ, ਪੀ.ਐੱਫ.ਆਈ ਵਰਗੀਆਂ ਜਥੇਬੰਦੀਆਂ ਉੱਪਰ ਪਾਬੰਦੀ ਲਾਈ ਜਾਵੇਗੀ। ਮੋਦੀ ਨੇ ਹਿੰਦੂ ਫਿਰਕੇ ਦੀਆਂ ਭਾਵਨਾਵਾਂ ਭੜਕਾ ਕੇ ਵੋਟਾਂ ਬਟੋਰਨ ਲਈ ਇਸ ਨੂੰ ਤੁਰੰਤ ਮੁੱਦਾ ਬਣਾ ਲਿਆ ਅਤੇ ਬਜਰੰਗ ਦਲ ਦੇ ਦਹਿਸ਼ਤਵਾਦ ਨੂੰ 'ਬਜਰੰਗ ਬਲੀ' (ਹਨੂਮਾਨ) ਦੇ ਬਰਾਬਰ ਰੱਖ ਕੇ ਵਡਿਆਉਣ ਰਾਹੀਂ ਹਿੰਦੂ ਵੋਟਰਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਬਜਰੰਗ ਦਲ ਮੁਸਲਮਾਨ ਭਾਈਚਾਰੇ ਵਿਰੁੱਧ ਲਗਾਤਾਰ ਨਫ਼ਰਤ ਫੈਲਾਉਣ ਵਾਲੇ ਮੁੱਖ ਦਹਿਸ਼ਤਵਾਦੀ ਗਰੁੱਪਾਂ ਵਿੱਚੋਂ ਇਕ ਹੈ ਜੋ ਆਰ.ਐੱਸ.ਐੱਸ. ਦੇ ਹਿੰਦੂ ਰਾਸ਼ਟਰ ਦੇ ਏਜੰਡੇ ਅਨੁਸਾਰ ਘੱਟਗਿਣਤੀ ਮੁਸਲਮਾਨਾਂ ਦਹਿਸ਼ਤਜ਼ਦਾ ਕਰਨ ਲਈ ਗਊ ਹੱਤਿਆ, ਲਵ ਜਿਹਾਦ, ਸਕੂਲਾਂ-ਕਾਲਜਾਂ ਵਿਚ ਹਿਜਾਬ ਪਹਿਨਣ, ਜਨਤਕ ਥਾਵਾਂ ਉੱਪਰ ਨਮਾਜ਼ ਪੜ੍ਹਨ ਆਦਿ ਦੇ ਬਹਾਨੇ ਅਤੇ ਈਸਾਈ ਭਾਈਚਾਰੇ ਵਿਰੁੱਧ ਧਰਮ-ਬਦਲੀ ਦੇ ਬਹਾਨੇ ਹਮਲਾਵਰ ਮੁਹਿੰਮ ਚਲਾ ਰਿਹਾ ਹੈ।

ਇਨ੍ਹਾਂ ਪੰਜ ਸਾਲਾਂ 'ਚ ਮੁਸਲਮਾਨ ਭਾਈਚਾਰੇ ਵਿਰੁੱਧ ਸੰਘ ਬਰਗੇਡ ਵੱਲੋਂ ਫੈਲਾਈ ਫਿਰਕੂ ਨਫ਼ਰਤ ਅਤੇ ਭਗਵੇਂ ਦਹਿਸ਼ਤਵਾਦ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਗੁਜਰਾਤ ਦੇ 'ਮੋਦੀ ਮਾਡਲ' ਨੂੰ ਉੱਤਰ ਪ੍ਰਦੇਸ਼ ਅਤੇ ਹੋਰ ਰਾਜਾਂ ਵਿਚ ਤੇਜ਼ੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਕਰਨਾਟਕਾ ਨੂੰ ਫਿਰਕੂ ਪਾਲਾਬੰਦੀ ਅਤੇ ਮੁਸਲਮਾਨਾਂ ਵਿਰੁੱਧ ਹਿੰਦੂਤਵੀ ਦਹਿਸ਼ਤਵਾਦ ਦੀ ਨਵੀਂ ਪ੍ਰਯੋਗਸ਼ਾਲਾ ਬਣਾਇਆ ਗਿਆ ਹੈ ਜਿੱਥੇ ਸਰਕਾਰੀ ਨੀਤੀਆਂ, ਸਰਕਾਰੀ ਹੁਕਮਾਂ, ਪੁਲਿਸ ਤਾਕਤ ਦੇ ਇਸਤੇਮਾਲ ਯਾਨੀ ਹਰ ਸਰਕਾਰੀ ਕਾਰ-ਵਿਹਾਰ 'ਚ ਮੁਸਲਿਮ ਭਾਈਚਾਰੇ ਨਾਲ ਫਿਰਕੂ ਵਿਤਕਰਾ ਅਤੇ ਧੱਕਾ ਮੂੰਹ ਚੜ੍ਹ ਕੇ ਬੋਲ ਰਿਹਾ ਹੈ। ਹਿਜਾਬ ਪਹਿਨਣ ਵਾਲੀਆਂ ਮੁਸਲਮਾਨ ਲੜਕੀਆਂ ਨੂੰ ਪੜ੍ਹਾਈ ਤੋਂ ਬਾਹਰ ਕਰਨ ਲਈ ਬਸਾਵਾਰਾਜ ਬੋਮਈ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਨਾਲ ਹਮਲਾਵਰ ਮੁਹਿੰਮ ਚਲਾਈ ਗਈ ਅਤੇ ਪੂਰੀ ਰਾਜ ਮਸ਼ੀਨਰੀ ਇਸ ਮੁਹਿੰਮ ਦੀ ਪਿੱਠ 'ਤੇ ਖੜ੍ਹੀ ਦੇਖੀ ਗਈ। ਮੁਸਲਮਾਨਾਂ ਨੂੰ ਦਬਾਉਣ ਅਤੇ ਪੂਰੇ ਭਾਈਚਾਰੇ ਨੂੰ ਖ਼ਤਰਨਾਕ ਦੇਸ਼ਧ੍ਰੋਹੀ ਬਣਾ ਕੇ ਪੇਸ਼ ਕਰਨ ਦੇ ਨਾਲ-ਨਾਲ ਨਾ ਸਿਰਫ਼ 'ਬਜਰੰਗ ਦਲ' ਅਤੇ 'ਰਾਮ ਸੇਨੇ' ਕੋਲੋਂ ਮੁਸਲਮਾਨਾਂ ਉੱਪਰ ਲਗਾਤਾਰ ਹਿੰਸਕ ਹਮਲੇ ਕਰਵਾਏ ਜਾ ਰਹੇ ਹਨ ਸਗੋਂ ਭਾਜਪਾ ਸਰਕਾਰ ਉਨ੍ਹਾਂ ਨੂੰ ਜਾਇਜ਼ ਵੀ ਠਹਿਰਾਉਂਦੀ ਆ ਰਹੀ ਹੈ।

ਬੇਸ਼ੱਕ ਇਨ੍ਹਾਂ ਚੋਣਾਂ ਵਿਚ ਜਾਤੀ ਵੰਡੀਆਂ, ਧਰਮ ਆਦਿ ਦੀ ਆਪਣੀ ਭੂਮਿਕਾ ਰਹੀ ਹੈ। ਐਪਰ ਆਰ.ਐੱਸ.ਐੱਸ.-ਭਾਜਪਾ ਦੇ ਹਿੰਸਕ ਫਾਸ਼ੀਵਾਦੀ ਵਰਤਾਰੇ ਲਈ ਕੰਨੜ ਸਮਾਜ ਉੱਪਰ ਹਾਵੀ ਹੋਣਾ ਐਨਾ ਸੌਖਾ ਨਹੀਂ ਹੈ ਜਿੱਥੇ ਉਦਾਰਵਾਦੀ, ਧਰਮਨਿਰਪੱਖ ਸਮਾਜੀ-ਸੱਭਿਆਚਾਰਕ ਪਰੰਪਰਾ ਦੇ ਨਾਲ-ਨਾਲ 'ਮੁੱਖਧਾਰਾ' ਸਿਆਸਤ ਵਿਚ ਉਦਾਰਵਾਦੀ, ਧਰਮਨਿਰਪੱਖ, ਸਮਾਜਵਾਦੀ ਅਤੇ ਅੰਬੇਡਕਰੀ ਵਿਚਾਰਾਂ ਦਾ ਡੂੰਘਾ ਪ੍ਰਭਾਵ ਹੈ। ਇੱਥੇ 'ਬੰਡਾਈਆ' ਵਰਗੇ ਸਾਹਿਤਕ ਅੰਦੋਲਨਾਂ ਦੀ ਅਗਵਾਈ ਹੇਠ ਦਲਿਤ ਹੱਕ-ਜਤਾਈ ਦੀ ਲੰਮੀ ਪਰੰਪਰਾ ਰਹੀ ਹੈ। ਹੋਰ ਅੰਦੋਲਨ ਵੀ ਹੁੰਦੇ ਰਹੇ ਹਨ। ਇਨ੍ਹਾਂ ਨੇ ਇਸ ਸਮਾਜ ਦੀਆਂ ਰਾਜਨੀਤਕ, ਸਮਾਜੀ ਅਤੇ ਸਾਹਿਤਕ ਸੰਵੇਦਨਸ਼ੀਲਤਾ ਨੂੰ ਘੜਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕੰਨੜ ਸਮਾਜ 'ਚ ਕਵਿਤਾ, ਸਾਹਿਤ, ਪੱਤਰਕਾਰੀ ਅਤੇ ਵਿਚਾਰਾਂ ਦੇ ਖੇਤਰ ਵਿਚ ਧਰਮਨਿਰਪੱਖ, ਮਾਨਵਤਾਵਾਦੀ ਬੌਧਿਕ ਲਹਿਰ ਦੇ ਨਾਲ-ਨਾਲ ਮਿਥਿਹਾਸ ਅਤੇ ਅੰਧਵਿਸ਼ਵਾਸਾਂ ਵਿਰੁੱਧ ਤਰਕਸ਼ੀਲ ਧਾਰਾ ਦਾ ਤਕੜਾ ਪ੍ਰਭਾਵ ਹੈ। ਇਸ ਰਾਹ ਦੇ ਰੋੜੇ ਨੂੰ ਹਟਾਉਣ ਲਈ ਹੀ ਉੱਘੇ ਵਿਦਵਾਨ ਡਾ. ਐੱਮ.ਐੱਮ. ਕਲਬੁਰਗੀ ਅਤੇ ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਨੂੰ ਕਤਲ ਕੀਤਾ ਗਿਆ ਸੀ। ਹਾਲੀਆ ਚੋਣਾਂ 'ਚ ਵੀ ਜ਼ਮੀਨੀਂ ਪੱਧਰ 'ਤੇ ਲੋਕਾਂ 'ਚ ਕੰਮ ਕਰਨ ਵਾਲੀਆਂ ਜਥੇਬੰਦੀਆਂ, ਲੋਕ ਸਰੋਕਾਰਾਂ ਵਾਲੇ ਬੁੱਧੀਜੀਵੀਆਂ ਨੇ ਆਰ.ਐੱਸ.ਐੱਸ.-ਭਾਜਪਾ ਵਿਰੁੱਧ ਲੋਕ ਰਾਇ ਖੜ੍ਹੀ ਕਰਨ 'ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਤਾਕਤਾਂ ਮੁਕਤੀ, ਬਰਾਬਰੀ, ਨਿਆਂ ਅਤੇ ਭਾਈਚਾਰੇ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਲਈ ਮੁਹਿੰਮ ਚਲਾ ਰਹੀਆਂ ਹਨ। ਇਹ ਕਦਰਾਂ-ਕੀਮਤਾਂ ਜੰਗੇ-ਆਜ਼ਾਦੀ ਦੌਰਾਨ ਉੱਭਰੀਆਂ ਅਤੇ ਲੋਕ ਰਾਇ ਦੇ ਦਬਾਅ ਹੇਠ ਭਾਰਤੀ ਹਾਕਮ ਜਮਾਤ ਨੂੰ ਸੰਵਿਧਾਨ ਵਿਚ ਦਰਜ ਕਰਨੀਆਂ ਪਈਆਂ ਸਨ। ਇਹ ਤਾਕਤਾਂ 'ਭਾਰਤ ਜੋੜੋ ਯਾਤਰਾ' ਦੇ ਸਮੇਂ ਤੋਂ ਹੀ ਬੇਹੱਦ ਸਰਗਰਮ ਹਨ। ਉਨ੍ਹਾਂ ਨੇ 'ਭਾਰਤ ਜੋੜੋ ਯਾਤਰਾ' ਦੀ ਡੱਟ ਕੇ ਹਮਾਇਤ ਕੀਤੀ ਪਰ ਕਾਂਗਰਸ ਤੋਂ ਦੂਰੀ ਬਰਕਰਾਰ ਰੱਖਦਿਆਂ ਆਪਣੀ ਖ਼ੁਦਮੁਖਤਿਆਰ ਹੈਸੀਅਤ ਵੀ ਬਣਾਈ ਰੱਖੀ।

ਕਰਨਾਟਕਾ ਵਿਚ ਭਾਜਪਾ ਦੀ ਸਿਆਸਤ ਦਾ ਪ੍ਰਭਾਵ ਅਜੇ ਬਹੁਤਾ ਡੂੰਘਾ ਨਹੀਂ ਹੈ। 1952 ਤੋਂ ਲੈ ਕੇ ਹੋਈਆਂ 15 ਵਿਧਾਨ-ਸਭਾ ਚੋਣਾਂ ਵਿੱਚੋਂ 9 ਵਾਰ ਕਾਂਗਰਸ ਅਤੇ ਦੋ ਵਾਰ ਜਨਤਾ ਦਲ ਨੂੰ ਸਪਸ਼ਟ ਬਹੁਮਤ ਮਿਲਦਾ ਰਿਹਾ ਹੈ। ਸਿਰਫ਼ ਤਿੰਨ ਵਾਰ ਭਾਜਪਾ ਜਿੱਤੀ ਹੈ ਅਤੇ ਸਰਕਾਰ ਬਣਾਉਣ ਲਈ ਇਸ ਦੀ ਮੁਕੰਮਲ ਟੇਕ ਵਿਧਾਇਕਾਂ ਨੂੰ ਖ਼ਰੀਦਣ ਅਤੇ ਤੋੜਨ ਉੱਪਰ ਰਹੀ ਹੈ। ਜੋੜ-ਤੋੜ ਦੀ ਇਸ 'ਮੁਹਾਰਤ' ਦਾ ਸਭ ਤੋਂ ਬੇਹਯਾ ਰੂਪ ਜੁਲਾਈ 2019 'ਚ ਯੇਡੀਯੁਰੱਪਾ ਨੂੰ ਮੁੱਖ ਮੰਤਰੀ ਬਣਾਏ ਜਾਣ ਸਮੇਂ ਦੇਖਿਆ ਗਿਆ ਜਦੋਂ 17 ਵਿਧਾਇਕ ਖ਼ਰੀਦ ਕੇ ਕਾਂਗਰਸ-ਜਨਤਾ ਦਲ ਦੀ ਗੱਠਜੋੜ ਸਰਕਾਰ ਡੇਗ ਦਿੱਤੀ ਗਈ ਸੀ। ਹਾਲੀਆ ਚੋਣਾਂ ਵੀ ਇਹੀ ਦਰਸਾਉਂਦੀਆਂ ਹਨ ਕਿ ਇੱਥੇ ਇਕ ਹੱਦ ਤੱਕ ਹਿੰਦੂਤਵ ਦਾ ਪ੍ਰਭਾਵ ਤਾਂ ਹੈ ਪਰ ਚੋਣਾਂ 'ਚ ਹਿੰਦੂਤਵ ਵੋਟਰ-ਵਰਗ ਨਾਲੋਂ 'ਲਿੰਗਾਇਤ ਵੋਟਰ-ਵਰਗ' ਜ਼ਿਆਦਾ ਤਾਕਤਵਰ ਹੈ ਜੋ ਰਾਜ ਦੀ ਵਸੋਂ ਦਾ 17% ਬਣਦੇ ਹਨ ਅਤੇ ਜਿਨ੍ਹਾਂ ਉੱਪਰ ਭਾਜਪਾ ਦੀ ਜ਼ਿਆਦਾ ਟੇਕ ਰਹੀ ਹੈ। ਭਾਜਪਾ ਦੇ 9 ਸਾਲਾਂ ਦੇ ਰਾਜ 'ਚ ਤਿੰਨ ਮੁੱਖ ਮੰਤਰੀ ਲਿੰਗਾਇਤਾਂ 'ਚੋਂ ਹੀ ਰਹੇ ਹਨ। ਯੇਡੀਯੁਰੱਪਾ ਦਾ 'ਲਿੰਗਾਇਤ ਵੋਟਰ-ਵਰਗ' ਵਿਚ ਮਜ਼ਬੂਤ ਪ੍ਰਭਾਵ ਹੈ। ਜੁਲਾਈ 2021 'ਚ ਉਸ ਨੂੰ ਪਿੱਛੇ ਕਰਕੇ ਅਤੇ ਬੋਮਈ ਨੂੰ ਅੱਗੇ ਲਿਆ ਕੇ ਭਾਜਪਾ ਨੇ ਲਿੰਗਾਇਤ ਵੋਟਰ-ਵਰਗ ਦੀ ਨਾਰਾਜ਼ਗੀ ਸਹੇੜ ਲਈ। ਵਿਧਾਨ-ਸਭਾ ਚੋਣਾਂ 'ਚ 'ਵੀਰਸ਼ੈਵ-ਲਿੰਗਾਇਤ' ਭਾਈਚਾਰੇ ਦੇ ਇਕ ਹਿੱਸੇ ਨੇ ਖੁੱਲ੍ਹੇਆਮ ਭਾਜਪਾ ਨੂੰ ਹਰਾਉਣ ਦੀ ਮੁਹਿੰਮ ਚਲਾਈ। ਇਕ ਸਮੇਂ ਕਾਂਗਰਸ ਦਾ ਮਜ਼ਬੂਤ ਵੋਟ ਆਧਾਰ ਰਿਹਾ ਲਿੰਗਾਇਤ ਭਾਈਚਾਰਾ ਜੋ ਕਾਂਗਰਸ ਤੋਂ ਨਾਰਾਜ਼ ਹੋ ਕੇ ਯੇਡੀਯੁਰੱਪਾ ਦੇ ਯਤਨਾਂ ਨਾਲ ਭਾਜਪਾ ਨਾਲ ਜੁੜਿਆ ਸੀ ਉਹ ਇਸ ਵਾਰ ਮੁੜ ਕਾਂਗਰਸ ਦੇ ਹੱਕ 'ਚ ਜਾ ਭੁਗਤਿਆ। ਭਾਜਪਾ ਦੀ ਪਾਲਾਬੰਦੀ ਦੀ ਸੋਸ਼ਲ ਇੰਜੀਨੀਅਰਿੰਗ ਪਾਟਕ ਪਾਊ ਚਾਲਾਂ ਦੇ ਬਾਵਜੂਦ ਇੱਥੇ ਹੋਰ ਫਿਰਕਿਆਂ ਅਤੇ ਜਾਤੀਆਂ ਦੇ ਵੋਟਰਾਂ ਨੂੰ ਖਿੱਚਣ 'ਚ ਅਸਫ਼ਲ ਰਹੀ।

ਇਸ ਹਕੂਮਤ ਬਦਲੀ ਦੀਆਂ ਮੁਲਕ ਦੇ ਭਵਿੱਖ ਲਈ ਕੀ ਰਾਜਸੀ ਅਰਥ-ਸੰਭਾਵਨਾਵਾਂ ਹਨ? ਕੀ ਕਾਂਗਰਸ ਆਰ.ਐੱਸ.ਐੱਸ-ਭਾਜਪਾ ਦੀ 'ਕਾਂਗਰਸ ਮੁਕਤ ਭਾਰਤ' ਯਾਨੀ ਪਾਰਲੀਮੈਂਟਰੀ ਵਿਰੋਧੀ-ਧਿਰ ਤੋਂ ਮੁਕਤ ਭਾਰਤ ਦੇ ਹਮਲਾਵਰ ਪ੍ਰੋਜੈਕਟ ਨੂੰ ਠੱਲ ਪਾ ਸਕਦੀ ਹੈ? ਦਰਅਸਲ ਕਾਂਗਰਸ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਹੀ ਹੈ। ਬੇਸ਼ੱਕ 'ਭਾਰਤ ਜੋੜੋ ਯਾਤਰਾ' ਰਾਹੀਂ ਰਾਹੁਲ ਗਾਂਧੀ ਨੇ ਹਿੰਦੂਤਵ ਪ੍ਰੋਜੈਕਟ ਅਤੇ ਲੰਗੋਟੀਏ ਪੂੰਜੀਵਾਦ ਵਿਰੁੱਧ ਜ਼ੋਰਦਾਰ ਰਾਜਨੀਤਕ ਨਿਸ਼ਾਨਾ ਸੇਧਿਆ ਪਰ ਕਾਂਗਰਸ ਦੀ ਆਪਣੀ ਵਿਚਾਰਧਾਰਾ ਵੀ ਤੱਤ ਰੂਪ 'ਚ 'ਸਾਫ਼ਟ ਹਿੰਦੂਤਵ' ਹੀ ਹੈ। ਇਸ ਦੀ ਆਰਥਕ ਨੀਤੀ ਵੀ ਉਸੇ ਤਰ੍ਹਾਂ ਭਾਰਤ ਦੇ ਆਰਥਕ ਵਸੀਲੇ ਆਪਣੇ ਚਹੇਤੇ ਕਾਰਪੋਰਟਾਂ ਦੀ ਸੇਵਾ 'ਚ ਲਾਉਣ ਦੀ ਹੈ ਜਿਵੇਂ ਭਾਜਪਾ ਦੀ ਨੀਤੀ ਹੈ। ਇਸ ਨੇ ਸਾਢੇ ਸੱਤ ਦਹਾਕਿਆਂ 'ਚ ਕਦੇ ਵੀ ਆਰ.ਐੱਸ.ਐੱਸ. ਦੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਜਨੀਤਕ ਪ੍ਰੋਜੈਕਟ ਵਿਰੁੱਧ ਦ੍ਰਿੜ ਲੜਾਈ ਨਹੀਂ ਲੜੀ। ਹੁਣ ਬਜਰੰਗ ਦਲ ਉੱਪਰ ਪਾਬੰਦੀ ਲਗਾਉਣ ਦੇ ਵਾਅਦੇ ਕਰਨ ਵਾਲੀ ਕਾਂਗਰਸ ਹਕੂਮਤ ਨੇ 1948 'ਚ ਆਰ.ਐੱਸ.ਐੱਸ. ਉੱਪਰ ਕੁਝ ਮਹੀਨਿਆਂ ਲਈ ਪਾਬੰਦੀ ਲਗਾਏ ਜਾਣ ਤੋਂ ਸਿਵਾਏ ਕਦੇ ਵੀ ਸੰਘ ਪਰਿਵਾਰ ਦੀਆਂ ਦਹਿਸ਼ਤ ਜਥੇਬੰਦੀਆਂ ਵਿਰੁੱਧ ਅਸਰਦਾਰ ਕਾਰਵਾਈ ਨਹੀਂ ਕੀਤੀ। ਨਾ ਹੀ ਹੁਣ ਕਰ ਸਕੇਗੀ। ਕਾਂਗਰਸ ਦਾ ਅਤੇ ਭਾਜਪਾ ਵਿਰੁੱਧ ਉੱਭਰ ਰਹੇ 'ਵਿਰੋਧੀ-ਧਿਰ' ਦੇ ਹੋਰ ਗੱਠਜੋੜਾਂ ਦਾ ਮਨੋਰਥ ਸੱਤਾ ਵਿਚ ਆਪਣੀ ਹਿੱਸੇਦਾਰੀ ਨੂੰ ਬਚਾਉਣਾ ਹੈ ਨਾ ਕਿ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਪ੍ਰੋਜੈਕਟ ਵਿਰੁੱਧ ਲੋਕ ਲਹਿਰ ਖੜ੍ਹੀ ਕਰਨਾ ਅਤੇ ਅਵਾਮ ਨੂੰ 'ਲੰਗੋਟੀਏ ਪੂੰਜੀਵਾਦ' ਤੋਂ ਮੁਕਤ ਕਰਨਾ। ਪਾਰਲੀਮੈਂਟਰੀ ਵਿਰੋਧੀ-ਧਿਰ ਹਕੂਮਤ ਬਦਲੀ ਰਾਹੀਂ ਕੁਝ ਚਿਰ ਲਈ ਭਗਵੇਂ ਪ੍ਰੋਜੈਕਟ ਨੂੰ ਪਿੱਛੇ ਪਾ ਸਕਦੀ ਹੈ। ਕਰਨਾਟਕਾ 'ਚ ਹਕੂਮਤ ਬਦਲੀ ਇਨ੍ਹਾਂ ਮਾਇਨਿਆਂ 'ਚ ਹੀ ਇਕ ਸੀਮਤ ਹਾਂਪੱਖੀ ਕਦਮ ਹੈ ਜੋ ਮੁਲਕ ਦੇ ਅਵਾਮ 'ਚ ਭਗਵੇਂ ਰਾਜ ਤੋਂ ਮੁਕਤ ਹੋਣ ਲਈ ਹੰਭਲਾ ਮਾਰਨ ਲਈ ਥੋੜ੍ਹਾ ਉਤਸ਼ਾਹਤ ਕਰ ਸਕਦਾ ਹੈ। ਪਰ ਇਸ ਵਿੱਚੋਂ ਸੰਘ ਦੇ ਫਾਸ਼ੀਵਾਦ ਤੋਂ ਮੁਕਤੀ ਦਾ ਭਰਮ ਨਹੀਂ ਪਾਲਣਾ ਚਾਹੀਦਾ। ਭਗਵੇਂ ਫਾਸ਼ੀਵਾਦ ਨਾਲ ਅਸਰਦਾਰ ਟੱਕਰ ਲੈਣ ਲਈ ਖ਼ਰੀਆਂ ਜਮਹੂਰੀ ਅਤੇ ਇਨਸਾਫ਼ਪਸੰਦ ਤਾਕਤਾਂ ਨੂੰ ਆਪਣੀ ਟੇਕ ਲੋਕ ਤਾਕਤ ਉਸਾਰਨ ਉੱਪਰ ਰੱਖਣੀ ਪਵੇਗੀ। ਹੋਰ ਕੋਈ ਸ਼ਾਰਟ-ਕੱਟ ਰਸਤਾ ਨਹੀਂ ਹੈ।


# ਕੋਚੀ ਕੌਮਾਂਤਰੀ ਕਲਾ ਕੁੰਭ 'ਚ ਪੰਜਾਬ ਦੀ ਪੈੜ



ਦਲਜੀਤ ਅਮੀ

ਕੋਚੀ ਦਾ ਦੋ ਸਾਲਾ ਕੌਮਾਂਤਰੀ ਕਲਾ ਮੇਲਾ (ਕੋਚੀ-ਮੁਜ਼ੀਰਿਸ ਬਿਨਾਲੇ) ਤੇਈ ਦਸੰਬਰ ਤੋਂ ਦਸ ਅਪਰੈਲ ਤੱਕ ਨੁਮਾਇਸ਼ਾਂ ਲਗਾ ਕੇ ਮੁਕੰਮਲ ਹੋ ਗਿਆ। ਇਸ ਮੇਲੇ ਦਾ ਨਾਅਰਾ ਸੀ, "ਸਿਆਹੀ ਅਤੇ ਅੱਗ ਤੁਹਾਡੀਆਂ ਰਗਾਂ ਵਿੱਚ ਰਵਾਂ ਹੈ।" ਇਸ ਦਾ ਬਿਆਨੀਆ ਸੀ ਕਿ ਦੋ ਸਾਲਾ ਕਲਾ ਮੇਲਾ ਮਹਿਜ਼ ਸਬੱਬੀ ਜੁੜਿਆ ਸੰਜੋਗ ਨਹੀਂ ਹੁੰਦਾ। ਇਹ ਉਦਾਸੀਆਂ ਦੇ ਸਾਹਮਣੇ ਖੜ੍ਹੀ ਕੀਤੀ ਜਾਣ ਵਾਲੀ ਵਾੜ ਵਾਂਗ ਨਾਮੁਮਕਿਨ ਜਾਪਦਾ ਖ਼ਿਆਲ ਹੈ। ਅਸੀਂ ਮਨੁੱਖਾ ਨਸਲ ਅਤੇ ਆਪਣੀਆਂ ਬਿਰਾਦਰੀਆਂ ਦੀ ਕਾਬਲੀਅਤ ਤੋਂ ਵਾਕਿਫ਼ ਹਾਂ ਜੋ ਨਾਜ਼ੁਕ ਅਤੇ ਮੁਸ਼ਕਲ ਹਾਲਾਤ ਵਿੱਚ ਕਲਾਮਈ ਅੰਦਾਜ਼ ਵਿੱਚ ਵਿਕਸਦੀ ਰਹਿੰਦੀ ਹੈ। ਇਹੋ ਕਾਬਲੀਅਤ ਇਨਕਾਰ ਕਰਦੀ ਹੈ ਕਿ ਸ਼ਾਇਰੀ, ਬੋਲੀਆਂ, ਕਲਾ, ਮੌਸਿਕੀ, ਆਸ਼ਾਵਾਦ ਅਤੇ ਕਟਾਕਸ਼ ਦੇ ਭਰਮ ਤੋਂ ਮੁਕਤ ਹੋ ਜਾਣਾ ਚਾਹੀਦਾ ਹੈ। ਜੁਗਤ ਵਜੋਂ ਕਥਾਕਾਰੀ ਦੀ ਅਨੰਤ ਤਾਕਤ, ਸਿਆਹੀ ਦਾ ਹੱਦਾਂ-ਬੰਨ੍ਹੇ ਤੋੜ ਦੇਣ ਵਾਲਾ ਜ਼ੋਰ, ਕਟਾਕਸ਼ ਅਤੇ ਮਜ਼ਾਕ ਦੀ ਤਬਦੀਲੀ-ਪਸੰਦ ਅੱਗ ਵਿੱਚ ਅਟੁੱਟ ਯਕੀਨ ਹੀ ਇਸ ਦੌਰ ਵਿੱਚ ਨਾਮੁਮਕਿਨ ਨੂੰ ਮੁਮਕਿਨ ਕਰਨ ਦਾ ਹੌਸਲਾ ਦਿੰਦਾ ਹੈ। ਇਸੇ ਬਿਆਨੀਏ ਵਿੱਚ ਸੁਆਲ ਹੈ ਕਿ ਜਦੋਂ ਅਸੀਂ ਕੁਝ ਸੁਣਦੇ, ਦੇਖਦੇ, ਸਹੇਜਦੇ, ਸੋਚਦੇ ਅਤੇ ਬਣਾਉਂਦੇ ਹਾਂ ਤਾਂ ਕੀ ਹਾਸਿਲ ਹੁੰਦਾ ਹੈ? ਇੱਕ ਤਾਂ ਸਭ ਤੋਂ ਇਕਾਂਤ ਵਿੱਚ ਕੀਤੇ ਸਫ਼ਰ ਵੀ ਤਨਹਾ ਨਹੀਂ ਹੁੰਦੇ ਸਗੋਂ ਉਨ੍ਹਾਂ ਰਾਹਾਂ ਉੱਤੇ ਅਸੀਂ ਸਰਵ-ਸਾਂਝੀ ਸੁਰਤ ਅਤੇ ਸੋਚ ਦੇ ਸਰੋਵਰ ਦਾ ਜਲ ਛਕਦੇ ਹਾਂ। ਜਦੋਂ ਅਸੀਂ ਇਕੱਲੇ ਕੰਮ ਕਰਦੇ ਹਾਂ ਤਾਂ ਅਸੀਂ ਹੋਰਾਂ ਦੀ ਆਵਾਜ਼ ਬੁਲੰਦ ਕਰਦੇ ਹਾਂ। ਇਹ ਸਮਾਜਿਕ ਸਰਗਰਮੀ ਹੈ ਜੋ ਅਸੀਂ ਸਿਰਜਣਾ ਕਰਦੇ ਹੋਏ ਸਾਂਝੇ ਤੌਰ ਉੱਤੇ ਕਰਦੇ ਹਾਂ।

ਇਸ ਹਵਾਲੇ ਨਾਲ ਕੋਚੀ ਦੇ ਦੋ ਸਾਲਾ ਕੌਮਾਂਤਰੀ ਕਲਾ ਮੇਲੇ ਵਿੱਚ ਸਥਾਪਨ ਕਲਾ (ਇੰਸਟਾਲੇਸ਼ਨ) ਮਰਕਜ਼ੀ ਸੀ ਜਿਸ ਵਿੱਚ ਚਿੱਤਰਕਾਰੀ, ਫੋਟੋਕਾਰੀ, ਡਿਜੀਟਲ ਅਤੇ ਵੀਡੀਓ ਦੇ ਨਾਲ-ਨਾਲ ਬਹੁਤ ਸਾਰੀ ਸਮੱਗਰੀ ਅਤੇ ਇਨ੍ਹਾਂ ਦਾ ਵੰਨ-ਸਵੰਨੀ ਸੰਜੋਗੀ ਵਿਓਂਤਬੰਦੀ ਸ਼ਾਮਿਲ ਹੋਈ। ਕੋਚੀ ਵਿੱਚ ਸਮੁੰਦਰ ਦੇ ਕੰਢੇ ਬਣੀਆਂ ਵੱਖ-ਵੱਖ ਥਾਂਵਾਂ ਵਿੱਚ ਤਕਰੀਬਨ ਸਮੁੱਚੇ ਮੇਲੇ ਦਾ ਘੇਰਾ ਸੱਤ-ਅੱਠ ਕਿਲੋਮੀਟਰ ਬਣਦਾ ਸੀ ਅਤੇ ਹਰ ਥਾਂ ਦਾ ਕੋਈ ਬੂਹਾ ਜਾਂ ਖਿੜਕੀ ਸਮੁੰਦਰ ਵੱਲ ਖੁੱਲ੍ਹਦੀ ਸੀ। ਇੱਕ ਪਾਸੇ ਨੁਮਾਇਸ਼ਾਂ ਵਾਲੀਆਂ ਥਾਂਵਾਂ ਉੱਤੇ ਬਸਤਾਨੀ ਦੌਰ ਦੀਆਂ ਯਾਦਾਂ ਦੀ ਝਲਕ ਪੈਂਦੀ ਸੀ ਅਤੇ ਦੂਜੇ ਪਾਸੇ ਸਮੁੰਦਰ ਵਿੱਚ ਹੋ ਰਹੀ ਆਵਾਜਾਈ ਅਤੇ ਢੋਆ-ਢੁਆਈ ਬਸਤਾਨੀ ਦੌਰ ਤੋਂ ਪਹਿਲੀਆਂ ਅਤੇ ਬਾਅਦ ਦੀਆਂ ਕੜੀਆਂ ਜੋੜਦੀ ਸੀ। ਪੁਰਾਤਨ ਦਾ ਵਿਚਕਾਰਲੇ ਦੌਰ ਰਾਹੀਂ ਸਮਕਾਲੀ ਦੌਰ ਨਾਲ ਰਾਬਤਾ ਨੁਮਾਇਸ਼ਾਂ ਕਈ ਤਰ੍ਹਾਂ ਨਾਲ ਪੇਸ਼ ਕਰਦੀਆਂ ਸਨ। ਕੁਝ ਨਾਮੀ ਕਲਾਕਾਰਾਂ ਦੀਆਂ ਪੁਰਾਣੀਆਂ ਕਲਾ-ਕਿਰਤਾਂ ਅਤੇ ਨਵੇਂ ਕਲਾਕਾਰਾਂ ਦੀਆਂ ਸਮਕਾਲੀ ਕਿਰਤਾਂ ਨਾਲ ਇੱਕ ਲੜੀ ਬਣਦੀ ਸੀ। ਮਨੁੱਖੀ ਤਜਰਬੇ ਦੀ ਵੱਖ-ਵੱਖ ਕਲਾ ਰੂਪਾਂ ਵਿੱਚ





ਨੁਮਾਇੰਦਗੀ ਇੱਕ ਹੋਰ ਲੜੀ ਬਣਾਉਂਦੀ ਸੀ। ਇੱਕੋ ਖ਼ਿਆਲ ਦੀ ਵੱਖ-ਵੱਖ ਕਲਾਕਾਰਾਂ ਅਤੇ ਵੱਖ-ਵੱਖ ਸਮੇਂ ਵਿੱਚ ਹੋਈ ਨੁਮਾਇੰਦਗੀ ਇੱਕ ਹੋਰ ਲੜੀ ਬਣਾ ਦਿੰਦੀ ਸੀ। ਅਜਿਹੀਆਂ ਲੜੀਆਂ ਦੇ ਉਭਰਨ ਦੀ ਗੁੰਜਾਇਸ਼ ਦਰਸ਼ਕ ਦੇ ਤਜਰਬੇ, ਸਮਝ ਅਤੇ ਸੁਹਜ ਨਾਲ ਜੁੜ ਕੇ ਵਧ ਰਹੀ ਸੀ।

ਇਸ ਲੇਖ ਦਾ ਮਕਸਦ ਇਸ ਕਲਾ ਮੇਲੇ ਵਿੱਚ ਪੰਜਾਬ ਦੀ ਨੁਮਾਇੰਦਗੀ ਨੂੰ ਸ਼ਮੂਲੀਅਤ, ਰੂਪ ਅਤੇ ਵਿਸ਼ਾ ਪੱਖ ਤੋਂ ਵੇਖਣਾ ਹੈ। ਹਰ ਆਲਮੀ ਮਨੁੱਖ ਵਾਂਗ ਕਲਾ ਰਸੀਏ ਵਜੋਂ ਪੰਜਾਬੀ ਬੰਦੇ ਦੀ ਦਿਲਚਸਪੀ ਕਲਾ ਦੇ ਇਸ ਸਮੁੱਚੇ ਮੇਲੇ ਵਿੱਚ ਹੋ ਸਕਦੀ ਹੈ। ਲੇਖ ਇਹ ਸਮਝਣ ਦਾ ਉਪਰਾਲਾ ਹੈ ਕਿ ਇਸ ਮੇਲੇ ਦੀ ਪੰਜਾਬ ਦੇ ਕਿਸ ਕਲਾਕਾਰ, ਕਲਾ ਕਿਰਤ ਜਾਂ ਕਲਾ ਰੂਪ ਵਿੱਚ ਦਿਲਚਸਪੀ ਹੈ। ਇੰਝ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਕਿਹੜੀ ਕਲਾ ਇਸ ਮੇਲੇ ਨੂੰ ਜਾਂਦੇ ਰਾਹ ਉੱਤੇ ਸਵਾਰ ਹੁੰਦੀ ਹੈ।


ਸਥਾਪਨਾ ਕਲਾ ਦੀਆਂ ਦੋ ਨੁਮਾਇਸ਼ਾਂ ਕਲਾਕਾਰ ਜਿਤਿਸ਼ ਕਾਲਾਤ ਨੇ ਕੀਤੀਆਂ ਹਨ ਜੋ ਆਜ਼ਾਦੀ ਦੇ 75 ਵਰ੍ਹਿਆਂ ਨਾਲ ਆਪਣਾ ਸੰਵਾਦ ਕਰਦੀਆਂ ਹਨ। ਇੱਕ ਸਥਾਪਨਾ ਦਾ ਨਾਮ 'ਕਵਰਿੰਗ ਲੈਟਰ' ਹੈ ਜੋ ਦੂਜੀ ਆਲਮੀ ਜੰਗ ਤੋਂ ਕੁਝ ਹਫ਼ਤੇ ਪਹਿਲਾਂ ਮੋਹਨ ਦਾਸ ਕਰਮ ਚੰਦ ਗਾਂਧੀ ਦੀ ਹਿਟਲਰ ਨੂੰ ਲਿਖੀ ਚਿੱਠੀ ਦੀ ਸਮਕਾਲੀ ਪੇਸ਼ਕਾਰੀ ਹੈ। ਹਨੇਰੇ ਕਮਰੇ ਵਿੱਚ ਗਾਂਧੀ ਦੀ ਚਿੱਠੀ ਦੇ ਸ਼ਬਦ ਧੁੰਦ ਦੇ ਪਰਦੇ ਉੱਤੇ ਚਲਦੇ ਹਨ। ਧੁੰਦ ਦੇ ਛਟਣ ਸਾਰ ਹੀ ਇਹ ਸ਼ਬਦ ਲੋਪ ਹੋ ਜਾਂਦੇ ਹਨ। ਅਮਨ ਦੇ ਦੂਤ ਨੇ ਹਿੰਸਾ ਦੇ ਅਲੰਵਰਦਾਰ ਨੂੰ 'ਪਿਆਰੇ ਦੋਸਤ' ਕਹਿ ਕੇ ਚਿੱਠੀ ਲਿਖੀ ਹੈ ਜਿਸ ਦੇ ਸ਼ਬਦ ਇਤਿਹਾਸ ਨੇ ਅਣਸੁਣੇ ਕਰ ਦਿੱਤੇ ਹਨ। ਦਰਸ਼ਕ ਦੇ ਸਾਹਮਣੇ ਇਹ ਇਤਿਹਾਸਕ ਚਿੱਠੀ ਆਪਣੀ ਕਲਾ ਵਰਤਾਉਂਦੀ ਹੈ ਤਾਂ ਇਹ ਸਮਕਾਲੀ ਦੌਰ ਨਾਲ ਪੇਚੀਦਾ ਸੰਵਾਦ ਛੇੜ ਦਿੰਦੀ ਹੈ।

ਜਿਤਿਸ਼ ਕਾਲਾਤ ਨੇ ਵੱਖ-ਵੱਖ ਕਲਾਕਾਰਾਂ ਦੀਆਂ ਕਲਾਕਿਰਤਾਂ ਨੂੰ ਸੰਜੋਗ ਕੇ ਦੂਜੀ ਨੁਮਾਇਸ਼ ਦੀ ਸਥਾਪਨਾ ਕੀਤੀ ਹੈ ਜਿਸ ਦਾ ਨਾਮ 'ਟੈਂਗਲਡ ਹਿਰਾਰਕੀਜ਼' (ਉਲਝੇ ਦਰਜੇ) ਹੈ। ਇਸ ਨੁਮਾਇਸ਼ ਵਿੱਚ 1947 ਦੀ ਵੰਡ ਨਾਲ ਜੁੜੀਆਂ ਕਲਾਕਿਰਤਾਂ ਅਤੇ ਦਸਤਾਵੇਜ਼ ਹਨ। ਇਨ੍ਹਾਂ ਵਿੱਚ ਚਿੱਠੀਆਂ, ਚਿੱਤਰ, ਤਸਵੀਰਾਂ, ਨਕਸ਼ੇ ਅਤੇ ਦਸਤਾਵੇਜ਼ਾਂ ਦੀਆਂ ਨਕਲਾਂ ਹਨ ਜਿਨ੍ਹਾਂ ਦੀ ਸਥਾਪਨਾ ਹੱਦਾਂ-ਸਰਹੱਦਾਂ, ਬਾਮੁਕਾਮੀ-ਬੇਮੁਕਾਮੀ, ਕਹਿ-ਅਣਕਹੇ, ਸੁਣੇ-ਅਣਸੁਣੇ, ਕਲੇਸ਼ ਅਤੇ ਪੀੜ ਵਰਗੀਆਂ ਹਕੀਕਤਾਂ ਅਤੇ ਅਹਿਸਾਸ ਦੀ ਗੁੰਜਾਇਸ਼ ਫਰੋਲਣ ਦਾ ਸਬੱਬ ਬਣਦੀ ਹੈ। ਦਰਜਣ ਤੋਂ ਜ਼ਿਆਦਾ ਕਲਾਕਾਰਾਂ ਵਿੱਚ ਫੋਟੋਕਾਰ ਹੈਨਰੀ ਕਾਰਟੀਅਰ-ਬਰੈਸੋਂ ਅਤੇ ਹੋਮੀ ਵਿਆਰਵਾਲਾ ਸ਼ਾਮਿਲ ਹਨ। ਪੰਜਾਬੀ ਮੂਲ ਦਾ ਸਰਦਾਰੀ ਲਾਲ ਪਰਾਸ਼ਰ ਹੈ ਜਿਸ ਨੇ ਵੰਡ ਦੇ ਫ਼ਿਰਕੂ ਕਤਲਿਆਮ ਦਾ ਸੇਕ ਆਪਣੇ ਪਿੰਡੇ ਉੱਤੇ ਹੰਢਾਇਆ ਹੈ ਅਤੇ ਲਾਹੌਰ ਤੋਂ ਬਾਅਦ ਸ਼ਿਮਲਾ, ਚੰਡੀਗੜ੍ਹ, ਬੰਬਈ ਅਤੇ ਦਿੱਲੀ ਵਿੱਚ ਕਲਾ ਸਿਰਜਣ ਦਾ ਕੰਮ ਕੀਤਾ। ਪਰਾਸ਼ਰ ਦੀਆਂ ਡਰਾਇੰਗਾਂ ਉਸ ਦੌਰ ਦੇ ਬੇਪਛਾਣ ਪਨਾਹਗੀਰਾਂ ਦੀਆਂ ਕਹਾਣੀਆਂ ਸੁਣਾਉਂਦੀਆਂ ਹਨ। ਇਨ੍ਹਾਂ ਬੇਪਛਾਣਾਂ ਦੀ ਪਛਾਣ ਇਸ ਨੁਮਾਇਸ਼ ਦਾ ਹਿੱਸਾ ਬਣ ਕੇ ਕਾਲ ਮੁਕਤ ਹੋ ਜਾਂਦੀ ਹੈ। ਸਥਾਪਨਾ ਕਲਾ ਦੀਆਂ ਇਨ੍ਹਾਂ ਦੋ ਨੁਮਾਇਸ਼ਾਂ ਨੂੰ ਪੇਸ਼ ਕਰਨ ਵਾਲੀ ਕਿਰਨ ਨਾਦਰਾ ਦਾ ਕਹਿਣਾ ਹੈ, "ਜਿਤਿਸ਼ ਕਾਲਾਤ ਦੇ ਇਨ੍ਹਾਂ ਦੋ ਕੰਮਾਂ ਦਾ ਧੁਰਾ ਦੋ ਇਤਿਹਾਸਕ ਘੜੀਆਂ ਬਣੀਆਂ ਹਨ। ਅਸੀਂ ਆਸ ਕਰਦੇ ਹਾਂ ਕਿ ਇਹ ਨੁਮਾਇਸ਼ਾਂ ਸੰਵਾਦ ਨੂੰ ਗਾਂਧੀ ਅਤੇ ਵੰਡ ਤੋਂ ਘੇਰੇ ਤੋਂ ਪਾਰ ਲੈ ਜਾਣਗੀਆਂ ਅਤੇ ਦਰਸ਼ਕ ਸੰਗਤ ਮੌਜੂਦਾ ਦੌਰ ਦੀਆਂ ਵੰਡੀਆਂ ਅਤੇ ਤਬਾਹੀਆਂ ਨੂੰ ਉਸੇ ਰੁਝਾਨ ਦੀ ਕੜੀ ਵਜੋਂ ਵੇਖ ਸਕੇਗੀ।" ਪੰਜਾਬੀਆਂ ਦੀ ਆਪਸ ਵਿੱਚ ਵੱਡਾ-ਟੁੱਕੀ ਦੀ ਪੀੜ ਹੁਣ ਚੌਥੀ ਪੀੜ੍ਹੀ ਤੱਕ ਰਿਸ ਗਈ ਹੈ ਜੋ ਪ੍ਰੇਤ ਅੰਗ ਦੀ ਪੀੜ ਵਾਂਗ ਹੈ। ਕੋਚੀ ਕਲਾ ਮੇਲਾ 'ਪ੍ਰੇਤ ਅੰਗ ਦੀ ਪੀੜ' ਵਾਲੀ ਧਾਰਨਾ ਰਾਹੀਂ ਖ਼ੁਸੂਸੀ ਤਜਰਬੇ ਨੂੰ ਵਡੇਰੇ ਰੁਝਾਨ ਦੀ ਕੜੀ ਵਜੋਂ ਪੇਸ਼ ਕਰਦਾ ਹੈ। ਇਹ ਮੇਲਾ ਪੰਜਾਬ ਨੂੰ ਆਲਮੀ ਤਜਰਬੇ ਦਾ ਹਿੱਸਾ ਬਣਾਉਂਦਾ ਹੋਇਆ ਦਰਦਮੰਦੀ ਦਾ ਬੁਲਾਰਾ ਬਣਨ ਦੀ ਸੱਦ ਮਾਰਦਾ ਹੈ।

ਪਿਛਲੇ ਦਿਨਾਂ ਵਿੱਚ ਫ਼ਾਨੀ ਸੰਸਾਰ ਤੋਂ ਵਿਦਾ ਹੋਏ ਵਿਵਾਨ ਸੁੰਦਰਮ ਦੀਆਂ ਦੋ ਕਲਾ ਲੜੀਆਂ ਦੇ ਚਿੱਤਰ ਕੋਚੀ ਕਲਾ ਮੇਲੇ ਵਿੱਚ ਸ਼ਾਮਿਲ ਸਨ। ਵਿਵਾਨ ਦੀ 1972 ਵਿੱਚ ਬਣਾਈ ਗਈ ਚਿੱਤਰ ਲੜੀ 'ਦ ਹਾਈਟਸ ਆਫ ਮਾਚੋ ਪੀਚੋ' ਦੀਆਂ ਡਰਾਇੰਗ ਹਨ। ਇਸ ਲੜੀ ਵਿੱਚ ਪੱਚੀ ਡਰਾਇੰਗ ਹਨ ਜੋ ਪਾਬਲੋ ਨੈਰੂਦਾ ਦੀ ਇਸੇ ਨਾਮ ਦੀ ਨਜ਼ਮ ਨੂੰ ਸਿਜਦਾ ਹਨ। ਇਸ ਦੇ ਨਾਲ ਵਿਵਾਨ ਦੀ 1978 ਵਿੱਚ ਬਣਾਈ ਗਈ ਅੱਠ ਚਿੱਤਰਾਂ ਦੀ ਲੜੀ 'ਏ ਜਰਨੀ ਟੂ ਮੈਕਸੀਕੋ' ਦੀਆਂ ਡਰਾਇੰਗ ਇਸ ਨੁਮਾਇਸ਼ ਵਿੱਚ ਸ਼ਾਮਿਲ ਸਨ ਜੋ ਲੰਘੇ ਦੌਰ ਦੇ ਹੁਕਮਰਾਨ ਦੀ ਤਾਕਤ ਅਤੇ ਜਕੜ ਨੂੰ ਪੇਸ਼ ਕਰਦੀਆਂ ਹਨ। ਵਿਵਾਨ ਆਪਣੀ ਆਖ਼ਰੀ ਨੁਮਾਇਸ਼ ਨੂੰ ਚੱਲਦਾ ਛੱਡ ਗਿਆ ਹੈ ਜੋ ਕੋਚੀ ਵਿੱਚ ਸਮੁੰਦਰ ਦੇ ਕਿਨਾਰੇ ਲੱਗੀ ਹੋਈ ਹੈ। ਵਿਵਾਨ ਦੀਆਂ ਕਲਾ ਕਿਰਤਾਂ ਸਫ਼ਰਯਾਫ਼ਤਾ ਪੰਜਾਬੀ ਬੰਦੇ ਦੇ ਆਲਮੀ ਖ਼ਾਸੇ ਅਤੇ ਫ਼ਿਕਰਾਂ ਨੂੰ ਪੇਸ਼ ਕਰਦੀਆਂ ਹਨ ਜਿਨ੍ਹਾਂ ਨਾਲ ਸੱਤਰਵਿਆਂ ਦੇ ਦਹਾਕੇ ਦੇ ਨਕਸ਼ ਉਘੜ ਆਉਂਦੇ ਹਨ। ਸੱਤਰਵਿਆਂ ਦਾ ਪੰਜਾਬੀ ਕਲਾ ਅਤੇ ਸਾਹਿਤ ਜਗਤ ਇਸੇ ਖ਼ਾਸੇ ਦੀ ਹੋਣੀ ਆਪਣੇ ਹੱਡੀਂ ਹੰਢਾ ਰਿਹਾ ਸੀ। ਵਿਵਾਨ ਉਸੇ ਹੋਣੀ ਦੀ ਕੌਮਾਂਤਰੀ ਤੰਦ ਫੜਨ ਦਾ ਉਪਰਾਲਾ ਕਰਦਾ ਜਾਪਦਾ ਹੈ।

ਕੋਚੀ ਕਲਾ ਮੇਲੇ ਵਿੱਚ ਪੰਜਾਬੀ ਬੰਦੇ ਦੀ ਸਮਕਾਲੀ ਨੁਮਾਇੰਦਗੀ ਕਿਸਾਨ ਮੋਰਚੇ ਰਾਹੀਂ ਹੋਈ ਹੈ। ਇਹ ਨੁਮਾਇੰਦਗੀ ਤਿੰਨ ਵੱਖ-ਵੱਖ ਨੁਮਾਇਸ਼ਾਂ ਵਿੱਚ ਵੱਖ-ਵੱਖ ਕਲਾ ਰੂਪਾਂ ਅਤੇ ਕਲਾਕਾਰਾਂ ਦੇ ਕੰਮ ਵਿੱਚ ਦਰਜ ਹੋਈ ਹੈ।

ਜਸ਼ਨਦੀਪ ਕੌਰ ਨੇ ਵਿਦਿਆਰਥੀਆਂ ਵਾਲੇ ਪਾਸੇ ਆਪਣੀ ਸਥਾਪਨਾ ਕੀਤੀ ਹੈ ਜਿਸ ਦਾ ਨਾਮ 'ਪੋਸਟਕਾਰਡ ਫਰੌਮ ਪਰੋਟੈਸਟ' (ਮੋਰਚੇ ਤੋਂ ਚਿੱਠੀਆਂ) ਹੈ। ਸਰਕਾਰੀ ਆਰਟ ਕਾਲਜ ਚੰਡੀਗੜ੍ਹ ਵਿੱਚੋਂ ਪੜ੍ਹਾਈ ਕਰਨ ਵਾਲੀ ਜਸ਼ਨਦੀਪ ਕੌਰ ਨੇ ਕਿਸਾਨ ਮੋਰਚੇ ਦੀਆਂ ਕਹਾਣੀਆਂ,




ਕਵਿਤਾਵਾਂ ਅਤੇ ਰੋਜ਼ਾਨਾ ਜ਼ਿੰਦਗੀ ਨੂੰ ਆਪਣੀ ਕਲਾ ਦਾ ਵਿਸ਼ਾ ਬਣਾਇਆ ਹੈ ਜਿਸ ਵਿੱਚ ਲੋਕਾਂ ਦੇ ਜ਼ੋਰ, ਜਬਤ ਅਤੇ ਸਿਦਕ ਦੇ ਨਜ਼ਾਰਿਆਂ ਅਤੇ ਆਵਾਜ਼ਾਂ ਨੂੰ ਪੇਸ਼ ਕੀਤਾ ਹੈ। ਇਸ ਪੇਸ਼ਕਾਰੀ ਰਾਹੀਂ ਕਿਸਾਨ ਮੋਰਚੇ ਅਤੇ ਨਾਇਨਸਾਫ਼ੀ ਖ਼ਿਲਾਫ਼ ਹੋਰ ਸੰਘਰਸ਼ਾਂ ਦੀ ਸਾਂਝ ਉਘੜਦੀ ਹੈ। ਮੋਰਚੇ ਦੇ ਕੁਝ ਭਾਵੁਕ ਪਲ ਮਾਨਵੀ ਪੱਖ ਉਘਾੜਦੇ ਹੋਏ ਇਸ ਦੀ ਅਹਿਮੀਅਤ ਦੇ ਵਸੀਹ ਘੇਰੇ ਨੂੰ ਪੇਸ਼ ਕਰਦੇ ਹਨ। ਜਸ਼ਨਦੀਪ ਨੇ ਆਪਣੀਆਂ ਚਿੱਠੀਆਂ ਨੂੰ ਕੰਡਿਆਲੀ ਤਾਰ ਉੱਤੇ ਟੰਗਿਆਂ ਹੈ ਜੋ ਕਿਸਾਨ ਮੋਰਚੇ ਦੀਆਂ ਯਾਦਾਂ ਤਾਜ਼ੀਆਂ ਕਰਦੀਆਂ ਹਨ। ਇਹ ਚਿੱਠੀਆਂ ਜਸ਼ਨਦੀਪ ਨੇ ਕਿਸਾਨ ਮੋਰਚੇ ਦੀ ਹਮਾਇਤ ਵਿੱਚ ਖ਼ੁਸੂਸੀ ਤੌਰ ਉੱਤੇ ਬਣਾਈਆਂ ਸਨ ਅਤੇ ਇੱਕ ਮੁਹਿੰਮ ਤਹਿਤ ਇਨ੍ਹਾਂ ਉੱਤੇ ਲੋਕਾਂ ਤੋਂ ਲਿਖਵਾਇਆ ਸੀ। ਇਹ ਕੰਡਿਆਲੀ ਤਾਰ ਦੀ ਆਪਣੀ ਬਾਤ ਹਕੂਮਤੀ ਜਬਰ ਦੇ ਘੋੜੇ ਉੱਤੇ ਸਵਾਰ ਹੈ ਜੋ ਦਰਸ਼ਕ ਸੰਗਤ ਦੇ ਮਨ ਵਿੱਚ ਕਸ਼ਮੀਰ ਤੋਂ ਕੋਰੀਆ ਤੱਕ ਗਸ਼ਤ ਕਰਦੀ ਹੈ। ਰਾਹ ਵਿੱਚ ਕਿਸਾਨ ਮੋਰਚਾ ਆਉਂਦਾ ਹੈ ਜਿਸ ਦੀ ਇਨਸਾਫ਼ਪਸੰਦੀ ਦੇ ਆਲਮੀ ਇਤਿਹਾਸ ਨਾਲ ਗੂੜ੍ਹਾ ਸਾਕ ਹੈ। ਕੰਡਿਆਲੀ ਤਾਰ ਉੱਤੇ ਲਟਕੀਆਂ ਤਸਵੀਰਾਂ ਕਿਸਾਨ ਮੋਰਚੇ ਦਾ ਤੰਬੂ ਬਣ ਜਾਂਦੀਆਂ ਹਨ ਜੋ ਆਰਜ਼ੀ ਮੁਕਾਮ ਹੁੰਦਾ ਹੋਇਆ ਵੀ ਕਦੀਮੀ ਨਾਬਰੀ ਦਾ ਪੱਕਾ ਟਿਕਾਣਾ ਹੈ। ਕਲਾ ਹੈ ਕਿ ਇਹ ਆਰਜ਼ੀ ਅਤੇ ਸਥਾਈ ਦੀ ਵੰਡੀ ਨੂੰ ਪੋਲਾ ਕਰ ਦਿੰਦੀ ਹੈ। ਸਥਾਪਨ ਕਲਾ ਦੀ ਖ਼ੂਬਸੂਰਤੀ ਹੈ ਕਿ ਇਹ ਹਰ ਥਾਂ ਅਤੇ ਸਮੱਗਰੀ ਨੂੰ ਆਪਣੇ ਵਿੱਚ ਸਮੋ ਲੈਂਦੀ ਹੈ। ਕਿਸਾਨ ਮੋਰਚੇ ਦਾ ਕੰਡਿਆਲੀ ਤਾਰ ਵਾਲਾ ਤੰਬੂ ਜਸ਼ਨਦੀਪ ਦੀ ਨੁਮਾਇਸ਼ ਵਜੋਂ ਇੱਕ ਛੋਟੇ ਜਿਹੇ ਦੁਧੀਆ ਕੰਧਾਂ ਵਾਲੇ ਕਮਰੇ ਵਿੱਚ ਲੱਗਿਆ ਹੈ। ਇਹ ਕੰਧਾਂ ਹਕੂਮਤ ਦਾ ਘੇਰਾ ਹੋ ਨਿਬੜੀਆਂ ਹਨ ਅਤੇ ਮੋਰਚੇ ਦਾ ਖੇੜਾ ਕਿਸੇ ਕਦੀਮੀ ਇਤਿਹਾਸ ਦੀ ਕਲਾ ਬਣ ਵਾਪਰ ਰਿਹਾ ਹੈ।

ਉਸ ਨੇ ਆਪਣੀ ਸਥਾਪਨਾ ਵਿੱਚ ਮੋਰਚੇ ਦੀਆਂ ਆਵਾਜ਼ਾਂ ਆਉਂਦੀਆਂ ਹਨ ਅਤੇ ਇੱਕ ਪਾਸੇ ਲੱਕੜ ਵਿੱਚ ਮੇਖਾਂ ਉੱਗ ਆਈਆਂ ਹਨ ਜੋ ਸੜਕ ਉੱਤੇ ਕਿਸਾਨ ਮੋਰਚੇ ਦੇ ਸਾਹਮਣੇ ਲਗਾਈਆਂ ਕਿੱਲ੍ਹਾਂ ਦੀ ਯਾਦ ਤਾਜ਼ਾ ਕਰਦੀਆਂ ਹਨ ਪਰ ਨਾਲ ਹੀ ਮੋਰਚਿਆਂ ਦੇ ਰਾਹ ਵਿੱਚ ਆਉਂਦੀਆਂ ਹਕੂਮਤੀ ਰੋਕਾਂ ਦੀ ਤਸ਼ਬੀਹੀ ਨੁਮਾਇੰਦਗੀ ਕਰਦੀਆਂ ਹਨ।

ਇਸ ਸਾਕ ਦੀ ਬਾਤ ਪ੍ਰੀਆ ਸੇਨ ਨੇ ਆਪਣੀ ਸਥਾਪਨਾ ਵਿੱਚ ਕੀਤੀ ਹੈ। ਉਸ ਦੀ ਸਥਾਪਨਾ ਦਾ ਧੁਰਾ ਦਿੱਲੀ ਸ਼ਹਿਰ ਅਤੇ ਇਸ ਦਾ ਕੋਰੋਨਾਵਾਈਰਸ ਦੇ ਦੌਰ ਵਾਲਾ ਹਾਲੀਆ ਇਤਿਹਾਸ ਹੈ। ਉਸ ਦੀ ਵੀਡੀਓ ਸਥਾਪਨਾ ਵਿੱਚ ਸ਼ਾਹੀਨ ਬਾਗ਼ ਅਤੇ ਕਿਸਾਨ ਮੋਰਚੇ ਦਾ ਸਾਂਝਾ ਨਾਤ੍ਹਆ ਉਘੜਦਾ ਹੈ। ਸ਼ਾਹੀਨ ਬਾਗ਼ ਦਾ ਨਾਅਰਾ 'ਹਮ ਕਿਆ ਚਾਹਤੇ, ਆਜ਼ਾਦੀ' ਸਹਿਜੇ ਹੀ ਕਿਸਾਨ ਮੋਰਚੇ ਦੇ 'ਅਸੀਂ ਜਿੱਤ ਕੇ ਜਾਂਵਾਂਗੇ' ਵਿੱਚ ਬਦਲ ਜਾਂਦਾ ਹੈ। ਪੰਜਾਬ ਇਸ ਦੌਰ ਵਿੱਚ ਦਿੱਲੀ ਤੋਂ ਕੀਤੇ ਜਾ ਰਹੇ ਫ਼ੈਸਲਿਆਂ ਨੂੰ ਹੁੰਗਾਰਾ ਭਰਦਾ ਰਿਹਾ ਹੈ। ਕਸ਼ਮੀਰ ਦੇ ਹਾਲਾਤ ਅਤੇ ਘੱਟ-ਗਿਣਤੀਆਂ ਦੇ ਸੁਆਲ ਪੰਜਾਬ ਦੇ ਫ਼ਿਕਰਾਂ ਵਿੱਚ ਸਾਮਿਲ ਰਹੇ ਅਤੇ ਕਿਸਾਨ ਮੋਰਚੇ ਰਾਹੀਂ ਤਾਂ ਪੰਜਾਬ ਦਾ ਦਿੱਲੀ ਨਾਲ ਸੰਵਾਦ ਜ਼ਿਆਦਾ ਹੀ ਗਹਿਗੱਚ ਹੋਇਆ ਸੀ। ਇਹ ਪੰਜਾਬ ਪ੍ਰੀਆ ਸੇਨ ਦੀ ਸਥਾਪਨਾ ਵਿੱਚ ਦਰਜ ਹੈ ਜੋ ਬਦਲਦੇ ਹਾਲਾਤ ਵਿੱਚ ਸ਼ਹਿਰ ਅਤੇ ਸ਼ਹਿਰੀ ਦੇ ਆਪਸੀ ਰਿਸ਼ਤੇ ਨੂੰ ਸਮਝਣ ਦਾ ਉਪਰਾਲਾ ਹੈ।

ਹਰਿਆਣਾ ਦੀ ਪੰਡਿਤ ਲਖਮੀ ਚੰਦ ਸਟੇਟ ਯੂਨੀਵਰਸਿਟੀ ਆਫ਼ ਪਰਫਾਰਮਿੰਗ ਐਂਡ ਵਿਜ਼ੁਅਲ ਆਰਟ, ਰੋਹਤਕ ਦੀ ਵਿਦਿਆਰਥੀ ਅੰਜਲੀ ਗਰੇਵਾਲ ਨੇ ਆਪਣੀ ਸਥਾਪਨਾ 'ਹੌਰੀਫਿਕ ਲਾਈਨਜ਼' (ਭਿਆਨਕ ਹੱਦਬੰਦੀਆਂ) ਵਿੱਚ ਆਪਣੇ ਸਮਾਜ ਵਿੱਚ ਦੇਖੀਆਂ-ਸਮਝੀਆਂ ਪਿਤਰਕੀ ਅਤੇ ਜਾਤ ਦੀਆਂ ਹੱਦਬੰਦੀਆਂ ਬਾਰੇ ਅਣਕਹੇ ਅਤੇ ਅਕਹਿ, ਪੀੜ ਅਤੇ ਸਦਮੇ ਦੀ ਬੋਲੀ ਸਿਰਜਣ ਦਾ ਉਪਰਾਲਾ ਕਰਦੀ ਹੈ। ਇਨ੍ਹਾਂ ਹੱਦਬੰਦੀਆਂ ਦੀ ਪੇਸ਼ਕਾਰੀ ਲਈ ਉਹ ਸੁਰੱਖਿਆ ਦਸਤਿਆਂ ਵੱਲੋਂ ਇਸਤਲੇਮਾਲ ਕੀਤੇ ਜਾਣ ਵਾਲੇ ਬੈਰੀਕੇਡਾਂ ਦੀ ਵਰਤੋਂ ਕਰਦੀ ਹੈ ਜੋ ਸਿੰਘੂ, ਟਿੱਕਰੀ ਅਤੇ ਹੋਰ ਥਾਂਵਾਂ ਉੱਤੇ ਕਿਸਾਨ ਮੋਰਚੇ ਸਾਹਮਣੇ ਕੀਤੀ ਹੱਦਬੰਦੀ ਦੀਆਂ ਕਤਾਰਾਂ ਬਣ ਜਾਂਦੀਆਂ ਹਨ।

ਜਿਤਿਨ ਠੁਕਰਾਲ ਅਤੇ ਸੁਮੀਰ ਟਾਗਰਾ ਦੀ ਸਥਾਪਨਾ ਵਿੱਚ ਕਿਸਾਨ ਮੋਰਚੇ ਦੀ ਨੁਮਾਇੰਦਗੀ 'ਟਰਾਲੀ ਟਾਈਮਜ਼' ਅਖ਼ਬਾਰ ਦੀ ਨੁਮਾਇਸ਼ ਨਾਲ ਹੁੰਦੀ ਹੈ। ਇਹ ਦੋਵੇਂ ਕਲਾਕਾਰਾਂ ਕਿਸਾਨ ਮੋਰਚੇ ਦੌਰਾਨ 'ਟਰਾਲੀ ਟਾਈਮਜ਼' ਨਾਮ ਦੇ ਅਖ਼ਬਾਰ ਦੀ ਵਿਓਂਤਬੰਦੀ ਕਰਦੇ ਸਨ। ਇਨ੍ਹਾਂ ਦੀ ਸਥਾਪਨਾ ਛੋਟੇ ਰਸਾਲਿਆਂ ਬਾਰੇ ਹੈ ਜਿਸ ਵਿੱਚ ਇਨ੍ਹਾਂ ਨੇ 'ਟਰਾਲੀ ਟਾਈਮਜ਼' ਨੂੰ ਸ਼ਾਮਿਲ ਕੀਤਾ ਹੈ।

ਇਸ ਤਰ੍ਹਾਂ ਕੋਚੀ ਕਲਾ ਮੇਲੇ ਵਿੱਚ ਪੰਜਾਬ ਦੀ ਨੁਮਾਇੰਦਗੀ ਲਈ ਇਤਿਹਾਸ ਦੀਆਂ ਦੋ ਵੱਡੀਆਂ ਘਟਨਾਵਾਂ ਹਵਾਲਾ ਬਣੀਆਂ ਹਨ ਜੋ ਤਤਕਾਲੀ ਅਤੇ ਸਮਕਾਲੀ ਦੌਰ ਨੂੰ ਪੇਸ਼ ਕਰਦੀਆਂ ਹਨ। ਇਸ ਦੇ ਨਾਲ ਹੀ ਦਰਸ਼ਕ ਸਾਹਮਣੇ ਲਗਾਤਾਰਤਾ ਬਾਰੇ ਸੋਚਣ ਦੀ ਗੁੰਜ਼ਾਇਸ਼ ਖੁੱਲ੍ਹ ਜਾਂਦੀ ਹੈ। ਇਹ ਲਗਾਤਾਰਤਾ ਜਿੱਥੇ ਸਮੇਂ ਵਿੱਚ ਉਡਾਰੀ ਮਾਰਦੀ ਹੈ ਤਾਂ ਉੱਥੇ ਜੁਗਰਾਫੀਏ ਦੇ ਦਿੱਸਹੱਦਿਆਂ ਨੂੰ ਨਕਸ਼ਿਆਂ ਦੀਆਂ ਹੱਦਾਂ ਤੋਂ ਮੁਕਤ ਕਰ ਦਿੰਦੀ ਹੈ। ਇਹ ਦਿਲਚਸਪੀ ਹੈ ਕਿ ਪੰਜਾਬ ਦੀ ਕਿਹੜੀ ਆਰਜ਼ੂਮੰਦੀ ਕੌਮਾਂਤਰੀ ਕਲਾ ਮੇਲਿਆਂ ਵਿੱਚ ਦਰਜ ਹੁੰਦੀ ਹੈ ਅਤੇ ਕਿਸ ਰੂਪ ਵਿੱਚ ਜ਼ਾਹਿਰ।



# ਨਿਆਂ ਵਿਚ ਦੇਰੀ ਤੋਂ ਭਾਵ ਹੈ, ਨਿਆਂ ਤੋਂ ਇਨਕਾਰ

**ਕੰਵਲਜੀਤ ਕੌਰ ਗਿੱਲ**
ਪ੍ਰੋਫੈਸਰ ਇਕਨਾਮਿਕਸ ਰਿਟਾਇਰਡ
ਪੰਜਾਬੀ ਯੂਨੀਵਰਸਿਟੀ ਪਟਿਆਲਾ



ਕਾਨੂੰਨ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਨਿਆਂ ਵਿਚ ਦੇਰੀ ਤੋਂ ਭਾਵ ਹੈ, ਨਿਆਂ ਤੋਂ ਇਨਕਾਰ। ਓਲੰਪਿਕ ਖੇਡਾਂ ਵਿੱਚ ਹੋਏ ਕੁਸ਼ਤੀ ਮੁਕਾਬਲਿਆਂ ਵਿਚ ਸੋਨ ਤਗਮਾ ਜਿੱਤ ਕੇ ਭਾਰਤ ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੀਆਂ ਸਧਾਰਨ ਪਰਿਵਾਰਾਂ ਦੀਆਂ ਕੁੜੀਆਂ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਇਹ ਜਿਨਸੀ-ਸੋਸ਼ਣ ਕਿਸੇ ਹੋਰ ਅਣਜਾਣ ਵਿਅਕਤੀ ਨੇ ਨਹੀਂ ਬਲਕਿ ਉਨ੍ਹਾਂ ਦੇ ਕੁਸ਼ਤੀ ਫ਼ੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੁਆਰਾ ਕੀਤਾ ਗਿਆ ਹੈ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਪਹਿਲਵਾਨ ਖਿਡਾਰਨ ਵਿਨੇਸ਼ ਫੋਗਟ ਅਤੇ ਸਾਕਸ਼ੀ ਮਲਿਕ ਕਰ ਰਹੀਆਂ ਹਨ। ਅੱਜ ਤੋਂ ਚਾਰ ਮਹੀਨੇ ਪਹਿਲਾਂ ਜਨਵਰੀ ਵਿੱਚ ਇਹ ਕੁੜੀਆਂ ਉਸ ਦੋਸ਼ੀ ਪ੍ਰਧਾਨ ਅਤੇ ਉਸ ਦੇ ਸਾਥੀ ਕੋਚਾਂ ਵਿਰੁੱਧ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਉਣ ਗਈਆਂ। ਪਰ ਉਹਨਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਪੁਲਿਸ ਸਾਰੇ ਮਾਮਲੇ ਦੀ ਤਹਿਕੀਕਾਤ ਕਰ ਰਹੀ ਹੈ, ਕਮੇਟੀ ਬਣੀ ਹੋਈ ਹੈ, ਉਸ ਦੀਆਂ ਸਿਫਾਰਸ਼ਾਂ ਤੋਂ ਬਾਅਦ ਹੀ ਕੋਈ ਕਾਰਵਾਈ ਹੋਵੇਗੀ ਅਤੇ ਰਿਪੋਰਟ ਦਰਜ ਕੀਤੀ ਜਾ ਸਕਦੀ ਹੈ। ਜਦੋਂ ਕਿ ਕਾਨੂੰਨੀ ਤੌਰ 'ਤੇ ਔਰਤਾਂ ਵਿਰੁੱਧ ਹੋਏ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਪ੍ਰਾਪਤ ਹੋਣ ਤੇ ਤੁਰੰਤ ਰਿਪੋਰਟ ਦਰਜ ਹੁੰਦੀ ਹੈ ਤੇ ਬਾਅਦ ਵਿੱਚ ਪੁੱਛ ਪੜਤਾਲ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਕਿਉਂਕਿ ਅਜਿਹੇ ਕੇਸਾਂ ਵਿੱਚ ਕੋਈ ਮੌਕੇ ਦਾ ਗਵਾਹ ਨਹੀਂ ਹੁੰਦਾ। ਨਵੰਬਰ 2013 ਨੂੰ ਲਲਿਤ ਕੁਮਾਰੀ ਕੇਸ ਵਿਚ ਵੀ ਸੁਪਰੀਮ ਕੋਰਟ ਨੇ ਆਦੇਸ਼ ਦਿੱਤੇ ਸਨ ਕਿ ਸ਼ਿਕਾਇਤ ਵਿਚ ਗੰਭੀਰ ਅਪਰਾਧ ਦੇ ਅੰਸ਼ ਹੋਣ ਤਾਂ ਤੁਰੰਤ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। ਪਹਿਲਵਾਨ ਕੁਸ਼ਤੀ ਖਿਡਾਰਨਾਂ ਦੁਆਰਾ ਲਗਾਏ ਦੋਸ਼ਾਂ ਦੀ ਜਾਂਚ ਕਰਨ ਵਾਸਤੇ ਪ੍ਰਸਿੱਧ ਮੁੱਕੇਬਾਜ਼ ਖਿਡਾਰਣ ਮੈਰੀਕਾਮ ਦੀ ਨਿਗਰਾਨੀ ਹੇਠ ਇਕ ਕਮੇਟੀ ਬਣਾ ਦਿੱਤੀ ਗਈ। ਜਿਸ ਨੇ ਆਪਣੀ ਰਿਪੋਰਟ ਤਿਆਰ ਕਰ ਦਿੱਤੀ ਪਰ ਸਬੰਧਤ ਵਿਭਾਗ ਨੇ ਇਸ ਨੂੰ ਰਿਲੀਜ਼ ਨਾ ਕਰਨ ਦੀ ਤਾਕੀਦ ਕੀਤੀ। ਇਨ੍ਹਾਂ ਪਹਿਲਵਾਨ ਪੀੜਤ ਕੁੜੀਆਂ ਨੇ ਚਾਰ ਮਹੀਨੇ ਤੱਕ ਇੰਤਜ਼ਾਰ ਕੀਤਾ ਪ੍ਰੰਤੂ ਇਨਸਾਫ ਤਾਂ ਕੀ ਮਿਲਣਾ ਸੀ ਅਜੇ ਤੱਕ ਬ੍ਰਿਜ ਭੂਸ਼ਣ ਖ਼ਿਲਾਫ਼ ਰਿਪੋਰਟ ਦਰਜ ਨਹੀਂ ਸੀ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਕੋਚਾਂ ਵਿਰੁੱਧ ਕੋਈ ਕਾਰਵਾਈ ਕੀਤੀ ਗਈ। ਉਲਟਾ ਇਹਨਾਂ ਕੁੜੀਆਂ ਨੂੰ ਡਰਾਇਆ ਧਮਕਾਇਆ ਜਾਂਦਾ ਰਿਹਾ ਹੈ।

ਇੰਤਜ਼ਾਰ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ। ਨਿਰਾਸ਼ ਹੋ ਕੇ ਘਰ ਬੈਠਣ ਦੀ ਥਾਂ ਇਨ੍ਹਾਂ ਬਹਾਦਰ ਕੁੜੀਆਂ ਨੇ ਇਨਸਾਫ਼ ਪ੍ਰਾਪਤ ਕਰਨ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਸਰੀਰਕ ਤੌਰ 'ਤੇ ਤਕੜੇ ਹੋਣ ਦੇ ਨਾਲ-ਨਾਲ ਆਪਣੀ ਮਾਨਸਿਕ ਸ਼ਕਤੀ ਨੂੰ ਪਛਾਣਿਆ ਅਤੇ ਚਾਰ ਮਹੀਨੇ ਦੇ ਇੰਤਜ਼ਾਰ ਤੋਂ ਬਾਅਦ ਆਪਣੇ ਨਾਲ ਹੋਏ ਅਣਮਨੁੱਖੀ ਕਾਰੇ ਵਿਰੁੱਧ ਇਨਸਾਫ਼ ਪ੍ਰਾਪਤ ਕਰਨ ਲਈ ਧਰਨੇ ਤੇ ਬੈਠ ਗਈਆਂ। ਹੁਣ ਸੁਪਰੀਮ ਕੋਰਟ ਹਰਕਤ ਵਿਚ ਆਈ। ਉਸ ਨੇ ਦਿੱਲੀ ਦੀ ਪੁਲਿਸ ਨੂੰ ਹਦਾਇਤ ਕੀਤੀ ਕਿ ਅਜਿਹੇ ਸੰਗੀਨ ਜੁਰਮ ਲਈ ਅਤੇ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਦੇ ਹੋਏ ਦੋਸ਼ੀ ਵਿਰੁੱਧ ਮੁੱਢਲੀ ਰਿਪੋਰਟ ਦਰਜ ਕੀਤੀ ਜਾਵੇ।

ਭਾਰਤੀ ਸਮਾਜ ਦਾ ਆਮ ਵਰਤਾਰਾ ਹੈ ਕਿ ਜੇਕਰ ਔਰਤ, ਲੜਕੀ ਜਾਂ ਬੱਚੀ ਨਾਲ ਜ਼ਿਆਦਤੀ ਹੁੰਦੀ ਹੈ ਜਾਂ ਇਹੋ ਜਿਹੀ ਹਿੰਸਕ ਘਟਨਾ ਵਾਪਰ ਜਾਂਦੀ ਹੈ ਉਸ ਨੂੰ ਹੀ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਘਰ ਪਰਿਵਾਰ ਦੀ ਨਮੋਸ਼ੀ, ਜਾਤ ਬਰਾਦਰੀ ਵਿੱਚ ਨੱਕ ਕੱਟਿਆ ਜਾਣਾ ਜਾਂ ਵਿਆਹ ਆਦਿ ਵਿੱਚ ਮੁਸ਼ਕਲ ਆਉਣ ਦੇ ਡਰ ਤੋਂ ਇਹ ਅਪਰਾਧ ਪੁਲਿਸ ਵਿੱਚ ਰਿਪੋਰਟ ਹੀ ਨਹੀਂ ਹੁੰਦੇ। ਕਿਉਂਕਿ ਜਿਨਸੀ ਸੋਸ਼ਣ ਜਿਹੇ ਘਿਨਾਉਣੇ ਅਪਰਾਧ ਬਹੁਤਾ ਕਰਕੇ ਆਪਣੇ ਜਾਣਕਾਰਾਂ, ਦੋਸਤਾਂ ਜਾਂ ਮਰਦ ਰਿਸ਼ਤੇਦਾਰਾਂ ਵੱਲੋਂ ਹੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਪਿੰਡ ਪੰਚਾਇਤ ਦੀਆਂ ਮੋਹਤਬਰ ਧਿਰਾਂ ਵੱਲੋਂ ਵੀ ਕੇਸ ਨੂੰ ਰਫਾ-ਦਫਾ ਕਰਨ ਲਈ ਜ਼ੋਰ ਪਾਇਆ ਜਾਂਦਾ ਹੈ। ਇਥੋਂ ਤੱਕ ਕੇ ਹੌਂਸਲਾ ਕਰਕੇ ਰਿਪੋਰਟ ਦਰਜ ਕਰਵਾਉਣ ਲਈ ਕੁੜੀ ਨੂੰ ਸੁਣਨਾ ਪੈਂਦਾ ਹੈ ਕਿ ਔਰਤ ਨਾਲ ਮਾੜੀ ਮੋਟੀ ਜ਼ਿਆਦਤੀ ਤਾਂ ਹੋ ਹੀ ਜਾਂਦੀ ਹੈ, ਐਂਵੇ ਹੀ ਗੱਲ ਨੂੰ ਵਧਾਉਣਾ ਠੀਕ ਨਹੀਂ। ਇਹ ਮਰਦ ਪ੍ਰਧਾਨ ਸਮਾਜ ਦੀ ਮਾੜੀ ਮਾਨਸਿਕਤਾ ਹੀ ਬੋਲ ਰਹੀ ਹੁੰਦੀ ਹੈ ਜਿਹੜੀ ਔਰਤ ਨੂੰ ਜ਼ਿੰਦਗੀ ਦੇ ਹਰ ਮੋੜ, ਹਰ ਖਿੱਤੇ ਵਿੱਚ ਸਹਿਣੀ ਤੇ ਸੁਣਨੀ ਪੈਂਦੀ ਹੈ। ਅੱਜ ਦੇ ਤਕਨੀਕੀ ਯੁੱਗ ਵਿਚ ਵੀ ਮਰਦ ਇਹ ਸਹਿਣ ਨਹੀਂ ਕਰ ਸਕਿਆ ਕਿ ਔਰਤ ਉਸ ਦੇ ਬਰਾਬਰ ਆਣ ਖੜੀ ਹੋਵੇ। ਅਜੇ ਵੀ ਮਰਦ ਉਸ ਔਰਤ ਦਾ ਮਾਲਕ ਬਣ ਕੇ ਹੀ ਰਹਿਣਾ ਚਾਹੁੰਦਾ ਹੈ, ਸਾਥੀ ਨਹੀਂ।

ਔਰਤ-ਮਰਦ ਵਿਚਾਲੇ ਨਾਬਰਾਬਰੀ ਹੋਣ ਦੇ ਬਾਵਜੂਦ ਸਿੱਖਿਆ, ਸਿਹਤ, ਉਦਯੋਗ ਤੇ ਹੋਰ ਸੇਵਾਵਾਂ ਆਦਿ ਦੇ ਸਾਰੇ ਖੇਤਰਾਂ ਵਿੱਚ ਅੱਜ ਔਰਤ ਦੀ ਸ਼ਮੂਲੀਅਤ ਦਿਖਾਈ ਦਿੰਦੀ ਹੈ। ਸਗੋਂ ਔਰਤ ਹਰ ਖੇਤਰ ਵਿੱਚ ਆਪਣੀ ਕਾਬਲੀਅਤ ਤੇ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਵੀ ਕਰ ਰਹੀ ਹੈ। ਕੁੜੀਆਂ ਹਰ ਪ੍ਰਕਾਰ ਦੀ ਖੇਡ ਵਿੱਚ ਵੀ ਹਿਸਾ ਲੈ ਰਹੀਆਂ ਹਨ। ਪਹਿਲਾਂ ਕ੍ਰਿਕਟ, ਤਲਵਾਰਬਾਜ਼ੀ, ਪਹਿਲਵਾਨੀ ਆਦਿ ਵਿੱਚ ਕੁੜੀਆਂ ਘੱਟ ਹੀ ਨਜ਼ਰ ਆਉਂਦੀਆਂ ਸਨ। ਪਰ ਹੁਣ ਕੁੜੀਆਂ ਨਾ ਕੇਵਲ ਹਰ ਖੇਡ ਵਿੱਚ ਭਾਗ ਲੈ ਰਹੀਆਂ ਹਨ ਸਗੋਂ ਨਵੇਂ ਰਿਕਾਰਡ ਵੀ ਸਿਰਜ ਰਹੀਆਂ ਹਨ। ਪਰ ਮੁਸ਼ਕਲ ਇਹ ਹੈ ਕਿ ਉਨ੍ਹਾਂ ਨੂੰ ਪੈਰ-ਪੈਰ ਤੇ ਮਰਦ ਕੋਚਾਂ ਦੀਆਂ ਕੋਝੀਆਂ ਹਰਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਡਾਂ ਦੀ ਪ੍ਰੈਕਟਿਸ ਕਰਨ ਵਾਸਤੇ ਘਰ ਤੋਂ ਦੂਰ, ਦੂਸਰੀਆਂ ਥਾਵਾਂ ਉਪਰ ਮੈਚ ਖੇਡਣ, ਟਰਾਇਲ ਆਦਿ ਲਈ ਜਾਣਾ ਪੈਂਦਾ ਹੈ। ਉਹ ਆਪਣੇ ਕੋਚ/ਗੁਰੂ ਉੱਪਰ ਪਿਤਾ ਸਮਾਨ ਵਿਸ਼ਵਾਸ ਕਰਕੇ ਚਲੀਆਂ ਜਾਂਦੀਆਂ ਹਨ। ਮਾਪੇ ਵੀ ਇਸੇ ਵਿਸ਼ਵਾਸ ਤਹਿਤ ਉਨ੍ਹਾਂ ਨੂੰ ਭੇਜ ਦਿੰਦੇ ਹਨ। ਇਨ੍ਹਾਂ ਕੁਸ਼ਤੀ ਪਹਿਲਵਾਨ ਖਿਡਾਰਨਾਂ ਦਾ ਬ੍ਰਿਜ ਭੂਸ਼ਨ ਨੇ ਇਸੇ ਹਾਲਾਤ ਦਾ ਫਾਇਦਾ ਉਠਾਇਆ ਤੇ ਆਪਣੀ ਗੰਦੀ ਮਾਨਸਿਕਤਾ ਤਹਿਤ 7 ਲੜਕੀਆਂ ਤੋਂ ਵੀ ਵਧੇਰੇ ਦਾ ਜਿਨਸੀ ਸ਼ੋਸ਼ਣ ਕੀਤਾ। ਇਹਨਾਂ ਵਿੱਚ ਇਕ ਲੜਕੀ ਤਾਂ ਅਜੇ ਨਾਬਾਲਗ ਹੈ। ਇਹੋ ਜਿਹੇ ਵਰਤਾਰੇ ਦਾ ਨਾ ਕੇਵਲ ਸਬੰਧਤ ਕੁੜੀਆਂ ਸੰਤਾਪ ਸਹਿੰਦੀਆਂ ਹਨ ਸਗੋਂ ਸਮੁੱਚੇ ਸਮਾਜ ਵਿੱਚ ਇਸ ਦਾ ਗ਼ਲਤ ਸਿਗਨਲ ਜਾਂਦਾ ਹੈ। ਸਧਾਰਨ ਘਰਾਂ ਦੇ ਮਾਪੇ ਆਪਣੀਆਂ ਕੁੜੀਆਂ ਨੂੰ ਬਾਹਰ ਭੇਜਣ ਤੋਂ ਗੁਰੇਜ ਕਰਨ ਲੱਗਦੇ ਹਨ। ਕੁੜੀਆਂ ਦੇ ਮਨੋਬਲ ਨੂੰ ਠੇਸ ਪਹੁੰਚਦੀ ਹੈ। ਉਹ ਸੋਚਣ ਤੇ ਮਜ਼ਬੂਰ ਹੋ ਜਾਂਦੀਆਂ ਹਨ ਕਿ ਆਖਰ ਉਨ੍ਹਾਂ ਦਾ ਕਸੂਰ ਕੀ ਸੀ?

ਸੁਆਲ ਪੈਦਾ ਹੁੰਦਾ ਹੈ ਐਹੋ ਜਿਹੀ ਮਾਨਸਿਕਤਾ ਵਾਲਿਆਂ ਨੂੰ ਕੌਣ ਬਚਾ ਰਿਹਾ ਹੈ? ਇਸ ਪਿੱਛੇ ਮਕਸਦ ਕੀ ਹੈ? ਲੜਕੀਆਂ ਨੂੰ ਇਨਸਾਫ ਕਿਉਂ ਨਹੀਂ ਮਿਲ ਰਿਹਾ? ਸਪਸ਼ਟ ਹੈ ਕਿ ਇਹੋ ਜਿਹੇ ਦਰਿੰਦਿਆਂ ਨੂੰ ਰਾਜਨੀਤਕ ਸ਼ਹਿ ਪ੍ਰਾਪਤ ਹੁੰਦੀ ਹੈ, ਜਿਹੜੀ ਕਿ ਇਸ ਕੇਸ ਵਿਚ ਵੀ ਹੈ। ਆਪਣੀ ਪਾਰਟੀ ਦਾ ਅਕਸ ਖ਼ਰਾਬ ਨਾ ਹੋ ਜਾਵੇ, ਇਸ ਕਰਕੇ ਪੀੜਤਾਂ ਨੂੰ ਕਈ ਪ੍ਰਕਾਰ ਦੇ ਲਾਲਚ (ਪੈਸਾ, ਪੁਜੀਸ਼ਨ, ਪਾਵਰ) ਆਦਿ ਦੇ ਕੇ ਭਰਮਾਉਣ ਜਾਂ ਮੂੰਹ ਬੰਦ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਦੋਂ ਲਾਲਚ ਦੇਣ ਵਾਲਾ ਖੇਡਿਆ ਪੱਤਾ ਬਾਜ਼ੀ ਜਿੱਤਣ ਵਿਚ ਅਸਫਲ ਹੁੰਦਾ ਹੈ ਤਾਂ ਧਮਕੀਆਂ ਦੇਣ ਦਾ ਦੌਰ ਚਲਦਾ ਹੈ। ਕੈਰੀਅਰ ਖ਼ਰਾਬ ਕਰ ਦਿਆਂਗੇ, ਜਾਨੋਂ ਮਾਰ ਮੁਕਾ ਦਿਆਂਗੇ, ਚਰਿੱਤਰਹੀਣ ਜਾਂ ਬਦਚਲਣ ਔਰਤ ਹੋਣ ਦਾ ਲੇਬਲ ਲਾ ਦਿਆਂਗੇ ਜਾਂ ਘਰ ਪਰਿਵਾਰ ਵਾਲਿਆਂ ਉਪਰ ਹਮਲਾ ਕਰਨ ਆਦਿ ਦੀ ਧਮਕੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਕਿਸੇ ਘੁਸਪੈਠੀਏ ਦੁਆਰਾ ਧਰਨੇ ਤੇ ਬੈਠੀਆਂ ਉਪਰ ਹਮਲਾ ਕਰਵਾਇਆ ਜਾਂਦਾ ਹੈ। ਜਿਵੇਂ ਕਿ ਰਿਪੋਰਟਾਂ ਆ ਰਹੀਆਂ ਹਨ ਕਿ ਇਹਨਾਂ ਪਹਿਲਵਾਨ ਕੁਸ਼ਤੀ ਖਿਡਾਰਨਾਂ ਅਤੇ ਪੁਲਿਸ ਵਿਚਾਲੇ ਝੜਪ ਹੋਈ ਹੈ। ਉਨ੍ਹਾਂ ਵਿੱਚੋਂ ਕਈਆਂ ਦੇ

ਗੰਭੀਰ ਸੱਟਾਂ ਵੀ ਲੱਗੀਆਂ ਹਨ। ਘਟਨਾ ਸਥਾਨ ਤੇ ਖ਼ਬਰ ਸਾਰ ਲੈਣ ਲਈ ਪਹੁੰਚੀ ਵੂਮੈਨ ਕਮਿਸ਼ਨ ਦੀ ਸੰਵਿਧਾਨਕ ਅਥਾਰਟੀ ਦੀ ਵੀ ਪੁਲਿਸ ਨੇ ਪ੍ਰਵਾਹ ਨਹੀਂ ਕੀਤੀ। ਅਸੀਂ ਸਾਰੇ ਭਲੀ-ਭਾਂਤ ਜਾਣਦੇ ਹਾਂ ਕੇ ਔਰਤ ਜੇਕਰ ਸਦੀਆਂ ਤੋਂ ਗ਼ੁਲਾਮ ਰਹੀ ਹੈ ਤਾਂ ਉਹੀ ਔਰਤ ਸਦੀਆਂ ਤੋਂ ਸੰਘਰਸ਼ ਵੀ ਕਰਦੀ ਆ ਰਹੀ ਹੈ। ਇਹ ਉਨ੍ਹਾਂ ਜੁਝਾਰੂ ਔਰਤਾਂ ਦੇ ਜੋਸ਼, ਸੂਝ-ਬੂਝ ਅਤੇ ਦ੍ਰਿੜ ਇਰਾਦਿਆਂ ਦਾ ਹੀ ਨਤੀਜਾ ਹੈ ਕਿ ਅੱਜ ਦੀ ਔਰਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹਣ ਦੇ ਕਾਬਲ ਹੋ ਰਹੀ ਹੈ। ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਹੀਆਂ ਹਨ ਅਤੇ ਉਹਨਾਂ ਨੂੰ ਆਪਣੀ ਸੰਵਿਧਾਨਕ ਨਿਆਂ ਪ੍ਰਣਾਲੀ ਵਿਚ ਪੂਰਨ ਵਿਸ਼ਵਾਸ ਹੈ ਕਿ ਇਸ ਕੇਸ ਵਿੱਚ ਵੀ ਉਨ੍ਹਾਂ ਨੂੰ ਨਿਆਂ/ਇਨਸਾਫ਼ ਮਿਲੇਗਾ।

ਇਹ ਆਪਣੇ ਆਪ ਵਿੱਚ ਕਿੰਨਾ ਘਿਨਾਉਣਾ ਵਰਤਾਰਾ ਹੈ; ਇਕ ਪਾਸੇ ਉਹ ਕੁੜੀਆਂ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਹਨ, ਇਨਸਾਫ਼ ਦੀ ਮੰਗ ਕਰ ਰਹੀਆਂ ਹਨ ਤੇ ਦੋਸ਼ੀ ਦਾ ਸ਼ਰੇਆਮ ਪਤਾ ਲੱਗ ਜਾਣ ਦੇ ਬਾਵਜੂਦ ਉਸ ਉਪਰ ਕੋਈ ਗ੍ਰਿਫਤਾਰੀ ਆਦਿ ਵਰਗੀ ਕਾਰਵਾਈ ਨਹੀਂ ਹੋ ਰਹੀ। ਦੂਜੇ ਪਾਸੇ ਧਰਨੇ ਵਾਲੀ ਥਾਂ ਦੀ ਬਿਜਲੀ ਪਾਣੀ ਦੀ ਸਪਲਾਈ ਕੱਟ ਦੇਣਾ, ਭੋਜਨ ਪਹੁੰਚਾਣ ਵਾਲਿਆਂ ਨੂੰ ਰੋਕਣਾ, ਇਹ ਸਭ ਕੁਝ ਕਿਸ ਗੱਲ ਦਾ ਪ੍ਰਤੀਕ ਹੈ? ਉਧਰ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਮੁਖੀ ਪੀ.ਟੀ. ਊਸ਼ਾ ਵੱਲੋਂ ਉਹਨਾਂ ਦੇ ਪ੍ਰਦਰਸ਼ਨ ਦੇ ਢੰਗ ਉੱਪਰ ਨਸੀਹਤ ਦੇ ਰੂਪ ਵਿੱਚ ਟਿਪਣੀ ਕਰਨ ਨੂੰ ਕਿਸੇ ਵੀ ਪ੍ਰਕਾਰ ਨਾਲ ਉਚਿੱਤ ਨਹੀਂ ਠਹਿਰਾਇਆ ਜਾ ਸਕਦਾ। ਜੇਕਰ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੜਕਾਂ ਤੇ ਬੈਠਣ ਨਾਲ ਦੇਸ਼ ਦਾ ਅਕਸ ਖ਼ਰਾਬ ਹੁੰਦਾ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕੇ ਸੱਤਾ ਦੇ ਨਸ਼ੇ ਵਿੱਚ ਚੂਰ ਬਾਸ਼ਿੰਦਿਆਂ ਦੁਆਰਾ ਖਿਡਾਰਨਾਂ ਨਾਲ? ਬਦਤਮੀਜ਼ੀ ਕਰਨਾ, ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕਰਨਾ ਅਤੇ ਹਾਲਾਤਾਂ ਦਾ ਨਜਾਇਜ਼ ਫਾਇਦਾ ਉਠਾਉਣ ਨਾਲ ਦੇਸ਼ ਵਾਹਵਾ ਖੱਟਦਾ ਹੈ? ਜਾਂ ਫਿਰ ਦੇਸ਼ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ?

ਆਜ਼ਾਦੀ ਦੇ ਜਸ਼ਨ ਮਨਾਉਂਦੇ ਹੋਏ ਨਾਰੀ ਸਸ਼ਕਤੀਕਰਨ ਦੇ ਹੋਕੇ ਦੇਣਾ, ਉਨ੍ਹਾਂ ਪ੍ਰਤੀ ਬੋਲੀ ਜਾਂਦੀ ਭੱਦੀ ਭਾਸ਼ਾ ਨੂੰ ਸੁਧਾਰਨ ਦੀ ਅਪੀਲ ਕਰਨਾ, ਬੇਟੀ ਬਚਾਓ, ਬੇਟੀ ਪੜ੍ਹਾਓ, ਆਦਿ ਸਭ ਕੁਝ ਨਕਾਰਾ ਹੋ ਜਾਂਦਾ ਹੈ ਜਦੋਂ ਉਸੇ ਦਿਨ ਬਲਾਤਕਾਰ ਤੇ ਜਿਨਸੀ ਸੋਸ਼ਣ ਦੇ ਦੋਸ਼ੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਸਭ ਦੋਸ਼ਾਂ ਤੋਂ ਬਰੀ ਕਰ ਦਿੱਤਾ ਜਾਂਦਾ ਹੈ। ਜਦੋਂ ਬੇਟੀਆਂ ਤਗਮੇ ਜਿੱਤ ਕੇ ਲਿਆਉਂਦੀਆਂ ਹਨ ਤਾਂ 'ਮੇਰੀ ਬੇਟੀ ਮੇਰੀ ਸ਼ਾਨ' ਹੈ। 'ਭਾਰਤ ਕਾ ਗੌਰਵ ਹੈਂ ਯਹ ਬੇਟੀਆਂ'। ਪਰ ਜਦੋਂ ਬੇਟੀ ਨੂੰ ਜ਼ਲੀਲ ਕੀਤਾ ਜਾਂਦਾ ਹੈ, ਇਨਸਾਫ਼ ਦੀ ਹਕੀਕੀ ਮੰਗ ਵਾਸਤੇ ਬੇਟੀ ਨੂੰ ਸੜਕਾਂ ਤੇ ਬੈਠਣ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਉਸ ਵੇਲੇ ਬੇਟੀ ਬਚਾਓ ਵਾਲੇ ਚੁੱਪ ਕਿਉਂ ਧਾਰੀ ਬੈਠੇ ਹਨ? ਕੀ ਇਹਨਾਂ ਹਾਲਾਤਾਂ ਵਿੱਚ ਬੇਟੀਆਂ ਬਚਣਗੀਆਂ? ਹਰਿਆਣਾ ਰਾਜ ਵਿੱਚ ਲਿੰਗ ਅਨੁਪਾਤ ਮੁੜ ਕੁੜੀਆਂ ਦੇ ਉਲਟ ਜਾਣ ਦਾ ਸਪੱਸ਼ਟ ਕਾਰਨ ਹੈ ਕਿ ਉਹ ਮਰਦ ਪ੍ਰਧਾਨ ਸਮਾਜ ਵਿਚ ਸੁਰੱਖਿਅਤ ਨਹੀਂ ਹਨ। ਇਸ ਪਿੱਤਰੀ ਸੱਤਾ ਵਾਲੇ ਸਮਾਜ ਵਿੱਚ ਮਰਦ-ਔਰਤ ਦਾ ਦਰਜਾ ਬਰਾਬਰ ਨਹੀਂ ਹੈ। ਅੱਜ ਵੀ ਔਰਤ ਪ੍ਰਤੀ ਮਾੜੀ ਸੋਚ ਭਾਰੂ ਹੈ। ਇਸ ਪ੍ਰਕਾਰ ਦੇ ਵਰਤਾਰੇ ਦਾ ਰਾਜਨੀਤਕ ਪਹਿਲੂ ਵੀ ਹੈ। ਮੌਜੂਦਾ ਹਾਕਮ ਜਮਾਤ ਪਾਵਰ ਦੇ ਨਸ਼ੇ ਵਿੱਚ ਇਸ ਹੱਦ ਤੱਕ ਗਲਤਾਨ ਹੋ ਚੁੱਕੀ ਹੈ ਕਿ ਤੁਸੀਂ ਉਸ ਵਿਰੁੱਧ ਕਿਸੇ ਪ੍ਰਕਾਰ ਦੀ ਆਵਾਜ਼ ਨਹੀਂ ਉਠਾ ਸਕਦੇ। ਉਹ ਆਵਾਜ਼ ਭਾਵੇਂ ਕਿਸੇ ਪੀੜਤ ਦੀ ਹੋਵੇ ਤੇ ਭਾਵੇਂ ਪੱਤਰਕਾਰ ਦੀ। ਇਥੋਂ ਤੱਕ ਕਿ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਕੁੜੀਆਂ ਦੇ ਸਮਰਥਨ ਵਿੱਚ ਆਉਣ ਵਾਲਿਆਂ ਨੂੰ ਵੀ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ।

ਪਰ ਮੌਜੂਦਾ ਸਰਕਾਰ ਅਤੇ ਇਸ ਦੇ ਨਾਲ ਕੰਮ ਕਰਦੇ ਦਰਬਾਰੀ ਸ਼ਾਇਦ ਦੋ ਸਾਲ ਪਹਿਲਾਂ ਸਫਲਤਾ ਪੂਰਵਕ ਚੱਲੇ ਕਿਸਾਨ ਅੰਦੋਲਨ ਨੂੰ ਭੁੱਲ ਗਏ ਹਨ। ਜਿਹੜਾ ਮਾਈਕਰੋ ਪੱਧਰ ਤੇ ਇੱਕ ਪਿੰਡ ਤੋਂ ਸ਼ੁਰੂ ਹੋਇਆ ਤੇ ਸ਼ਹਿਰਾਂ, ਕਸਬਿਆਂ, ਰਾਜਾਂ ਨੂੰ ਕਲਾਵੇ ਵਿੱਚ ਲੈਂਦਾ ਹੋਇਆ ਮੈਕਰੋ ਪੱਧਰ ਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰਹੱਦਾਂ ਨੂੰ ਵੀ ਪਾਰ ਕਰ ਗਿਆ ਸੀ। ਅੰਤ ਹਕੂਮਤ ਨੂੰ ਜਨਤਕ ਰੋਹ ਅੱਗੇ ਗੋਡੇ ਟੇਕਣੇ ਪਏ ਸਨ। ਤੀਲਾ ਤੀਲਾ ਰਲ ਕੇ ਬਹੁਕਰ ਬਨਣ ਵਿੱਚ ਦੇਰ ਨਹੀਂ ਲਗਦੀ। ਇਸ ਵਕਤ ਜ਼ਰੂਰੀ ਹੈ ਕਿ ਨਾ ਕੇਵਲ ਖੇਡ ਜਗਤ ਦੀਆਂ ਐਸੋਸੀਏਸ਼ਨਾਂ ਹੀ ਆਪਣੇ ਖਿਡਾਰੀਆਂ ਸਮੇਤ ਇਸ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਿਲ ਹੋਣ, ਸਗੋਂ ਸਾਰੀਆਂ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ ਵਿੱਚ ਕੰਮ ਕਰਦੇ ਇਨਸਾਫ਼ ਪਸੰਦ ਸ਼ਖਸ ਅਤੇ ਜਥੇਬੰਦੀਆਂ ਦੇ ਕਾਰਕੁੰਨ ਇਕੱਠੇ ਹੋਣ ਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਯਕੀਨੀ ਬਣਾਉਣ। ਅੱਜ ਇਨ੍ਹਾਂ ਮਾਣਮੱਤੀਆਂ ਪਹਿਲਵਾਨ ਕੁਸ਼ਤੀ ਖਿਡਾਰਨਾਂ ਨਾਲ ਚੇਤੰਨ ਵਰਗ ਦਾ ਹਰ ਵਿਅਕਤੀ ਇਨ੍ਹਾਂ ਦੇ ਸਮਰਥਨ ਵਿੱਚ ਨਾਲ ਖੜ੍ਹਾ ਹੈ ਅਤੇ ਔਰਤਾਂ ਪ੍ਰਤੀ ਹੁੰਦੇ ਇਸ ਵਰਤਾਰੇ ਦਾ ਪੁਰਜੋਰ ਵਿਰੋਧ ਕਰਦਾ ਹੈ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ, ਹਾਂ, ਇਹ ਸਾਡੀਆਂ ਧੀਆਂ-ਭੈਣਾਂ ਹਨ। ਇਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਪੀੜਾ ਕਿਸੇ ਵੀ ਸੂਰਤ ਵਿੱਚ ਦਫ਼ਨ ਨਹੀਂ ਹੋਣ ਦਿੱਤੀ ਜਾਵੇਗੀ। ਔਰਤਾਂ ਵਿਰੁੱਧ ਹੋ ਰਹੇ ਹਰ ਪ੍ਰਕਾਰ ਦੇ ਵਿਤਕਰੇ, ਅਤਿਆਚਾਰ ਅਤੇ ਹਿੰਸਾ ਦਾ ਜੜ੍ਹੋਂ ਖ਼ਾਤਮਾ ਕਰਨ ਲਈ ਸੰਘਰਸ਼ ਜਾਰੀ ਰਹੇਗਾ।



# ਪੰਜਾਬ ਦੇ ਸ਼ਾਹ ਕਾਲੇ ਦੌਰ 'ਚ ਸ਼ਹਾਦਤ ਪਾਉਣ ਵਾਲੇ ਵਿਦਵਾਨ ਡਾ. ਰਵਿੰਦਰ ਰਵੀ

**ਪੰਜਾਬ ਵਿਚ 80ਵਿਆਂ ਤੋਂ ਲੈ ਕੇ 90ਵਿਆਂ ਤੱਕ ਇਕ ਕਾਲਾ ਦੌਰ ਚੱਲਿਆ ਜਦੋਂ ਕਈ ਹੋਣਹਾਰ ਲੇਖਕ ਅਤੇ ਵਿਦਵਾਨ ਉਸ ਕਾਲੇ ਦੌਰ ਦੀ ਭੇਟ ਚੜ੍ਹ ਗਏ। ਪ੍ਰੰਤੂ ਉਨ੍ਹਾਂ ਨੇ ਜੋ ਕਾਰਜ ਪੰਜਾਬੀ ਸਮਾਜ ਅਤੇ ਵਿਦਵਤਾ ਦੇ ਪੱਧਰ 'ਤੇ ਕੀਤੇ ਉਹ ਕਦੇ ਵੀ ਇਤਿਹਾਸ ਦੇ ਪੰਨਿਆਂ ਤੋਂ ਭੁਲਾਏ ਨਹੀਂ ਜਾ ਸਕਦੇ। ਅਜਿਹੀਆਂ ਸ਼ਖ਼ਸੀਅਤਾਂ ਨੂੰ ਯਾਦ ਕਰਨ ਦਾ ਭਾਵ ਇਹ ਹੁੰਦਾ ਹੈ ਕਿ ਇਤਿਹਾਸ ਵਿਚ ਅਜਿਹੇ ਵਰਤਾਰੇ ਮੁੜ ਨਾ ਵਾਪਰਨ ਅਤੇ ਉਸ ਦੌਰ ਵਿਚ ਸਮਾਜ ਨੂੰ ਬਦਲਣ ਅਤੇ ਸਹੀ ਦਿਸ਼ਾ ਵਿੱਚ ਲੈ ਜਾਣ ਵਾਲੇ ਹਿੱਸਿਆਂ ਤੋਂ ਭਾਈਚਾਰਾ ਵੰਚਿਤ ਨਾ ਹੋ ਜਾਵੇ। ਵਾਰ-ਵਾਰ ਪੰਜਾਬੀ ਸਮਾਜ ਅਜਿਹੀਆਂ ਪ੍ਰਸਥਿਤੀਆਂ ਵਿਚੋਂ ਗੁਜ਼ਰਦਾ ਆਇਆ ਹੈ। ਹੁਣ ਫਿਰ ਹਾਲਾਤ ਚੰਗੇ ਨਹੀਂ ਹਨ। ਦੇਸ਼ ਮਾੜੇ ਰੁਕ ਤੁਰ ਰਿਹਾ ਹੈ। ਇਸ ਤੋਂ ਬਚਣ ਅਤੇ ਅਜੋਕੀਆਂ ਸਥਿਤੀਆਂ ਨੂੰ ਬਦਲਣ ਲਈ ਇਤਿਹਾਸ ਦੇ ਸਫ਼ੇ ਮੁੜ ਫਰੋਲਣ ਦੀ ਜ਼ਰੂਰਤ ਹੈ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਿਦਵਾਨ ਡਾ. ਰਵਿੰਦਰ ਰਵੀ ਨੂੰ ਯਾਦ ਕਰਕੇ ਸਮਾਜ ਵਿਚਲੇ ਗਲਤ ਵਰਤਾਰਿਆਂ ਨਾਲ ਲੜਨ ਦਾ ਜ਼ੇਰਾ ਹਾਸਲ ਕਰਦਾ ਹੈ। - ਸੰਪਾਦਕ**

ਡਾ. ਰਵਿੰਦਰ ਸਿੰਘ ਰਵੀ (1943-1989), ਪੰਜਾਬੀ ਲੇਖਕ, ਸਾਹਿਤ ਆਲੋਚਕ, ਅਧਿਆਪਕ ਅਤੇ ਖੱਬੇ-ਪੱਖੀ ਲਹਿਰ ਦਾ ਸਰਗਰਮ ਕਾਰਕੁਨ ਅਤੇ ਉੱਘਾ ਮਾਰਕਸਵਾਦੀ ਚਿੰਤਕ ਸੀ। ਉਹ ਆਪਣੀ ਵਿਚਾਰਧਾਰਕ ਪ੍ਰਤਿਬਧਤਾ ਅਤੇ ਸਾਹਿਤ ਚਿੰਤਨ ਦੇ ਖੇਤਰ ਵਿੱਚ ਆਪਣੀ ਸਿਧਾਂਤਕ ਪਕੜ ਲਈ ਜਾਣਿਆ ਜਾਂਦਾ ਹੈ।

ਉਸ ਦਾ ਜਨਮ 1943 ਵਿੱਚ ਲੁਧਿਆਣਾ ਜਿਲ੍ਹੇ ਦੇ ਪਿੰਡ ਕਿਲਾ ਹਾਂਸ ਵਿਖੇ ਹੋਇਆ। ਉਸ ਨੇ ਬੀ ਏ ਤਕ ਦੀ ਪੜ੍ਹਾਈ ਸਰਕਾਰੀ ਕਾਲਜ, ਲੁਧਿਆਣਾ ਤੋਂ ਕੀਤੀ। ਇਸ ਉੱਪਰੰਤ ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਆ ਗਿਆ। ਪੰਜਾਬੀ ਯੂਨੀਵਰਸਿਟੀ ਤੋਂ ਪੀ ਐਚ ਡੀ ਦੀ ਉਪਾਧੀ ਹਾਸਿਲ ਕਰਨ ਵਾਲਾ ਉਹ ਪਹਿਲਾ ਖੋਜਾਰਥੀ ਸੀ। ਉਸ ਨੇ 'ਪੰਜਾਬੀ ਰਾਮ-ਕਾਵਿ' ਉੱਤੇ ਆਪਣਾ ਖੋਜ ਪ੍ਰਬੰਧ ਲਿਖਿਆ। ਇੱਥੇ ਹੀ ਪੰਜਾਬੀ ਵਿਭਾਗ ਵਿੱਚ ਉਸ ਦੀ ਅਧਿਆਪਕ ਵਜੋਂ ਨਿਯੁਕਤੀ ਹੋ ਗਈ। ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਦੀ ਜਥੇਬੰਦੀ ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (ਪੂਟਾ) ਵਿੱਚ ਸਰਗਰਮੀ ਨਾਲ ਕੰਮ ਕਰਦਿਆਂ ਉਹ ਇਸ ਦਾ ਜਨਰਲ ਸਕਤਰ ਚੁਣਿਆ ਗਿਆ ਅਤੇ ਆਪਣੇ ਜੀਵਨ ਦੇ ਆਖਰੀ ਪਲਾਂ ਤਕ ਉਹ ਅਧਿਆਪਕ ਯੂਨੀਅਨ ਵਿੱਚ ਸਰਗਰਮ ਰਿਹਾ। ਇਸੇ ਦਿਸ਼ਾ ਵਿੱਚ ਕਾਰਜ ਕਰਦਿਆਂ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦਾ ਮੈਂਬਰ ਚੁਣਿਆ ਗਿਆ। ਉਹ ਪੰਜਾਬੀ ਸਾਹਿਤਕਾਰਾਂ ਦੀ ਸਿਰਮੌਰ ਜਥੇਬੰਦੀ 'ਕੇਂਦਰੀ ਪੰਜਾਬੀ ਲੇਖਕ ਸਭਾ' ਦਾ ਜਨਰਲ ਸਕਤਰ ਰਿਹਾ ਅਤੇ ਉਸ ਨੇ ਪੰਜਾਬ ਵਿੱਚ ਲੇਖਕਾਂ ਵਿੱਚ ਪ੍ਰਗਤੀਸ਼ੀਲਤਾ ਦੀ ਨਵੀਂ ਲਹਿਰ ਚਲਾਈ। ਉਸ ਨੇ ਪੰਜਾਬ ਦੇ ਪਿੰਡਾਂ ਕਸਬਿਆਂ ਦੀਆਂ ਸਾਹਿਤਕ ਸੰਸਥਾਵਾਂ ਵਿੱਚ ਜਾ ਕੇ ਸਿਰਜਣ ਪ੍ਰਕਿਰਿਆ ਅਤੇ ਸਾਹਿਤ ਸਿਧਾਂਤਕਾਰੀ ਬਾਰੇ ਕਿੰਨੇ ਹੀ ਭਾਸ਼ਣ ਦਿਤੇ। ਇੰਝ ਉਸ ਨੇ ਸਾਹਿਤ ਚਿੰਤਨ-ਅਧਿਐਨ ਅਤੇ ਸਾਹਿਤ ਸਿਰਜਣਾ ਵਿਚਕਾਰ ਪੈ ਰਹੇ ਪਾੜੇ ਨੂੰ ਘਟਾਉਣ ਦੇ ਗੰਭੀਰ ਯਤਨ ਕੀਤੇ। ਪੰਜਾਬ ਸੰਕਟ ਦੇ ਦਿਨਾ ਵਿੱਚ ਉਸ ਨੇ ਲੇਖਕਾਂ ਵਿੱਚ ਪ੍ਰਗਤੀਸ਼ੀਲ ਧਰਮਨਿਰਪੱਖ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ। ਪੰਜਾਬ ਸੰਕਟ ਦੇ ਸਿਖਰ ਦੇ ਦਿਨਾਂ ਵਿੱਚ ਉਸ ਨੇ ਆਪਣੀ ਧਰਮ ਨਿਰਪੱਖ ਸੋਚ ਉੱਪਰ ਡਟ ਕੇ ਪਹਿਰਾ ਦਿਤਾ ਅਤੇ ਪੰਜਾਬੀ ਯੂਨੀਵਰਸਿਟੀ ਵਿੱਚ ਖਾਲਿਸਤਾਨੀ ਵਿਚਾਰਧਾਰਾ ਦੇ ਖਾੜਕੂਵਾਦੀ-ਅਤਿਵਾਦੀ ਰੁਝਾਨ ਨੂੰ ਠਲ ਕੇ ਰਖਿਆ। ਆਪਣੀ ਇਸ ਪ੍ਰਤਿਬਧਤਾ ਕਾਰਨ ਹੀ ਉਸ ਨੂੰ ਆਪਣੀ ਜਾਨ ਵੀ ਕੁਰਬਾਨ ਕਰਨੀ ਪਈ।19 ਮਈ 1989 ਨੂੰ ਉਸ ਦੇ ਘਰ ਖਾਲਿਸਤਾਨੀ ਅਤਿਵਾਦੀਆਂ ਨੇ ਗੋਲੀ ਮਾਰ ਕੇ ਹਤਿਆ ਕਰ ਦਿਤੀ। ਉਸ ਦੀ ਯਾਦ ਨੂੰ ਤਾਜਾ ਰੱਖਣ ਲਈ ਉਸ ਦੇ ਪ੍ਰਸ਼ੰਸਕਾਂ ਨੇ 'ਡਾ. ਰਵੀ ਮੈਮੋਰੀਅਲ ਟਰੱਸਟ, ਪਟਿਆਲਾ' ਦੀ ਸਥਾਪਨਾ ਕਰ ਲਈ ਜੋ ਹਰ ਸਾਲ ਪੰਜਾਬੀ ਆਲੋਚਨਾ ਅਤੇ ਚਿੰਤਨ ਦੇ ਖੇਤਰ ਵਿੱਚ ਯੋਗਦਾਨ ਲਈ 'ਡਾ. ਰਵਿੰਦਰ ਰਵੀ ਐਵਾਰਡ' ਪ੍ਰਦਾਨ ਕਰਦਾ ਹੈ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਇੱਕ ਅਧਿਆਪਕ ਫੋਰਮ ਨੇ ਉਸ ਦੇ ਨਾਮ ਤੇ 'ਡਾ. ਰਵਿੰਦਰ ਸਿੰਘ ਰਵੀ ਮੈਮੋਰੀਅਲ ਲੈਕਚਰ' ਵੀ ਸ਼ੁਰੂ ਕੀਤਾ ਹੈ। ਹਾਲ ਹੀ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋ ਵੀ 'ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਲੈਕਚਰ ਲੜੀ' ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।



ਡਾ. ਰਵਿੰਦਰ ਸਿੰਘ ਰਵੀ ਦੂਜੀ ਪੀੜ੍ਹੀ ਦਾ ਮੁਖ ਮਾਰਕਸਵਾਦੀ ਆਲੋਚਕ ਸੀ। ਉਸ ਦੀ ਦਿਲਚਸਪੀ ਸਾਹਿਤ ਸਿਧਾਂਤ ਅਤੇ ਕਵਿਤਾ ਦੇ ਖੇਤਰ ਵਿੱਚ ਵਧੇਰੇ ਸੀ। ਇਸ ਤੋਂ ਇਲਾਵਾ ਉਸ ਨੇ ਪੰਜਾਬੀ ਸਭਿਆਚਾਰ ਦੇ ਸੁਹਜਸ਼ਾਸਤਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਦੀਆ ਸਮਸਿਆਵਾਂ ਬਾਰੇ ਬੜੇ ਮੌਲਿਕ ਵਿਚਾਰ ਪੇਸ਼ ਕੀਤੇ। ਉਹ ਪੰਜਾਬੀ ਦਾ ਸ਼ਾਇਦ ਇਕੋ ਇੱਕ ਅਜਿਹਾ ਅਲੋਚਕ ਹੈ ਜਿਸ ਨੇ ਉਸ ਆਲੋਚਨਾ ਪ੍ਰਣਾਲੀ ਬਾਰੇ ਪੂਰੀ ਕਿਤਾਬ ਲਿਖੀ ਹੈ ਜਿਸ ਪ੍ਰਤਿ ਉਸ ਦਾ ਰਵਈਆ ਆਲੋਚਨਾਤਮਕ ਸੀ। ਪੰਜਾਬੀ ਵਿੱਚ ਆਮ ਕਰ ਕੇ ਸਾਹਿਤ ਆਲੋਚਨਾ ਪ੍ਰਣਾਲੀਆਂ ਬਾਰੇ ਲਿਖੀਆਂ ਕਿਤਾਬਾਂ ਵਿਆਖਿਆਤਮਕ ਅਤੇ ਪ੍ਰਸ਼ੰਸਾਤਮਕ ਹਨ ਕਿਉਂਕਿ ਇਹ ਉਨ੍ਹਾਂ ਆਲੋਚਨਾ ਪ੍ਰਣਾਲੀਆਂ ਦੇ ਸਮਰਥਕਾਂ ਜਾਂ ਪੈਰੋਕਾਰਾਂ ਦੁਆਰਾ ਲਿਖੀਆਂ ਗਈਆਂ ਹਨ। ਰਵੀ ਨੇ ਨਵੀਨ ਅਮਰੀਕੀ ਅਲੋਚਨਾ ਪ੍ਰਣਾਲੀ ਦੇ ਮੁਖ ਸਿਧਾਂਤਕਾਰਾਂ ਕਲਿੰਥ ਬਰੁਕਸ, ਵਿਮਸੈਟ, ਐਲੇਨ ਟੇਟ ਅਤੇ ਆਈ ਏ ਰਿਚਰਡਜ਼ ਦੀਆਂ ਲਿਖਤਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕੀਤਾ ਹੈ ਅਤੇ ਸਾਹਿਤਕ ਪਾਠ ਦੇ ਅਧਿਐਨ ਵਿੱਚ ਇਨਾਂ ਸਿਧਾਂਤਕਾਰਾਂ ਦੇ ਸੰਕਲਪਾਂ ਅਤੇ ਮਾਡਲਾਂ ਦੀ ਸਾਰਥਕਤਾ ਦੇ ਪ੍ਰਸ਼ਨ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਹੈ। ਇੰਝ ਹੀ ਉਸ ਨੇ ਰੋਲਾਂ ਬਾਰਥ ਦੀ ਕਿਤਾਬ ਰਾਈਟਿੰਗ ਡਿਗਰੀ ਜ਼ੀਰੋ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਬਾਰਥ ਦੀ ਵਿਧੀ ਦੇ ਮਹੱਤਵ ਅਤੇ ਸੀਮਾਵਾਂ ਨੂੰ ਉਘਾੜਿਆ ਹੈ।

ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਉਸ ਦੀ ਰਾਇਅ ਹੈ ਕਿ ਆਜ਼ਾਦੀ ਤੋਂ ਬਾਅਦ ਇਹ ਆਪਣੇ ਦੋ ਸਰੋਤਾਂ: ਸੰਸਕ੍ਰਿਤ ਅਤੇ ਫਾਰਸੀ ਵਿਚੋਂ ਫਾਰਸੀ ਤੋਂ ਟੁਟ ਗਈ ਹੈ ਅਤੇ ਸੰਸਕ੍ਰਿਤ ਦੇ ਸਰੋਤ ਉੱਤੇ ਹੀ ਨਿਰਭਰ ਰਹਿ ਗਈ ਹੈ। ਇਸੇ ਕਰ ਕੇ ਇਸ ਦਾ ਸਰੂਪ ਹਿੰਦੀ-ਸੰਸਕ੍ਰਿਤ ਨੁਮਾ ਹੋ ਰਿਹਾ ਹੈ ਅਤੇ ਇਹ ਬੋਝਲ ਹੁੰਦੀ ਜਾ ਰਹੀ ਹੈ। ਡਾ ਰਵੀ ਦਾ ਮਤ ਹੈ ਕਿ ਪੰਜਾਬੀ ਦਾ ਵਿਕਾਸ ਇਨ੍ਹਾਂ ਦੋਵਾਂ ਸਰੋਤਾਂ ਨਾਲ ਜੁੜ ਕੇ ਹੀ ਸੰਭਵ ਹੈ। ਉਨ੍ਹਾਂ ਦੀ ਤਜਵੀਜ਼ ਮੁਤਾਬਿਕ ਪੰਜਾਬ ਵਿੱਚ ਸੰਸਕ੍ਰਿਤ ਦੇ ਨਾਲ ਨਾਲ ਫ਼ਾਰਸੀ ਦੇ ਅਧਿਐਨ ਅਤੇ ਅਧਿਆਪਨ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ। ਡਾ. ਰਵੀ ਡਾ.ਕਿਸ਼ਨ ਸਿੰਘ ਦੀ ਵਿਆਖਿਆ ਵਿਧੀ ਦਾ ਅਨੁਗਾਮੀ ਸੀ। ਇਸ ਕਰ ਕੇ ਮਧਕਾਲੀ ਪੰਜਾਬੀ ਸਾਹਿਤ ਨੂੰ ਉਹ ਲੋਕ ਹਿਤੀ ਪੈਂਤੜੇ ਵਾਲਾ ਮੰਨਦਾ ਸੀ। ਆਧੁਨਿਕ ਕਾਵਿ ਵਿਚੋਂ ਜੁਝਾਰਵਾਦੀ ਕਾਵਿ ਦਾ ਉਸ ਦਾ ਅਧਿਐਨ ਮਹਤਵਪੂਰਨ ਹੈ। ਉਸ ਨੇ ਇਸ ਕਾਵਿ ਧਾਰਾ ਨੂੰ ਇਤਿਹਾਸ ਚੇਤਨਾ ਮੁਖੀ ਕਾਵਿ ਧਾਰਾ ਕਿਹਾ ਪਰ ਨਾਲ ਹੀ ਇਸ ਦੀ ਕਾਵਿ-ਭਾਸ਼ਾ ਵਿਚਲੀਆਂ ਜਗੀਰੂ ਸੁਰਾਂ ਦੀ ਪਛਾਣ ਕੀਤੀ ਅਤੇ ਇਸ ਦੇ ਵਿਚਾਰਧਾਰਾਈ ਸਰੂਪ ਅਤੇ ਸੀਮਾਵਾਂ ਬਾਰੇ ਚਰਚਾ ਕੀਤੀ। ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਬਾਰੇ ਉਸ ਦਾ ਆਲੇਖ ਮਹਤਵਪੂਰਣ ਹੈ ਜਿਸ ਵਿੱਚ ਉਨ੍ਹਾਂ ਪੰਜਾਬੀ ਸਾਹਿਤਕ ਪਰੰਪਰਾਵਾਂ ਨੂੰ ਪੂਰਬਲੀਆਂ ਅਤੇ ਸਮਕਾਲੀ ਭਾਰਤੀ ਸਾਹਿਤਕ ਪਰੰਪਰਾਵਾਂ ਨਾਲ ਜੋੜ ਕੇ ਸਮਝਣ ਦਾ ਸੁਝਾਅ ਦਿਤਾ। ਉਸ ਅਨੁਸਾਰ ਪੰਜਾਬੀ ਸਾਹਿਤ ਦੀ ਇਤਹਾਸਕਾਰੀ ਤਥ-ਲਭਤ ਤੋਂ ਲੈ ਕੇ ਸਾਹਿਤਕ ਗਤੀ ਦੀ ਪਛਾਣ ਅਤੇ ਸਾਹਿਤ ਵਿਸ਼ਲੇਸ਼ਣ ਪਖੋਂ ਹਾਲੇ ਕਾਫੀ ਪਛੜੀ ਹੋਈ ਹੈ।

# ਸਿੱਖਿਆ ਤੋਂ ਲੈ ਕੇ ਕਿਰਤ ਕਾਨੂੰਨਾਂ ਨੂੰ ਇਕਜੁਟ ਕਰਕੇ ਸਮਝਣ ਦੀ ਜਰੂਰਤ : ਪ੍ਰੋ. ਅਤੁੱਲ ਸੂਦ

**ਬਲਜਿੰਦਰ ਸਿੰਘ ਪਟਿਆਲਾ**




ਸਿੱਖਿਆ ਖੇਤਰ ਨਾਲ ਜੁੜੇ ਲੋਕਾਂ ਨੂੰ ਚਾਹੀਦਾ ਹੈ ਕਿ ਜੇ ਭਵਿੱਖ ਵਿੱਚ ਇਸ ਖੇਤਰ ਨੂੰ ਵੱਖ-ਵੱਖ ਕਿਸਮ ਦੀ ਬਦਨੀਅਤ ਵਾਲੀ ਗ਼ੈਰ ਵਾਜਿਬ ਦਖਲਅੰਦਾਜ਼ੀ ਤੋਂ ਬਚਾਉਣਾ ਹੈ ਤਾਂ ਉਹ ਆਪਣੇ ਸੰਘਰਸ਼ਾਂ ਦਾ ਦਾਇਰਾ ਵਸੀਹ ਕਰਨ ਅਤੇ ਸਮਾਜ ਦੀਆਂ ਸਾਰੀਆਂ ਪੀੜਿਤਾਂ ਧਿਰਾਂ ਨਾਲ ਇੱਕਜੁੱਟਤਾ ਦਰਸਾਉਂਦੇ ਹੋਏ ਕੰਮ ਕਰਨ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਕਰਵਾਏ ਗਏ 'ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਲੈਕਚਰ' ਦੌਰਾਨ ਜਵਾਹਰ ਲਾਲ ਯੂਨੀਵਰਸਿਟੀ, ਦਿੱਲੀ ਤੋਂ ਪਹੁੰਚੇ ਪ੍ਰੋ. ਅਤੁੱਲ ਸੂਦ ਨੇ ਕੀਤਾ। ਉਨ੍ਹਾਂ 'ਸਮਕਾਲੀ ਭਾਰਤ ਵਿੱਚ ਅਕਾਦਮਿਕ ਅਜ਼ਾਦੀ ਯੂਨੀਵਰਸਿਟੀ ਦੇ ਬਦਲਦੇ ਅਰਥ ਜਾਂ ਲੋਕਤੰਤਰ ਦੀ ਨਵੀਂ ਘਾੜਤ' ਵਿਸ਼ੇ ਉੱਤੇ ਇਹ ਭਾਸ਼ਣ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਸਰਕਾਰ ਦੀਆਂ ਵੱਖ-ਵੱਖ ਨੀਤੀਆਂ ਨੂੰ ਆਪਸ ਵਿੱਚ ਜੋੜ ਕੇ ਸਮਝਣ ਦੀ ਲੋੜ ਹੈ, ਬਹੁਤ ਸਾਰੇ ਸਵਾਲ ਅਤੇ ਬਹੁਤ ਸਾਰੇ ਸੰਕਟ ਹਨ, ਜਿਨ੍ਹਾਂ ਨੂੰ ਆਪਸ ਵਿੱਚ ਜੋੜ ਕੇ ਵੇਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਨੀਤੀਆਂ ਦਾ ਡੂੰਘੇ ਪੱਧਰ ਉੱਤੇ ਵਿਸ਼ਲੇਸ਼ਣ ਕਰਦਿਆਂ ਲਾਜ਼ਮੀ ਤੌਰ ਉੱਤੇ ਉਨ੍ਹਾਂ ਅੰਦਰ ਇੱਕ ਸਾਂਝ ਨਜ਼ਰ ਆਵੇਗੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਅਤੇ ਇਸ ਕੱਦ ਦੇ ਹੋਰ ਅਦਾਰਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਸੀਮਿਤ ਕਰਕੇ ਅਤੇ ਪਾਠਕ੍ਰਮ ਨਿਰਧਾਰਣ ਜਿਹੇ ਖੇਤਰਾਂ ਵਿੱਚ ਵੱਖ-ਵੱਖ ਢੰਗਾਂ ਦੀ ਦਖ਼ਲਅੰਦਾਜ਼ੀ ਕਰਕੇ ਅਕਾਦਮਿਕ ਅਜ਼ਾਦੀ ਨੂੰ ਖੋਰਾ ਲਗਾਇਆ ਜਾ ਰਿਹਾ ਹੈ, ਜਿਸਦੇ ਭਵਿੱਖ ਵਿੱਚ ਮਾੜੇ ਨਤੀਜੇ ਨਿੱਕਲਣੇ ਤੈਅ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਨੀਤੀ ਸਮੇਤ ਹਰੇਕ ਨੀਤੀ ਦੇ ਖਰੜੇ ਨੂੰ ਬਰੀਕੀ ਨਾਲ ਘੋਖਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਵਿੱਚ ਸਿੱਖਿਆ ਦੇ ਸੰਕਲਪ ਨੂੰ ਹੀ ਗ਼ਲਤ ਤਰੀਕੇ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕੁੱਝ ਭਾਵੇਂ ਪਹਿਲਾਂ ਵੀ ਹੁੰਦਾ ਰਿਹਾ ਹੈ ਪਰ ਹੁਣ ਮੌਜੂਦਾ ਭਾਰਤੀ ਸਰਕਾਰ ਦੇ ਸਮੇਂ ਵਿੱਚ ਇਸ ਸਭ ਦੀ ਗਤੀ ਤੇਜ਼ ਹੋ ਗਈ ਹੈ। ਕਿਸਾਨ ਸੰਘਰਸ਼ ਦੇ ਹਵਾਲੇ ਨਾਲ ਪੰਜਾਬ ਦੇ ਵਿਸ਼ੇਸ਼ ਪ੍ਰਸੰਗ ਵਿੱਚ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਇਹ ਚੰਗੀ ਗੱਲ ਹੈ ਕਿ ਪੰਜਾਬ ਦੇ ਬੁੱਧੀਜੀਵੀ ਵਰਗ ਨੇ ਸਿੱਖਿਆ ਤੋਂ ਬਾਹਰੀ ਖੇਤਰਾਂ ਦੇ ਅਜਿਹੇ ਸੰਘਰਸ਼ਾਂ ਨਾਲ ਨਾਤਾ ਜੋੜਿਆ ਹੈ।

ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਗੁਰਮੁਖ ਸਿੰਘ ਨੇ ਸਵਾਗਤੀ ਸ਼ਬਦ ਰੱਖਦਿਆਂ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਰੋਕਾਰਾਂ ਲਈ ਜਿਥੇ ਵਿਭਾਗ ਲਗਾਤਾਰ ਕਾਰਜਸ਼ੀਲ ਰਹਿੰਦਾ ਹੈ, ਉਥੇ ਵੱਖ-ਵੱਖ ਖੇਤਰਾਂ ਵਿਚ ਆਪਣੇ ਖੋਜ ਕਾਰਜ ਵੀ ਕਰਦਾ ਹੈ। ਅੱਜ ਦਾ ਇਹ ਲੈਕਚਰ ਵਿਭਾਗ ਦੀ ਵੱਡੀ ਸ਼ਖਸੀਅਤ ਡਾ. ਰਵਿੰਦਰ ਰਵੀ ਦੀਆਂ ਬੌਧਿਕ ਪ੍ਰੰਪਰਾਵਾਂ ਨੂੰ ਜਾਣਨ ਅਤੇ ਨਵੇਂ ਖੋਜਾਰਥੀਆਂ ਵਿਚ ਵਿਕਸਿਤ ਕਰਨ ਲਈ ਕੀਤਾ ਜਾਂਦਾ ਹੈ ਤਾਂ ਕਿ ਸਮਾਜ ਦੇ ਵੱਖ-ਵੱਖ ਸਵਾਲਾਂ ਨਾਲ ਜੂਝਣ ਵਾਲੇ ਵਿਦਵਾਨਾਂ ਨੂੰ ਕਿਥੋਂ ਤੱਕ ਆਪਣੀ ਕੀਮਤ ਦੇਣੀ ਪੈਂਦੀ ਹੈ। ਕਿਉਂਕਿ ਸਮਾਜ ਵੱਖ-ਵੱਖ ਕਿਸਮ ਨਾਲ ਵਿਚਾਰਾਂ ਦੇ ਪੱਧਰਾਂ 'ਤੇ ਟਕਰਾਵਾਂ ਦੇ ਦੌਰ ਵਿਚੋਂ ਗੁਜ਼ਰਦਾ ਹੈ ਅਤੇ ਸਮਾਜ ਦੀ ਸਹੀ ਗੱਲ ਕਰਨ ਵਾਲਿਆਂ ਨੂੰ ਕੀਮਤ ਵੀ ਉਤਾਰਨੀ ਪੈਂਦੀ ਹੈ।

ਸੈਮੀਨਾਰ ਕੋਆਰਡੀਨੇਟਰ ਡਾ. ਸੁਰਜੀਤ ਸਿੰਘ ਵੱਲੋਂ ਡਾ. ਰਵਿੰਦਰ ਸਿੰਘ ਰਵੀ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਿਵੇਂ ਪੰਜਾਬੀ ਯੂਨੀਵਰਸਿਟੀ ਦੇ ਇਸ ਹੋਣਹਾਰ ਅਧਿਆਪਕ ਨੇ ਪੰਜਾਬ ਸੰਕਟ ਸਮੇਂ ਸੰਵਾਦ ਨੂੰ ਜਾਰੀ ਰੱਖਣ ਦਾ ਮੁੱਲ ਆਪਣੀ ਜਾਨ ਦੇ ਕੇ ਤਾਰਿਆ। ਜਿਕਰਯੋਗ ਹੈ ਕਿ ਡਾ. ਰਵੀ ਨੂੰ ਦਹਿਸ਼ਤਗਰਦਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ।

ਇਸ ਮੌਕੇ ਡਾ. ਕੁਲਦੀਪ ਸਿੰਘ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਜਿਸ ਕਿਸਮ ਨਾਲ ਨਵੀਂ ਸਿੱਖਿਆ ਨੀਤੀ 2020 ਵਿਚ ਵੱਖ-ਵੱਖ ਵਰਗਾਂ ਵਿਸ਼ੇਸ਼ ਕਰਕੇ ਦਲਿਤ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਨੂੰ ਪੂਰੀ ਤਰ੍ਹਾਂ ਕੱਢ ਦਿੱਤਾ ਗਿਆ ਹੈ ਇਹ ਆਉਣ ਵਾਲੇ ਸਮੇਂ ਵਿਚ ਚਿੰਤਾ ਦਾ ਵਿਸ਼ਾ ਬਣੇਗਾ ਕਿਉਂਕਿ ਇਨ੍ਹਾਂ ਵਰਗਾਂ ਲਈ ਮਿਲਣ ਵਾਲੀਆਂ ਵੱਖ ਵੱਖ ਸਹਾਇਤਾ ਵਾਲੀਆਂ ਸਕੀਮਾਂ ਖਤਮ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਜਿਸ ਕਿਸਮ ਨਾਲ ਇਸ ਨੀਤੀ ਨੂੰ ਰਾਜਾਂ ਤੋਂ ਪੁੱਛੇ ਬਿਨਾਂ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ ਹੈ ਇਸ ਨਾਲ ਦੇਸ਼ ਦੀਆਂ ਵਿਭਿੰਨਤਾਵਾਂ ਵਾਲੇ ਗਿਆਨ ਨੂੰ ਗੰਭੀਰ ਸੱਟ ਵੱਜੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜਿਸ ਕਿਸਮ ਨਾਲ ਕੌਮੀ ਪਾਠਕ੍ਰਮ ਨੂੰ ਰੈਸ਼ਲੇਲਾਈਜੇਸ਼ਨ ਦੇ ਨਾਂ ਹੇਠ ਕੱਟਿਆ ਜਾ ਰਿਹਾ ਹੈ ਉਸ ਤੋਂ ਸਪਸ਼ਟ ਹੋ ਰਿਹਾ ਹੈ ਕਿ ਅਸੀਂ ਗਿਆਨ ਵਿਹੂਣਾ ਦੌਰ ਸ਼ੁਰੂ ਕਰ ਰਹੇ ਹਾਂ। ਜਿਥੇ ਵਿਗਿਆਨ ਦੇ ਇਤਿਹਾਸ ਦੇ ਅਧਿਆਇ ਕੱਢ ਦਿੱਤੇ ਗਏ ਹਨ, ਉਥੇ ਵਿਸ਼ੇਸ਼ ਕਰਕੇ ਮੁਸਲਿਮ ਭਾਈਚਾਰੇ ਤੋਂ ਲੈ ਕੇ ਹੋਰ ਘੱਟ ਗਿਣਤੀਆਂ ਨਾਲ ਸਬੰਧਤ ਇਤਿਹਾਸਕ ਪਹਿਲੂਆਂ ਨੂੰ ਵੀ ਇਸ ਵਿਚੋਂ ਕੱਢ ਦਿੱਤਾ ਗਿਆ ਹੈ।


ਇਸ ਮੌਕੇ ਦਲਜੀਤ ਅਮੀ ਨੇ ਕਿਹਾ ਕਿ ਸਾਡੀਆਂ ਉਚੇਰੀਆਂ ਵਿਦਿਅਕ ਸੰਸਥਾਵਾਂ ਨੂੰ ਗਿਆਨ ਦੇ ਕੇਂਦਰ ਬਣਾਉਣ ਲਈ ਬਹੁਤ ਮਿਹਨਤ ਮਾਰਨੀ ਪਵੇਗੀ। ਜਿਸ ਕਿਸਮ ਨਾਲ ਸੰਸਥਾਵਾਂ ਨੂੰ ਬਦਨਾਮ ਕਰਨ ਦਾ ਦੌਰ ਸ਼ੁਰੂ ਹੋਇਆ ਹੋਇਆ ਹੈ ਉਸ ਵਿਚ ਅਸੀਂ ਭਾਗੀਦਾਰ ਨਾ ਬਣੀਏ ਬਲਕਿ ਆਪਣੀਆਂ ਜੋ ਸੰਕਟਗ੍ਰਸਤ ਸੰਸਥਾਵਾਂ ਹਨ ਉਨ੍ਹਾਂ ਨੂੰ ਸਮਾਜ ਦੀਆਂ ਵੱਖ ਵੱਖ ਸੰਸਥਾਵਾਂ ਨਾਲ ਇਕਜੁਟਤਾ ਬਣਾ ਕੇ ਬਚਾਉਣ ਅਤੇ ਵਿਕਸਿਤ ਕਰਨ ਦਾ ਕਾਰਜ ਕਰੀਏ। ਵੱਖ-ਵੱਖ ਖੋਜਾਰਥੀਆਂ ਨੇ ਸਿੱਖਿਆ ਅਤੇ ਇਸ ਨਾਲ ਜੁੜੇ ਹੋਰ ਸਵਾਲਾਂ 'ਤੇ ਆਪਣੇ ਵਿਚਾਰ ਪ੍ਰਦਾਨ ਕੀਤੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਜਿੱਥੇ ਇੱਕ ਪਾਸੇ ਅਕਾਦਮਿਕ ਅਜ਼ਾਦੀ ਉੱਤੇ ਹੋ ਰਹੇ ਹਮਲਿਆਂ ਨੂੰ ਸਮਝਣ ਅਤੇ ਰੋਕਣ ਲਈ ਕੋਸ਼ਿਸ਼ਾਂ ਕਰਨਾ ਸਾਡਾ ਫਰਜ਼ ਹੈ ਉੱਥੇ ਹੀ ਦੂਜੇ ਪਾਸੇ ਇੱਕ ਅਦਾਰੇ ਦੇ ਤੌਰ ਉੱਤੇ ਵੀ ਸਾਨੂੰ ਆਪਣੇ ਆਪ ਨੂੰ ਵਧੇਰੇ ਜਿੰਮੇਵਾਰ ਬਣਾਉਣ ਦੀ ਲੋੜ ਹੈ ਅਤੇ ਜਿਸ ਕਿਸਮ ਨਾਲ ਅਜੋਕੀ ਗਿਆਨ-ਵਿਗਿਆਨ ਦੀ ਦੁਨੀਆ ਵਿਕਸਿਤ ਹੋ ਰਹੀ ਹੈ ਉਸ ਦੇ ਪੱਧਰ ਦਾ ਬਣਾਉਣ ਲਈ ਉਚੇਰੀ ਸਿੱਖਿਆ ਦੀ ਸੰਸਥਾ ਵਿਚ ਵੱਖ ਵੱਖ ਸਮਾਜਿਕ, ਸਭਿਆਚਾਰਕ ਅਤੇ ਹੋਰ ਨਵੀਆਂ ਖੋਜਾਂ ਦੇ ਖੇਤਰਾਂ ਨੂੰ ਡੂੰਘਾਈ ਨਾਲ ਫਰੋਲੀਏ ਅਤੇ ਕਾਰਜ ਕਰੀਏ। ਡੀਨ ਭਾਸ਼ਾਵਾਂ ਡਾ. ਰਾਜਿੰਦਰਪਾਲ ਸਿੰਘ ਨੇ ਵੱਖ-ਵੱਖ ਖੇਤਰਾਂ ਦੇ ਆਏ ਵਿਦਵਾਨਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਰਾਜਨੀਤੀ, ਇਤਿਹਾਸ ਤੇ ਸਮਾਜ ਦੀਆਂ ਵੱਖ-ਵੱਖ ਰਮਜ਼ਾਂ ਨੂੰ ਖੋਲ੍ਹਣ ਵਾਲੀ ਪੁਸਤਕ



ਪ੍ਰੋ. ਬਾਵਾ ਸਿੰਘ
81460-35300




ਸਤਨਾਮ ਚਾਨਾ ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਇਕ ਗੰਭੀਰ ਅਤੇ ਪ੍ਰਤਿਭਾਵਾਨ ਲੇਖਕ ਹੈ। ਉਹ ਹੁਣ ਤੱਕ ਅੱਧੀ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਉਹ ਭਾਵੇਂ ਘੱਟ ਲਿਖਦਾ ਹੈ, ਪਰ ਜਦੋਂ ਲਿਖਦਾ ਹੈ ਚੂਨੇ 'ਚ ਇੱਟ ਲਾਉਂਦਾ ਹੈ; ਉਸਦੀ ਗੱਲਸ਼ੁੱਟ ਪਾਉਣ ਵਾਲੀ ਨਹੀਂ, ਪੜ੍ਹਨਯੋਗ ਹੁੰਦੀ ਹੈ। ਉਸਦੀ ਹੁਣੇ ਹੁਣੇ ਆਈ ਪੁਸਤਕ 'ਚਿੰਤਨ ਪ੍ਰਕਿਰਿਆ-ਦਲੀਲ ਬਾਦਲੀਲ', ਬਹੁਪਰਤੀ, ਬਹੁਦਿਸ਼ਾਵੀ ਸਰੋਕਾਰਾਂ ਨੂੰ ਸਨਮੁੱਖ ਕਰਦੀ ਹੈ। ਇਹ ਉਸਦੇ ਵੱਖ ਵੱਖ ਸਮਿਆਂ 'ਤੇ ਲਿਖੀਆਂ ਲਿਖਤਾਂ ਦਾ ਸੰਗ੍ਰਹਿ ਹੈ ਜੋ ਵਿਦਵਾਨ ਸਿੱਖਿਆ ਸ਼ਾਸਤਰੀ ਪ੍ਰੋ. ਕੁਲਦੀਪ ਸਿੰਘ ਨੇ ਬੜੀ ਮਿਹਨਤ ਨਾਲ ਸੰਪਾਦਿਤ ਕੀਤਾ ਹੈ। ਪ੍ਰੋ. ਕੁਲਦੀਪ ਸਿੰਘ ਨੇ ਪੁਸਤਕ ਦੇ ਆਰੰਭ 'ਚ ਇਸ 'ਚ ਸ਼ਾਮਲ ਸਮੱਗਰੀ ਬਾਰੇ ਬੜੀਆਂ ਭਾਵਪੂਰਤ ਟਿੱਪਣੀਆਂ ਵੀ ਕੀਤੀਆਂ ਹਨ।

ਇਸ ਕਿਤਾਬ ਵਿਚ ਚਾਨਾ/ਲੇਖਕ ਵੱਡੇ ਮੁੱਦਿਆਂ/ਵਿਸ਼ਿਆਂ ਨੂੰ ਮੁਖਾਤਬ ਹੋਇਆ ਹੈ। ਅਜਿਹੇ ਮੁੱਦੇ ਜੋ ਸਾਡੇ ਸਥਾਨਕ ਸਮਾਜ, ਇਤਿਹਾਸ, ਸਭਿਆਚਾਰ ਨਾਲ ਤਾਂ ਜੁੜੇ ਹੋਏ ਹਨ ਹੀ, ਸਗੋਂ ਕੌਮੀ ਅਤੇ ਕੌਮਾਂਤਰੀ ਮਹੱਤਤਾ ਵਾਲੇ ਵੀ ਹਨ ਅਤੇ ਅੱਜ ਦੇ ਸਮੁੱਚੇ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਵਾਤਾਵਰਣ ਦਾ ਅਟੁੱਟਵਾਂ ਹਿੱਸਾ ਹਨ। ਵਿਸ਼ਿਆਂ ਦੀ ਚੋਣ ਅਤੇ ਵੰਨਗੀ ਕਮਾਲ ਦੀ ਹੈ। ਹਰ ਵਿਸ਼ੇ 'ਤੇ ਸਿਧਾਂਤਕ ਪੱਖੋਂ ਚਰਚਾ ਬੜੀ ਉਮਦਾ ਹੈ। ਲੇਖਕ ਸਿਧਾਂਤਕ ਅਤੇ ਵਿਹਾਰਕ ਮਸਲਿਆਂ ਬਾਰੇ ਆਪਣੀ ਗੱਲ ਬੜੇ ਵਸੀਹ ਪਰਿਪੇਖ ਵਿਚ ਅਤੇ ਫਲਸਫਾਈ ਦ੍ਰਿਸ਼ਟੀਕੋਣ ਨਾਲ ਕਰਦਾ ਹੈ। ਆਪਣੇ ਨਿੱਜੀ ਸੁਭਾਅ ਮੁਤਾਬਕ ਉਸਨੇ ਆਪਣੀ ਗੱਲ ਬੜੀ ਸੰਖੇਪ ਅਤੇ ਸੂਖਮ ਸੁਰ ਵਿਚ ਕੀਤੀ ਹੈ। ਅੱਧੇ ਤੋਂ ਵੱਧ ਵਿਸ਼ੇ ਪੰਜਾਬ/ਪੰਜਾਬ ਦੀ ਹੋਣੀ ਨਾਲ ਸਬੰਧਤ ਹਨ। ਬੜੀ ਬਾਰੀਕਬੀਨੀ ਨਾਲ ਉਹ ਹਰ ਮਸਲੇ ਦੀ ਰੂਪਰੇਖਾ, ਸਰੋਤ, ਉਦੇਸ਼ ਅਤੇ ਆਧਾਰ ਬਾਬਤ ਬੜੀ ਯਥਾਰਥਵਾਦੀ ਪਹੁੰਚ ਨਾਲ ਪਾਠਕ ਨੂੰ ਜਾਣੂ ਕਰਵਾਉਂਦਾ ਹੈ। ਪੰਜਾਬ ਨਾਲ ਜੁੜੇ ਕਈ ਅਣਸੁਲਝੇ ਅਤੇ ਗੁੰਝਲਦਾਰ ਸਵਾਲਾਂ ਨੂੰ ਬੌਧਿਕ ਆਲੋਚਨਾਤਮਕ ਮੁਹਾਵਰੇ ਰਾਹੀਂ ਰੂਪਮਾਨ ਕਰਨ ਦਾ ਯਤਨ ਕਰਦਾ ਨਜ਼ਰ ਆਉਂਦਾ ਹੈ। ਮਸਲਨ ਕਿ ਪੰਜਾਬ/ਪੰਜਾਬੀਅਤ ਦੇ ਸਵਾਲ ਦੀ ਪ੍ਰੀਭਾਸ਼ਾ ਕੀ ਹੋਵੇ; ਇਸ ਨੂੰ ਸਮਝਣ ਲਈ ਇਸ ਦਾ ਸ਼ੁਰੂਆਤੀ ਬਿੰਦੂ ਕਿਵੇਂ, ਕਿਥੇ ਅਤੇ ਕਿੰਝ ਮਿਥਿਆ ਜਾਵੇ; ਇਸ ਸਵਾਲ ਨੂੰ ਤਾਰਕਿਕ ਉਦੇਸ਼ ਤੱਕ ਖੋਲ੍ਹਦਿਆਂ ਹੋਇਆਂ ਅਤੇ ਸਮੇਟਦਿਆਂ ਹੋਇਆਂ ਇਸ ਦੇ ਪ੍ਰਾਚੀਨ ਸਰੋਤਾਂ/ਆਧਾਰਾਂ ਨੂੰ ਸਮੇਂ/ਇਤਿਹਾਸ ਦੇ ਵੱਖ ਵੱਖ ਪੜਾਵਾਂ ਵਿਚ ਕਿੰਝ ਸਮਝਿਆ ਜਾਵੇ ਆਦਿ ਵਰਗੇ ਪੇਚੀਦਾ ਸਵਾਲਾਂ ਨੂੰ ਉਸਨੇ ਇਕ ਚੁਣੌਤੀ ਵਾਂਗ ਹੀ ਲਿਆ ਹੈ। ਪੰਜਾਬ ਅਤੇ ਸਮਲੀ ਮਨੁੱਖਤਾ ਦੇ ਸੰਦਰਭ 'ਚ ਗੁਰੂ ਨਾਨਕ ਚਿੰਤਤ ਨੂੰ ਕਿੰਝ ਸਮਝਿਆ ਜਾਵੇ ਅਤੇ ਇਸ ਨੂੰ ਸਮਾਜਿਕ ਕ੍ਰਾਂਤੀ ਦੇ ਪ੍ਰਸੰਗ ਵਿਚ ਕਿੰਝ ਪੜ੍ਹਿਆ ਜਾਵੇ ਵਰਗੇ ਗੰਭੀਰ ਸਵਾਲਾਂ ਨਾਲ ਲੇਖਕ ਖੂਬ ਗੁੱਥਮ ਗੁੱਥਾ ਹੋਇਆ ਹੈ। ਬੜੇ ਪੁਖਤਾ ਹਵਾਲਿਆਂ ਨਾਲ ਲੇਖਕ ਇਸ ਗੁੰਝਲ ਦਾ ਉੱਤਰ ਲੱਭਣ ਦਾ ਯਤਨ ਕਰਦਾ ਹੈ ਕਿ...ਪੰਜਾਬੀ (ਲੋਕ) ਇਸ ਤਰ੍ਹਾਂ ਦੇ ਕਿਉਂ ਹਨ..ਜਿਸ ਤਰ੍ਹਾਂ ਦੇ ਇਹ ਹਨ। ਉਹ ਕਿਹੜੇ ਸਰੋਤ ਹਨ ਜਾਂ ਉਹ ਮੂਲ ਸਮੱਗਰੀ ਕੀ ਹੈ ਜਿਨ੍ਹਾਂ ਦੀ ਵਜ੍ਹਾ ਕਰਕੇ ਪੰਜਾਬੀਆਂ ਦਾ ਇਕ ਵੱਖਰੀ ਹੀ ਕਿਸਮ ਦਾ ਸੁਭਾਅ, ਵਿਰਸਾ, ਸਭਿਆਚਾਰ, ਆਤਮਾ, ਤਰਜ਼-ਜ਼ਿੰਦਗੀ, ਇਤਿਹਾਸ, ਧਾਰਮਿਕ ਅਤੇ ਸਮਾਜਿਕ ਅਕੀਦੇ ਬਣੇ ਅਤੇ ਉਸਰੇ।

ਨਿਰਸੰਦੇਹ ਇਹ ਇਕ ਅਤੀ ਸੰਜੀਦਾ ਅਤੇ ਜੋਖਿਮ ਭਰਪੂਰ ਸਵਾਲ ਹੈ। ਪਰ ਲੇਖਕ ਬੜੇ ਮੌਲਿਕ ਅਤੇ ਵਿਸ਼ਵਾਸਮਈ ਤਰਕ ਨਾਲ ਇਹ ਸਾਬਤ ਕਰਨ ਦਾ ਸਾਰਥਕ ਯਤਨ ਕਰਦਾ ਹੈ ਕਿ ਪੰਜਬੀ ਵਿਵਹਾਰ ਅਤੇ ਜਿਹਨੀਅਤ ਵਿਚ ਸਾਂਝੀਵਾਲਤਾ, ਸੇਵਾ-ਭਾਵਨਾ, ਵੰਡ ਛਕਣ, ਕਿਰਤ ਕਰਨ ਅਤੇ ਪਰ ਲਈ (ਦੂਜਿਆਂ ਲਈ) ਕੁਰਬਾਨ ਹੋ ਜਾਣ ਦੀ ਜੋ ਭਾਵਨਾ ਹੈ, ਇਸ ਦੀਆਂ ਜੜ੍ਹਾਂ, ਪੰਜਾਬ ਦੀ ਧਰਤੀ ਦੇ ਇਤਿਹਾਸ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ ਅਤੇ ਇਸ ਦਾ ਸਿਖਰ ਸਿੱਖ ਗੁਰੂ ਚਿੰਤਨ ਵਿਚ ਹੁੰਦਾ ਹੈ। ਬੰਦਾ ਸਿੰਘ ਬਹਾਦਰ ਅਤੇ ਉਸ ਵਲੋਂ ਕੀਤੀ ਸਮਾਜਿਕ ਕ੍ਰਾਂਤੀ ਦੀ ਕੋਸ਼ਿਸ਼ ਇਸ ਵਿਚਾਰਧਾਰਕ ਫਲਸਫੇ ਦੀ ਵਿਹਾਰਕ/ਅਸਲੀ ਅਸਲੀਅਤ ਹੈ। ਕਿਸੇ ਵੀ ਤਰ੍ਹਾਂ ਦੇ ਸੰਘਰਸ਼ੀ ਸਿਧਾਂਤ ਦੇ ਬੁਨਿਆਦੀ ਨੁਕਤਿਆਂ ਦੇ ਵੱਖ ਵੱਖ ਪਹਿਲੂਆ ਬਾਰੇ ਨਿਸ਼ਾਨਦੇਹੀ ਕਰਦਿਆਂ ਸੰਘਰਸ਼ਾਂ ਵਿਚ ਨਾਇਕ ਦੇ ਮਹੱਤਵ ਅਤੇ ਉਸਦੇ ਰੋਲ ਬਾਰੇ ਵੀ ਲੇਖਕ ਦੇ ਖਿਆਲਾਤ ਬੜੇ ਦਿਲਚਸਪ ਹਨ ਅਤੇ ਪੜ੍ਹਨਯੋਗ ਵੀ।

ਪੰਜਾਬ ਵਿਚ ਬਸਤੀਵਾਦ ਸਮੇਂ ਚੱਲੀ ਗਦਰ ਲਹਿਰ ਦੀਆਂ ਅਕਾਂਖਿਆਵਾਂ ਅਤੇ ਉਦੇਸ਼ਾਂ ਬਾਰੇ ਜ਼ਿਕਰ ਕਰਦਿਆਂ ਉਹ 'ਸਾਂਝੀਵਾਲਤਾ' ਅਤੇ 'ਸਮਾਜਵਾਦ' ਦੇ ਸੰਕਲਪਾਂ ਦਰਮਿਆਨ ਸੂਖਮ/ਨੇੜਤਾ ਵੱਲ ਵੀ ਪਾਠਕ ਦਾ ਧਿਆਨ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ। ਗਾਲਬਨ ਸਭਿਆਚਾਰ ਦੀ ਆਮ ਮੁਲੱਖਈਏ ਦੀ ਮਾਨਸਿਕਤਾ ਉਤੇ ਕਿੰਨੀ ਪੀਡੀ ਪਕੜ ਹੁੰਦੀ ਹੈ ਅਤੇ ਇਸ ਪਕੜ 'ਚੋਂ ਖਲਕਤ ਨੂੰ ਆਜ਼ਾਦ ਕਿੰਝ ਕਰਾਉਣਾ ਹੈ, ਵਰਗੇ ਪੇਚੀਦਾ ਸਵਾਲਾਂ ਦੇ ਉਨ੍ਹਾਂ ਹੱਲ ਵੱਲ ਵੀ ਉਹ ਇਸ਼ਾਰੇ ਕਰਦਾ ਹੈ, ਜੋ ਗਦਰ ਲਹਿਰ ਵਿਚੋਂ ਉਸਨੂੰ ਨਜ਼ਰ ਆਉਂਦੇ ਹਨ।

ਹਾਲ ਹੀ ਸਾਲਾਂ 'ਚ ਪੰਜਾਬ ਵਿਚ ਉਗਮੀ ਕਿਸਾਨੀ ਲਹਿਰ ਬਾਰੇ ਵੀ ਲੇਖਕ ਨੇ ਇਸ ਲਿਖਤ ਵਿਚ ਕਾਫ਼ੀ ਤੋਂ ਜ਼ਿਆਦਾ ਜ਼ਿਕਰ ਕੀਤਾ ਹੈ। ਚਾਰ ਅਧਿਆਇ ਇਸੇ ਸੰਘਰਸ਼ ਨਾਲ ਸਬੰਧਤ ਹਨ। ਇਸ ਸ਼ਾਨਾਂਮੱਤੇ ਸੰਘਰਸ਼ਾਂ ਦੀ ਉਸਤਤ ਤਾਂ ਲੇਖਕ ਨੇ ਕੀਤੀ ਹੀ ਹੈ, ਸਗੋਂ ਵਿਸ਼ਾਲ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਇਹ ਨਿਸ਼ਾਨਦੇਹੀ ਵੀ ਕਰਨ ਦਾ ਯਤਨ ਕੀਤਾ ਹੈ ਕਿ ਕਿੰਝ ਇਨ੍ਹਾਂ ਸਮਿਆਂ ਵਿਚ ਪੂੰਜੀਵਾਦੀ/ਗਲੋਬਲੀ ਕਾਰਪੋਰੇਟ ਸੈਕਟਰ ਨਾਲ ਜੂਝਦੇ ਹੋਏ ਲੋਕਾਂ ਦੀ ਚੇਤਨਤਾ ਹੋਰ ਵੀ ਪ੍ਰਚੰਡ/ਅਤੇ ਵਸੀਹ ਹੋਈ ਹੈ ਅਤੇ ਇਹ ਘੋਲ ਸਦਾ ਸਦਾ ਲਈ ਉਨ੍ਹਾਂ ਦੇ ਅਵਚੇਤਨ ਦਾ ਹਿੱਸਾ ਬਣਿਆ ਰਹੇਗਾ ਅਤੇ ਆਉਣ ਵਾਲੀਆਂ ਮੁਸੀਬਤਾਂ ਨੂੰ ਦੂਰ ਕਰਨ ਅਤੇ ਠੱਲਣ ਲਈ ਬਲ ਬਖਸ਼ੇਗਾ। ਇਹ ਸੰਘਰਸ਼ ਇਕ ਇਤਿਹਾਸ ਬਦਲਵਾਂ ਮੋੜ, ਸੰਘਰਸ਼ਾਂ ਦੇ ਇਤਿਹਾਸ ਵਿਚ ਇਕ 'ਪੁਆਇੰਟ ਆਫ਼ ਡਿਪਾਰਚਰ' ਵਾਂਗ ਸਾਬਤ ਹੋਵੇਗਾ, ਇਕ ਮੀਲ-ਪੱਥਰ ਵਾਂਗ, ਇਕ ਪ੍ਰੇਰਨਾਮਈ ਸੰਘਰਸ਼! ਦਿੱਲੀ ਦੀ ਸਰਦਲ ਸਿੰਘੂ/ਟਿਕਰੀ ਬਾਰਡਰ 'ਤੇ ਲੜਿਆ ਗਿਆ ਇਹ ਸਾਂਝਾ ਅਪਾਰ ਲੋਕ-ਘੋਲ, ਹੁਕਮਰਾਨਾਂ ਲਈ ਹਮੇਸ਼ਾ ਕੰਬਣੀਆਂ ਛੇੜਦਾ ਰਹੇਗਾ। ਲੇਖਕ ਦੀ ਰਾਇ ਹੈ ਕਿ ਵਰਤਮਾਨ ਵਕਤਾਂ ਵਿਚ ਅਜਿਹੇ ਸਾਂਝੇ ਅਤੇ ਵਿਧਾਨ ਘੋਲਾਂ ਤੋਂ ਬਿਨਾਂ ਇਤਿਹਾਸ ਦਾ ਜਮੂਦ ਤੋੜਿਆ ਨਹੀਂ ਜਾ ਸਕਦਾ।


ਇਨ੍ਹਾਂ ਵਿਸ਼ਿਆਂ ਦੇ ਨਾਲ ਹੀ ਲੇਖਕ ਨੇ ਪੰਜਾਬ ਵਿਚ ਵੱਧ ਰਹੀ ਨਸ਼ਿਆਂ ਦੀ ਵਹਿਬਤਾ ਬਾਰੇ ਵੀ ਡੂੰਘੀ ਚਿੰਤਾ ਜਾਹਿਰ ਕੀਤੀ ਹੈ ਅਤੇ ਇਸ ਅਲਾਮਤ 'ਤੇ ਕਾਬੂ ਪਾਉਣ ਲਈ ਕਈ ਬਦਲਵੇਂ/ਨਵੀਨ ਸੁਝਾਅ ਵੀ ਦਿੱਤੇ ਹਨ। ਲੇਖਕ ਦਾ ਮੰਨਣਾ ਹੈ ਕਿ ਨਸ਼ਿਆਂ ਦੀ ਵਹਿਬਤ ਭ੍ਰਿਸ਼ਟ ਆਰਥਿਕ/ਸਮਾਜਿਕ/ਰਾਜਸੀ ਵਿਵਸਥਾ ਦੀ ਉਪਜ ਹੈ ਅਤੇ ਇਸ ਸਮੁੱਚੀ ਕੁੱਢਬੀ ਪ੍ਰਣਾਲੀ 'ਚ ਬਦਲਾਅ ਬਿਨਾਂ ਇਸ ਬੀਮਾਰੀ ਤੋਂ ਸੰਪੂਰਨ ਛੁਟਕਾਰਾ ਸੰਭਵ ਨਹੀਂ। ਆਰਥਿਕ ਨਾਬਰਾਬਰੀ, ਬੇਰੁਜ਼ਗਾਰੀ, ਜ਼ਿੰਦਗੀ 'ਚ ਚੰਗੇ ਮੌਕਿਆਂ ਦੀ ਅਣਹੋਂਦ ਅਤੇ ਹਰ ਤਰ੍ਹਾਂ ਦਾ ਅਨਿਆਂ, ਨੌਜਵਾਨਾਂ ਨੂੰ ਨਸ਼ਿਆਂ ਦੇ ਸੰਸਾਰ ਵੱਲ ਧੱਕ ਰਿਹਾ ਹੈ।

ਕੋਵਿਡ-19 ਵਾਇਰਸ ਬਾਬਤ ਨਵੇਂ ਦ੍ਰਿਸ਼ਟੀਕੋਣ ਤੋਂ ਇਸ ਸਾਰੇ 'ਫਿਨਾਮੀਨਾ' ਨੂੰ ਸਮਝਣ ਲਈ ਲੇਖਕ ਨੇ ਕੁਝ ਸ਼ੰਕੇ ਵੀ ਉਠਾਏ ਹਨ। ਕੀ ਇਹ ਕੋਈ ਵੱਡੀ ਸਾਜ਼ਿਸ਼ ਤਾਂ ਨਹੀਂ ਜਿਸ ਰਾਹੀਂ ਗਲੋਬਲੀ ਪੂੰਜੀਵਾਦ, ਸਮੁੱਚੇ ਸੰਸਾਰ ਨੂੰ ਆਪਣੀ ਗ੍ਰਿਫ਼ਤ ਵਿਚ ਕਸ ਕੇ, ਕੁਝ ਹੋਰ ਗੁਪਤ ਏਜੰਡੇ ਲਾਗੂ ਕਰਨ ਜਾ ਰਿਹਾ ਹੋਵੇ। ਇਸ ਲਈ ਲੇਖਕ ਦੀ ਚਿਤਾਵਨੀ ਹੈ ਕਿ ਨਸ਼ਿਆਂ ਦੇ ਧੰਦੇ ਅਤੇ ਕੋਵਿਡ-19 ਵਾਇਰਸ ਬਾਬਤ, ਸਮਝ ਬਣਾਉਂਦੇ ਹੋਏ ਸਾਨੂੰ ਕਾਰਪੋਰੇਟੀ ਜਕੜ ਅਤੇ ਉਸਦੀ ਸਮੁੱਚੀ ਕਾਰਜਸ਼ੈਲੀ ਨੂੰ ਧਿਆਨ ਹਿੱਤ ਰੱਖਣ ਦੀ ਲੋੜ ਹੈ।

ਲੇਖਕ ਨੇ ਭਾਰਤ ਵਿਚ 19ਵੇਂ ਸਦੀ ਦੇ ਦੂਜੇ ਦਹਾਕੇ 'ਚ ਵਾਪਰੀ ਬਹੁ-ਚਰਚਿਤ ਭੀਮਾਂ-ਕੋਰੇਗਾਓਂ ਇਤਿਹਾਸਕ ਘਟਨਾ ਨੂੰ ਵੀ ਆਪਣੇ ਮੌਲਿਕ ਖੋਜੀ ਦ੍ਰਿਸ਼ਟੀਕੋਣ ਤੋਂ ਰੇਖਾਂਕਿਤ ਕਰਦੇ ਹੋਏ, ਇਸਦੀ 200ਵੀਂ ਵਰ੍ਹੇਗੰਢ 'ਤੇ ਵਾਪਰੀਆਂ ਦੰਗਈ ਘਟਨਾਵਾਂ ਅਤੇ ਇਸ ਤੋਂ ਪਿਛੋਂ ਸਰਕਾਰੀ ਜਬਰ ਅਧੀਨ ਹੋਈਆਂ 'ਨਕਸਲੀ' ਗ੍ਰਿਫ਼ਤਾਰੀਆਂ ਬਾਰੇ ਵੀ ਬੜਾ ਗਿਆਨਸ਼ੀਲ ਵਿਸ਼ਲੇਸ਼ਣ ਕੀਤਾ ਹੈ। ਦਲਿਤ ਭਾਈਚਾਰੇ ਵਲੋਂ ਇਤਿਹਾਸਕ ਸੰਘਰਸ਼ਾਂ ਵਿਚ ਲਈਆਂ ਗਈਆਂ ਸਿਧਾਂਤਕ ਪੁਜੀਸ਼ਨਾਂ, ਲੜੀਆਂ ਗਈਆਂ ਲੜਾਈਆਂ, ਜਿੱਤਾਂ/ਹਾਰਾਂ, ਹਿੱਸੇਦਾਰੀਆਂ ਆਦਿ ਬਾਰੇ ਲੇਖਕ ਨੇ ਬਾਖੂਬ ਦਲੀਲਾਂ ਦਿੱਤੀਆਂ ਹਨ।

ਹਥਲੀ ਕਿਤਾਬ ਵਿਚ ਇਕ ਬਹੁਤ ਹੀ ਮਹੱਤਵਪੂਰਨ ਲਿਖਤ "ਅੰਬੇਦਕਰ ਤੇ ਕਮਿਊਨਿਜ਼ਮ-ਤੱਥ ਤੇ ਹਕੀਕਤ" ਦੇ ਸਿਰਲੇਖ ਹੇਠ ਦਰਜ ਹੈ। ਆਧੁਨਿਕ ਭਾਰਤੀ ਇਤਿਹਾਸ ਦੇ ਸੰਦਰਭ 'ਚ ਇਹ ਇਹ ਇਕ ਅਤਿ ਗੁੰਝਲਦਾਰ ਵਿਵਾਦਿਤ ਵਿਸ਼ਾ ਹੈ, ਹਮੇਸ਼ਾ ਤੋਂ ਇਕ ਨਾ ਸੁਲਝਿਆ ਵਿਸ਼ਾ ਹੈ ਕਿ ਅੰਬੇਡਕਰਵਾਦੀ ਅਤੇ ਮਾਰਕਸਵਾਦੀ ਲੋਕਾਂ ਦਾ ਆਪਸੀ ਰਿਸ਼ਤਾ ਕੀ ਹੋਵੇ। (ਬਿਲਕੁਲ ਉਵੇਂ ਜਿਵੇਂ ਮਾਰਕਸਵਾਦ ਅਤੇ ਧਰਮ ਦਾ/ਜਾਂ ਪੰਜਾਬ ਵਿਚ ਸਿੱਖਾਂ ਅਤੇ ਕਾਮਰੇਡਾਂ ਦਾਆਪਸੀ ਰਿਸ਼ਤਾ ਕੀ ਹੋਵੇ।) ਜਾਂ ਕਹਿ ਲਵੋ ਕਿ ਅੰਬੇਡਕਰ ਦੀ ਵਿਚਾਰਧਾਰਾ ਅਤੇ ਮਾਰਕਸੀ ਵਿਚਾਰਧਾਰਾ ਦਾ ਆਪਸੀ ਸਬੰਧ/ਸਹਿਯੋਗ ਕਿਵੇਂ ਸਥਾਪਤ ਕੀਤਾ ਜਾਵੇ। ਜਾਤ/ਜਮਾਤ ਦਾ ਸਵਾਲ ਕਵੇਂ ਹੱਲ ਹੋਵੇ। ਇਹ ਵੀ ਕਿ ਭਾਰਤੀ ਇਤਿਹਾਸ ਵਿਚ ਇਸ ਸਵਾਲ ਨੂੰ ਹੱਲ ਕਰਨ ਦੇ ਸੁਚੇਤ ਯਤਨ ਕਦੇ ਹੋਏ ਵੀ ਹਨ ਕਿ ਨਹੀਂ ਅਤੇ ਜੇਕਰ ਹੋਏ ਹਨ ਤਾਂ ਕੀ ਕੀ ਕਮੀਆਂ ਪੇਸ਼ੀਆਂ ਕਿਥੇ ਕਿਥੇ ਰਹੀਆਂ ਹਨ ਆਦਿ। ਲੇਖਕ ਨੇ ਬੜੀ ਸੁਹਿਰਦਤਾ ਅਤੇ ਮੁਹਾਰਤਾ ਨਾਲ ਇਨ੍ਹਾਂ ਸਵਾਲਾਂ ਨੂੰ ਸੰਬੋਧਤ ਹੋਣ ਦੀ ਸਟੀਕ ਕੋਸ਼ਿਸ਼ ਕੀਤੀ ਹੈ। ਲੇਖਕ ਦੀ ਇਹ ਪ੍ਰਪੱਕ ਧਾਰਨਾ ਹੈ ਕਿ ਇਸ ਅਤਿ ਗੰਭੀਰ ਮੁੱਦੇ ਨੂੰ ਸਿੱਧੇ ਹੋ ਕੇ ਟੱਕਰਨ ਅਤੇ ਹੱਲ ਕੀਤੇ ਬਗੈਰ ਭਾਰਤੀ ਲੋਕਾਈ ਦੀ ਬੰਦ-ਖਲਾਸੀ ਸੰਭਵ ਨਹੀਂ। ਲੇਖਕ ਦੀ ਚਾਹਨਾ ਹੈ ਕਿ ਅੰਬੇਡਕਰ ਦੀਆਂ ਲਿਖਤਾਂ ਵੱਲ ਜ਼ਰੂਰ ਸੰਜੀਦਾ ਧਿਆਨ ਮਾਰਿਆ ਜਾਵੇ।

ਲੇਖਕ ਕਿਉਂਕਿ ਯੂਰਪ ਵਿਚ ਵੀ ਕਈ ਸਾਲ ਰਹਿੰਦਾ ਰਿਹਾ ਹੈ। ਇਸ ਲਈ ਕੌਮਾਂਤਰੀ ਮਹੱਤਤਾ ਵਾਲੇ ਮੁੱਦਿਆਂ ਬਾਰੇ ਵੀ ਉਸਦਾ ਅਨੁਭਵ ਅਤੇ ਗਿਆਨ ਕਾਫ਼ੀ ਪ੍ਰਪੱਕ ਹੈ। ਆਪਣੇ ਇਨ੍ਹਾਂ ਹੀ ਤਜਰਬਿਆਂ 'ਤੇ ਆਧਾਰਿਤ ਉਸਦੇ "ਰੂਸੀ ਕ੍ਰਾਂਤੀ ਦੇ ਪਤਨ" ਬਾਰੇ ਨਿਰਣੇ ਅਤੇ ਟਿੱਪਣੀਆਂ ਕਾਫ਼ੀ ਨਿੱਗਰ ਹਨ ਜੋ ਪਾਠਕ ਦੀ ਸਮਝਦਾਰੀ ਵਿਚ ਕਾਫ਼ੀ ਇਜ਼ਾਫਾ ਕਰਦੀਆਂ ਹਨ। ਇਸੇ ਹੀ ਤਰ੍ਹਾਂ "ਚੀਨ-ਭਾਰਤ ਵਪਾਰਕ ਦੋਸਤੀ" ਅਤੇ "ਅਮਰੀਕੀ ਨਸਲਵਾਦ' ਵਰਗੇ ਅਧਿਆਇ ਅਜੋਕੇ ਸਮਿਆਂ 'ਚ ਤੇਜ਼ੀ ਨਾਲ ਘੱਟ ਰਹੀਆਂ ਗਲੋਬਲੀ ਕੌਮਾਂਤਰੀ ਘਟਨਾਵਾਂ ਅਤੇ ਬਦਲ ਰਹੇ ਕੌਮਾਂਤਰੀ ਤਵਾਜਨਾ ਬਾਰੇ ਅਹਿਮ ਜਾਣਕਾਰੀ ਭਰਪੂਰ ਲਿਖਤਾਂ ਹਨ।



ਡਾ. ਸੁਰਿੰਦਰ ਧੰਜਲ
ਕਨਵੀਨਰ
ਪਾਸ਼ ਯਾਦਗਾਰੀ
ਕੌਮਾਂਤਰੀ ਟ੍ਰਸਟ

# ਕੇਵਲ 'ਬੇਟੀ' ਹੀ ਨਹੀਂ, 'ਬੇਟੀ' ਦੀ ਇੱਜ਼ਤ ਵੀ ਬਚਾਓ !

*(ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦਾ ਬਿਆਨ)*

ਪਿਛਲੇ ਕੁੱਝ ਸਮੇਂ ਤੋਂ ਜਿਨ੍ਹਾਂ ਦੋ ਮਸਲਿਆਂ ਨੇ ਸੰਸਾਰ ਭਰ ਦੇ ਭਾਰਤੀ ਭਾਈਚਾਰੇ ਦਾ ਧਿਆਨ ਮੱਲਿਆ ਹੋਇਆ ਹੈ, ਉਨ੍ਹਾਂ ਵਿਚੋਂ ਪਹਿਲਾ ਮਸਲਾ ਹੈ-ਭਾਰਤੀ ਪਹਿਲਵਾਨ ਲੜਕੀਆਂ ਦੇ ਸਰੀਰਕ ਸ਼ੋਸ਼ਣ ਦਾ ਮਸਲਾ। ਕਈ ਮਹੀਨਿਆਂ ਤੋਂ ਜਿਣਸੀ-ਸ਼ੋਸ਼ਣ ਪੀੜਤ ਲੜਕੀਆਂ ਨੇ ਦਿੱਲੀ ਜੰਤਰ-ਮੰਤਰ ਵਿਚ ਨਿਰੰਤਰ ਧਰਨੇ ਦੇ ਘੋਲ ਰਾਹੀਂ ਭਾਰਤੀ ਕੁਸ਼ਤੀ ਫ਼ੈਡਰੇਸ਼ਨ ਦੇ ਪ੍ਰਮੁੱਖ ਦੋਸ਼ੀ ਕਰਮਚਾਰੀਆਂ ਦੀ ਗ੍ਰਿਫ਼ਤਾਰੀ ਅਤੇ ਬਰਖ਼ਾਸਤਗੀ ਦੀ ਮੰਗ ਕੀਤੀ ਹੈ। ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਮਹਿਸੂਸ ਕਰਦਾ ਹੈ ਕਿ ਇਨ੍ਹਾਂ ਪਹਿਲਵਾਨ ਲੜਕੀਆਂ ਨੇ ਆਪਣੀ ਕੁਸ਼ਤੀ-ਕੌਸ਼ਲਤਾ ਨਾਲ ਅਨੇਕਾਂ ਤਗਮੇ ਜਿੱਤ ਕੇ, ਕੌਮਾਂਤਰੀ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਲੜਕੀਆਂ ਨਾਲ ਸ਼ੋਸ਼ਣ ਕਰਨ ਵਾਲੇ ਵਿਅਕਤੀਆਂ ਨੂੰ ਜੇ ਤੁਰੰਤ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਜਾਂਦੀਆਂ, ਤਾਂ ਕੋਈ ਵੀ ਧੀ ਭੈਣ ਕਿਸੇ ਵੀ ਕੌਮਾਂਤਰੀ ਖੇਡ ਮੁਕਾਬਲੇ 'ਚ ਸ਼ਮੂਲੀਅਤ ਤੋਂ ਪਹਿਲਾਂ ਹਜ਼ਾਰ ਵਾਰ ਸੋਚਿਆ ਕਰੇਗੀ। ਅਸੀਂ ਇਨ੍ਹਾਂ ਪਹਿਲਵਾਨ ਲੜਕੀਆਂ ਦੇ ਹੱਕੀ ਘੋਲ ਦੀ ਡਟਵੀਂ ਹਮਾਇਤ ਕਰਦੇ ਹਾਂ।

ਦੂਜਾ ਮਸਲਾ ਦੇਸ਼ ਦੇ ਚੋਟੀ ਦੇ ਬੁੱਧੀਜੀਵੀਆਂ ਦੀ ਸੱਚ-ਬਿਆਨੀ ਦਾ ਗਲ਼ਾ ਘੁੱਟਣ ਨਾਲ਼ ਸਬੰਧਿਤ ਹੈ। ਦੇਸ਼ ਭਰ ਦੇ ਅਨੇਕਾਂ ਲੇਖਕ, ਕਲਾਕਾਰ, ਜਮਹੂਰੀ ਹੱਕਾਂ ਦੇ ਕਾਰਕੁੰਨ, ਪੱਤਰਕਾਰ, ਬੁੱਧੀਜੀਵੀ ਜੇਲ੍ਹਾਂ ਵਿਚ ਡੱਕੇ ਹੋਏ ਹਨ। ਕੇਂਦਰ ਸਰਕਾਰ ਦੀ, ਜਮਹੂਰੀਅਤ ਦੀ ਆਵਾਜ਼ ਬੁਲੰਦ ਕਰਨ ਵਾਲ਼ੇ ਕਾਰਕੁੰਨਾਂ ਨੂੰ ਡਰਾਉਣ, ਧਮਕਾਉਣ ਅਤੇ ਪਰੇਸ਼ਾਨ ਕਰਨ ਦੀ ਦਹਿਸ਼ਤ-ਪਸੰਦ ਨੀਤੀ ਦੀ ਏਸੇ ਕੜੀ ਅਧੀਨ, ਜਮਹੂਰੀ ਹੱਕਾਂ ਦੀ ਉੱਘੀ ਕਾਰਕੁੰਨ ਡਾ: ਨਵਸ਼ਰਨ ਨੂੰ ਈ ਡੀ ਦਵਾਰਾ ਆਪਣੇ ਦਫ਼ਤਰ 'ਚ ਬੁਲਾ ਕੇ ਅੱਠ ਘੰਟੇ ਪੁੱਛ-ਗਿੱਛ ਰਾਹੀਂ ਪਰੇਸ਼ਾਨ ਕੀਤਾ ਗਿਆ। ਡਾ: ਨਵਸ਼ਰਨ ਹਰ ਲੋਕ-ਪੱਖੀ ਸੰਘਰਸ਼ ਦੀ ਨਿਧੜਕ ਹਮਾਇਤਣ ਦੇ ਤੌਰ 'ਤੇ ਵਿਸ਼ਵ ਦੇ ਭਾਰਤੀ ਭਾਈਚਾਰੇ ਵਿਚ ਆਪਣਾ ਵਿਸ਼ੇਸ਼ ਮੁਕਾਮ ਹਾਸਿਲ ਕਰ ਚੁੱਕੀ ਹੈ। ਡਾ: ਨਵਸ਼ਰਨ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਦੇ ਮੋਢੀ ਮੈਂਬਰ ਭਾਅ ਜੀ ਗੁਰਸ਼ਰਨ ਸਿੰਘ ਦੀ ਸੋਚ ਦਾ ਪਰਚਮ ਹੱਥਾਂ ਵਿੱਚ ਲੈ ਕੇ ਆਪਣੀ ਬੁਲੰਦ ਆਵਾਜ਼ ਵਿਚ ਹਰ ਸਟੇਜ ਤੋਂ ਐਲਾਨ ਕਰਦੀ ਹੈ ਕਿ 'ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ-ਖ਼ਤਮ ਨਹੀਂ ਹੁੰਦੀ।'

ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਕੇਂਦਰ ਸਰਕਾਰ ਦੀ ਇਸ ਡਰਾਊ, ਧਮਕਾਊ ਤੇ ਯਰਕਾਊ ਨੀਤੀ ਦਾ ਡਟਵਾਂ ਵਿਰੋਧ ਕਰਦਾ ਹੋਇਆ ਬੁੱਧੀਜੀਵੀਆਂ ਦੀ ਜ਼ੁਬਾਨ-ਬੰਦੀ ਖਿਲਾਫ਼ ਕੋਝੀਆਂ ਸਰਗਰਮੀਆਂ ਦੇ ਵਿਰੋਧ ਵਿਚ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਅਸੀਂ ਸਮੂਹ ਬੁੱਧੀਜੀਵੀਆਂ ਨੂੰ ਆਪਣੇ ਆਪਣੇ ਪੱਧਰ 'ਤੇ, ਕੇਂਦਰ ਸਰਕਾਰ ਦੀ ਇਸ ਕਰਤੂਤ ਨੂੰ ਬੁੱਧੀਜੀਵੀ ਵਰਗ 'ਤੇ ਵੱਡੇ ਹਮਲੇ ਦੇ ਸੰਕੇਤ ਦੀ ਚੁਣੌਤੀ ਵਜੋਂ ਕਬੂਲਣ ਲਈ ਕਮਰਕੱਸਾ ਕੱਸਣ ਦੀ ਅਪੀਲ ਕਰਦੇ ਹਾਂ।

ਪਾਸ਼ ਦੀ ਪ੍ਰਸਿੱਧ ਕਵਿਤਾ 'ਮੇਰੇ ਦੇਸ਼' (ਉੱਡਦੇ ਬਾਜ਼ਾਂ ਮਗਰ) ਦੇ ਹਵਾਲੇ ਨਾਲ਼ ਅਸੀਂ ਦੇਸ਼ ਦੀਆਂ 'ਸਾਊ ਧੀਆਂ' ਨੂੰ 'ਬੇਸ਼ਰਮ ਵੈਲੀਆਂ' ਦੇ ਪੈਰਾਂ ਹੇਠ ਨਹੀਂ ਰੁਲਣ ਨਹੀਂ ਦੇ ਸਕਦੇ, ਅਤੇ ਨਾ ਹੀ ਦੇਸ਼ ਦੀ ਬਚੀ-ਖੁਚੀ 'ਜਮਹੂਰੀਅਤ' ਨੂੰ ਹੁਕਮਰਾਨਾਂ ਦੇ ਅੱਤਿਆਚਾਰਾਂ ਦੇ ਜੁਬਾੜ੍ਹਿਆਂ 'ਚ ਨਪੀੜਨ ਦੀ ਇਜਾਜ਼ਤ ਦੇ ਸਕਦੇ ਹਾਂ।

'ਬੇਟੀ ਬਚਾਓ' ਦੇ ਹੋਕੇ ਦੇਣ ਵਾਲਿਓ! 'ਬੇਟੀਆਂ' ਦੀ ਇੱਜ਼ਤ, ਮਾਣ-ਸਨਮਾਨ ਵੀ ਬਚਾਓ!!

# ਸੰਨੀ ਧਾਲੀਵਾਲ ਦੀ ਕਾਵਿ-ਪੁਸਤਕ 'ਖ਼ਾਲੀ ਆਲ੍ਹਣਾ'
# ਜ਼ਿੰਦਗੀ ਦੇ ਯਥਾਰਥ ਦੀ ਮੂੰਹ ਬੋਲਦੀ ਤਸਵੀਰ

ਡਾ. ਸੁਖਦੇਵ ਸਿੰਘ ਝੰਡ
+91 97798 80184

'ਖ਼ਾਲੀ ਆਲ੍ਹਣਾ' ਸੰਨੀ ਧਾਲੀਵਾਲ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕੁੱਝ ਕਹਾਣੀਆਂ ਬੇਸ਼ਕ ਰਵਿੰਦਰ ਸੋਢੀ ਵੱਲੋਂ ਸੰਪਾਦਿਤ ਪੁਸਤਕ 'ਹੁੰਗਾਰਾ ਕੌਣ ਭਰੇ' ਵਿੱਚ ਛਪੀਆਂ ਹਨ ਪਰ ਕਵਿਤਾਵਾਂ ਦੀ ਇਹ ਉਸ ਦੀ ਪਹਿਲੀ ਕਿਤਾਬ ਹੀ ਹੈ। ਭੌਤਿਕ ਵਿਗਿਆਨ ਦੀ ਪਿੱਠ-ਭੂਮੀ ਦਾ ਵਿਦਵਾਨ ਆਪਣੀਆਂ ਕਵਿਤਾਵਾਂ ਪਹਿਲਾਂ ਅੰਗਰੇਜ਼ੀ ਵਿੱਚ ਲਿਖ ਕੇ ਫੇਸਬੁੱਕ 'ਤੇ ਪਾਉਂਦਾ ਸੀ। ਉੱਘੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਤੇ ਕਈ ਹੋਰਨਾਂ ਵੱਲੋਂ ਆਏ ਮਸ਼ਵਰੇ 'ਤੇ ਉਸ ਨੇ ਕਵਿਤਾ ਪੰਜਾਬੀ ਵਿੱਚ ਲਿਖਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਸੰਨੀ ਪੰਜਾਬੀ ਕਵੀ ਦੇ ਰੂਪ ਵਿਚ ਸੋਸ਼ਲ ਮੀਡੀਏ ਦੇ ਅਹਿਮ ਪ੍ਰਚਾਰ ਸਾਧਨ 'ਫੇਸਬੁੱਕ' ਰਾਹੀਂ ਪਿਛਲੇ ਇੱਕ-ਦੋ ਸਾਲਾਂ ਤੋਂ ਉਜਾਗਰ ਹੋਇਆ ਹੈ। ਫੇਸਬੁੱਕ ਉੱਪਰ ਉਸ ਦੀਆਂ ਮੁੱਢਲੀਆਂ ਕਵਿਤਾਵਾਂ ਨੂੰ ਪੰਜਾਬੀ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਹੋਰ ਕਈ ਕਵਿਤਾਵਾਂ ਲਿਖ ਕੇ ਫੇਸਬੁੱਕ 'ਤੇ ਪਾਈਆਂ। 'ਏਕਮ', 'ਪ੍ਰੀਤਲੜੀ 'ਤੇ 'ਪ੍ਰਤੀਮਾਨ' ਵਰਗੇ ਮਿਆਰੀ ਸਾਹਿਤਕ ਮੈਗਜ਼ੀਨਾਂ ਨੇ ਇਨ੍ਹਾਂ ਵਿੱਚੋਂ ਕਈਆਂ ਨੂੰ ਫੇਸਬੁੱਕ ਤੋਂ ਚੁੱਕ ਕੇ ਆਪਣੇ ਵਿੱਚ ਸ਼ਾਮਲ ਕਰਨ ਦਾ ਮਾਣ ਬਖ਼ਸ਼ਿਆ ਜਿਸ ਨਾਲ ਸਾਹਿਤਕ ਹਲਕਿਆਂ ਵਿੱਚ ਵੀ 'ਸੰਨੀ' ਦੀ ਚਰਚਾ ਆਰੰਭ ਹੋ ਗਈ। 'ਸੰਨੀ' ਦੀਆਂ ਕਵਿਤਾਵਾਂ ਕਨੇਡਾ, ਅਮਰੀਕਾ, ਇੰਗਲੈਂਡ 'ਤੇ ਭਾਰਤ ਦੇ ਅਖ਼ਬਾਰਾ ਵਿੱਚ ਪਬਲਸ਼ ਹੋ ਚੁੱਕੀਆਂ ਹਨ।

'ਸੰਨੀ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਡਾ. ਅਮਰ ਸਿੰਘ ਧਾਲੀਵਾਲ ਦਾ ਹੋਣਹਾਰ ਫ਼ਰਜ਼ੰਦ ਹੈ ਜਿਨ੍ਹਾਂ ਨੇ ਵੱਖ-ਵੱਖ ਸਮੇਂ ਮਨੋਵਿਗਿਆਨ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ, ਯੂਨੀਵਰਸਿਟੀ ਦੇ ਕੰਟਰੋਲਰ ਆਫ ਐਗਜ਼ਾਮੀਨੇਸ਼ਨ, ਰਜਿਸਟਰਾਰ, ਡੀਨ ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਅਤੇ ਡੀਨ ਕਾਲਜ ਡਿਵੈਲਪਮੈਂਟ ਕੌਂਸਲ ਵਰਗੇ ਅਹਿਮ ਅਹੁਦਿਆਂ 'ਤੇ ਜ਼ਿੰਮੇਂਵਾਰੀ ਬਾਖ਼ੂਬੀ ਨਿਭਾਈ ਹੈ। ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਸੇਵਾ ਕਰਦਿਆਂ ਮੈਨੂੰ ਉਨ੍ਹਾਂ ਨੂੰ ਕਈ ਵਾਰ ਮਿਲਣ ਅਤੇ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਨੂੰ ਨੇੜਿਉਂ ਤੱਕਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੀ ਲਿਆਕਤ, ਸਖ਼ਤ ਮਿਹਨਤ, ਇਮਾਨਦਾਰੀ ਅਤੇ ਦਿਆਨਤਦਾਰੀ ਦੀ ਉਦੋਂ ਵੀ ਚਰਚਾ ਹੁੰਦੀ ਸੀ ਅਤੇ ਇਹ ਅਜੇ ਵੀ ਹੁੰਦੀ ਹੈ। ਸਕੂਲ ਅਧਿਆਪਕ ਵਜੋਂ ਸੇਵਾ ਆਰੰਭ ਕਰਕੇ ਅਲੀਗੜ੍ਹ ਮੁਸਲਿਮ ਯੂਨੀਵਸਿਟੀ ਵਿੱਚ ਮਨੋਵਿਗਿਆਨ ਦੀ ਮਾਸਟਰ ਡਿਗਰੀ ਦੇ ਪਹਿਲੇ ਨਾਨ-ਮੁਸਲਿਮ ਗੋਲਡ-ਮੈਡਲਿਸਟ ਬਣਨ ਵਾਲੇ ਅਤੇ ਉੱਥੋਂ ਹੀ ਇਸ ਖੇਤਰ ਵਿੱਚ ਪੀਐੱਚ.ਡੀ. ਕਰਨ ਵਾਲੇ ਸੰਨੀ ਦੇ ਪਿਤਾ ਜੀ ਮਹਾਨ ਸ਼ਖਸ ਡਾ. ਅਮਰ ਸਿੰਘ ਧਾਲੀਵਾਲ ਹੀ ਹਨ।

ਸੰਨੀ ਧਾਲੀਵਾਲ ਦੀ ਕਵਿਤਾ ਯਥਾਰਥ ਦੇ ਬਹੁਤ ਨੇੜੇ ਹੈ। ਉਹ ਕਵਿਤਾ ਵਿੱਚ ਓਹੀ ਹਾਵ-ਭਾਵ ਪ੍ਰਗਟ ਕਰਦਾ ਹੈ ਜੋ ਉਸ ਨੇ ਆਪ ਹੱਢੀਂ ਹੰਢਾਏ ਹਨ ਜਾਂ ਸਮਾਜ ਵਿੱਚ ਵਿਚਰਦਿਆਂ ਬੜੇ ਨੇੜਿਉਂ ਤੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਫਿਜ਼ਿਕਸ ਵਿੱਚ ਐੱਮ.ਐੱਸ.ਸੀ. ਆਨਰਜ਼ ਕਰਨ ਤੋਂ ਬਾਅਦ ਉਹ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿਖੇ ਪ੍ਰਵਾਸ ਕਰ ਗਿਆ ਅਤੇ ਉੱਥੇ ਅਧਿਆਪਨ ਲਈ ਲੋੜੀਂਦੀ ਟੀਚਰ-ਟਰੇਨਿੰਗ ਕਰਕੇ ਸਕੂਲ ਅਧਿਆਪਕ ਬਣ ਗਿਆ। ਸਖ਼ਤ ਮਿਹਨਤ ਅਤੇ ਲਗਨ ਸਦਕਾ ਉਹ ਵਾਈਸ-ਪ੍ਰਿੰਸੀਪਲ ਦੇ ਅਹੁਦੇ ਤੀਕ ਅੱਪੜਿਆ। ਇਸ ਤੋਂ ਪਹਿਲਾਂ ਸ਼ੁਰੂਆਤੀ ਦੌਰ ਵਿੱਚ ਉਸ ਨੂੰ ਕੈਨੇਡਾ ਵਿੱਚ ਕੈਸ਼ੀਅਰ, ਕਲੱਰਕ, ਰੀਸਰਚ ਅਸਿਸਟੈਂਟ, ਆਦਿ ਨੌਕਰੀਆਂ ਵੀ ਕਰਨੀਆਂ ਪਈਆਂ ਅਤੇ ਪਾਰਟ-ਟਾਈਮ ਟੈਕਸੀ ਵੀ ਚਲਾਉਣੀ ਪਈ। ਇਸ ਤਰ੍ਹਾਂ ਉਸ ਨੇ ਜ਼ਿੰਦਗੀ ਨੂੰ ਬੜਾ ਨੇੜੇ ਤੋਂ ਵੇਖਿਆ ਅਤੇ ਹੰਢਾਇਆ ਹੈ। ਤਾਂ ਹੀ ਕਈ ਵਾਰ 'ਜ਼ਿੰਦਗੀ' ਉਸ ਨੂੰ ਮੁਖ਼ਾਤਿਬ ਹੋ ਕੇ ਕਹਿੰਦੀ ਪ੍ਰਤੀਤ ਹੁੰਦੀ ਹੈ :

**ਮੈਂ ਚੱਲੀ ਹਾਂ**
**ਮੇਰੇ ਨਾਲ ਕਿੱਕਲੀ ਪਾ ਲੈ**
**ਮੈਨੂੰ ਘੁੱਟ-ਘੁੱਟ ਜੱਫੀਆਂ ਪਾ ਲੈ**
**ਮੇਰੇ ਬੁੱਲ੍ਹਾਂ ਦੀ ਲਿਪਸਟਿਕ ਲਾਹ**
**ਮੈਨੂੰ ਤੇਰੇ 'ਕੱਠੇ ਕੀਤੇ ਕਾਗ਼ਜ਼ਾਂ ਵਿੱਚੋਂ**
**ਕੋਈ ਖੁਸ਼ਬੂ ਨਹੀਂ ਆਉਂਦੀ।**
(ਪੰਨਾ-15)

ਪੁਸਤਕ ਦੇ ਟਾਇਟਲ ਵਾਲੀ ਕਵਿਤਾ 'ਖ਼ਾਲੀ ਆਲ੍ਹਣਾ' ਵਿੱਚ ਉਹ ਬਜ਼ੁਰਗ ਜੋੜੇ ਦੀ 'ਜ਼ਿੰਦਗੀ ਦੀ ਸ਼ਾਮ' ਨੂੰ ਬਾਖ਼ੂਬੀ ਚਿੱਤਰਦਾ ਹੈ :


**ਹੁਣ ਆਲ੍ਹਣੇ ਵਿੱਚ**
**ਤੂੰ ਤੇ ਮੈਂ ਰਹਿ ਗਏ ਹਾਂ**
**ਬੱਚਿਆਂ ਬਿਨ ਆਲ੍ਹਣਾ**
**ਖ਼ਾਲੀ ਹੋ ਗਿਆ।** (ਪੰਨਾ-20)

ਉਸ ਦੀਆਂ ਕਈ ਕਵਿਤਾਵਾਂ ਵਿਚ ਉਸ ਦੇ ਯੂਨੀਵਰਸਿਟੀ ਪੜ੍ਹਦੇ ਸਮੇਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਵਿੱਚ ਉਹ ਭੌਤਿਕ ਵਿਗਿਆਨ ਦੇ 'ਇਲੈੱਕਟਰੋਨਾਂ ਤੇ ਪਰੋਟੋਨਾਂ, ਕੈਮਿਸਟਰੀ ਦੀਆ ਕੈਮੀਕਲ ਰੀਐਕਸ਼ਨਾਂ ਅਤੇ ਅਲਜਬਰੇ ਦੇ ਫਾਰਮੂਲਿਆਂ ਦੀ ਗੱਲ ਕਰਦਾ ਹੈ:

**ਮੇਰੇ ਸਰੀਰ ਵਿੱਚ**
**ਕੋਈ ਕੈਮੀਕਲ ਰੀਐਕਸ਼ਨ ਹੋਣ ਲੱਗਦਾ**
**ਬਹੁਤ ਸਾਰੇ ਸੁਆਲ ਮੇਰੇ ਦਿਮਾਗ਼ ਵਿੱਚ**
**ਇਲੈੱਕਟਰੋਨਜ਼ ਤੇ ਪਰੋਟੋਨਜ਼ ਦੀ ਤਰ੍ਹਾਂ**
**ਭੱਜਣ ਲੱਗਦੇ ਹਨ।** (ਪੰਨਾ-45)

ਕੈਨੇਡਾ ਵਿੱਚ ਰਹਿੰਦਿਆਂ ਵੀ 'ਸੰਨੀ' ਆਪਣੀ ਮਾਤ-ਭੂਮੀ ਭਾਰਤ ਦੇ ਅਜੋਕੇ ਹਾਲਾਤ ਤੋਂ ਭਲੀ-ਭਾਂਤ ਵਾਕਿਫ਼ ਹੈ ਅਤੇ ਇੱਥੋਂ ਦੇ ਬਸ਼ਿੰਦਿਆਂ ਦੇ ਦੁੱਖਾਂ/ਤਕਲੀਫਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਭਗਤ ਸਿੰਘ ਨੂੰ ਸਮਰਪਿਤ ਕਵਿਤਾ "ਮੈਂ ਭਗਤ ਸਿੰਘ ਬੋਲਦਾ ਹਾਂ" ਵਿੱਚ ਭਗਤ ਸਿੰਘ ਲੋਕਾਂ ਨੂੰ ਮੁਖ਼ਾਤਿਬ ਹੁੰਦਾ ਹੋਇਆ ਪੰਛੀਆਂ ਨਾਲ ਵਾਰਤਾਲਾਪ ਕਰਦਾ ਹੈ :

**ਤੁਹਾਡੇ ਨਾਲੋਂ ਤਾਂ ਪੰਛੀ ਚੰਗੇ ਆ**
**ਉਹ ਸੱਚ ਤਾਂ ਬੋਲਦੇ ਆ**
**ਮੇਰੇ ਬੁੱਤ 'ਤੇ ਬਿੱਠਾਂ ਕਰਦੇ ਆ**
**ਜਦੋਂ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ**
**ਕਿ ਮੇਰੇ 'ਤੇ ਬਿੱਠਾਂ ਕਿਉਂ ਕਰਦੇ ਹੋ ?**
**ਕਹਿੰਦੇ !**



**"ਤੇਰੀ ਆਜ਼ਾਦੀ ਨੂੰ ਚੱਟਣਾ**
**ਨਾ ਪੀਣ ਨੂੰ ਪਾਣੀ**
**ਨਾ ਆਲ੍ਹਣਾ ਪਾਉਣ ਨੂੰ ਰੁੱਖ**
**ਨਾ ਸਾਹ ਲੈਣ ਨੂੰ ਸਾਫ਼ ਹਵਾ**
**ਖਾਣ ਲਈ**
**ਸਿਰਫ਼ ਜ਼ਹਿਰੀਲੇ ਦਾਣੇ**
**ਬਰਾਊਨ ਚਮੜੀ ਨਾਲੋਂ ਤਾਂ**
**ਚਿੱਟੀ ਚੰਗੀ ਸੀ**
**ਜੇ ਬਿੱਠਾਂ ਨਾ ਕਰੀਏ ਤਾਂ**
**ਹੋਰ ਕੀ ਕਰੀਏ ?"** (ਪੰਨਾ-37)

ਸੰਨੀ ਧਾਲੀਵਾਲ ਸਮਾਜ ਵਿੱਚ ਕੀਤੇ ਜਾਂਦੇ ਮੁੰਡੇ ਤੇ ਕੁੜੀ ਵਿਚਲੇ 'ਫ਼ਰਕ' ਨੂੰ ਆਪਣੀ ਕਵਿਤਾ 'ਕ੍ਰਿਸਮਸ ਗਿਫ਼ਟ' ਵਿਚ ਬਹੁਤ ਵਧੀਆ ਤਰ੍ਹਾਂ ਦਰਸਾਉਂਦਾ ਹੈ ਜਦੋਂ ਕ੍ਰਿਸਮਸ ਦੇ ਤਿਓਹਾਰ ਮੌਕੇ ਜਦੋਂ ਮਾਪਿਆਂ ਵੱਲੋਂ ਬੇਟੇ ਨੂੰ 'ਟੈਲੀਸਕੋਪ' ਅਤੇ ਬੇਟੀ ਨੂੰ 'ਸੋਨੇ ਦੀਆਂ ਝਾਂਜਰਾਂ' ਤੋਹਫਿਆਂ ਵਿੱਚ ਮਿਲਦੀਆਂ ਹਨ ਤਾਂ ਬੇਟੀ ਝਾਂਜਰਾਂ ਲੈਣ ਤੋਂ ਇਹ ਕਹਿੰਦਿਆਂ ਇਹ ਕਹਿ ਕੇ ਇਨਕਾਰ ਕਰਦੀ ਹੈ ਕਿ ਉਹ ਵੀ ਵੀਰੇ ਵਾਂਗ 'ਚੰਦ-ਮਾਮੇ' ਨੂੰ ਨੇੜਿਉਂ ਵੇਖਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਉਹ ਝਾਂਜਰਾਂ ਨੂੰ ਗ਼ੁਲਾਮੀ ਦਾ ਪ੍ਰਤੀਕ ਵੀ ਸਮਝਦੀ ਹੈ:


**ਨਹੀਂ ਮੰਮ,**
**ਮੈਂ ਵੀ ਮਾਣ ਨਾਲ ਉਤਾਂਹ ਨੂੰ ਦੇਖਣਾ**
**ਮੈਂ ਵੀ ਵੀਰੇ ਵਾਂਗਰ**
**ਚੰਦ-ਮਾਮੇ ਨੂੰ ਨੇੜਿਉਂ ਦੇਖਣਾ ਚਾਹੁੰਦੀ ਹਾਂ**
**ਮੈਂ ਵੀ ਤਾਰਿਆਂ ਨਾਲ ਲੁਕਣ-ਮੀਟੀ ਖੇਡਣੈ**
**ਮੈਂ ਵੀ ਉਨ੍ਹਾਂ ਨਾਲ ਨੱਚਣਾ ਟੱਪਣਾ।**
(ਪੰਨਾ-25)

'ਸੰਨੀ' ਅਜੋਕੇ ਕਵੀਆਂ ਦੇ 'ਖੋਖਲੇਪਨ' ਦੇ ਬਖੀਏ ਵੀ ਬਾਖ਼ੂਬੀ ਉਧੇੜਦਾ ਹੈ। 'ਮੈਨੂੰ ਨਹੀਂ ਚਾਹੀਦਾ ਕਵੀ-ਪਤੀ' ਕਵਿਤਾ ਵਿੱਚ ਅਜਿਹੇ ਹੀ ਇੱਕ ਕਵੀ ਦੀ ਪੀੜਤ ਪਤਨੀ ਦੁਖੀ ਹੋ ਕੇ ਲੋਕਾਂ ਨੂੰ ਕਹਿੰਦੀ ਹੈ :

**ਪਤਾ ਨਹੀਂ ! ਉਹਦੇ ਕੋਲ**
**ਕਿੰਨੇ ਦਿਲਾਂ ਦੀਆਂ ਚਾਬੀਆਂ ਹਨ**
**ਮੇਰੇ ਦਿਲ ਵਾਲੀ ਚਾਬੀ ਤਾਂ**
**ਉਨ੍ਹਾਂ ਚਾਬੀਆਂ ਵਿੱਚ**
**ਕਿਤੇ ਗਵਾਚ ਗਈ ਹੈ।** (ਪੰਨਾ-79)

ਇਸ ਤਰ੍ਹਾਂ ਹੋਰ ਕਈ ਕਵਿਤਾਵਾਂ ਵਿੱਚ ਉਹ ਸਮਾਜਿਕ ਮੁੱਦੇ ਬਾਖ਼ੂਬੀ ਉਭਾਰਦਾ ਹੈ। ਛੋਟੇ ਜਿਹੇ ਇਸ ਲੇਖ ਵਿੱਚ ਉਪਰੋਕਤ ਟੂਕਾਂ ਰਾਹੀਂ ਤਾਂ 'ਸੰਨੀ' ਦੀਆਂ ਕਵਿਤਾਵਾਂ ਦੀ ਝਲਕ ਹੀ ਵਿਖਾਈ ਜਾ ਸਕੀ ਹੈ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਪੜ੍ਹਨ ਤੇ ਮਾਨਣਯੋਗ ਹਨ ਅਤੇ ਇਨ੍ਹਾਂ ਦਾ ਅਨੰਦ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਜੀਵਨ ਦੀ ਸੱਚਾਈ ਸਾਹਮਣੇ ਨਜ਼ਰ ਆਉਂਦੀ ਹੈ ਅਤੇ ਇਹ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਵਿੱਚ ਵੀ ਕੁੱਝ ਹੱਦ ਤੀਕ ਸਹਾਈ ਹੋ ਸਕਦੀਆਂ ਹਨ।

'ਪੰਜ ਆਬ ਪ੍ਰਕਾਸ਼ਨ, ਜਲੰਧਰ ਵੱਲੋਂ ਪੁਸਤਕ ਬੜੀ ਰੀਝ ਨਾਲ ਛਾਪੀ ਗਈ ਹੈ। ਮੈਂ ਸੰਨੀ ਧਾਲੀਵਾਲ ਨੂੰ ਇਹ ਪਲੇਠੀ ਪੁਸਤਕ ਪਾਠਕਾਂ ਦੇ ਸਨਮੁੱਖ ਕਰਨ 'ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਸ ਦੀ ਕਲਮ ਅੱਗੋਂ ਵੀ ਇੰਜ ਹੀ ਸਮਾਜ ਦਾ ਚਿਤਰਣ ਕਰਦੀ ਰਹੇਗੀ।



HOMELIFE HIGHER STANDARDS
HomeLife SilverCity Realty Inc.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family

Call: 416.209.6363
Hardeep Atwal
Sr. Financial Advisor

DM TRANSPORT
Hiring AZ drivers and owner operator

ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਕਲੀਵਵਿਊ ਸੀਨੀਅਰਜ਼ ਕਲੱਬ ਦੀ ਨਵੀਂ ਕਾਰਜਕਰਨੀ ਦੀ ਚੋਣ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਐਤਵਾਰ ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਪਾਰਕ ਵਿੱਚ ਆਮ ਇਜਲਾਸ ਕੀਤਾ ਗਿਆ ਜਿਸ ਵਿੱਚ ਅਗਲੇ ਦੋ ਸਾਲ ਲਈ ਨਵੀਂ ਕਾਰਜਕਨਰੀ ਦੀ ਸਰਵਸੰਮਤੀ ਨਾਲ ਚੋਣ ਕੀਤੀ ਗਈ। ਕਲੱਬ ਦੇ ਸਵਿੰਧਾਨ ਮੁਤਾਬਿਕ ਕੋਈ ਵੀ ਮੈਂਬਰ ਦੋ ਸਾਲ ਤੋਂ ਵੱਧ ਸਮੇਂ ਲਈ ਕਿਸੇ ਆਹੁਦੇ ਤੇ ਨਹੀਂ ਰਹਿ ਸਕਦਾ, ਸੋ ਪਹਿਲੀ ਕਾਰਜਕਰਨੀ ਦੇ ਮੈਂਬਰਾਂ ਨੇ ਪਹਿਲਾਂ ਹੀ ਅਪਣੇ ਆਹੁਦਿਆਂ ਤੋਂ ਤਿਆਗ ਪੱਤਰ ਦੇ ਦਿੱਤੇ ਸਨ ਅਤੇ ਉਹ ਚੋਣ ਵਿੱਚ ਹਿੱਸਾ ਨਹੀਂ ਲੈ ਸਕਦੇ ਸਨ। ਚੋਣ ਦੀ ਜਿਮੇਵਾਰੀ ਡਾ ਬਲਜਿੰਦਰੇ ਸੇਖੋਂ ਨੂੰ ਦਿੱਤੀ ਗਈ, ਜਿਨ੍ਹਾਂ ਸਹਿਯੋਗ ਲਈ ਅਪਣੇ ਨਾਲ ਕਰਨਲ (ਰਿ) ਗੁਰਮੇਲ ਸਿੰਘ ਸੋਹੀ ਅਤੇ ਚੀਫ ਇੰਜਨੀਅਰ (ਰਿ) ਈਸ਼ਰ ਸਿੰਘ ਚਹਿਲ ਨੂੰ ਸ਼ਾਮਿਲ ਕਰ ਲਿਆ। ਇਸ ਕਮੇਟੀ ਦੀ ਪ੍ਰਧਾਨਗੀ ਹੇਠ ਸਰਵਸੰਮਤੀ ਨਾਲ ਕਾਰਜਕਰਨੀ ਲਈ 10 ਮੈਂਬਰ ਚੁਣੇ ਗਏ, ਜਿਨ੍ਹਾਂ ਅਪਣੇ ਵਿੱਚੋਂ ਸੁਖਦੇਵ ਸਿੰਘ ਧਾਲੀਵਾਲ ਪ੍ਰਧਾਨ, ਬੇਅੰਤ ਕੌਰ ਮੀਤ ਪ੍ਰਧਾਨ, ਗੁਰਸੇਵਕ ਸਿੰਘ ਸਿੱਧੂ ਜਨਰਲ ਸਕੱਤਰ, ਦਰਸ਼ਨ ਸਿੰਘ ਰੰਧਾਵਾ ਖਜ਼ਾਨਚੀ, ਲਾਲ ਸਿੰਘ ਚਹਿਲ ਪ੍ਰੈਸ ਸਕੱਤਰ, ਬਲਵਿੰਦਰ ਸਿੰਘ ਮੀਤ ਸਕੱਤਰ, ਗੁਰਮੀਤ ਕੌਰ ਮੀਤ ਖਜ਼ਾਨਚੀ ਨਿਯੁਕਤ ਕੀਤੇ ਗਏ। ਦਵਿੰਦਰ ਕੌਰ ਅਤੇ ਭੁਪਿੰਦਰ ਕੌਰ ਕਾਰਜਕਰਨੀ ਵਿੱਚ ਡਾਇਰੈਕਟਰ ਹਨ। ਪਹਿਲਾਂ ਹੀ ਚੀਫ ਇੰਜਨੀਅਰ (ਰਿ) ਈਸ਼ਰ ਸਿੰਘ ਚਹਿਲ ਨੂੰ ਕਲੱਬ ਦਾ ਪੈਟਰਨ (ਸਰਪ੍ਰਸਤ) ਨਿਯੁਕਤ ਕੀਤਾ ਜਾ ਚੁੱਕਾ ਹੈ।

ਚੁਣੀ ਹੋਈ ਕਮੇਟੀ ਵਲੋਂ ਪਹਿਲੀ ਕਮੇਟੀ ਦੇ ਕੰਮਾਂ ਦੀ ਸਰਾਹਣਾ ਕਰਦਿਆ, ਸਾਰੇ ਆਹੁਦੇਦਾਰਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਪਹਿਲੇ ਸਕੱਤਰ ਤਰਲੋਚਨ ਸਿੰਘ ਬਡਵਾਲ ਜਿਨ੍ਹਾਂ ਇੱਸ ਕਲੱਬ ਦੇ ਬਣਾਉਣ ਵਿੱਚ ਵਿਸ਼ੇਸ਼ ਉਪਰਾਲੇ ਕੀਤੇ, ਦਾ ਖਾਸ ਤੌਰ ਤੇ ਧੰਨਵਾਦ ਕੀਤਾ ਗਿਆ। ਸਾਰੇ ਮੈਂਬਰਾਂ ਨੇ ਨਵੀਂ ਕਮੇਟੀ ਨੂੰ ਪੂਰਨ ਸਹਿਯੋਗ ਦੇਣ ਦਾ ਯਕੀਨ ਦੁਆਇਆ। ਕਲੱਬ ਬਾਰੇ ਹੋਰ ਜਾਣਕਾਰੀ ਲਈ, ਸੁਖਦੇਵ ਸਿੰਘ ਧਾਲੀਵਾਲ (289 569 1460) ਜਾਂ ਗੁਰਸੇਵਕ ਸਿੰਘ ਸਿੱਧੂ (647 510 1616) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੀਮਤੀ ਜਸਵਿੰਦਰ ਮਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ ਚੁਣੇ ਗਏ !

## ਕੈਲਗਰੀ ’ਚ ਦੋ ਰੋਜ਼ਾ 12ਵਾਂ ਨਾਟਕ ਸਮਾਗਮ 17-18 ਜੂਨ ਨੂੰ

ਕੈਲਗਰੀ, (ਹਰਚਰਨ ਪਰਹਾਰ): ਪਿਛਲੇ 3 ਦਹਾਕਿਆਂ ਤੋਂ ਕੈਲਗਰੀ ਵਿੱਚ ਲੋਕ ਪੱਖੀ ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਸਰੋਕਾਰਾਂ ਨੂੰ ਸਮਰਪਿਤ ਜਥੇਬੰਦੀ ‘ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ’ ਦੀ ਕਾਰਜਕਾਰਨੀ ਕਮੇਟੀ ਵਲੋਂ ਸਰਬਸੰਮਤੀ ਨਾਲ਼ ਸ਼੍ਰੀਮਤੀ ਜਸਵਿੰਦਰ ਮਾਨ ਨੂੰ ਪ੍ਰਧਾਨ ਚੁਣਿਆ ਗਿਆ। ਇਸ ਤੋਂ ਪਹਿਲਾਂ ਜਥੇਬੰਦੀ ਦੇ ਮੌਜੂਦਾ ਪ੍ਰਧਾਨ ਜੀਤ ਇੰਦਰ ਪਾਲ ਵਲੋਂ ਆਪਣੀ ਸਿਹਤ ਠੀਕ ਨਾ ਹੋਣ ਕਾਰਨ ਨਵਾਂ ਪ੍ਰਧਾਨ ਚੁਣਨ ਦੀ ਬੇਨਤੀ ਕੀਤੀ ਗਈ ਸੀ, ਜਿਸਨੂੰ ਸਭ ਮੈਂਬਰਾਂ ਨੇ ਪ੍ਰਵਾਨ ਕੀਤਾ ਅਤੇ ਉਨ੍ਹਾਂ ਵਲੋਂ ਲੰਬਾ ਸਮਾਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਤੇ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਵਿਦਿਆ ਦੇਵੀ ਨੂੰ ਜਥੇਬੰਦੀ ਤੇ ਸਮਾਜ ਪ੍ਰਤੀ ਲੋਕ-ਪੱਖੀ ਸੇਵਾਵਾਂ ਲਈ ਜੂਨ 17, 18 ਨੂੰ 12ਵੇਂ ਸਲਾਨਾ ਦੋ ਰੋਜ਼ਾ ਨਾਟਕ ਮੇਲੇ ਵਿੱਚ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ।

ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਪ੍ਰਭਲੀਨ ਕੌਰ ਗਰੇਵਾਲ਼ ਅਤੇ ਜੈਸਲੀਨ ਕੌਰ ਸਿੱਧੂ ਨੂੰ ਉਨ੍ਹਾਂ ਦੀਆਂ ਖੇਡ ਜਗਤ ਵਿੱਚ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ। ਯਾਦ ਰਹੇ ਪ੍ਰਭਲੀਨ ਗਰੇਵਾਲ਼ ਕਨੇਡਾ ਵਿੱਚ ਪੰਜਾਬੀ ਮੂਲ ਦੀ ਪਹਿਲੀ ਲੜਕੀ ਹੈ, ਜਿਸਨੇ ਫਰਾਂਸ ਵਿੱਚ ਕਨੇਡਾ ਦੀ ਨੈਸ਼ਨਲ ਯੂਨੀਅਰ ਫੀਲਡ ਹਾਕੀ ਟੀਮ ਵਿੱਚ ਭਾਗ ਲਿਆ ਸੀ। ਇਸੇ ਤਰ੍ਹਾਂ ਜੈਸਲੀਨ ਸਿੱਧੂ ਵਲੋਂ ਪਹਿਲਾਂ ਕਨੇਡੀਅਨ ਰੈਸਲਿੰਗ ਚੈਂਪੀਅਨਸ਼ਿਪ ਅਤੇ ਫਿਰ ਅਮਰੀਕਾ ਰੈਸਲਿੰਗ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਕੇ ਕਨੇਡਾ ਤੇ ਆਪਣੇ ਭਾਈਚਾਰੇ ਦਾ ਮਾਣ ਵਧਾਇਆ ਸੀ।



ਜਥੇਬੰਦੀ ਵਲੋਂ ਕਰਵਾਏ ਜਾ ਰਹੇ ਸਲਾਨਾ ਦੋ ਰੋਜ਼ਾ ਨਾਟਕ ਮੇਲੇ ਦੀ ਤਿਆਰੀ ਲਈ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਐਕਟਰ ਤੇ ਡਾਇਰੈਕਟਰ ਹਰਕੇਸ਼ ਚੌਧਰੀ ਪਹਿਲੀ ਜੂਨ ਨੂੰ ਕੈਲਗਰੀ ਪਹੁੰਚ ਰਹੇ ਹਨ। ਜੋ ਵੀ ਕਲਾਕਾਰ ਇਨ੍ਹਾਂ ਨਾਟਕਾਂ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਹੇਠ ਦਿੱਤੇ ਨੰਬਰਾਂ ਤੇ ਪ੍ਰਬੰਧਕਾਂ ਨਾਲ਼ ਸੰਪਰਕ ਕਰ ਸਕਦੇ ਹਨ। ਇਸੇ ਤਰ੍ਹਾਂ ਅਗਰ ਤੁਹਾਡੇ ਬੱਚੇ ਨਾਟਕ ਜਾਂ ਕੋਰੀਓਗਰਾਫੀ ਵਿੱਚ ਭਾਗ ਲੈਣਾ ਚਾਹੁੰਦੇ ਹਨ ਤਾਂ ਸੰਪਰਕ ਕਰ ਸਕਦੇ ਹੋ। ਬੱਚਿਆਂ ਨੂੰ ਲੋਕ-ਪੱਖੀ ਕਲਚਰਲ਼ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਸ਼ਾਮਲ ਕਰਨ ਲਈ ਫੈਸਲਾ ਕੀਤਾ ਗਿਆ ਕਿ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਟਿਕਟ ਮੁਫਤ ਹੋਵੇਗੀ। ਹਰ ਸਾਲ ਨਾਟਕ ਮੇਲੇ ਲਈ ਫੰਡ ਇਕੱਠਾ ਕਰਨ ਵਿੱਚ ਵਿਸ਼ੇਸ਼ ਯੋਗਦਾਨ ਲਈ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪ੍ਰਹਾਰ ਦੀ ਸ਼ਲਾਘਾ ਕੀਤੀ ਗਈ। ਮਾਸਿਕ ਮੈਗਜ਼ੀਨ ਸਿੱਖ ਵਿਰਸਾ ਦਾ ਹਰ ਤਰ੍ਹਾਂ ਸਹਿਯੋਗ ਲਈ ਧੰਨਵਾਦ ਕੀਤਾ ਗਿਆ।

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਇਸ ਸਾਲ ਦਾ ਦੂਜਾ ‘ਪੁਸਤਕ ਮੇਲਾ’ 11 ਜੂਨ ਨੂੰ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਸਵੇਰੇ ਦਸ ਵਜੇ ਤੋਂ ਸ਼ਾਮ ਛੇ ਵਜੇ ਤੱਕ ਲਗਾਇਆ ਜਾਵੇਗਾ। ਇਸ ਮੌਕੇ ਤੇ ਦਰਸ਼ਕ ਨਾਟਕ ਦੀਆਂ ਟਿਕਟਾਂ ਵੀ ਪ੍ਰਾਪਤ ਕਰ ਸਕਣਗੇ। ਇਸ ਮੌਕੇ ’ਤੇ ਸਾਰੇ ਮੈਂਬਰਾਂ ਵਲੋਂ ਪੰਜਾਬੀ ਮੀਡੀਏ ਦਾ ਜਥੇਬੰਦੀ ਦੇ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਪਹੁੰਚਾਣ ਲਈ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ ਅਤੇ ਆਸ ਕੀਤੀ ਗਈ ਕਿ ਸਾਰਾ ਮੀਡੀਆ ਹਮੇਸ਼ਾਂ ਇਸੇ ਤਰ੍ਹਾਂ ਸਹਿਯੋਗ ਕਰਦਾ ਰਹੇਗਾ।

ਇਸ ਮੀਟਿੰਗ ਵਿੱਚ ਜਥੇਬੰਦੀ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਮਾਸਟਰ ਭਜਨ ਸਿੰਘ, ਜਸਵਿੰਦਰ ਮਾਨ, ਕਮਲ ਸਿੱਧੂ, ਕਮਲਪ੍ਰੀਤ ਪੰਧੇਰ, ਹਰੀਪਾਲ, ਬੰਦੀਪ ਗਿੱਲ, ਕੁਸੁਮ ਸ਼ਰਮਾ, ਨਵਕਿਰਨ ਢੁੱਡੀਕੇ, ਪ੍ਰੋ. ਗੋਪਾਲ ਜੱਸਲ ਨੇ ਭਾਗ ਲਿਆ। ਪ੍ਰਧਾਨ ਜੀਤ ਇੰਦਰ ਪਾਲ ਵਲੋਂ ਸਿਹਤ ਠੀਕ ਨਾ ਹੋਣ ਕਰਕੇ ਫੋਨ ’ਤੇ ਹਾਜ਼ਰੀ ਲਵਾਈ। ਜੂਨ ਦੇ ਨਾਟਕ ਮੇਲੇ ਸਬੰਧੀ ਕਿਸੇ ਵੀ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ਼ 403-455-4220, ਹਰਚਰਨ ਸਿੰਘ ਪ੍ਰਹਾਰ ਨਾਲ਼ 403-681-8689 ਅਤੇ ਕਮਲਪ੍ਰੀਤ ਪੰਧੇਰ ਨਾਲ਼ 403-479-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।
















# ਕੈਨੇਡਾ ਤੋਂ ਭਾਰਤ ਵਿੱਚ ਲਾਸ਼ਾਂ ਜਾਣ ਦੇ ਸਿਲਸਿਲੇ ਬਾਰੇ

ਸਤਪਾਲ ਸਿੰਘ ਜੌਹਲ

ਕੈਨੇਡਾ ਵਿੱਚ ਰਹਿਣ ਦੀ ਮਨਸ਼ਾ ਨਾਲ ਪੁੱਜ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਬੀਤੇ ਮਹੀਨਿਆਂ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਹੈ ਜਿਸ ਵਿੱਚ ਨੌਕਰੀ ਨਾ ਮਿਲਣਾ, ਖਰਚੇ ਨਾ ਚਲਾ ਸਕਣਾ, ਨਿਰਾਸ਼ਾ ਵਿੱਚ ਆਪਣੀਆਂ ਆਦਤਾਂ ਵਿਗਾੜ ਕੇ ਭਵਿੱਖ ਦੀਆਂ ਆਸਾਂ ਖਤਮ ਕਰ ਲੈਣਾ ਸ਼ਾਮਿਲ ਹੈ। ਦੁਨੀਆਂ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਤੋਂ ਕੈਨੇਡਾ ਵਿੱਚ ਪੁੱਜ ਰਹੇ ਮੁੰਡੇ ਅਤੇ ਕੁੜੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਇਹ ਵੀ ਕਿ ਅਪਰਾਧਾਂ ਵਿੱਚ ਗਲਤਾਨ ਭਾਰਤੀ ਅਤੇ ਵਿਸ਼ੇਸ਼ ਤੌਰ ’ਤੇ ਪੰਜਾਬੀ ‘ਵਿਦਿਆਰਥੀਆਂ’ ਦੀ ਟੋਰਾਂਟੋ ਤੇ ਆਸ ਪਾਸ ਦੇ ਸ਼ਹਿਰਾਂ ਦੀਆ ਜੇਲ੍ਹਾਂ ਵਿੱਚ ਵੀ ਭਰਵੀਂ ਹਾਜ਼ਰੀ ਬਣੀ ਹੋਈ ਹੈ। ਮੌਤਾਂ ਹੋਣ ਅਤੇ ਭਾਰਤ ਲਾਸ਼ਾਂ ਵਾਪਿਸ ਭੇਜਣ ਦਾ ਸਿਲਸਿਲਾ ਵੀ ਰੁਕਣ ਦਾ ਨਾਮ ਨਹੀਂ ਲੈ ਰਿਹਾ। ਜੋ ਪਰਿਵਾਰ ਕੈਨੇਡਾ ਵਿੱਚ ਸਟੱਡੀ ਕਰਨ ਦੇ ਮੰਤਵ ਨੂੰ ਸਮਝ ਕੇ ਦੋ ਤਿੰਨ ਸਾਲਾਂ ਦੇ ਖਰਚੇ ਝੱਲ ਸਕਣ ਦੀ ਯੋਜਨਾ ਬਣਾਉਂਦੇ ਹਨ ਉਹ ਕੈਨੇਡਾ ਵਿੱਚ ਵੱਧ ਸਫਲ ਹਨ। ਸਭ ਤੋਂ ਵੱਧ ਔਖਿਆਈਆਂ ਉਦੋਂ ਪੈਦਾ ਹੋ ਜਾਂਦੀਆਂ ਹਨ ਜਦ ਕੈਨੇਡਾ ਵਿੱਚ ਦਾਖਿਲ ਹੁੰਦੇ ਸਾਰ ਪੜ੍ਹਾਈ ਦੀ ਬਜਾਏ ਨੌਕਰੀ ਲੱਭਣ ਅਤੇ ਡਾਲਰ ਕਮਾਉਣ ਦੇ ਰਾਹਾਂ ਉਪਰ ਤੁਰਨ ਨੂੰ ਪਹਿਲ ਦਿੱਤੀ ਜਾਂਦੀ ਹੈ। ਕਮਾਲ ਦੀ ਗੱਲ ਇਹ ਵੀ ਹੈ ਕਿ ਭਾਰਤ ਤੋਂ ਇਲਾਵਾ ਕਿਸੇ ਹੋਰ ਦੇਸ਼ ਦੇ ਨੌਜਵਾਨਾਂ ਦੀਆਂ ਕੈਨੇਡਾ ਵਿੱਚ ਮੌਤਾਂ ਹੋਈ ਜਾਣ ਦਾ ਬੇਰੋਕ ਸਿਲਸਿਲਾ ਸੁਣਨ ਨੂੰ ਨਹੀਂ ਮਿਲ ਰਿਹਾ। ਇਸ ਸਿਲਸਿਲੇ ਵਿੱਚ ਬੀਤੇ ਹਫਤੇ ਟੋਰਾਂਟੋ ਵਿੱਚ ਬੀਤੇ ਦਿਨ 23 ਸਾਲਾਂ ਦੇ ਅਯੂਸ਼ ਧਨਖਾਰਾ ਨਾਮਕ ਨੌਜਵਾਨ ਦੀ ਲਾਸ਼ ਇਕ ਪੁਲ ਦੇ ਹੇਠੋਂ ਮਿਲੀ ਅਤੇ ਉਸ ਦੀ ਮੌਤ ਦੇ ਕਾਰਨਾਂ ਦੀ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਨੌਜਵਾਨ ਗੁਜਰਾਤ ਪੁਲਿਸ ਦੇ ਡੀ.ਐਸ.ਪੀ. ਰਮੇਸ਼ ਧਨਖਾਰਾ ਦਾ ਬੇਟਾ ਸੀ। ਉਹ ਟੋਰਾਂਟੋ ’ਚ ਯੌਰਕ ਯੂਨੀਵਰਿਸਟੀ ਦਾ ਵਿਦਿਆਰਥੀ ਹਰਸ਼ ਪਟੇਲ ਸੀ ਅਤੇ ਇਸ ਯੂਨੀਵਰਸਿਟੀ ਵਿੱਚ ਪੜ੍ਹਦੇ ਇਕ ਹੋਰ ਭਾਰਤੀ ਨੌਜਵਾਨ



ਦੀ ਮੌਤ ਵੀ ਕੁਝ ਹਫਤੇ ਪਹਿਲਾਂ ਹੋਈ ਸੀ। ਇਸੇ ਦੌਰਾਨ ਅਯੂਸ਼ ਦੇ ਪਿਤਾ ਆਪਣੇ ਪੁੱਤਰ ਦੀ ਲਾਸ਼ ਲੈਣ ਵਾਸਤੇ ਟੋਰਾਂਟੋ ਪੁੱਜੇ ਹਨ। ਇਮੀਗ੍ਰੇਸ਼ਨ ਨੀਤੀ ਤਹਿਤ ਕੈਨੇਡਾ ਦੀ ਸਰਕਾਰ ਵਲੋਂ ਦੇਸ਼ ਦੇ ਦਰਵਾਜੇ ਬੀਤੇ ਸਾਰੇ ਸਮਿਆਂ ਨਾਲੋਂ ਵੱਧ ਖੋਲ੍ਹੇ ਹੋਏ ਹਨ। ਇਥੋਂ ਤੱਕ ਵੀ ਵਾਪਰ ਰਿਹਾ ਹੈ ਕਿ ਸਹੀ ਵੀਜਾ ਲੈ ਕੇ ਕੈਨੇਡਾ ਦੇ ਹਵਾਈ ਅੱਡਿਆਂ ਅੰਦਰ ਪਹੁੰਚ ਰਹੇ ਵਿਦੇਸ਼ੀਆਂ ਨੂੰ ਨਿੱਕੇ-ਨਿੱਕੇ ਨੁਕਸ ਕੱਢ ਕੇ ਵਾਪਸ ਮੋੜਨ ਦਾ ਰੁਝਾਨ ਠੱਲ੍ਹ ਹੋ ਗਿਆ ਜਾਪਦਾ ਹੈ। 2023 ਤੋਂ 2025 ਤੱਕ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਸਰਕਾਰ ਵਲੋਂ ਯੋਗਤਾ ਪ੍ਰਾਪਤ ਅਤੇ ਕੈਨੇਡਾ ਦੀ ਰੋਜ਼ਗਾਰ ਮੰਡੀ ਦੀਆਂ ਜਰੂਰਤਾਂ ਮੁਤਾਬਿਕ ਵਿਦੇਸ਼ੀਆਂ ਨੂੰ ਆਉਣ ਦਾ ਮੌਕਾ ਪਹਿਲਾ ਦੇ ਅਧਾਰ ’ਤੇ ਦਿੱਤਾ ਜਾ ਰਿਹਾ ਹੈ। ਵਰਕ ਪਰਮਿਟ ਵੀ ਇਸੇ ਅਧਾਰ ’ਤੇ ਵੱਧ ਦਿੱਤੇ ਜਾ ਰਹੇ ਹਨ। ਸ਼ਰਨਾਰਥੀ ਅਤੇ ਤਰਸ ਦੇ ਅਧਾਰ ’ਤੇ ਇਮੀਗ੍ਰੇਸ਼ਨ ਨੂੰ ਬਹੁਤਾ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਬਜੁਰਗਾਂ ਦੇ ਮੁਕਾਬਲੇ ਨੌਜਵਾਨ ਉਮਰ ਦੇ ਲੋਕਾਂ ਨੂੰ ਪੱਕੇ ਵੀਜੇ ਦੇਣ ਵਿੱਚ ਪਹਿਲ ਹੈ। ਇਥੋਂ ਤੱਕ ਕਿ ਕੈਨੇਡਾ ਵਿੱਚ ਪਹੁੰਚ ਕੇ ਸਥਾਪਿਤ ਹੋ ਚੁੱਕੇ ਲੋਕਾਂ ਦੇ ਮਾਪਿਆਂ ਨੂੰ ਪੱਕੀ ਇਮੀਗ੍ਰੇਸ਼ਨ ਦੇਣ ਤੋਂ ਵੀ ਸਰਕਾਰ ਨੇ ਬੀਤੇ ਲੱਗਭੱਗ 10 ਸਾਲਾਂ ਤੋਂ ਕਿਨਾਰਾ ਕੀਤਾ ਹੋਇਆ ਹੈ ਪਰ ਯੋਗਤਾ ਵਾਲੇ ਲੋਕਾਂ ਨੂੰ ਕੈਨੇਡਾ ਵਿੱਚ ਰਹਿ ਰਹੇ ਉਨ੍ਹਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਕੋਲ ਪਹੁੰਚਣ ਵਿੱਚ ਰਾਹਤ ਦਿੱਤੀ ਜਾਂਦੀ ਹੈ। ਕੈਨੇਡਾ ਦੀ ਲੋੜ ਮੁਤਾਬਿਕ ਯੋਗਤਾ ਵਿੱਚ ਵਿਦਿਆ, ਕਿੱਤੇ ਦੇ ਤਜ਼ਰਬਾ ਅਤੇ ਬੋਲੀ ਦੇ ਗਿਆਨ ਨੂੰ ਪ੍ਰਮੁੱਖ ਪੈਮਾਨੇ ਵਜੋਂ ਲਿਆ ਜਾਂਦਾ ਹੈ। ਆਪਣੇ ਦੇਸ਼ਾਂ ਵਿੱਚ ਬੀ.ਏ ਜਾਂ ਐਮ.ਏ. ਦੇ ਨਾਲ ਤਕਨੀਕੀ ਸਿੱਖਿਆ ਅਤੇ ਤਿੰਨ ਤੋਂ ਚਾਰ ਕੁ ਸਾਲਾਂ ਦੇ ਕੰਮ ਦੇ ਤਜ਼ਰਬੇ ਨਾਲ ਆਈਲੈਟਸ ਦੇ 6.5 ਤੋਂ 7.5 ਤੱਕ ਬੈਂਡ ਲੈ ਸਕਣ ਵਾਲੇ ਵਿਦੇਸ਼ੀਆਂ ਨੂੰ ਆਪਣੇ ਦੇਸ਼ਾਂ ਤੋਂ ਐਕਸਪ੍ਰੈਸ ਐਂਟਰੀ ਰਾਹੀਂ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਦਾ ਵੀਜਾ ਲੈ ਕੇ (ਲੱਗਭੱਗ ਮੁਫਤ ਵਿੱਚ) ਕੈਨੇਡਾ ਪਹੁੰਚਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਅਜਿਹੀ ਯੋਗਤਾ ਹਾਸਿਲ ਕੀਤੇ ਬਿਨਾ 12ਵੀਂ ਕੁ ਪੜ੍ਹ ਕੇ ਕੈਨੇਡਾ ਵਿੱਚ ਜਾਣ ਦੀ ਕਾਹਲੀ ਕਰਨ ਨਾਲ ਓਥੇ ਇਕ ਵੱਡੇ ਸੰਘਰਸ਼ (ਕਾਹਲੀਆਂ ਅੱਗੇ ਟੋਇਆਂ) ਦੇ ਰਾਹ ਖੁਲ੍ਹਦੇ ਹਨ ਜਿਸ ਦੇ ਸਿੱਟੇ ਵਜੋਂ ਮੁੰਡੇ ਅਤੇ ਕੁੜੀਆਂ ਬਾਰੇ ਅਨੇਕ ਪ੍ਰਕਾਰ ਦੀਆਂ ਦੁਖਦਾਈ ਅਤੇ ਪ੍ਰੇਸ਼ਾਨ ਕਰਨ ਵਾਲੀਆਂ ਖਬਰਾਂ ਦੀ ਸਿਆਹੀ ਘੱਟ ਹੀ ਸੁੱਕਦੀ ਹੈ। ਪਰ ਆਪਣੇ ਦੇਸ਼ ਵਿੱਚ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਪੱਕੇ ਵੀਜੇ ਨਾਲ ਕੈਨੇਡਾ ਪਹੁੰਚਣ ਵਾਲੇ ਲੋਕਾਂ ਬਾਰੇ ਅਜਿਹੀਆਂ ਖਬਰਾਂ ਨਹੀਂ ਹਨ। ਸੋ, ਇਸ ਫਰਕ ਨੂੰ ਸਮਝਣਾ ਸਮੇਂ ਦੀ ਜ਼ਰੂਰਤ ਹੈ।


















# ਡੇਂਗੂ ਬੁਖਾਰ ਦੇ ਲੱਛਣ ਤੇ ਗਲਤਫਹਿਮੀਆਂ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ ਡੇਂਗੂ ਦੇਸ਼ ਦੇ ਸਾਰੇ ਹੀ ਸ਼ਹਿਰਾਂ ਕਸਬਿਆਂ ਤੇ ਫੈਲਿਆ ਹੋਇਆ ਹੈ ਅਤੇ ਲੋਕ ਡਰੇ ਹੋਏ ਹਨ। ਕਿਸੇ ਨੂੰ ਬੁਖਾਰ ਹੋਇਆ ਨਹੀਂ ਕਿ ਡੇਂਗੂ ਦਾ ਖੌਫ ਉਨ੍ਹਾਂ ਦੇ ਮਨਾਂ 'ਚ ਬੈਠ ਗਿਆ ਅਤੇ ਖੌਫਜਦਾ ਆਦਮੀ ਤੋਂ ਡਾਕਟਰ ਕੀ ਨਹੀਂ ਕਰਵਾ ਸਕਦਾ, ਡੇਂਗੂ ਇਸ ਦੀ ਪ੍ਰਤੱਖ ਮਿਸਾਲ ਹੈ। ਧੜਾਧੜ ਲਬਾਟਰੀ ਟੈਸਟ ਹੋ ਰਹੇ ਹਨ। ਲੋਕਾਂ ਦੇ –ਸੈਲ' ਘੱਟ ਰਹੇ ਹਨ। ਜੋ ਜਾਲ ਚ ਫਸਿਆ (ਸੌ 'ਚੋਂ ਨੱਬੇ ਫ਼ੀਸਦੀ ਹੀ ਜਾਂਦੇ ਹਨ) ਉਨ੍ਹਾਂ ਨੂੰ ਲਟਾਇਆ, ਗੁਲੂਕੋਜ਼ ਲਾਇਆ ਅਤੇ ਦੋ –ਚਾਰ ਹਜ਼ਾਰ ਰੁਪਏ ਮਰੀਜ਼ ਦੀ ਜੇਬ ਚੋਂ ਡਾਕਟਰ ਦੀ ਜੇਬ 'ਚ 'ਟਰਾਂਸਫਰ ਹੋ ਜਾਂਦੇ ਹਨ। ਅਮੀਰਾਂ ਮੱਧਵਰਗੀ ਇਲਾਕਿਆਂ 'ਚ ਪ੍ਰਾਈਵੇਟ ਡਾਕਟਰ, ਹਸਪਤਾਲ, ਕਲੀਨਿਕ ਤੇ ਮਜ਼ਦੂਰ/ਗਰੀਬ ਇਲਾਕਿਆਂ ਚ ਝੋਲਾ ਛਾਪ ਡਾਕਟਰ ਸਭ ਦਾ ਸੀਜ਼ਨ ਲੱਗਿਆ ਗਿਆ ਹੈ। ਸਾਰੇ ਖੁਸ਼ ਹਨ। ਸਰਕਾਰਾਂ ਐਲਾਨ ਤੇ ਐਲਾਨ ਕਰ ਰਹੀਆਂ ਹਨ ਪਰ ਆਮ ਆਦਮੀ ਪ੍ਰੇਸ਼ਾਨ ਹੈ। ਮਹਿੰਗਾਈ ਨੇ ਪਹਿਲਾਂ ਤੋਂ ਹੀ ਜਿਊਣਾ ਮੁਸ਼ਕਲ ਕਰ ਰੱਖਿਆ ਹੈ ਉੱਪਰੋਂ ਬਿਮਾਰੀ ਦਾ ਖਰਚਾ ਤੇ ਕੰਮ ਤੋਂ ਛੁੱਟੀ। ਆਖਰ ਸੈਲ ਘੱਟ ਹੋਣ ਦਾ ਮਾਜਰਾ ਹੈ ਕੀ ਹਰ ਵਾਰ ਡੇਂਗੂ ਹੁੰਦਾ ਹੈ ਅਤੇ ਇਹ ਗੁਲੂਕੋਜ਼ ਕਿਹੜੀ 'ਸੰਜੀਵਨੀ ਬੂਟੀ' ਹੈ ਜੋ ਹਰ ਬੁਖਾਰ ਦਾ ਇਲਾਜ ਹੈ। ਇਹ ਸਾਰੇ ਸੁਆਲ ਬਹਿਸ ਕਰਨ ਲਾਇਕ ਹਨ। ਆਮ ਲੋਕਾਂ ਵੱਲੋਂ ਸੈੱਲ ਕਹੇ ਜਾਣ ਵਾਲੀ ਚੀਜ਼ ਅਸਲ ਚ ਆਦਮੀ ਦੇ ਖ਼ੂਨ ਚ ਮੌਜੂਦ ਕਈ ਕਿਸਮ ਦੇ ਸੈੱਲਾਂ ਵਿੱਚੋਂ ਇੱਕ ਹੈ ਤੇ ਡਾਕਟਰੀ ਭਾਸ਼ਾ ਜਿਸ ਦਾ ਨਾਂ 'ਪਲੇਟਲੈੱਟ' ਹੈ। ਜਦ ਕਦੀ ਵੀ ਸਾਨੂੰ ਕੋਈ ਸੱਟ ਲੱਗਦੀ ਹੈ ਤਾਂ ਖ਼ੂਨ ਵਗਣ ਤੋਂ ਰੋਕਣ ਲਈ ਸਭ ਤੋਂ ਪਹਿਲਾਂ ਇਹ ਪਲੇਟਲੈੱਟ ਸਰਗਰਮ ਹੁੰਦੇ ਹਨ ਅਤੇ ਸੱਟ ਵਾਲੀ ਥਾਂ ਤੇ ਖ਼ੂਨ ਦੀ ਪੇਪੜੀ ਬਣਾ ਕੇ ਖ਼ੂਨ ਵਗਣਾ ਰੋਕ ਦਿੰਦੇ ਹਨ। ਜੇ ਇਨ੍ਹਾਂ ਦੀ ਗਿਣਤੀ ਘਟ ਜਾਵੇ ਤਾਂ ਖ਼ੂਨ ਦੀ ਪੇਪੜੀ ਬਣਨ ਚ ਦੇਰੀ ਹੋਵੇਗੀ ਜਾਂ ਫਿਰ ਪੇਪੜੀ ਬਣੇਗੀ ਹੀ ਨਹੀਂ। ਇਸ ਲਈ ਖ਼ੂਨ ਵਗਣ ਨਾਲ ਬੰਦੇ ਦਾ ਬਲੱਡ ਪ੍ਰੈਸ਼ਰ ਘੱਟ ਹੋ ਜਾਵੇਗਾ, ਬੇਹੋਸ਼ੀ ਆਵੇਗੀ ਅਤੇ ਇਲਾਜ ਨਾ ਹੋਣ ਦੀ ਸੂਰਤ ਵਿੱਚ ਆਦਮੀ ਦੀ ਮੌਤ ਵੀ ਹੋ ਸਕਦੀ ਹੈ। ਆਮ ਆਦਮੀ ਚ ਇਸ ਦੀ ਔਸਤ ਗਿਣਤੀ ਡੇਢ ਤੋਂ ਸਾਢੇ ਚਾਰ ਲੱਖ ਪ੍ਰਤੀ ਮਾਈਕ੍ਰੋਲਿਟਰ ਹੁੰਦੀ ਹੈ ਪਰ ਅਜਿਹਾ ਨਹੀਂ ਹੈ ਕਿ ਪਲੇਟਲੈਟ ਡੇਢ ਲੱਖ ਤੋਂ ਹੇਠਾਂ ਹੁੰਦਿਆਂ ਹੀ ਕੋਈ ਖ਼ਤਰਾ ਖੜ੍ਹਾ ਹੋ ਜਾਂਦਾ ਹੈ। ਅਸਲ ਚ ਜੇ ਪਲੇਟਲੈੱਟ ਸੈੱਲਾਂ ਚ ਜੇ ਕੋਈ ਹੋਰ ਵਿਗਾੜ ਨਹੀਂ ਹੈ ਤਾਂ ਇਨ੍ਹਾਂ ਸੈੱਲਾਂ ਦੀ ਗਿਣਤੀ ਵੀਹ ਹਜ਼ਾਰ ਤੱਕ ਹੋਣ ਤੇ ਵੀ ਕਿਸੇ ਕਿਸਮ ਦੀ ਕੋਈ ਗੜਬੜ ਨਹੀਂ ਹੁੰਦੀ ਅਤੇ ਆਦਮੀ ਨੂੰ ਕੋਈ ਖਤਰਾ ਨਹੀਂ ਹੁੰਦਾ ਤੇ ਨਾ ਹੀ ਘਬਰਾਉਣ ਦੀ ਲੋੜ ਹੁੰਦੀ ਹੈ। ਜੇ ਪਲੇਟਲੈੱਟ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਹੇਠਾਂ ਤੇ ਵੀਹ ਹਜ਼ਾਰ ਤੋਂ ਉਪਰ ਹੈ ਤਾਂ ਕੁਝ ਹੀ ਦਿਨਾਂ ਚ ਅਜਿਹੇ ਆਦਮੀ ਠੀਕ ਹੋ ਜਾਂਦੇ ਹਨ। ਅਜਿਹੇ ਆਦਮੀਆਂ ਨੂੰ ਸਿਰਫ ਨਿਗਰਾਨੀ ਹੇਠ ਰੱਖਣ ਦੀ ਲੋੜ ਹੁੰਦੀ ਹੈ। ਜੇ ਸੈੱਲਾਂ ਦੀ ਗਿਣਤੀ ਵੀਹ ਹਜ਼ਾਰ ਤੋਂ ਹੇਠਾਂ ਜਾਂਦੀ ਹੈ ਤਾਂ ਅਜਿਹੇ ਬੰਦਿਆਂ ਨੂੰ ਹਸਪਤਾਲ ਲਿਜਾ ਕੇ ਪਲੇਟਲੈੱਟ ਬਾਹਰੋਂ ਲਿਆ ਕੇ ਲਾਉਣੇ ਪੈਂਦੇ ਹਨ। ਪਰ ਸਾਡੇ ਇਥੇ ਕੀ ਹੋ ਰਿਹਾ ਹੈ ਕਿ ਜਿਨ੍ਹਾਂ ਲੋਕਾਂ ਦੇ ਪਲੇਟਲੈੱਟ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਉਪਰ ਹੈ ਇੱਥੋਂ ਤੱਕ ਕਿ ਅੱਸੀ–ਨੱਬੇ ਹਜ਼ਾਰ ਹੁੰਦੀ ਹੈ, ਉਨ੍ਹਾਂ ਨੂੰ ਸੈੱਲ ਘੱਟ ਕਹਿ ਕੇ ਡਰਾ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦੇ ਇਲਾਜ ਲਈ ਗੁਲੂਕੋਜ਼ ਲਾਉਣਾ ਜ਼ਰੂਰੀ ਦੱਸਿਆ ਜਾਂਦਾ ਹੈ, ਜੋ ਸਰਾਸਰ ਧੋਖੇਬਾਜ਼ੀ ਹੈ, ਲੁੱਟ ਹੈ ਤੇ ਡਾਕਟਰੀ ਵਿਗਿਆਨ ਦੀ ਬਿਲਕੁਲ ਉਲਟ ਹੈ। ਜਿਸ ਮਰੀਜ਼ ਦੇ ਵੀ ਪਲੇਟਲੈਟਸ ਘੱਟ ਹੁੰਦੇ ਹਨ ਉਨ੍ਹਾਂ ਨੂੰ ਡੇਂਗੂ ਦਾ ਨਾਂ ਦੇ ਕੇ ਡਰਾ ਦਿੱਤਾ ਜਾਂਦਾ ਹੈ। ਪਲੇਟਲੈੱਟ ਨਾ ਸਿਰਫ ਡੇਂਗੂ ਵਿਚ ਘੱਟ ਹੁੰਦੇ ਹਨ ਬਲਕਿ ਹੋਰ ਵੀ ਕਈ ਬੁਖਾਰਾਂ ਚ ਘੱਟ ਹੋ ਜਾਂਦੇ ਹਨ, ਜਿਨ੍ਹਾਂ ਚ ਚਿਕਨਗੁਨੀਆ ਬੁਖਾਰ, ਖਸਰਾ, ਛੋਟੀ ਮਾਤਾ (ਚਿਕਨ ਪੌਕਸ), ਟਾਈਫਾਈਡ ਤੇ ਹੋਰ ਕਈ ਕਿਸਮ ਦੇ ਵਾਇਰਲ ਬੁਖਾਰ ਸ਼ਾਮਲ ਹਨ। ਇਥੋਂ ਤੱਕ ਕਿ ਬਹੁਤ ਸਾਰੇ ਕੇਸਾਂ ਵਿਚ ਤਾਂ ਆਮ ਸਰਦੀ ਜ਼ੁਕਾਮ ਵੀ ਸੈੱਲ ਘੱਟ ਕਰ ਦਿੰਦਾ ਹੈ। ਬਹੁਤ ਸਾਰੀਆਂ ਦਵਾਈਆਂ ਅਜਿਹੀਆਂ ਹਨ ਜੋ ਪਲੇਟਲੈੱਟ ਘਟਾਉਦੀਆਂ ਹਨ। ਇਸ ਲਈ ਪਲੇਟਲੈੱਟ ਘੱਟ ਹੋਣ ਦਾ ਮਤਲਬ ਹਰ ਹਾਲਤ ਚ ਡੇਂਗੂ ਬਿਲਕੁਲ ਨਹੀਂ ਹੈ। ਸੈੱਲ ਘੱਟ ਹੋਣ ਤੇ ਬਹੁਤ ਹੀ ਘੱਟ ਕੇਸਾਂ ਵਿਚ ਮਰੀਜ਼ ਨੂੰ ਡੇਂਗੂ ਹੁੰਦਾ ਹੈ। ਬੁਖ਼ਾਰ ਦੇ ਹਰ ਮਰੀਜ਼ ਦਾ ਇਹ ਟੈਸਟ ਕਰਾਉਣਾ ਜ਼ਰੂਰੀ ਵੀ ਨਹੀਂ ਹੁੰਦਾ। ਇਕ ਨਿਪੁੰਨ ਡਾਕਟਰ ਆਸਾਨੀ ਨਾਲ ਇਹ ਪਤਾ ਲਾ ਸਕਦਾ ਹੈ ਕਿ ਕਿਸ ਮਰੀਜ਼ ਨੂੰ ਟੈਸਟ ਦੀ ਲੋੜ ਹੈ, ਕਦੋਂ ਲੋੜ ਹੈ ਤੇ ਕਿੰਨੀ ਵਾਰੀ ਟੈਸਟ ਕਰਾਉਣਾ ਲਾਜ਼ਮੀ ਹੈ।

ਦੇਸ਼ ਵਿੱਚ ਡੇਂਗੂ ਦੀ ਸੀਜ਼ਨ ਵਿੱਚ ਟੈਸਟ ਕਰਾਉਣ ਪਿੱਛੇ ਮੈਡੀਕਲ ਲੋੜ ਘੱਟ, ਮਰੀਜ਼ ਨੂੰ ਡਰਾਉਣ ਤੇ ਫਿਰ ਪੈਸੇ ਕਮਾਉਣ ਦੀ ਲੋੜ ਵੱਧ ਹੁੰਦੀ ਹੈ। ਵੈਸੇ ਵੀ ਕੁੱਝ ਡਾਕਟਰ ਸ਼ਾਇਦ ਲਬਾਟਰੀਆਂ ਨਾਲ ਮਿਲਾ ਕੇ ਹੀ ਇਹ ਕੰਮ ਕਰਦੇ ਹਨ। ਵੈਸੇ ਸਾਰੇ ਡਾਕਟਰ ਮਾੜੇ ਨਹੀਂ ਹੁੰਦੇ। ਕਾਫੀ ਡਾਕਟਰ ਇਮਾਨਦਾਰੀ ਨਾਲ ਆਪਣੀ ਡਾਕਟਰੀ ਵੀ ਕਰਦੇ ਹਨ। ਟਾਈਫਾਇਡ ਦੇ ਟੈਸਟ ਦਾ ਵੀ ਇੱਕ ਅਜਿਹਾ ਮਾਮਲਾ ਹੈ, ਉਹ ਹੈ 'ਵਿਡਾਲ ਟੈਸਟ' ਇਸ ਦੀ ਰਿਪੋਰਟ ਪਾਜ਼ੇਟਿਵ ਦੱਸ ਕੇ ਵੀ ਗੁਲੂਕੋਜ ਤੇ ਤਰ੍ਹਾਂ ਤਰ੍ਹਾਂ ਦੇ ਟੀਕੇ ਲਾ ਕੇ ਲੋਕਾਂ ਦੀ ਅੱਛੀ ਖਾਸੀ ਲੁੱਟ ਹੁੰਦੀ ਹੈ। ਅਸਲ 'ਚ ਇਹ ਟੈਸਟ ਅਕਸਰ ਕਿਸੇ ਵੀ ਬੁਖਾਰ 'ਚ ਪਾਜ਼ੇਟਿਵ ਆ ਜਾਂਦਾ ਹੈ ਅਤੇ ਇੱਕ ਵਾਰ ਪਾਜ਼ੇਟਿਵ ਹੋਣ ਤੇ ਲੰਮੇ ਸਮੇਂ ਤੱਕ ਇਥੋਂ ਤੱਕ ਕਿ ਇੱਕ ਸਾਲ ਤੱਕ ਪਾਜ਼ੇਟਿਵ ਬਣਿਆ ਰਹਿੰਦਾ ਹੈ। ਇੰਨਾ ਹੀ ਨਹੀਂ ਭਾਰਤ ਚ ਬਹੁਤ ਸਾਰੇ ਲੋਕਾਂ ਚ ਇਹ ਉਂਜ ਪਾਜ਼ੇਟਿਵ ਹੋ ਜਾਂਦਾ ਹੈ। ਇਹ ਟੈਸਟ ਵਿਦੇਸ਼ਾਂ ਵਿੱਚ ਤਾਂ ਕੀਤਾ ਹੀ ਨਹੀਂ ਜਾਂਦਾ ਤਾਂ ਭਾਰਤ ਵਿੱਚ ਜਦ ਇਸ ਦੀ ਵਰਤੋਂ ਹੁੰਦੀ ਹੈ ਤਾਂ ਇਸ ਟੈਸਟ ਨੂੰ ਵੇਖਣਾ ਕਿਵੇਂ ਹੈ ਇਹ ਸਿਰਫ ਡਾਕਟਰੀ ਦੀ ਪੜ੍ਹਾਈ ਤੇ ਟਰੇਨਿੰਗ ਹਾਸਲ ਕੀਤੇ ਡਾਕਟਰ ਹੀ ਜਾਣਦੇ ਹਨ। ਇਸ ਲਈ ਇਸ ਲੁੱਟ ਅਤੇ ਧੋਖਾਧੜੀ ਤੋਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ। ਡੇਂਗੂ ਦੇ ਲੱਛਣ ਜਾਣਨਾ ਵੀ ਜ਼ਰੂਰੀ ਹਨ। ਅਸਲ 'ਚ ਅਗਸਤ ਤੋਂ ਨਵੰਬਰ ਦੌਰਾਨ ਹੋਣ ਵਾਲੀ ਸਾਰੇ ਬੁਖਾਰ ਡੇਂਗੂ ਨਹੀਂ ਹੁੰਦੇ ਇਨ੍ਹਾਂ ਸਾਡੇ ਵਿੱਚੋਂ ਬਹੁਤ ਥੋੜ੍ਹੇ ਕੇਸ ਹੀ ਡੇਂਗੂ ਦੇ ਹੁੰਦੇ ਹਨ ਬਾਕੀ ਹੋਰ ਬੁਖਾਰ ਤੇ ਕਈ ਕਿਸਮ ਦੇ ਵਾਇਰਲ ਬੁਖਾਰ ਹੁੰਦੇ ਹਨ ਅਤੇ ਗ਼ਰੀਬ ਮਜ਼ਦੂਰ ਬਸਤੀਆਂ ਚ ਟਾਈਫਾਈਡ ਮਲੇਰੀਆ ਵੀ ਬੁਖਾਰ ਦੇ ਕਾਰਨ ਹੋ ਸਕਦੇ ਹਨ ਡੇਂਗੂ ਬੁਖਾਰ ਇੱਕ ਖਾਸ ਕਿਸਮ ਦੇ ਮੱਛਰ (ਏਡੀਜ਼) ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਦਿਨ ਸਮੇਂ ਕਟਦਾ ਹੈ ਅਤੇ ਸਾਫ ਖੜ੍ਹੇ ਪਾਣੀ ਉਪਰ ਪਲਦਾ ਹੈ। ਇਸ ਦੇ ਲੱਛਣ ਹੁੰਦੇ ਹਨ ਸਿਰਦਰਦ ਖਾਸ ਕਰਕੇ ਅੱਖਾਂ ਪਿੱਛੇ ਹੋਣ ਵਾਲਾ ਦਰਦ, ਤੇਜ਼ ਬੁਖਾਰ, ਕਈ ਵਾਰੀ ਅੱਖਾਂ ਲਾਲ ਹੋਣਾ, ਸਰੀਰ ਦਰਦ ਬਹੁਤ ਜ਼ਿਆਦਾ ਉਨ੍ਹਾਂ ਖਾਸ ਕਰਕੇ ਇਸ਼ ਨੂੰ 'ਹੱਡੀ ਤੋੜ ਬੁਖਾਰ' ਕਿਹਾ ਜਾਂਦਾ ਹੈ। ਬੁਖਾਰ ਦੇ ਸੱਤਵੇਂ ਦਿਨ ਚਮੜੀ ਤੇ ਇੱਕ ਖ਼ਾਸ ਕਿਸਮ ਦੀ ਛੋਟੇ ਛੋਟੇ ਲਾਲ ਧੱਬੇ ਬਣਨੇ (ਜੋ ਪੇਟ ਤੋਂ ਸ਼ੁਰੂ ਹੋ ਕੇ ਟੰਗਾਂ ਬਾਹਾਂ ਤੇ ਚਿਹਰੇ ਤਕ) ਫੈਲ ਜਾਂਦੇ ਹਨ। ਇੱਥੇ ਵੀ ਡੇਂਗੂ ਬੁਖਾਰ ਹੋਣ ਦਾ ਖਤਰਾ ਰਹਿੰਦਾ ਹੈ। ਅਜਿਹੇ ਮਰੀਜ਼ ਦਾ ਡੇਂਗੂ ਟੈਸਟ ਕਰਵਾਉਣਾ ਹੁੰਦਾ ਹੈ ਤਾਂ ਕਿ ਇਹ ਤਹਿ ਹੋ ਸਕੇ ਕਿ ਮਰੀਜ਼ ਨੂੰ ਡੇਂਗੂ ਹੈ ਜਾਂ ਨਹੀਂ। ਪਰ ਇੱਥੇ ਉਲਟਾ ਹੁੰਦਾ ਹੈ, ਡੇਂਗੂ ਟੈਸਟ ਕਰਵਾਇਆ ਹੀ ਨਹੀਂ ਜਾਂਦਾ (ਇੱਕ ਹਜਾਰ ਰੁਪਏ ਤੱਕ ਦਾ ਹੁੰਦਾ ਹੈ)। ਸਿਰਫ ਪਲੇਟਲੈਟ ਦਾ ਟੈਸਟ ਕਰਵਾ ਕੇ ਡੇਂਗੂ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਡੇਂਗੂ ਬੁਖਾਰ ਦਾ ਖ਼ਤਰਾ ਸੈੱਲ ਘੱਟ ਹੋਣਾ ਨਹੀਂ ਹੈ ਬਲਕਿ ਇਸ ਦਾ ਖ਼ਤਰਾ ਇਸ ਵਿੱਚ ਹੈ ਕਿ ਡੇਂਗੂ ਬੁਖਾਰ ਦੇ ਕੁਝ ਮਾਮਲੇ ਡੇਂਗੂ ਹੈਮੋਰੈਜਿਕ ਫੀਵਰ ਤੇ ਡੇਂਗੂ ਸ਼ਾਕ ਸਿੰਡਰੋਮ ਚ ਤਬਦੀਲੀ ਜਾਂਦੇ ਹਨ। ਅਜਿਹੇ ਮਰੀਜ਼ਾਂ ਵਿੱਚ ਚਮੜੀ ਹੇਠਾਂ, ਅੰਤੜੀ ਮੂੰਹ ਜਾਂ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਖ਼ੂਨ ਦਾ ਰਿਸਾਅ ਸ਼ੁਰੂ ਹੋ ਜਾਂਦਾ ਹੈ। ਅਜਿਹੇ ਮਰੀਜ਼ਾਂ ਨੂੰ ਡਾਕਟਰ ਆਪਣੀ ਕਲੀਨਿਕ ਵਿੱਚ ਹੀ ਪਛਾਣ ਲੈਂਦੇ ਹਨ। ਵੱਧ ਗੰਭੀਰ ਕੇਸਾਂ ਵਿੱਚ ਬਲੱਡ ਪ੍ਰੈਸ਼ਰ ਘਟਣਾ, ਨਬਜ ਤੇਜ ਚੱਲਣੀ, ਫੇਫੜਿਆਂ ਤੇ ਪੇਟ ਅੰਦਰ ਪਾਣੀ ਭਰਨਾ, ਜਿਗਰ ਦਾ ਵੱਡਾ ਹੋ ਜਾਣਾ, ਚਮੜੀ ਦੇ ਹੇਠਾਂ ਖ਼ੂਨ ਰਿਸਾਅ ਦੇ ਵੱਡੇ ਵੱਡੇ ਧੱਬੇ ਬਣਨੇ, ਅੰਤੜੀ ਚੋਂ ਖ਼ੂਨ ਵਗਣਾ ਸ਼ਾਮਲ ਹਨ। ਅਜਿਹੇ ਮਰੀਜ਼ਾਂ ਨੂੰ ਹੀ ਗੁਲੂਕੋਜ ਦੀ ਲੋੜ ਹੁੰਦੀ ਹੈ। ਨਾਲ ਆਕਸੀਜਨ ਤੇ ਹੋਰ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ, ਜੋ ਵੱਡੇ ਵੱਡੇ ਹਸਪਤਾਲ ਚ ਵੀ ਸੰਭਵ ਹੈ। ਇਹ ਵੀ ਇਕ ਤੱਥ ਹੈ ਕਿ ਡੇਂਗੂ ਹੈਮੋਰੈਜਿਕ ਫੀਵਰ ਤੇ ਡੇਂਗੂ ਸ਼ਾਕ ਸਿੰਡਰੋਮ ਦੇ ਮਰੀਜ਼ਾਂ ਦੀ ਪਹਿਚਾਣ ਇਲਾਜ ਤੇ ਨਿਗਰਾਨੀ ਲਈ ਪਲੇਟਲੈਟਾਂ ਦੀ ਗਿਣਤੀ ਹੀ ਇੱਕੋ ਇੱਕ ਪੈਮਾਨਾ ਨਹੀਂ ਹੈ ਤੇ ਨਾ ਹੀ ਸਭ ਤੋਂ ਅੱਛਾ ਪੈਮਾਨਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਪੈਮਾਨੇ ਹਨ ਜੋ ਪਲੇਟਲੈਟਸ ਦੀ ਗਿਣਤੀ ਦੇ ਪੈਮਾਨੇ ਤੋਂ ਬੇਹਤਰ ਮੰਨੇ ਜਾਂਦੇ ਹਨ। ਜਿਸ ਮਰੀਜ਼ ਨੂੰ ਡੇਂਗੂ ਦੇ ਲੱਛਣ ਨਹੀਂ ਹਨ ਅਤੇ ਹਲਕਾ ਜਾਂ ਥੋੜ੍ਹਾ ਵੱਧ ਸਿਰ ਦਰਦ, ਸਰੀਰਕ ਦਰਦ, ਬੁਖਾਰ ਅਤੇ ਸਰਦੀ ਜ਼ੁਕਾਮ ਹੋਵੇ ਤਾਂ ਇਹ ਡੇਂਗੂ ਹੈਮਰੈਜਿਕ ਫੀਵਰਜ ਡੇਂਗੂ ਸ਼ਾਕ ਸਿੰਡਰੋਮ ਤੋਂ ਬਿਨਾਂ ਡੇਂਗੂ ਹੋਵੇ ਤਾਂ ਆਮ ਤੌਰ ਉੱਤੇ ਸਿਰਫ਼ ਪੈਰਾਸੀਟਾਮੋਲ ਦੀ ਗੋਲੀ ਨਾਲ ਕੰਮ ਚਲਾ ਲਿਆ ਜਾਂਦਾ ਹੈ। ਨਾਲ ਕੁਝ ਹੀ ਦਿਨਾਂ ਦਾ ਆਰਾਮ, ਅੱਛਾ ਭੋਜਨ

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts
for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.

Kirpal Cheema
647-763-4862
www.kirpalcheema.com
INSURANCE
• Life Insurance
(Permanent, Universal or Term)
• Disability & Critical Insurance
(Money Back)
• Long Term Care Insurance
• Health, Dental & Drug Benefits
• Visitor & Super Visa Insurance
(Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney

VIPANDEEP SINGH MAROK
M.A., LLB
Barrister, Solicitor & Notary Public
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

ਤੇ ਨਿੰਬੂ ਪਾਣੀ ਪੀਣਾ ਹੈ। ਸੇਲ ਘੱਟ ਹੋਣ ਤੇ ਸਿਰਦਰਦ ਤੇ ਸਰੀਰ ਦੇ ਲਈ ਆਮ ਵਰਤੀਆਂ ਜਾਣ ਵਾਲੀਆਂ ਦਰਦ ਦੀਆਂ ਦਵਾਈਆਂ ਨਹੀਂ ਲੈਣੀਆਂ ਚਾਹੀਦੀਆਂ ਕਿਉਂਕਿ ਇਹ ਫਾਇਦੇ ਦੀ ਥਾਂ ਨੁਕਸਾਨ ਕਰ ਸਕਦੀਆਂ ਹਨ। ਗ਼ੈਰ ਹੁਨਰਮੰਦ ਡਾਕਟਰਾਂ, ਕੈਮਿਸਟਾਂ ਤੇ ਛੋਟੀਆਂ ਕਲੀਨਿਕਾਂ ਵਿੱਚ ਗੁਲੂਕੋਜ਼ ਲਾਉਣਾ ਗਲਤ ਹੈ। ਇਹ ਲੋਕ ਵੀ ਮਰੀਜ਼ ਨੂੰ ਗੁਲੂਕੋਜ ਉਦੋਂ ਲਾਉਂਦੇ ਹਨ, ਜਦੋਂ ਉਸ ਦੀ ਲੋੜ ਹੀ ਨਹੀਂ ਹੁੰਦੀ। ਦੂਜਾ ਜਨਮ ਗੁਲੂਕੋਜ਼ ਲਾਉਣ ਦੀ ਲੋੜ ਹੁੰਦੀ ਹੈ ਬਲਕਿ ਉਦੋਂ ਅਜਿਹੇ ਗੰਭੀਰ ਮਰੀਜ਼ਾਂ ਦਾ ਇਲਾਜ ਅਜਿਹੀਆਂ ਥਾਵਾਂ ਤੇ ਸੰਭਵ ਹੀ ਨਹੀਂ ਹੁੰਦਾ ਕਿਉਂਕਿ ਉਥੇ ਗੁਲੂਕੋਜ਼ ਤੋਂ ਇਲਾਵਾ ਹੋਰ ਵੀ ਬਹੁਤ ਸਾਰੀ ਡਾਕਟਰੀ ਦੇਖਭਾਲ ਤੇ ਨਿਗਰਾਨੀ ਦੀ ਲੋੜ ਹੁੰਦੀ ਹੈ,ਜੋ ਇਹ ਲੋਕ ਮਰੀਜ਼ ਨੂੰ ਨਹੀਂ ਦੇ ਸਕਦੇ। ਇਸ ਤਰ੍ਹਾਂ ਇਨ੍ਹਾਂ ਲੋਕਾਂ ਵੱਲੋਂ ਡੇਂਗੂ ਦੇ ਨਾਂ ਤੇ ਗੁਲੂਕੋਜ ਲਾਉਣਾ ਧੋਖੇਬਾਜ਼ੀ ਤੇ ਗੈਰਵਾਜਬ ਅਮਲ ਹੈ।

ਗੁਲੂਕੋਜ਼ ਆਮ ਕਰਕੇ ਉਦੋਂ ਲਾਇਆ ਜਾਂਦਾ ਹੈ ਜਦ ਆਦਮੀ ਦਾ ਬਲੱਡ ਪ੍ਰੈਸ਼ਰ ਇੰਨਾ ਘਟ ਜਾਵੇ ਕਿ ਉਹ ਓਆਰਐਸ ਦੇ ਘੋਲ ਨਾਲ ਜਾਂ ਫਿਰ ਘਰੇ ਬਣਾਏ ਨਮਕ ਚੀਨੀ ਦੇ ਘੋਲ ਨਾਲ ਵੀ ਬਲੱਡ ਪ੍ਰੈਸ਼ਰ ਨਾ ਵਧੇ, ਮਰੀਜ਼ ਬੇਹੋਸ਼ ਹੋਵੇ ਜਾਂ ਮਰੀਜ਼ ਨੂੰ ਬਹੁਤ ਜ਼ਿਆਦਾ ਉਲਟੀਆਂ ਆ ਰਹੀਆਂ ਹੋਣ, ਜਿਸ ਕਾਰਨ ਮੂੰਹ ਰਾਹੀਂ ਕੁਝ ਵੀ ਖਾ ਸਕਣ ਚ ਦਿੱਕਤ ਆ ਰਹੀ ਹੋਵੇ। ਹੋਰ ਤਾਂ ਹੋਰ ਗਲੀ ਮੁਹੱਲੇ ਚ ਬੈਠੇ ਕਈ ਡਾਕਟਰ ਮਰੀਜ਼ ਨੂੰ 'ਤਾਕਤ ਪਾਉਣ' ਲਈ ਗੁਲੂਕੋਜ਼ ਲਾ ਦਿੰਦੇ ਹਨ ਜੋ ਸਰਾਸਰ ਗਲਤ ਹੈ। ਅਸਲ ਵਿਚ ਗੁਲੂਕੋਜ਼ ਵਰ੍ਹੇ ਲੋਕਾਂ ਦੀ ਜਾਣਕਾਰੀ ਸਹੀ ਨਹੀਂ ਹੈ। ਗੁਲੂਕੋਜ ਕੁਝ ਵੀ ਨਹੀਂ ਇਹ ਸਿਰਫ ਨਮਕ ਚੀਨੀ ਦੀ ਖਾਸ ਮਾਤਰਾ ਨਾਲ ਬਣਾਇਆ ਘੋਲ ਹੈ ਜੋ ਬੋਤਲ ਚ ਪੈਕ ਕੀਤਾ ਹੁੰਦਾ ਹੈ। ਇਸ ਤੋਂ ਇਲਾਵਾ ਗੁਲੂਕੋਜ ਦੀ ਇੱਕ ਕਿਸਮ ਚ ਨਿੰਬੂ 'ਚ ਮਿਲਣ ਵਾਲਾ ਪੋਟਾਸ਼ੀਅਮ ਹੁੰਦਾ ਹੈ। ਬਸ ਇਹੀ ਹੈ ਗੁਲੂਕੋਜ਼ ਦਾ ਭੇਦ, ਜਿਸ ਨੂੰ ਥਾਂ ਥਾਂ ਬੈਠੇ ਨੀਮ ਹਕੀਮ ਡਾਕਟਰ ਸਰੀਰ 'ਚ ਤਾਕਤ ਭਰਨ ਵਾਲੀ ਦਵਾਈ ਦੱਸ ਕੇ ਪੇਸ਼ ਕਰਦੇ ਹਨ ਤੇ ਮਜ਼ਦੂਰਾਂ ਤੋਂ ਮੋਟੀ ਰਕਮ ਵਸੂਲਦੇ ਹਨ। ਲੋੜ ਪੈਣ ਤੇ ਇਹ ਘੋਲ ਵੈਸੇ ਹੀ ਪਲਾਇਆ ਜਾ ਸਕਦਾ ਹੈ ਤੇ ਮੂੰਹ ਰਾਹੀਂ ਲੈਣਾ ਵੱਧ ਫਾਇਦੇਮੰਦ ਹੈ। ਜੇ ਸਹੀ ਕਹਿਣਾ ਹੋਵੇ ਤਾਂ ਸਰਕਾਰਾਂ ਵੀ ਡੇਂਗੂ ਦੀ ਬੀਮਾਰੀ ਤੇ ਇਸ ਦਾ ਡਰ ਫੈਲਾਉਣ 'ਚ ਅਤੇ ਡਾਕਟਰਾਂ ਨੂੰ ਕਮਾਈ ਕਰਾਉਣ 'ਚ ਉਨ੍ਹਾਂ ਦੀ ਖੂਬ ਮਦਦ ਕਰ ਰਹੀਆਂ ਹਨ। ਸਰਕਾਰ ਦਾ ਫ਼ਰਜ਼ ਹੈ ਬਿਮਾਰੀ ਬਾਰੇ ਲੋਕਾਂ ਨੂੰ ਸਹੀ ਜਾਣਕਾਰੀ ਦੇਣਾ ਅਤੇ ਬਿਮਾਰੀ ਨੂੰ ਹੋਣ ਤੋਂ ਰੋਕਣ ਦੇ ਇੰਤਜ਼ਾਮ ਕਰਨਾ, ਪਰ ਸਰਕਾਰ ਤਾਂ ਇਨ੍ਹਾਂ ਦੋਹਾਂ 'ਚੋਂ ਕੋਈ ਵੀ ਕੰਮ ਨਹੀਂ ਕਰ ਸਕੀ। ਇਸ ਦਾ ਮਤਲਬ ਹੈ ਕਿ ਬਿਮਾਰੀ ਫੈਲਣ ਤੇ ਲੋਕਾਂ ਦੀ ਬਦਹਾਲੀ ਤੇ ਲੁੱਟ ਵਿੱਚ ਸਰਕਾਰ ਵੀ ਪੂਰੀ ਤਰ੍ਹਾਂ ਸ਼ਾਮਲ ਹੈ। ਜਾਣਕਾਰੀ ਪੱਖੋਂ ਕੁਝ ਪਰਚੇ ਇੱਧਰ ਉੱਧਰ ਵੰਡ ਕੇ ਕਾਰਵਾਈ ਪਾ ਲਈ ਜਾਂਦੀ ਹੈ। ਮੱਛਰ ਮਾਰਨ ਲਈ ਫੌਗਿੰਗ ਕਰਨਾ ਤਾਂ ਸਰਕਾਰ ਭੁੱਲ ਹੀ ਚੁੱਕੀ ਹੈ, ਖ਼ਾਸ ਕਰਕੇ ਗ਼ਰੀਬਾਂ ਅਤੇ ਮਜ਼ਦੂਰਾਂ ਦੇ ਇਲਾਕਿਆਂ ਵਿੱਚ। ਬਿਮਾਰੀ ਫੈਲਣ ਪਿੱਛੋਂ ਇਸ ਨਾਲ ਨਿਪਟਣ ਲਈ ਆਰਜੀ ਕਲੀਨਿਕ, ਡਿਸਪੈਂਸਰੀਆਂ ਅਤੇ ਡੇਂਗੂ ਟੈਸਟ ਤੇ ਪਲੇਟਲੈੱਟ ਟੈਸਟ ਕਰਨ ਦੀ ਸਸਤੀ ਸਹੂਲਤ ਜਾਂ ਮੁਫ਼ਤ ਮਦਦ ਦੇਣ ਲਈ ਅਸਥਾਈ ਲਬਾਟਰੀਆਂ ਸਰਕਾਰ ਬਣਾਵੇ। ਨਾਲ ਹੀ ਅਜਿਹੇ ਇਲਾਕਿਆਂ ਵਿੱਚ ਡਾਕਟਰ ਤੇ ਹੋਰ ਸਿਹਤ ਕਰਮਚਾਰੀਆਂ ਦੀ ਡਿਊਟੀ ਲਾਉਣੀ ਚਾਹੀਦੀ ਹੈ ਪਰ ਇਹ ਸੰਭਵ ਨਹੀਂ। ਕਿਉਂਕਿ ਇਕ ਤਾਂ ਸਰਕਾਰ ਚਾਹੁੰਦੀ ਹੀ ਨਹੀਂ ਤੇ ਦੂਜਾ ਉਨ੍ਹਾਂ ਕੋਲ ਆਮ ਲੋਕਾਂ ਲਈ ਖਜਾਨੇ ਵਿੱਚ ਪੈਸੇ ਹੀ ਨਹੀਂ। ਸਾਰਾ ਪੈਸਾ ਤਾਂ ਸਰਮਾਏਦਾਰਾਂ ਦੀਆਂ ਤਿਜੋਰੀਆਂ ਤੇ ਨੇਤਾਵਾਂ, ਅਫਸਰਾਂ ਦੀਆਂ ਜੇਬਾਂ ਚ ਚਲਾ ਜਾਂਦਾ ਹੈ। ਵੈਸੇ ਕੁਝ ਡਾਕਟਰ ਤਾਂ ਚਾਹੁੰਦੇ ਹੀ ਨਹੀਂ ਕਿ ਉਨ੍ਹਾਂ ਨੂੰ ਗ਼ਰੀਬਾਂ ਦੀਆਂ ਬਸਤੀਆਂ ਚ ਕੰਮ ਕਰਨਾ ਪਵੇ। ਡੇਂਗੂ ਦੀ ਬੀਮਾਰੀ ਦਾ ਡਰ ਲੋਕਾਂ ਅੰਦਰ ਪੈਂਦਾ ਰਹੇਗਾ,ਜਦ ਤੱਕ ਮੇਹਨਤਕਸ਼ ਖੁਦ ਕੱਠੇ ਹੋ ਕੇ ਸਰਕਾਰ ਤੇ ਸਿਹਤ ਵਿਭਾਗ ਨੂੰ ਨਹੀਂ ਜਗਾਉਂਦੇ।

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

# ਰਾਜਨੀਤਕ ਮੁਕਤੀ ਅੰਦੋਲਨ ਤੋਂ ਬਿਨਾਂ ਭਾਰਤ ਦਾ ਭਵਿੱਖ ਧੁੰਦਲਾ

*[ਗੁਰਪ੍ਰੀਤ ਸਿੰਘ ਕੈਨੇਡਾ ਸੀਨੀਅਰ ਪੱਤਰਕਾਰ ਅਤੇ ਮਸ਼ਹੂਰ ਰੇਡੀਓ ਹੋਸਟ ਹਨ ਜੋ ਲੋਕ ਸਰੋਕਾਰਾਂ ਅਤੇ ਹੱਕਾਂ ਦੇ ਮੁੱਦਿਆਂ ਨੂੰ ਧੜੱਲੇ ਨਾਲ ਉਠਾਉਂਦੇ ਹਨ ।]*

**-ਗੁਰਪ੍ਰੀਤ ਸਿੰਘ**



ਜਦੋਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਮਈ 2024 ਵਿਚ ਹੋਣ ਵਾਲੀਆਂ ਆਮ ਚੋਣਾਂ ਵੱਲ ਵਧ ਰਿਹਾ ਹੈ ਤਾਂ ਇਹ ਜ਼ਰੂਰੀ ਹੈ ਕਿ ਬਦੇਸ਼ਾਂ 'ਚ ਰਹਿ ਰਹੇ ਭਾਰਤੀ ਆਪਣੇ ਮੁਲਕ ਨੂੰ ਹਿੰਦੂ ਸਰਵਉੱਚਤਾਵਾਦੀ ਆਗੂ ਤੋਂ ਮੁਕਤ ਕਰਾਉਣ ਲਈ ਲਾਮਬੰਦ ਹੋਣ। ਨਰਿੰਦਰ ਮੋਦੀ ਪਹਿਲੀ ਵਾਰ ਮਈ 2014 ਵਿਚ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ ਸੀ। ਉਸ ਨੇ ਸੱਤਾ ਵਿਚ ਲਗਭਗ 10 ਸਾਲ ਪੂਰੇ ਕਰ ਲਏ ਹਨ।

ਆਰ.ਐੱਸ.ਐੱਸ., ਜੋ ਇਕ ਸੱਜੇਪੱਖੀ ਅਤੇ ਅਸਹਿਣਸ਼ੀਲ ਸੱਭਿਆਚਾਰਕ ਜਥੇਬੰਦੀ ਹੈ ਜੋ ਸੋਸ਼ਲ ਇੰਜੀਨੀਅਰਿੰਗ ਦੁਆਰਾ ਭਾਰਤ ਨੂੰ ਇਕ ਅਧਿਕਾਰਕ ਹਿੰਦੂ ਰਾਜ ਵਿਚ ਬਦਲਣਾ ਚਾਹੁੰਦੀ ਹੈ ਦਾ ਦਾ ਕੱਟੜ ਮੈਂਬਰ ਮੋਦੀ ਹੁਕਮਰਾਨ ਭਾਜਪਾ ਦਾ ਆਗੂ ਹੈ। ਇਹ ਪਾਰਟੀ ਆਪਣੇ ਘੱਟਗਿਣਤੀ ਵਿਰੋਧੀ ਰੁਖ ਲਈ ਜਾਣੀ ਜਾਂਦੀ ਹੈ।

ਇਸ ਤੋਂ ਪਹਿਲਾਂ ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ ਉਦੋਂ ਸੰਨ 2002 'ਚ ਜੋ ਮੁਸਲਮਾਨਾਂ ਦਾ ਕਤਲੇਆਮ ਹੋਇਆ ਉਹ ਉਸ ਦੀ ਮਿਲੀਭੁਗਤ ਨਾਲ ਹੋਇਆ ਸੀ। ਹਾਲਾਂਕਿ ਉਸ ਉੱਪਰ ਇਹ ਦੋਸ਼ ਕਦੇ ਆਇਦ ਨਹੀਂ ਹੋਇਆ ਜਾਂ ਉਸ ਨੂੰ ਦੋਸ਼ੀ ਨਹੀਂ ਠਹਿਰਾਇਆ ਗਿਆ, ਪਰ ਜਦੋਂ ਤੱਕ ਉਹ ਸਭ ਤੋਂ ਉੱਚੇ ਅਹੁਦੇ ਲਈ ਨਹੀਂ ਚੁਣਿਆ ਗਿਆ ਬਦੇਸ਼ੀ ਸਰਕਾਰਾਂ ਉਸ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰਦੀਆਂ ਰਹੀਆਂ। ਸੰਜੋਗ ਇਹ ਹੈ ਕਿ ਜਦੋਂ ਉਸ ਦੇ ਰਾਜ ਦੇ ਨੌਂ ਸਾਲ ਪੂਰੇ ਹੋਏ ਤਾਂ ਬੀਬੀਸੀ ਨੇ ਇਕ ਦਸਤਾਵੇਜ਼ੀ ਫਿਲਮ ਰਿਲੀਜ਼ ਕੀਤੀ ਜੋ ਗੁਜਰਾਤ ਕਤਲੇਆਮ ਵਿਚ ਉਸਦੀ ਸ਼ਮੂਲੀਅਤ ਨੂੰ ਉਜਾਗਰ ਕਰਦੀ ਹੈ। ਇਹ ਹੈਰਾਨੀ ਦੀ ਗੱਲ ਨਹੀਂ ਕਿ ਮੋਦੀ ਸਰਕਾਰ ਨੇ ਸਿਰਫ਼ ਡਾਕੂਮੈਂਟਰੀ ਉੱਪਰ ਪਾਬੰਦੀ ਹੀ ਨਹੀਂ ਲਗਾਈ ਸਗੋਂ ਭਾਰਤ ਵਿਚ ਬੀਬੀਸੀ ਦੇ ਦਫ਼ਤਰ ਉੱਪਰ ਧੌਂਸ ਜਮਾਉਣ ਦੀ ਕੋਸ਼ਿਸ਼ ਵੀ ਕੀਤੀ। ਐਪਰ ਇਹ ਮੋਦੀ ਦੁਆਰਾ ਮਨੁੱਖਤਾ ਦੇ ਵਿਰੁੱਧ ਕੀਤਾ ਇੱਕੋ-ਇਕ ਜੁਰਮ ਨਹੀਂ ਹੈ। ਉਸ ਦੇ ਰਾਜ ਵਿਚ ਮੁਸਲਮਾਨਾਂ ਸਮੇਤ ਸਾਰੀਆਂ ਧਾਰਮਿਕ ਘੱਟਗਿਣਤੀਆਂ ਉੱਪਰ ਹਮਲੇ ਵਧੇ ਹਨ। ਜਿਵੇਂ ਕਿ ਇਹ ਕਾਫ਼ੀ ਨਹੀਂ ਸੀ, ਮੋਦੀ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਸਿਆਸੀ ਆਲੋਚਕਾਂ ਅਤੇ ਵਿਰੋਧੀ ਧਿਰ ਉੱਪਰ ਹਮਲੇ ਤੇਜ਼ ਕਰ ਦਿੱਤੇ ਹਨ। ਅਸੰਤੁਸ਼ਟ ਆਵਾਜ਼ਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਆਜ਼ਾਦ ਮੀਡੀਆ ਦੀ ਆਵਾਜ਼ ਨੂੰ ਬੇਖ਼ੌਫ਼ ਹੋ ਕੇ ਕੁਚਲਿਆ ਜਾ ਰਿਹਾ ਹੈ।

ਸੰਖੇਪ ਵਿਚ, ਮੋਦੀ ਨੇ ਪੂਰੇ ਭਾਰਤ ਨੂੰ ਗੁਜਰਾਤ ਵਿਚ ਬਣਾ ਦਿੱਤਾ ਹੈ ਜਿੱਥੇ ਉਹ ਸਿਆਸੀ ਧਰੁਵੀਕਰਨ ਨਾਲ ਬਹੁਗਿਣਤੀਵਾਦ ਦਾ ਨਾਇਕ ਬਣਿਆ ਸੀ। ਆਖ਼ਿਰਕਾਰ ਗੁਜਰਾਤ ਉਹ ਪ੍ਰਯੋਗਸ਼ਾਲਾ ਸੀ ਜਿੱਥੇ ਮੋਦੀ ਦੇ ਕੱਟੜਪੁਣੇ ਦੇ ਪ੍ਰਯੋਗ ਨੇ ਉਸ ਨੂੰ ਭਰਪੂਰ ਲਾਭ ਦਿੱਤੇ ਜਿਸ ਨਾਲ ਉਹ ਬਹੁਤ ਲੰਮੇ ਸਮੇਂ ਲਈ ਸੱਤਾ 'ਚ ਟਿਕਿਆ ਰਹਿ ਸਕਿਆ। ਅੱਜ ਵੀ ਉਸ ਦੀ ਪਾਰਟੀ 2002 ਦੇ ਖ਼ੂਨ-ਖਰਾਬੇ ਦਾ ਲਾਭ ਉਠਾ ਰਹੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਨੇ ਉਨ੍ਹਾਂ ਨੂੰ ਇਕ ਹੋਰ ਜਿੱਤ ਦਿਵਾਈ ਜਦੋਂ ਭਾਜਪਾ ਆਗੂਆਂ ਨੇ ਮੁਸਲਿਮ ਵਿਰੋਧੀ ਕਤਲੇਆਮ ਦੇ ਭੂਤ ਨੂੰ ਪੂਰੀ ਬੇਸ਼ਰਮੀ ਨਾਲ ਵਰਤਿਆ।

ਆਓ ਇਸ ਹਕੀਕਤ ਦਾ ਸਾਹਮਣਾ ਕਰੀਏ ਕਿ ਆਰ.ਐੱਸ.ਐੱਸ. ਅਤੇ ਭਾਜਪਾ ਨੇ ਕਦੇ ਵੀ ਆਪਣੇ ਮਨਸੂਬੇ ਛੁਪਾਏ ਨਹੀਂ ਅਤੇ ਫਿਰ ਵੀ ਬਹੁਗਿਣਤੀ ਨੇ ਉਨ੍ਹਾਂ ਨੂੰ ਦੋ ਵਾਰ ਭਾਰੀ ਬਹੁਮੱਤ ਨਾਲ ਸੱਤਾ ਵਿਚ ਲਿਆਂਦਾ ਹੈ। ਅਜਿਹੀ ਹਮਾਇਤ ਤੋਂ ਉਤਸ਼ਾਹਤ ਹੋ ਕੇ ਮੋਦੀ ਹੋਰ ਵੀ ਬੇਕਿਰਕ ਅਤੇ ਹੰਕਾਰੀ ਹੋ ਗਿਆ ਹੈ।

ਇਸ ਦਾ ਮਤਲਬ ਇਹ ਨਹੀਂ ਕਿ ਉਸ ਤੋਂ ਪਹਿਲੀਆਂ ਸਰਕਾਰਾਂ ਸੋਲਾਂ-ਕਲਾ ਸੰਪੂਰਨ ਸਨ ਅਤੇ ਕਦੇ ਵੀ ਗ਼ਲਤ ਕੰਮਾਂ ਵਿਚ ਸ਼ਾਮਲ ਨਹੀਂ ਸਨ। ਭਾਜਪਾ ਸਰਕਾਰ ਦੀ ਵਿਲੱਖਣ ਗੱਲ ਇਹ ਹੈ ਕਿ ਇਹ ਆਰ.ਐੱਸ.ਐੱਸ. ਦੇ ਫ਼ਤਵੇ ਨਾਲ ਚਲਾਈ ਜਾ ਰਹੀ ਹੈ ਜਿਸ ਨੇ ਆਪਣਾ ਸਫ਼ਰ 1925 'ਚ ਸ਼ੁਰੂ ਕੀਤਾ ਸੀ।

ਬਰਤਾਨਵੀ ਭਾਰਤ ਦੇ ਸਮੇਂ ਤੋਂ ਹੀ ਪੂਰੇ ਦੇਸ਼ ਵਿਚ ਜਨਤਕ ਕਵਾਇਦਾਂ ਅਤੇ ਇਕੱਠਾਂ ਰਾਹੀਂ ਆਰ.ਐੱਸ.ਐੱਸ. ਹਜ਼ਾਰਾਂ ਲੋਕਾਂ ਦੇ ਦਿਮਾਗਾਂ 'ਚ ਹਿੰਦੂ ਰਾਸ਼ਟਰ ਬਣਾਉਣ ਦਾ ਜ਼ਹਿਰ ਭਰਨ 'ਚ ਕਾਮਯਾਬ ਹੁੰਦੀ ਆ ਰਹੀ ਹੈ। ਵਿਡੰਬਨਾ ਇਹ ਹੈ ਕਿ ਸੰਘੀਆਂ ਨੇ ਆਜ਼ਾਦੀ ਦੀ ਲੜਾਈ ਵਿਚ ਕਦੇ ਹਿੱਸਾ ਨਹੀਂ ਲਿਆ ਸਗੋਂ ਉਨ੍ਹਾਂ ਦੀ ਤਾਂ ਕਦੇ ਆਜ਼ਾਦੀ ਦੀ ਲੜਾਈ ਵਿਚ ਕੋਈ ਦਿਲਚਸਪੀ ਹੀ ਨਹੀਂ ਸੀ। ਇੱਥੋਂ ਤੱਕ ਕਿ ਉਨ੍ਹਾਂ ਦੇ ਇਕ ਹਮਾਇਤੀ ਨੇ ਮੋਹਨਦਾਸ ਕਰਮਚੰਦ ਗਾਂਧੀ ਦਾ ਕਤਲ ਕਰ ਦਿੱਤਾ ਜੋ ਕਿ ਸ਼ਾਂਤਮਈ ਆਜ਼ਾਦੀ ਅੰਦੋਲਨ ਦਾ ਇਕ ਸਿਰਮੌਰ ਆਗੂ ਸੀ। ਗਾਂਧੀ ਦਾ ਕਤਲ ਧਰਮ ਨਿਰਪੱਖਤਾ ਅਤੇ ਹਿੰਦੂ-ਮੁਸਲਿਮ ਏਕਤਾ ਦੀ ਵਕਾਲਤ ਕਰਨ ਅਤੇ ਹਿੰਦੂ ਰਾਸ਼ਟਰ ਦੇ ਵਿਚਾਰ ਦਾ ਵਿਰੋਧ ਕਰਨ ਕਰਕੇ ਕੀਤਾ ਗਿਆ। ਇਸ ਕਾਂਡ ਤੋਂ ਬਾਦ ਸੰਘ ਉੱਪਰ ਕੁਝ ਸਮੇਂ ਲਈ ਪਾਬੰਦੀ ਵੀ ਲਗਾਈ ਗਈ ਸੀ।

ਮੋਦੀ ਵੱਲੋਂ ਗਾਂਧੀ ਦਾ ਸਤਿਕਾਰ ਪਾਖੰਡੀ ਹੈ ਜਦੋਂ ਕਿ ਉਸ ਦੀ ਪਾਰਟੀ ਦੇ ਕੁਝ ਆਗੂ ਉਸ ਦੇ ਕਾਤਲਾਂ ਦੀ ਸਰੇਆਮ ਮਹਿਮਾ ਗਾਉਂਦੇ ਹਨ। ਮੋਦੀ ਵੱਲੋਂ ਵੀ.ਡੀ. ਸਾਵਰਕਰ ਦੀ ਤਾਰੀਫ਼ ਤੋਂ ਵਧੇਰੇ ਆਪਾਵਿਰੋਧੀ ਹੋਰ ਕੁਝ ਨਹੀਂ ਹੋ ਸਕਦਾ ਜੋ ਵਿਵਾਦਾਂ 'ਚ ਘਿਰਿਆ ਸ਼ਖ਼ਸ ਹੈ। ਗਾਂਧੀ ਦੇ ਕਤਲ ਲਈ ਕਾਤਲਾਂ ਨੂੰ ਭੜਕਾਉਣ ਵਾਲਾ ਸਾਵਰਕਰ ਹੀ ਸੀ ਪਰ ਸਬੂਤਾਂ ਦੀ ਘਾਟ ਕਾਰਨ ਉਹ ਬਰੀ ਹੋ ਗਿਆ ਸੀ। ਇਸ ਵਿਰਾਸਤ ਦੇ ਬਾਵਜੂਦ, ਆਰ.ਐੱਸ.ਐੱਸ. ਅਤੇ ਭਾਜਪਾ ਕਿਸੇ ਵੀ ਐਸੇ ਵਿਅਕਤੀ ਦੀ ਦੇਸ਼ਭਗਤੀ ਉੱਪਰ ਬੇਭਰੋਸਗੀ ਜ਼ਾਹਿਰ ਕਰਦੇ ਹਨ ਜੋ ਭਾਰਤ ਵਿਚ ਕੀਤੇ ਜਾ ਰਹੇ ਜਬਰ ਦਾ ਵਿਰੋਧ ਕਰਦਾ ਹੈ। ਜਿਹੜਾ ਵੀ ਕੋਈ ਵਿਅਕਤੀ ਉਨ੍ਹਾਂ ਦੀ ਆਲੋਚਨਾ ਕਰਨ ਦੀ ਹਿੰਮਤ ਕਰਦਾ ਹੈ ਉਸ ਨੂੰ ਸੌਖਿਆਂ ਹੀ ਦੇਸ਼ ਵਿਰੋਧੀ ਕਰਾਰ ਦਿੱਤਾ ਜਾ ਸਕਦਾ ਹੈ ਅਤੇ ਜੇਲ੍ਹ ਦੀ ਸਲਾਖ਼ਾਂ ਪਿੱਛੇ ਡੱਕਿਆ ਜਾ ਸਕਦਾ ਹੈ।

ਦੁਨੀਆ ਬਹੁਤ ਹੱਦ ਤੱਕ ਆਰ.ਐੱਸ.ਐੱਸ. ਦੀ ਘਿਣਾਉਣੀ ਹਕੀਕਤ ਤੋਂ ਅਣਜਾਣ ਹੈ ਜਿਸ ਨੇ ਹਿਟਲਰ ਵਰਗੇ ਜ਼ਾਲਮਾਂ ਤੋਂ ਪ੍ਰੇਰਨਾ ਲਈ। ਇਸ ਦੇ ਬਾਨੀਆਂ ਨੇ ਯਹੂਦੀ ਸਰਬਨਾਸ਼ ਨੂੰ ਵੀ ਜਾਇਜ਼ ਠਹਿਰਾਇਆ। ਪਰ ਦੁਨੀਆ ਦੇ, ਖ਼ਾਸ ਤੌਰ 'ਤੇ ਪੱਛਮੀ ਜਗਤ ਦੇ ਆਗੂਆਂ ਉੱਪਰ ਚੀਨ ਅਤੇ ਰੂਸ ਦਾ ਭੂਤ ਕੁਝ ਜ਼ਿਆਦਾ ਹੀ ਸਵਾਰ ਹੈ। ਆਪਣੇ ਰਵਾਇਤੀ ਦੁਸ਼ਮਣਾਂ ਵਿਰੁੱਧ ਮੋਦੀ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ 'ਚ ਉਹ ਉਸ ਦੇ ਕਾਰਿਆਂ ਨੂੰ ਸਹਿਜੇ ਹੀ ਨਜ਼ਰਅੰਦਾਜ਼ ਕਰ ਰਹੇ ਹਨ ਜਦਕਿ ਬਣਦਾ ਇਹ ਹੈ ਕਿ ਉਨ੍ਹਾਂ ਕਾਰਿਆਂ ਦੇ ਮੱਦੇਨਜ਼ਰ ਮੋਦੀ ਉੱਪਰ ਪਾਬੰਦੀਆਂ ਲਗਾਈਆਂ ਜਾਣ। ਜਦੋਂ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਦੀ ਗੱਲ ਆਉਂਦੀ ਹੈ ਤਾਂ ਪ੍ਰਵਾਸੀ ਭਾਰਤੀਆਂ ਨੂੰ ਉਨ੍ਹਾਂ ਨੂੰ ਜ਼ੋਰ ਦੇ ਕੇ ਕਹਿਣਾ ਚਾਹੀਦਾ ਹੈ ਕਿ ਉਹ ਸਿਲੈਕਟਿਵ ਹਨ।

ਬਦੇਸ਼ਾਂ ਵਿਚ ਜੋ ਭਾਰਤੀ ਇਨ੍ਹਾਂ ਘਟਨਾ-ਵਿਕਾਸਾਂ ਤੋਂ ਫ਼ਿਕਰਮੰਦ ਹਨ ਉਨ੍ਹਾਂ ਕੋਲ ਭਾਰਤ ਨੂੰ ਮੋਦੀ ਅਤੇ ਆਰ.ਐੱਸ.ਐੱਸ. ਤੋਂ ਮੁਕਤ ਕਰਾਉਣ ਲਈ ਸਖ਼ਤ ਮਿਹਨਤ ਕਰਨ ਵਾਸਤੇ ਇਕ ਸਾਲ ਦੀ ਮੋਹਲਤ ਹੈ।

2024 ਦੀਆਂ ਚੋਣਾਂ ਕੋਈ ਸਧਾਰਣ ਚੋਣਾਂ ਨਹੀਂ ਹੋਣਗੀਆਂ। ਇਸ ਤੋਂ ਇਕ ਸਾਲ ਬਾਦ ਆਰ.ਐੱਸ.ਐੱਸ. ਵੱਲੋਂ ਆਪਣੀ ਜਨਮ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ ਜਾਵੇਗੀ ਅਤੇ ਪੂਰੀ ਸੰਭਾਵਨਾ ਹੈ ਕਿ ਭਾਰਤ ਨੂੰ "ਹਿੰਦੂ ਰਾਸ਼ਟਰ" ਵਜੋਂ ਮੁੜ ਪਰਿਭਾਸ਼ਿਤ ਕੀਤਾ ਜਾਵੇਗਾ ਜਿੱਥੇ ਗੈਰ-ਹਿੰਦੂਆਂ ਨੂੰ ਦੋਇਮ ਦਰਜੇ ਦੇ ਨਾਗਰਿਕ ਮੰਨਿਆ ਜਾਵੇਗਾ। ਹੁਣ ਸਮਾਂ ਹੈ ਕਿ ਭਾਰਤੀ ਵਿਰਾਸਤ ਦੇ ਆਲਮੀ ਨਾਗਰਿਕ ਜਥੇਬੰਦ ਹੋਣ ਅਤੇ ਸਾਡੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਦੇ ਮੁਲਕ ਦਾ ਮੁੜ ਦਾਅਵਾ ਕਰਨ ਜਿਨ੍ਹਾਂ ਨੇ ਇਕ ਸਮਾਨਤਾਵਾਦੀ ਅਤੇ ਮਾਨਵੀ ਸਮਾਜ ਦੀ ਕਲਪਨਾ ਕੀਤੀ ਸੀ। ਖ਼ਾਸ ਤੌਰ 'ਤੇ ਉੱਤਰੀ ਅਮਰੀਕਾ ਵਿਚ ਰਹਿੰਦੇ ਲੋਕਾਂ ਲਈ - ਜਿੱਥੇ 1913 ਵਿਚ ਗ਼ਦਰ ਪਾਰਟੀ ਬਣਾਈ ਗਈ ਸੀ - ਇਹ ਚਿੰਤਾ ਦਾ ਵੱਡਾ ਕਾਰਨ ਹੋਣਾ ਚਾਹੀਦਾ ਹੈ। ਗ਼ਦਰ ਲਹਿਰ ਦੀ ਸ਼ੁਰੂਆਤ ਭਾਰਤੀ ਪ੍ਰਵਾਸੀਆਂ ਦੁਆਰਾ ਬਰਤਾਨਵੀ ਬਸਤੀਵਾਦੀ ਕਬਜੇ ਵਿਰੁੱਧ ਅਤੇ ਧਰਮ ਨਿਰਪੱਖ ਗਣਰਾਜ ਦੀ ਸਥਾਪਨਾ ਕਰਨ ਦੇ ਉਦੇਸ਼ ਨਾਲ ਹਥਿਆਰਬੰਦ ਗ਼ਦਰ ਕਰਨ ਲਈ ਕੀਤੀ ਗਈ ਸੀ। ਆਓ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲੀਏ। ਅੱਜ ਵੋਟ ਨੇ ਗੋਲੀ ਦੀ ਥਾਂ ਲੈ ਲਈ ਹੈ। ਸੋ ਅਸੀਂ ਉਨ੍ਹਾਂ ਲੋਕਾਂ ਦੇ ਹੱਥ ਮਜ਼ਬੂਤ ਕਰਨ ਲਈ ਭਾਰਤ ਵਾਪਸ ਜਾਣ ਬਾਰੇ ਸੋਚ ਸਕਦੇ ਹਾਂ ਜੋ ਜੋਖ਼ਮ ਉਠਾ ਕੇ ਆਰ.ਐੱਸ.ਐੱਸ. ਵਿਰੁੱਧ ਲੜ ਰਹੇ ਹਨ। ਅਸੀਂ ਮਈ 2024 ਦੀਆਂ ਚੋਣਾਂ ਵਿਚ ਭਾਜਪਾ ਨੂੰ ਹਰਾਉਣ ਲਈ ਆਪਣੇ ਪਿਆਰਿਆਂ ਨੂੰ ਉਤਸ਼ਾਹਿਤ ਕਰ ਸਕਦੇ ਹਾਂ। ਬਦਲਵਾਂ ਤਰੀਕਾ ਇਹ ਵੀ ਹੈ ਕਿ ਤੁਸੀਂ ਇੱਥੇ ਰਹਿ ਕੇ ਆਨਲਾਈਨ ਜਾਂ ਫ਼ੋਨ ਕਾਲਾਂ ਰਾਹੀਂ ਪ੍ਰਚਾਰ ਕਰ ਸਕਦੇ ਹੋ। ਦੁਨੀਆ ਭਰ 'ਚ ਜਾਗਰੂਕਤਾ ਪੈਦਾ ਕਰਨ ਲਈ ਜਨਤਕ ਰੈਲੀਆਂ ਦਾ ਆਯੋਜਨ ਪੱਛਮੀ ਮੀਡੀਆ ਅਤੇ ਸਿਆਸਤਦਾਨਾਂ ਨੂੰ ਭਾਰਤ ਵਿਚ ਕੀ ਹੋ ਰਿਹਾ ਹੈ ਬਾਰੇ ਸੰਵੇਦਨਸ਼ੀਲ ਬਣਾਉਣ ਅਤੇ ਇਹ ਯਕੀਨੀ ਬਣਾਉਣ ਲਈ ਅੰਤਰਰਾਸ਼ਟਰੀ ਦਬਾਅ ਬਣਾਉਣ ਦਾ ਇਕ ਹੋਰ ਤਰੀਕਾ ਹੈ ਤਾਂ ਜੋ ਮੋਦੀ ਅਗਲੀਆਂ ਚੋਣਾਂ ਜਿੱਤਣ ਲਈ 2002 ਵਰਗੀ ਹਿੰਸਾ ਨੂੰ ਅੰਜਾਮ ਨਾ ਦੇ ਸਕੇ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਮੋਦੀ ਸਰਕਾਰ ਭਾਰਤ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਅਤੇ ਮਜ਼ਬੂਤ ਬਣਾਉਣ ਦੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ 'ਚ ਅਸਫ਼ਲ ਰਹੀ ਹੈ। ਮੌਕਿਆਂ ਦੀ ਘਾਟ ਇਕ ਵਜ੍ਹਾ ਹੈ ਜਿਸ ਕਰਕੇ ਜ਼ਿਆਦਾਤਰ ਲੋਕ ਭਾਰਤ ਤੋਂ ਪ੍ਰਵਾਸ ਕਰਕੇ ਕੈਨੇਡਾ ਆਉਣ ਲਈ ਮਜਬੂਰ ਹਨ। ਇਸ ਨੇ ਮੋਦੀ ਨੂੰ ਧਰਮ ਦੀ ਸਿਆਸਤ ਵਿਚ ਹੋਰ ਵੀ ਹਮਲਾਵਰ ਹੋ ਕੇ ਜੁੱਟਣ ਦਾ ਕਾਰਨ ਮੁਹੱਈਆ ਕੀਤਾ ਹੈ। ਹੁਣ ਤੱਕ ਮੋਦੀ ਨੇ ਹਿੰਦੂ ਵੋਟਰਾਂ ਨਾਲ ਭਾਜਪਾ ਦੇ ਮੁੱਖ ਵਾਅਦਿਆਂ ਨੂੰ ਪੂਰਾ ਕਰਨ ਰਾਹੀਂ ਆਪਣਾ ਹਮਾਇਤੀ ਆਧਾਰ ਬਣਾਈ ਰੱਖਿਆ ਹੈ। ਸਾਨੂੰ ਸਾਰਿਆਂ ਨੂੰ ਜ਼ੋਰਦਾਰ ਅਪੀਲ ਕਰਨੀ ਚਾਹੀਦੀ ਹੈ ਕਿ ਵੋਟ ਰਣਨੀਤਕ ਤੌਰ 'ਤੇ ਪਾਈ ਜਾਵੇ ਤਾਂ ਜੋ ਮੋਦੀ ਨੂੰ ਦਬੱਲਿਆ ਜਾ ਸਕੇ ਅਤੇ ਇਕ ਹੋਰ ਬਦਲ ਨੂੰ ਸੱਤਾ 'ਚ ਲਿਆਂਦਾ ਜਾਵੇ ਜੋ ਧਰਮਨਿਰਪੱਖ ਅਤੇ ਸਹਿਣਸ਼ੀਲ ਹੋਵੇ। ਪਰ ਸਾਨੂੰ ਕਿਸੇ ਵੀ ਗੈਰ-ਭਾਜਪਾ ਪਾਰਟੀ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ। ਉਨ੍ਹਾਂ ਨੂੰ ਵੀ ਆਰ.ਐੱਸ.ਐੱਸ. ਨਾਲ ਘਿਓ-ਖਿੱਚੜੀ ਹੋਣ ਜਾਂ ਸੌੜੇ ਲਾਭਾਂ ਲਈ ਬਹੁਗਿਣਤੀਵਾਦੀ ਸਿਆਸਤ ਖੇਡਣ ਦੀਆਂ ਉਨ੍ਹਾਂ ਦੀਆਂ ਪਿਛਲੀਆਂ ਗ਼ਲਤੀਆਂ ਲਈ ਜਵਾਬਦੇਹ ਬਣਾਉਣਾ ਜ਼ਰੂਰੀ ਹੈ ਜਿਸ ਨੇ ਮੋਦੀ ਨੂੰ ਸੱਤਾ 'ਚ ਲਿਆਉਣ ਲਈ ਮੁੱਢਲਾ ਕੰਮ ਕੀਤਾ।

ਸੰਘ ਦੀ ਵਿਚਾਰਧਾਰਾ ਦਾ ਲਗਾਤਾਰ ਵਿਰੋਧ ਕਰਨ ਵਾਲੀਆਂ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀਆਂ ਨੇ ਨਿਰੋਲ ਮੌਕਾਪ੍ਰਸਤੀ ਵਿੱਚੋਂ ਹਿੰਦੂ ਰਾਸ਼ਟਰਵਾਦ ਦਾ ਪੱਤਾ ਖੇਡ ਕੇ ਉਨ੍ਹਾਂ ਨੂੰ ਪਛਾੜਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਮਾਨਦਾਰ ਉਮੀਦਵਾਰਾਂ ਅਤੇ ਜ਼ਮੀਨੀਂ ਪੱਧਰ 'ਤੇ ਕੰਮ ਕਰਨ ਵਾਲੇ ਕਾਰਕੁਨਾਂ ਦੀ ਪਛਾਣ ਕਰਨੀ ਚਾਹੀਦੀ ਹੈ ਜੋ ਅਸਲ ਤਬਦੀਲੀ ਲਿਆ ਸਕਦੇ ਹਨ।

ਲੋਕਾਂ ਨੂੰ ਸ਼ਾਇਦ ਇਹ ਅਹਿਸਾਸ ਨਾ ਹੋਵੇ ਕਿ ਆਰ.ਐੱਸ.ਐੱਸ. ਨੇ ਪ੍ਰਸ਼ਾਸਨ, ਨਿਆਂਪਾਲਿਕਾ, ਹਥਿਆਰਬੰਦ ਸੈਨਾਵਾਂ, ਸਿਨੇਮਾ, ਮੀਡੀਆ ਅਤੇ ਅਕਾਦਮਿਕ ਖੇਤਰ ਵਿਚ ਘੁਸਪੈਠ ਕਰਕੇ ਭਾਰਤੀ ਸਮਾਜ ਦਾ ਪਹਿਲਾਂ ਹੀ ਬਹੁਤ ਨੁਕਸਾਨ ਕਰ ਦਿੱਤਾ ਹੈ; ਸੰਘੀਆਂ ਦੁਆਰਾ ਉਸਾਰੇ ਗਏ ਸੱਤਾ ਢਾਂਚੇ ਨੂੰ ਤੋੜਨ ਦੀ ਕਿਸੇ ਵੀ ਕੋਸ਼ਿਸ਼ ਨੂੰ ਕਈ ਸਾਲ ਲੱਗ ਸਕਦੇ ਹਨ। ਜਦੋਂ ਮੋਦੀ ਅਤੇ ਆਰ.ਐੱਸ.ਐੱਸ. ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਗਿਆ, ਉਸ ਤੋਂ ਬਾਅਦ ਵੀ ਉਨ੍ਹਾਂ ਦੀ ਨਫ਼ਰਤ ਦੀ ਵਿਰਾਸਤ ਦੀ ਰਹਿੰਦ-ਖੂੰਹਦ ਨੂੰ ਮਿਟਾਉਣ ਲਈ ਲੰਮਾ ਸਮਾਂ ਕੰਮ ਕਰਨਾ ਪਵੇਗਾ।

ਨਰਭਿੰਦਰ
93544-30711

# ਕਲਮ ਅਤੇ ਆਵਾਜ਼ ਤੋਂ ਹਕੂਮਤਾਂ ਨੂੰ ਡਰ ਕਿਉਂ

*ਆਧੁਨਿਕ ਸਮਿਆਂ 'ਚ ਪੀੜਤ ਹਿੱਸਿਆਂ ਪ੍ਰੀਤ ਆਪਣੇ ਗਿਆਨ ਨੂੰ ਵਰਤੋਂ ਵਿਚ ਲਿਆ ਕੇ ਉਨ੍ਹਾਂ ਦੇ ਜੀਵਨ ਦੀਆਂ ਤਰਾਸਦੀਆਂ ਨੂੰ ਸਮਾਜ ਅੱਗੇ ਰੱਖਣ ਵਾਲੇ ਖੋਜੀ ਬਿਰਤੀ ਵਾਲੇ ਵਿਦਵਾਨ ਅਜੋਕੇ ਦੌਰ ਵਿਚ ਬੇਹੱਦ ਸੰਕਟ ਦੀਆਂ ਸਥਿਤੀਆਂ ਵਿਚੋਂ ਗੁਜ਼ਰ ਰਹੇ ਹਾਂ। ਹਾਲਾਂਕਿ ਸਮਾਜਾਂ ਦੀ ਹਕੀਕਤ ਲੋਕਾਂ ਦੇ ਸਾਹਮਣੇ ਲੈ ਕੇ ਆਉਣਾ ਕੋਈ ਗੁਨਾਹ ਨਹੀਂ ਹੁੰਦਾ। ਹਜ਼ਾਰਾਂ ਸਾਲਾਂ ਤੋਂ ਲੋਕ ਸੱਚਾਈ ਨੂੰ ਬਾਹਰ ਲੈ ਕੇ ਆਉਣ ਲਈ ਵੱਖ ਵੱਖ ਦੌਰ ਦੀਆਂ ਕਲਮਾਂ ਅਤੇ ਉਨ੍ਹਾਂ ਦੀ ਅਵਾਜ਼ ਬਣੀਆਂ ਸ਼ਖਸੀਅਤਾਂ ਸਮੇਂ ਦੀ ਹਕੂਮਤ ਅੱਗੇ ਰੜਕਦੀਆਂ ਰਹੀਆਂ ਹਨ। ਅਜਿਹਾ ਕੁਝ ਹੀ ਅਜੋਕੀ ਦੁਨੀਆ ਵਿਚ ਵਾਪਰ ਰਿਹਾ ਹੈ ਪ੍ਰੰਤੂ ਜਿਸ ਕਿਸਮ ਦੇ ਹਾਲਾਤ ਭਾਰਤ ਦੀ ਮੌਜੂਦਾ ਹਕੂਮਤ ਵਲੋਂ ਉਤਪੰਨ ਕੀਤੇ ਗਏ ਹਨ ਅਤੇ ਸਮਾਜ ਨੂੰ ਵੰਡੀਆਂ ਅਤੇ ਸੰਕਟਾਂ ਵਿਚ ਸੁੱਟਿਆ ਜਾ ਰਿਹਾ ਹੈ ਉਸ ਪ੍ਰਤੀ ਹੱਕ ਸੱਚ ਦੀ ਕਲਮ ਅਤੇ ਆਵਾਜ਼ ਲਗਾਤਾਰ ਹਕੂਮਤਾਂ ਦੀਆਂ ਨਜ਼ਰਾਂ ਵਿਚ ਰੜਕਦੀ ਹੈ। ਅਜਿਹੇ ਭਿਆਨਕ ਦੌਰਾਂ ਵਿਚ ਆਪਸੀ ਛੋਟੇ-ਮੋਟੇ ਵਿਤਕਰੇ ਅਤੇ ਹੱਦਬੰਦੀਆਂ ਤੋੜ ਕੇ ਲੋਕਾਂ ਦੇ ਹੱਕਾਂ ਵਿਚ ਆਪਣੀ ਖੋਜ ਨੂੰ ਸਮਰਪਿਤ ਕਰਨ ਵਾਲੀਆਂ ਸ਼ਖਸੀਅਤਾਂ ਦੇ ਅੰਗ-ਸੰਗ ਖੜ੍ਹੇ ਹੋਣਾ ਇਤਿਹਾਸਕ ਜ਼ਿੰਮੇਵਾਰੀ ਹੈ। ਇਸ ਦਾ ਹਰ ਇਕ ਨੂੰ ਅਹਿਸਾਸ ਜ਼ਰੂਰ ਹੈ ਪ੍ਰੰਤੂ ਜਿਸ ਕਿਸਮ ਦੀ ਇਕਜੁਟਤਾ ਅਜਿਹੇ ਦੌਰ ਵਿਚ ਸੰਘਰਸ਼ਾਂ ਤੋਂ ਲੈ ਕੇ ਰਾਜਨੀਤੀ ਤੱਕ ਚਾਹੀਦਾ ਹੈ ਉਸ ਵੱਲ ਕਦਮ ਪੁੱਟਣੇ ਤੇ ਇਕਜੁਟ ਹੋਣਾ ਇਸ ਨਾਲ ਹੀ ਹਕੂਮਤੀ ਜਬਰ ਤੋਂ ਕਲਮ ਅਤੇ ਆਵਾਜ਼ ਬਚ ਸਕਦੀ ਹੈ। -ਸੰਪਾਦਕ*



ਕੇਂਦਰੀ ਹਕੂਮਤ ਪਿਛਲੇ 9 ਸਾਲ ਤੋਂ ਭਾਰਤ ਦੇ ਬੁੱਧੀਜੀਵੀਆਂ ਮਨੁੱਖ ਅਧਿਕਾਰਾਂ ਲਈ ਬੋਲਣ ਤੇ ਲਿਖਣ ਵਾਲੀਆਂ ਸ਼ਖਸੀਅਤਾਂ ਨੂੰ ਵੱਖ-ਵੱਖ ਢੰਗਾਂ ਰਾਹੀਂ ਆਪਣੇ ਜਬਰ ਦਾ ਨਿਸ਼ਾਨਾ ਬਣਾਉਂਦੀ ਆ ਰਹੀ ਹੈ। ਜਿਨ੍ਹਾਂ 'ਚ ਕਈਆਂ ਨੂੰ ਫਰਜ਼ੀ ਕੇਸਾਂ ਵਿਚ ਕਈ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਕੀਤਾ ਹੈ ਅਤੇ ਕਈਆਂ ਨੂੰ ਨਵੇਂ ਕੇਸਾਂ ਵਿਚ ਫਸਾਉਣ ਲਈ ਹੱਥ ਪੈਰ ਮਾਰ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਪਿਛਲੇ ਦਿਨੀਂ ਉਘੀ ਸਮਾਜਿਕ ਕਾਰਕੁੰਨ ਤੇ ਔਰਤਾਂ ਦੇ ਅਧਿਕਾਰਾਂ ਉਤੇ ਦਲੇਰੀ ਨਾਲ ਪਹਿਰਾ ਦੇਣ ਵਾਲੀ ਡਾ. ਨਵਸ਼ਰਨ ਸਿੰਘ ਨੂੰ ਈ.ਡੀ. ਵਲੋਂ 9 ਘੰਟੇ ਦੀ ਪੁੱਛਗਿੱਛ ਦੇ ਬਹਾਨੇ ਪ੍ਰੇਸ਼ਾਨ ਕਰਨਾ ਹੈ। ਈ.ਡੀ. ਦਾ ਕਹਿਣਾ ਹੈ ਕਿ ਉਹ ਜਿਸ ਸੰਸਥਾ ਮੱਧ ਏਸ਼ੀਆ 'ਚ ਔਰਤਾਂ ਦੀ ਦੁਰਦਸ਼ਾ ਦੀ ਜਾਂਚ ਕਰਨ ਵਾਲੀ ਅਤੇ ਕਾਰਵਾਂ-ਏ-ਮੁਹੱਬਤ ਵਰਗੀ ਸੰਸਥਾ ਵਲੋਂ ਜਾਂ ਜੋ ਹੋਰ ਵੀ ਖੋਜ ਕਾਰਜ ਤੇ ਜਾਰੀ ਰਿਪੋਰਟਾਂ ਲਈ ਵਿਦੇਸ਼ੀ ਫੰਡਾਂ ਦੇ ਲੇਖਾ-ਜੋਖਾ ਜਾਂਚ ਰਹੀ ਹੈ। ਭਾਵ ਸਰਕਾਰ ਦੀਆਂ ਨਜ਼ਰਾਂ ਵਿਚ ਪ੍ਰੀਵੈਨਸ਼ਨ ਮਨੀ ਲਾਡਰਿੰਗ ਐਕਟ ਦੀ ਉਲੰਘਣਾ ਦਾ ਸਵਾਲ ਹੈ ਜਿਸ ਦੀ ਜਾਂਚ ਕਰ ਰਹੀ ਹੈ ਪਰ ਹਕੀਕਤ ਕੁਝ ਹੋਰ ਹੈ।

ਹਕੀਕਤ ਇਹ ਹੈ ਕਿ ਡਾ. ਨਵਸ਼ਰਨ ਨੇ ਪਿਛਲੇਰੇ ਦੌਰ ਵਿਚ ਜਿਹੜੀ ਭੂਮਿਕਾ ਸਾਊਥ ਏਸ਼ੀਆ ਦੇ ਖਿੱਤੇ ਵਿਚ ਔਰਤਾਂ ਉਤੇ ਹਿੰਸਾ ਤੇ ਵਿਸ਼ੇਸ਼ ਕਰਕੇ ਹਾਸ਼ੀਏ ਤੋਂ ਪਾਰ ਅਤੇ ਨਪੀੜੇ ਜਾਂਦੇ ਵਰਗਾਂ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਨੂੰ ਆਪਣੀਆਂ ਖੋਜ ਰਿਪੋਰਟਾਂ ਰਾਹੀਂ ਸਾਹਮਣੇ ਲਿਆਂਦਾ ਹੈ ਉਹ ਹਕੂਮਤ ਦੀ ਪ੍ਰੇਸ਼ਾਨੀ ਦਾ ਸਬੱਬ ਹੈ। ਵਿਸ਼ੇਸ਼ ਕਰਕੇ ਕਾਰਵਾਂ-ਏ-ਮੁਹੱਬਤ ਨਾਮੀ ਸੰਸਥਾ ਵਲੋਂ ਆਪਣੇ ਸਹਿਯੋਗੀ ਬੁੱਧੀਜੀਵੀ ਤੇ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਹਰਸ਼ ਮੰਦਰ ਨਾਲ ਮਿਲ ਕੇ ਭਾਰਤ ਵਿਚ ਮੁਸਲਿਮ ਘੱਟ ਗਿਣਤੀ ਦੇ ਲੋਕਾਂ ਉਤੇ ਜਥੇਬੰਦਕ ਹਿੰਦੂਤਵੀ ਗੁੰਡਿਆਂ ਵਲੋਂ ਕੀਤੀਆਂ ਜਾ ਰਹਆਂ ਜ਼ਿਆਦਤਰੀਆਂ 'ਤੇ ਵਿਸ਼ੇਸ਼ ਕਰਕੇ ਮੁਸਲਿਮ ਔਰਤਾਂ ਨਾਲ ਹੋ ਰਹੀਆਂ ਹਿੰਸਾ ਤੇ ਜ਼ਿਆਦਤਰੀਆਂ ਨੂੰ ਵੀ ਸਾਹਮਣੇ ਲਿਆਂਦਾ ਉਹਦਾ ਘੇਰਾ ਦਿੱਲੀ ਤੋਂ ਮੁੰਬਈ ਤੱਕ ਨਹੀਂ ਸਗੋਂ ਨੇਪਾਲ ਤੇ ਹੋਰ ਸਾਊਥ ਏਸ਼ੀਆ ਤੱਕ ਪਸਰਿਆ ਹੋਇਆ ਹੈ। ਇਹ ਉਹੀ ਨਵਸ਼ਰਨ ਹੈ ਜੋ 13 ਮਹੀਨੇ ਚੱਲੇ ਕਿਸਾਨ ਘੋਲ ਦੇ ਅੰਗ-ਸੰਗ ਨਾਲ ਸਿਰਫ਼ ਖੜ੍ਹੀ ਰਹੀ ਸਗੋਂ ਔਰਤਾਂ ਦੀ ਕਿਸਾਨ ਸੰਘਰਸ਼ ਵਿਚ ਭੂਮਿਕਾ ਨੂੰ ਬੜੀ ਗਹਿਰਾਈ 'ਚ ਵੇਖਿਆ ਤੇ ਵਾਚਿਆ ਤੇ ਉਹਦੀ ਆਵਾਜ਼ ਬਣੀ। ਇਸ ਤੋਂ ਪਹਿਲਾਂ ਵੀ ਨਾਗਰਿਕਤਾ ਸੋਧ ਬਿਲ ਦੇ ਵਿਰੋਧ ਵਿਚ ਚਲੇ ਸੰਘਰਸ਼ ਵਿਸ਼ੇਸ਼ ਕਰਕੇ ਸ਼ਹੀਨ ਬਾਗ ਵਰਗੇ ਮੋਰਚੇ ਵਿਚ ਵੀ ਸਰਗਰਮ ਭੂਮਿਕਾ ਨਿਭਾਈ। ਲਖੀਮਪੁਰ ਖੀਰੀ ਵਿਚ ਇਕ ਸੰਸਦ ਮੈਂਬਰ ਦੇ ਵਿਗੜੇ ਹੋਏ ਪੁੱਤਰ ਵਲੋਂ ਪੰਜ ਕਿਸਾਨਾਂ ਨੂੰ ਦਰੜ ਕੇ ਮਾਰ ਦੇਣ ਦੀ ਘਟਨਾ ਦੀ ਜਾਂਚ ਰਿਪੋਰਟ ਕਰਨ ਵਾਲੀ ਟੀਮ ਵਿਚ ਵੀ ਨਵਸ਼ਰਨ ਸ਼ਾਮਲ ਸੀ ਅਤੇ ਕਿਸਾਨ ਘੋਲ ਦੇ ਮੁਢਲੇ ਪੜਾਅ 'ਚ 26 ਜਨਵਰੀ ਵਾਲੀ ਕਿਸਾਨ ਪਰੇਡ ਦੀ ਵੀ ਚਸ਼ਮਦੀਨ ਗਵਾਹ ਸੀ ਜਿਸ ਉਤੇ ਇਕ ਰਿਪੋਰਟ ਵੀ ਤਿਆਰ ਕਰਨ ਵਿਚ ਉਹਦੀ ਸਰਗਮ ਭੂਮਿਕਾ ਰਹੀ।

ਡਾ. ਨਵਸ਼ਰਨ ਪੰਜਾਬ ਦੀ ਮਿੱਟੀ ਦੀ ਜਾਈ ਧੀ ਹੈ ਅਤੇ ਪੰਜਾਬ ਦੇ ਹੀ ਨਹੀਂ ਕੌਮਾਂਤਰੀ ਪੱਧਰ ਦੀ ਪਹਿਚਾਣ ਰੱਖਣ ਵਾਲੇ ਪੇਂਡੂ ਖੇਤਰ ਦਾ ਨਾਟਕਕਾਰ ਗੁਰਸ਼ਰਨ ਸਿੰਘ ਦੀ ਸੁੰਘੜ ਤੇ ਦਲੇਰ ਪੁੱਤਰੀ ਵੀ ਹੈ। ਨਪੀੜੇ ਲੋਕਾਂ ਦੀ ਪੀੜ ਨੂੰ ਪੜ੍ਹਨ ਤੇ ਉਹਦਾ ਹਿੱਸਾ ਤੇ ਆਵਾਜ਼ ਬਣਾ ਉਹਨੂੰ ਆਪਣੇ ਮਾਤਾ ਕੈਲਾਸ਼ ਕੌਰ ਤੇ ਪਿਤਾ ਗੁਰਸ਼ਰਨ ਸਿੰਘ ਪਾਸੋਂ ਮਿਲਿਆ ਸੀ। ਪਰਿਵਾਰ ਵਿਰਾਸਤ 'ਚੋਂ ਇਸ ਚੇਤਨਾ ਦੀ ਗੜ੍ਹਤੀ ਲੈਣ ਵਾਲੀ ਨਵਸ਼ਰਨ ਨੇ ਪਹਿਲਾਂ ਦਿੱਲੀ ਤੇ ਫਿਰ ਕਾਰਲੇਟਨ ਯੂਨੀਵਰਸਿਟੀ ਵਿਚ ਰਾਜਨੀਤਕ ਵਿਸ਼ਿਆਂ ਦੀ ਪੀ.ਐਚ.ਡੀ. ਕਰਨ ਸਮੇਂ ਹੋਰ ਗਹਿਰਾਈ 'ਚ ਅਧਿਐਨ ਕੀਤਾ ਅਤੇ ਇਸੇ ਦੌਰਾਨ ਹੀ ਉਸ ਨੇ ਆਪਣੀ ਖੋਜ ਦੇ ਕਾਰਜ ਦਾ ਵਿਸ਼ਾ ਆਬਾਦੀ ਦਾ ਅੱਧ ਔਰਤਾਂ ਦੀ ਤ੍ਰਾਸਦਿਕ ਹਾਲਤ, ਉਨ੍ਹਾਂ ਦੇ ਅਧਿਕਾਰ ਲਈ ਜਾਗਰੂਕਤਾ ਤੇ ਸੰਘਰਸ਼ ਦੇ ਖੇਤਰ ਨੂੰ ਚੁਣਿਆ। ਪੰਜਾਬ ਦੀਆਂ ਪੇਂਡੂ ਖੇਤਰ ਦੀਆਂ ਔਰਤਾਂ ਨਾਲ ਉਹਦਾ ਰਿਸਤਾ ਤਾਂ ਗੁਰਸ਼ਰਨ ਸਿੰਘ ਨਾਲ ਨਾਟਕਾਂ 'ਚ ਕੰਮ ਕਰਦਿਆਂ ਬਣਿਆ ਸੀ ਪਰ ਆਪਣੀ ਉਚ ਵਿਦਿਆ ਹਾਸਲ ਕਰਨ ਪਿਛੋਂ ਉਹਨੇ ਪੰਜਾਬ ਦੀਆਂ ਪੇਂਡੂ ਔਰਤਾਂ ਵਿਸ਼ੇਸ਼ ਕਰਕੇ ਕਿਸਾਨੀ ਤੇ ਮਜ਼ਦੂਰ ਔਰਤਾਂ ਦੀ ਤ੍ਰਾਸਦਿਕ ਜ਼ਿੰਦਗੀ ਨੂੰ ਗਹਿਰਾਈ 'ਚ ਵਾਚਨ ਦੀ ਕੋਸ਼ਿਸ਼ ਕੀਤੀ। ਇਹੀ ਕਾਰਨ ਹੈ ਕਿ ਉਹ ਪੰਜਾਬ ਦੀ ਮਿੱਟੀ ਦੇ ਨਾਲ ਜੁੜੀ ਪੰਜਾਬ ਦੀ ਉਹ ਸਿਰੜੀ ਜੁਝਾਰੂ ਤੇ ਬੇਬਾਕ ਧੀ ਹੈ ਜਿਹੜੀ ਨਾ ਸਿਰਫ਼ ਦੇਸ਼ ਸਗੋਂ ਪੂਰੇ ਸਾਊਥ ਏਸ਼ੀਆ ਦੇ ਖਿੱਤੇ ਵਿਚ ਔਰਤਾਂ ਉਤੇ ਹੋ ਰਹੀ ਹਿੰਸਾ ਤੇ ਜਬਰ ਨੂੰ ਬੇਪੜਦ ਕਰਨ ਵਾਲੀ ਇਕ ਰੋਹਲੀ ਆਵਾਜ਼ ਹੈ। ਕਿਉਂਕਿ ਪਿਛਲੇਰੇ 9 ਸਾਲਾਂ ਵਿਚ ਭਾਰਤ ਵਿਚ ਮੁਸਲਿਮ ਤੇ ਦਲਿਤ ਔਰਤਾਂ ਭਾਜਪਈ ਗੁੰਡਿਆਂ ਦੇ ਜਬਰ ਦਾ ਵਿਸ਼ੇਸ ਨਿਸ਼ਾਨਾ ਬਣੀਆਂ ਹੋਈਆਂ ਹਨ ਜਿਨ੍ਹਾਂ ਨੂੰ ਬੇਪੜਦ ਕਰਨ ਤੇ ਉਨ੍ਹਾਂ ਦੇ ਹੱਕ ਵਿਚ ਖਲੋਣ ਦੀ ਭੂਮਿਕਾ ਨਵਸ਼ਰਨ ਦਲੇਰੀ ਨਾਲ ਨਿਭਾਅ ਰਹੀ ਹੈ। ਇਹੀ ਕਾਰਨ ਹੈ ਕਿ ਹਿੰਦੂਤਵੀ ਗੁੰਡਿਆਂ ਨੂੰ ਪੁਸ਼ਤ ਪਨਾਹ ਦੇਣ ਵਾਲੀ ਭਾਜਪਾ ਹਕੂਮਤ ਦੀਆਂ ਅੱਖਾਂ ਵਿਚ ਨਵਸ਼ਰਨ ਵੀ ਉਵੇਂ ਹੀ ਰੜਕਦੀ ਹੈ ਜਿਵੇਂ ਦੇਸ਼ ਦੇ ਹੋਰ ਚੇਤੰਨ ਬੁੱਧੀਜੀਵੀ ਰੜਕਦੇ ਹਨ।

ਡਾ. ਨਵਸ਼ਰਨ ਸਿੰਘ ਨੂੰ ਹਕੂਮਤ ਵਲੋਂ ਪ੍ਰੇਸ਼ਾਨ ਕਰਨ ਵਿਰੁੱਧ ਜਿਥੇ ਪੰਜਾਬ ਤੇ ਭਾਰਤ ਦੇ ਬੁੱਧੀਜੀਵੀਆਂ ਨੇ ਵਿਰੋਧ ਦੀ ਆਵਾਜ਼ ਉਠਾਈ ਹੈ, ਉਥੇ ਦੱਖਣੀ ਏਸ਼ੀਆ ਤੋਂ ਲੈ ਕੇ ਕੈਨੇਡਾ ਅਮਰੀਕਾ ਤੇ ਯੂਰਪ ਦੇ ਕਈ ਸੰਗਠਨਾਂ ਵਲੋਂ ਵੀ ਇਸ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ ਵਿਸ਼ੇਸ਼ ਕਰਕੇ ਧਰਮ ਨਿਰਪੇਖ ਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਵਾਲੀਆਂ ਸਾਊਥ ਏਸ਼ੀਆ ਦੀਆਂ ਸੰਸਥਾਵਾਂ, ਅਲਰਟਰਨੇਟਿਵ ਇੰਟਰਨੈਸ਼ਨਲ ਸੈਂਟਰ, ਇਮੀਗਰੇਸ਼ਨ ਵਰਕਰ ਸੈਂਟਰ ਤੇ ਸਾਊਥ ਏਸ਼ੀਆ ਦੀ ਔਰਤਾਂ ਦੀ ਜਥੇਬੰਦੀ ਜਿਨ੍ਹਾਂ ਨੂੰ ਉਹਦੇ ਖੋਜ ਕਾਰਜਾਂ ਦੀ ਮਹੱਤਤਾ ਦਾ ਇਲਮ ਹੈ, ਨੇ ਭਾਰਤੀ ਹਕੂਮਤ ਵਲੋਂ ਨਵਸ਼ਰਨ ਨੂੰ ਪ੍ਰੇਸ਼ਾਨ ਕਰਲ ਦਾ ਸਖ਼ਤ ਨੋਟਿਸ ਲਿਆ ਹੈ ਤੇ ਆਵਾਜ਼ ਉਠਾਈ ਹੈ। ਕੌਮਾਂਤਰੀ ਵਿਾਸ ਖੋਜ ਕੇਂਦਰ ਜੋ ਦੁਨੀਆ ਦੀਆਂ ਔਰਤਾਂ ਦੀ ਪੀੜਾਂ ਨੂੰ ਆਪਣੇ ਖੋਜ ਕਾਰਜਾਂ ਰਾਹੀਂ ਸਾਹਮਣੇ ਲਿਆਉਂਦਾ ਹੈ ਤੇ ਜਿਸ ਨਾਲ ਨਵਸ਼ਰਨ ਜੁੜੀ ਹੋਈ ਹੈ, ਨੇ ਵੀ ਇਸ ਦਾ ਸਖ਼ਤ ਨੋਟਿਸ ਲਿਆ ਹੈ।

ਡਾ. ਨਵਸ਼ਰਨ ਨਾ ਤਲਵਾਰ ਫੜ ਕੇ ਲੜ ਰਹੀ ਸੀ, ਨਾ ਹੀ ਕੋਈ ਸੰਘਰਸ਼ਾਂ ਦੀ ਅਗਵਾਈ ਕਰ ਰਹੀ ਸੀ ਉਹ ਤਾਂ ਕਲਮ ਤੇ ਚੇਤੰਨ ਦੀ ਧਾਰ ਰਾਹੀਂ ਸਮਾਜ ਦੇ ਨਪੀੜੇ ਲੋਕਾਂ ਉਤੇ ਜਬਰ ਤੇ ਹਿੰਸਾ ਨੂੰ ਨੰਗਾ ਕਰਨ ਦੀ ਭੂਮਿਕਾ ਨਿਭਾਅ ਰਹੀ ਸੀ। ਕਲਮ ਤੇ ਚੇਤਨਾ ਦਾ ਹਥਿਆਰ ਵੀ ਹਕੂਮਤ ਦੀਆਂ ਨਜ਼ਰਾਂ ਵਿਚ ਕਿੰਨਾ ਖਤਰਨਾਕ ਹੈ, ਜਿਸ ਤੋਂ ਭਾਜਪਾ ਤੇ ਮੋਦੀ ਦੀ ਹਕੂਮਤ ਡਰ ਰਹੀ ਹੈ ਅਤੇ ਨਵਸ਼ਰਨ ਨੂੰ ਨਿਸ਼ਾਨੇ 'ਤੇ ਲਿਆ ਰਹੀ ਹੈ। ਭਾਜਪਾ ਹਕੂਮਤ ਦੇ ਮਨਸੂਬੇ ਖਤਰਨਾਕ ਹਨ, ਚੌਕਸ ਹੋਣ ਦੀ ਲੋੜ ਹੈ ਅਤੇ ਦੇਸ਼ ਭਰ ਦੇ ਬੁੱਧੀਜੀਵੀਆਂ ਨੂੰ ਇਸ ਵਿਰੁੱਧ ਇਕਜੁਟ ਆਵਾਜ਼ ਉਠਾਉਣੀ ਚਾਹੀਦੀ ਹੈ ਕਿ - ਨਵਸ਼ਰਨ ਤੋਂ ਆਪਣੇ ਹੱਥ ਪਰ੍ਹਾਂ ਰੱਖੋ।

ਡਾ. ਨਵਸ਼ਰਨ ਵਿਵਸਥਾ ਦੀਆਂ ਅੱਖਾਂ 'ਚ ਅੱਖ ਪਾ ਕੇ ਹਕੀਕਤ ਬਿਆਨਣ ਵਾਲੀ ਉਹ ਆਵਾਜ਼ ਹੈ ਜਿਹਨੂੰ ਫਰਜ਼ੀ ਕੇਸਾਂ ਦੇ ਡਰਾਵੇ ਦੇ ਕੇ ਡਰਾਇਆ ਧਮਕਾਇਆ ਨਹੀਂ ਜਾ ਸਕਦਾ। ਹਕੂਮਤ ਅਤੇ ਵਿਵਸਥਾ ਦੇ ਕੁਚੱਜਾਂ ਉਤੇ ਉਂਗਲ ਰੱਖਣਾ ਅਤੇ ਅਨਿਆਂ ਤੇ ਜ਼ਿਆਦਤਰੀਆਂ ਵਿਰੁੱਧ ਲੜਨਾ ਨਵਸ਼ਰਨ ਦੇ ਆਪਣੀ ਵਿਰਾਸਤ 'ਚੋਂ ਲਿਆ ਹੈ। ਉਹ ਆਪਣੇ ਨਾਟਕਾਂ ਰਾਹੀਂ ਹਕੂਮਤ ਨੂੰ ਕਟਹਿਰੇ 'ਚ ਨੰਗਾ ਕਰਨ ਵਾਲੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਧੀ ਹੀ ਨਹੀਂ ਸਗੋਂ ਇਸ ਵਿਵਸਥਾ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਗਹਿਰਾਈ 'ਚ ਵਾਚਨ ਅਤੇ ਇਹਨੂੰ ਬਦਲਣ ਦੀਆਂ ਸਿਧਾਂਤਕ ਬਾਰੀਕੀਆਂ ਨੂੰ ਪਛਾਣਨ ਵਾਲੇ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਤੋਂ ਵੀ ਗੁੜ੍ਹਤੀ ਮਿਲੀ ਹੋਈ ਹੈ। ਉਹ ਬੌਧਿਕਤਾ ਤੇ ਸੰਘਰਸ਼ ਦਾ ਅਜਿਹਾ ਸੁਮੇਲ ਹੈ ਜਿਹਨੂੰ ਨਾ ਡਰਾਇਆ ਜਾ ਸਕਦਾ ਹੈ ਨਾ ਧਮਕਾਇਆ। ਉਹ ਸਾਊਥ ਏਸ਼ੀਆ ਦੀਆਂ ਨਪੀੜੀਆਂ ਤੇ ਹਰ ਕਿਸਮ ਦੀ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਬੇਬਾਕ ਆਵਾਜ਼ ਹੈ ਜੋ ਬੁਲੰਦ ਹੈ ਤੇ ਬੁਲੰਦ ਰਹੇਗੀ।

## ਸਾਡਾ ਕੋਈ 'ਮੁਕਾਬਲਾ' ਨਹੀਂ...

-ਸੁਖਪਾਲ ਸਿੰਘ

ਸਾਡਾ ਕੋਈ 'ਮੁਕਾਬਲਾ' ਨਹੀਂ
'ਉਨ੍ਹਾਂ' ਨਾਲ
'ਉਨ੍ਹਾਂ' ਕੋਲ ਫੌਜ ਹੈ - 14 ਲੱਖ
ਇੱਕ ਕਮਾਂਡਰ ਦੇ ਅਧੀਨ
ਅਸੀਂ 14 ਹਜ਼ਾਰ ਵੀ ਨਹੀਂ ਬੋਲਣ ਵਾਲੇ
ਤੇ ਜਿਹੜੇ ਹਾਂ ਜਾਣਦੇ ਤਕ ਨਹੀਂ
ਦੂਜਾ ਜਣਾ ਕਿੱਥੇ ਹੈ
ਜੀਂਦਾ ਹੈ ਕਿ ਮਰ ਚੁੱਕਾ ਹੈ
ਫੇਰ ਵੀ ਸਾਥੋਂ ਗਿਣਤੀ ਦਿਆਂ ਤੋਂ
ਬਚਣ ਲਈ
'ਉਨ੍ਹਾਂ' 16 ਲੱਖ ਪੁਲਸ ਹੈ ਰੱਖੀ
ਜਿਸਦਾ 1100 ਅਰਬ ਰੁਪਈਆ
ਸਾਲਾਨਾ ਖਰਚਾ ਦੇਂਦੇ ਹਾਂ ਅਸੀਂ
ਏਨਾ ਲਸ਼ਕਰ 'ਉਨ੍ਹਾਂ' ਦਾ
ਸਾਬਤ ਹੈ ਕਰਦਾ
ਕਿ ਸਾਡੇ ਵਿਚੋਂ ਇਕ ਇਕ ਵੀ
ਸਵਾ ਲੱਖ ਭੇਡਾਂ ਨਾਲ ਲੜ ਸਕਦਾ
'ਉਨ੍ਹਾਂ' ਕੋਲ ਅਦਾਲਤਾਂ ਹਨ ਆਪਣੇ ਤੇ
ਹੋਣ ਵਾਲੇ ਮੁਕੱਦਮੇ ਰੋਕਣ ਲਈ
ਅਖ਼ਬਾਰਾਂ ਹਨ
ਆਪਣੀ ਹਰ ਕਰਤੂਤ ਲੁਕੋਣ ਲਈ
'ਉਨ੍ਹਾਂ' ਕੋਲ ਜਾਸੂਸ ਹਨ
ਜੁਰਮ ਨਹੀਂ ਬਗਾਵਤ ਸੁੰਘਣ ਲਈ
ਆਮਦਨ ਕਰ ਵਿਭਾਗ ਹੈ
ਸੱਚ ਬੋਲਦਿਆਂ ਤੇ ਜਜ਼ੀਆ ਠੋਸਣ ਲਈ
ਛਾਪਾਮਾਰ ਦਸਤੇ ਹਨ
ਨਾ-ਅਹਿਲਾਂ ਨੂੰ ਡੱਕਣ ਲਈ
ਦੇਸ ਦੇ 50 ਕਰੋੜ ਮਰਦਾਂ ਵਿਚੋਂ
ਉਹ 20-30 ਕਰੋੜ ਵੀ ਹਨ 'ਉਨ੍ਹਾਂ' ਕੋਲ
ਜਿੰਨ੍ਹਾਂ ਨੂੰ ਹਜ਼ਾਰ ਸਾਲਾਂ ਬਾਦ ਪਹਿਲੀ ਵਾਰ
'ਮਰਦ' ਹੋਣ ਦਾ ਅਹਿਸਾਸ ਨਸੀਬ ਹੋਇਆ ਹੈ
ਪਰ 'ਉਨ੍ਹਾਂ' ਕੋਲ ਜੇ ਕੁਝ ਨਹੀਂ ਤਾਂ
ਉਹ - ਅਸੀਂ ਹਾਂ ...
ਜੋ ਘੋਰ ਚੁੱਪ ਦੇ ਸਮੇਂ ਵਿਚ ਵੀ ਬੋਲਦੇ ਹਾਂ
'ਉਨ੍ਹਾਂ' ਕੋਲ ਇਸ ਦੇਸ ਦੀਆਂ
ਕਈ ਕਰੋੜ ਨਾਰੀਆਂ ਵੀ ਨਹੀਂ
ਕਿਉਂਕਿ ਹਜ਼ਾਰ ਸਾਲਾਂ ਵਿਚ ਕਿਸੇ ਨਾਰੀ
ਨੂੰ ਨਾਰੀ ਹੋਣ ਤੋਂ ਰੋਕ ਨਹੀਂ ਸਕਿਆ
ਕੋਈ ਗਜ਼ਨਵੀ ਅਬਦਾਲੀ ਜਾਂ ਗੌਰੀ
ਨਾ ਕਿਸੇ ਨੂੰ ਔਰਤ ਹੋਣ ਲਈ ਲੋੜ ਪਈ
ਕਦੀ
ਕਿਸੇ ਸਿਆਸਤਦਾਨ ਦੀ ਤਸਦੀਕ ਦੀ
ਇਸਤ੍ਰੀ ਸਦਾ ਇਸਤ੍ਰੀ ਹੀ ਰਹੀ
ਪਿੰਜਰੇ ਜਾਂ ਜ਼ੰਜੀਰ ਵਿਚ ਵੀ ...
ਕਿਸੇ ਵੀ 'ਨਵਸ਼ਰਨ' ਤੋਂ
ਘਬਰਾਹਟ ਹੁੰਦੀ ਹੈ 'ਉਨ੍ਹਾਂ' ਨੂੰ
ਏਸੇ ਲਈ ...
ਇਸ ਨਾ-ਬਰਾਬਰ ਲੜਾਈ ਵਿਚ ਅਸੀਂ
ਸ਼ਾਇਦ 'ਉਨ੍ਹਾਂ' ਤੋਂ ਜਿੱਤ ਨਾ ਸਕੀਏ
'ਉਨ੍ਹਾਂ' ਨੂੰ ਗੱਦੀ ਤੋਂ ਲਾਹ ਨਾ ਸਕੀਏ
ਪਰ ਅਸੀਂ ਚੁੱਪ ਹੋ ਕੇ
'ਉਨ੍ਹਾਂ' ਨੂੰ ਇਹ ਵਿਸ਼ਵਾਸ ਨਹੀਂ ਕਰਨ
ਦਿਆਂਗੇ
ਕਿ ਅਸੀਂ ਕਰ ਲਿਆ ਹੈ ਸਵੀਕਾਰ
ਸਾਨੂੰ ਵੰਡਣ ਵੇਚਣ ਤੇ ਕੁਚਲਣ ਦਾ ਕਾਰੋਬਾਰ
ਅਸੀਂ ਬੋਲ ਬੋਲ ਕੇ ਸੌਣ ਨਹੀਂ ਦਿਆਂਗੇ
ਕਿਸੇ ਵੀ ਰਾਤ 'ਉਨ੍ਹਾਂ' ਨੂੰ
ਭਰੋਸਾ ਨਹੀਂ ਆਉਣ ਦਿਆਂਗੇ 'ਉਨ੍ਹਾਂ' ਨੂੰ
ਕਿ ਉਹ - 'ਠੀਕ' ਨੇ!
ਜਾਂ ਕਿ - ਉਹੀ 'ਠੀਕ' ਨੇ!
ਇਸ ਨਾ-ਬਰਾਬਰ ਲੜਾਈ ਵਿਚ
ਏਨਾ ਤਾਂ ਕਰ ਹੀ ਸਕਦੇ ਹਾਂ ਅਸੀਂ
ਜਦ ਤੱਕ 'ਆਖ਼ਰੀ' ਵਾਰੀ ਹਾਰ ਨਹੀਂ ਜਾਂਦੇ
ਓਦੋਂ ਤੱਕ ਤਾਂ ਲੜ ਹੀ ਸਕਦੇ ਹਾਂ ਅਸੀਂ
ਉਹ 'ਆਖ਼ਰੀ' ਵਾਰ ਕਦੋਂ ਹੋਵੇਗੀ
ਏਹ ਨਿਰਣਾ ਕਰਾਂਗੇ ਅਸੀਂ...
ਇਕ ਅਸੀਂ ਹੀ ਤਾਂ ਹਾਂ
ਜਿੰਨ੍ਹਾਂ ਦਾ ਮੁਕਾਬਲਾ ਹੈ -
'ਉਨ੍ਹਾਂ' ਨਾਲ ...

# ਦੇਸ਼-ਵਿਦੇਸ਼ ਵਿਚਲੇ ਸਾਹਿਤ ਤੇ ਕਲਾ ਜਗਤ ਨੇ ਡਾ. ਨਵਸ਼ਰਨ ਦੇ ਹੱਕ 'ਚ ਆਵਾਜ਼

## ਕੈਨੇਡਾ ਦੀਆਂ 22 ਦੇ ਕਰੀਬ ਜਥੇਬੰਦੀਆਂ ਆਈਆਂ ਡਾ. ਨਵਸ਼ਰਨ ਦੇ ਹੱਕ 'ਚ : ਹਰਿੰਦਰ ਮਾਹਿਲ

ਸ਼੍ਰੋਮਣੀ ਨਾਟਕਕਾਰ ਸ੍ਰੀ ਗੁਰਸ਼ਰਨ ਸਿੰਘ ਦੀ ਧੀ ਅਤੇ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਡਾ. ਨਵਸ਼ਰਨ ਨੂੰ ਮੋਦੀ ਹਕੂਮਤ ਦੁਆਰਾ ਮਾਨਸਿਕ ਪੀੜਾ ਦੇਣ ਅਤੇ ਝੂਠੇ ਕੇਸਾਂ 'ਚ ਫਸਾਉਣ ਲਈ ਹੋਛੇ ਹੱਥਕੰਡੇ ਅਪਣਾਏ ਜਾਣ ਦਾ ਕੈਨੇਡਾ ਦੀਆਂ ਸਾਹਿਤ ਅਤੇ ਕਲਾ ਜਗਤ ਨਾਲ ਜੁੜੀਆਂ ਦਰਜਨਾਂ ਸੰਸਥਾਵਾਂ ਨੇ ਡਟਵਾਂ ਵਿਰੋਧ ਕਰਦਿਆਂ ਡਾ. ਨਵਸ਼ਰਨ ਦੇ ਹੱਕ 'ਚ ਜ਼ੋਰਦਾਰ ਆਵਾਜ਼ ਬੁਲੰਦ ਕਰਦੇ ਹੋਏ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਤੁਰੰਤ ਅਜੇਹੇ ਕਾਰੇ ਕਰਨੇ ਬੰਦ ਕਰੇ। ਇਸ ਬਾਰੇ ਹਰਿੰਦਰ ਮਾਹਿਲ ਨੇ ਦੱਸਿਆ ਕਿ ਕੈਨੇਡਾ ਦੀਆਂ 22 ਦੇ ਕਰੀਬ ਜਥੇਬੰਦੀਆਂ ਨੇ ਡਾ. ਨਵਸ਼ਰਨ ਸਿੰਘ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ।

ਅਲਾਇੰਸ ਫਾਰ ਏ ਸੈਕੂਲਰ ਐਂਡ ਡੈਮੋਕਰੈਟਿਕ ਸਾਊਥ ਏਸ਼ੀਆ ਅਲਟਰਨੇਟਿਵਜ ਮਾਂਟਰੀਅਲ, ਅਲਟਰਨੇਟਿਵ ਇੰਟਰਨੈਸ਼ਨਲ ਸੈਂਟਰ ਟਰੈਵਲੀਅਰਜ਼ ਐਂਡ ਟਰੈਵਲੀਅਸ ਵਰਕਰਜ਼ ਸੈਂਟਰ ਮਾਂਟਰੀਅਲ, ਕਰਿਟੀਕਲ ਡਾਇਸਪੌਰਿਕ ਸਾਊਥ ਏਸ਼ੀਅਨ ਫੈਮੇਨਿਜ਼ਮਜ਼ ਇਨ ਸਾਊਥ ਏਸ਼ੀਆ (ਡੇਸਾ), ਵਿਨੀਪੈੱਗ, ਗੁਰਸ਼ਰਨ ਸਿੰਘ ਮੈਮੋਰੀਅਲ ਲੈਕਚਰ ਕਮੇਟੀ ਵੈਨਕੂਵਰ, ਇੰਡੀਆ ਸਿਵਲ ਵਾਚ ਇੰਟਰਨੈਸ਼ਨਲ, ਇੰਟਰਨੈਸ਼ਨਲ ਸਾਊਥ ਏਸ਼ੀਅਨ ਫੋਰਮ, ਜਸਟਿਸ ਫਾਰ ਆਲ ਕਨੇਡਾ, ਸੈਕੂਲਰ ਪੀਪਲਜ਼ ਐਸੋਸੀਏਸ਼ਨ, ਐਡਮਿੰਟਨ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਪ੍ਰੋਗਰੈਸਿਵ ਕਲਾ ਮੰਚ ਕੈਲਗਰੀ, ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ (ਸਰੋਕਾਰਾਂ ਦੀ ਆਵਾਜ਼), ਪੰਜਾਬੀ ਕੈਨੇਡਾ, ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ ਵਿਨੀਪੈੱਗ, ਐਮ.ਬੀ. ਕਨੇਡਾ, ਰੰਗ ਕੁਲੈਕਟਿਵ, ਸਰੋਕਾਰਾਂ ਦੀ ਆਵਾਜ਼ ਟੋਰੰਟੋ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ, ਸਦਨ ਸਾਊਥ ਏਸ਼ੀਅਨ ਦਲਿਤ ਆਦਿਵਾਸੀ ਨੈੱਟਵਰਕ ਕੈਨੇਡਾ, ਸਦਾਕ (ਸਾਊਥ ਏਸ਼ੀਅਨ ਨੈੱਟਵਰਕ ਫਾਰ ਸੈਕੂਲੇਰਿਜ਼ਮ ਐਂਡ ਡੈਮੋਕਰੈਸੀ), ਸਾਊਥ ਏਸ਼ੀਅਨ ਡਾਇਸਪੋਰਾ ਐਕਸ਼ਨ ਕੁਲੈਕਟਿਵ ਵੈਨਕੂਵਰ, ਤਰਕਸ਼ੀਲ (ਰੈਸ਼ਨੇਲਿਸਟਸ) ਸੋਸਾਇਟੀ ਆਫ਼ ਕਨੇਡਾ ਅਤੇ ਤੀਸਰੀ ਦੁਨੀਆਂ ਥੀਏਟਰ ਨੇ ਮਿਲਕੇ ਕਨੇਡਾ ਅਤੇ ਦੁਨੀਆਂ ਭਰ 'ਚ ਦਸਤਖ਼ਤੀ ਮੁਹਿੰਮ ਚਲਾ ਕੇ ਸੱਦਾ ਦਿੱਤਾ ਹੈ ਕਿ ਉਹ ਕੌਮਾਂਤਰੀ ਮੰਚ 'ਤੇ ਜਾਣੀ-ਪਹਿਚਾਣੀ ਵਿਦਵਾਨ ਖੋਜ਼ੀ ਲੇਖਿਕਾ, ਸਮਾਜਕ ਅਤੇ ਜਮਹੂਰੀ ਕਾਰਕੁੰਨ ਦੇ ਹੱਕ 'ਚ ਬੇਖੌਫ਼ ਹੋ ਕੇ ਆਵਾਜ਼ ਬੁਲੰਦ ਕਰਨ ਲਈ ਅੱਗੇ ਆਉਣ।

ਸੱਚ ਆਖਿਆਂ ਭਾਂਬੜ ਮਚਦਾ ਹੈ...

# ਮਾਨਵੀ ਹੱਕਾਂ ਦੀ ਬੁਲੰਦ ਆਵਾਜ਼ : ਡਾ. ਨਵਸ਼ਰਨ ਕੌਰ



ਅੱਜ ਤੋਂ ਲਗਭਗ ਸਾਢੇ ਕੁ ਤਿੰਨ ਸੌ ਸਾਲ ਪਹਿਲਾਂ ਜਦ ਬੁੱਲ੍ਹੇ ਸ਼ਾਹ ਨੇ ਕਿਹਾ ਸੀ 'ਹਾਜੀ ਲੋਕ ਮੱਕੇ ਵੱਲ ਜਾਂਦੇ ਮੇਰਾ ਰਾਂਝਣ ਮਾਹੀ ਮੱਕਾ' ਤਾਂ ਵਕਤ ਦੀ ਤੁਅੱਸਬੀ ਸੱਤਾ ਨੂੰ ਅੱਗ ਲੱਗ ਗਈ ਸੀ..ਪਰ ਅੰਦਰ ਦੀ ਆਵਾਜ਼ ਕਦ ਰੁਕਦੀ ਹੈ..ਲੱਖ ਫਤਵਿਆਂ ਅਤੇ ਫੁਰਮਾਨਾਂ ਦੇ ਬਾਵਜੂਦ ਕੂਕਦੀ ਹੈ :

**ਸੱਚ ਆਖਿਆਂ ਭਾਂਬੜ ਮਚਦਾ ਹੈ**
**ਝੂਠ ਆਖਿਆਂ ਤਾਂ ਕੁਝ ਬਚਦਾ ਹੈ**
**ਜਚ ਜਚ ਕੇ ਜੀਭਾ ਕਹਿੰਦੀ ਹੈ**
**ਮੂੰਹ ਆਈ ਬਾਤ ਨਾ ਰਹਿੰਦੀ ਹੈ...**

ਉਦੋਂ ਤੋਂ ਲੈ ਕੇ ਹੁਣ ਤਕ ਨਾ ਸੱਚ ਆਖਣ ਵਾਲੇ ਰੁਕੇ ਨੇ, ਨਾ ਭਾਂਬੜ ਮੱਚਣੇ ਹਟੇ ਨੇ...ਕਲਮਾਂ ਵਾਲਿਆਂ ਨੇ ਕਲਮ ਨਾਲ ਅਤੇ ਸੰਘਰਸ਼ ਵਾਲਿਆਂ ਨੇ ਲੋਕ ਰੋਹ ਦੀ ਜ਼ੁਬਾਨ ਨਾਲ ਮਾਨਵੀ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਹੈ। ਪਾਦਰੀ ਸਟੇਨ ਸੁਆਮੀ, ਵਰਵਰਾ ਰਾਓ, ਗੌਤਮ ਨਵਲੱਖਾ, ਅਨੰਦ ਤੇਲਤੁੰਬੜੇ, ਨਤਾਸ਼ਾ ਨਰਵਾਲ ਵਰਗਿਆਂ ਦੀ ਇਕ ਲੰਮੀ ਫਹਿਰਿਸ਼ਤ ਹੈ, ਜਿਨ੍ਹਾਂ ਨੇ ਅੱਜ ਦੇ ਦੌਰ ਵਿਚ ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਅਤੇ ਸਮੇਂ ਦੀ ਫਾਸ਼ੀਵਾਦੀ ਸਰਕਾਰ ਨੇ ਇਹਨਾਂ ਨੂੰ ਜੇਲ੍ਹਾਂ ਵਿਚ ਸੁੱਟਿਆ। ਬਜ਼ੁਰਗ ਪਾਦਰੀ ਸਟੇਨ ਸੁਆਮੀ ਵਰਗਿਆਂ ਨੇ ਜੇਲ੍ਹ ਵਿਚ ਹੀ ਪ੍ਰਾਣ ਤਿਆਗ ਕੇ ਸੱਤਾ ਦੇ ਜ਼ਾਲਮਾਨਾ ਕਿਰਦਾਰ ਨੂੰ ਨੰਗਾ ਕੀਤਾ।

ਡਾ. ਨਵਸ਼ਰਨ ਕੌਰ ਵੀ ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਅਜਿਹੀ ਨਿਧੜਕ ਆਵਾਜ਼ ਹੈ, ਜਿਸ ਨੇ ਸਾਰੇ ਅਹੁਦਿਆਂ ਅਤੇ ਰੁਤਬਿਆਂ ਨੂੰ ਤਿਆਗ ਕੇ ਲੋਕਾਂ ਦੇ ਦੁੱਖਾਂ ਦਰਦਾਂ ਦੀ ਪਹਿਰੇਦਾਰ ਬਣਨ ਦਾ ਪ੍ਰਣ ਲਿਆ ਅਤੇ ਹਰ ਥਾਂ ਤੇ ਜਾ ਕੇ ਸੰਘਰਸ਼ ਕਰ ਰਹੇ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ ਅਤੇ ਗਹਿਨ ਖੋਜ ਕਰਕੇ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਝੂਠ ਤੇ ਕਪਟ ਨੰਗਾ ਕੀਤਾ। ਇਸ ਲਈ ਉਹ ਸੱਤਾ ਦੀਆਂ ਅੱਖਾਂ ਵਿਚ ਰੜਕਦੀ ਹੈ। ਆਖਿਰ 'ਬੁਲਡੋਜ਼ਰ ਅਤੇ ਈਡੀ' ਵਰਗੇ ਵਰਤਮਾਨ ਸੱਤਾ ਦੇ ਦੋ ਖਤਰਨਾਕ ਹਥਿਆਰਾਂ ਵਿੱਚੋਂ ਭੈਣ ਨਵਸ਼ਰਨ ਤੇ 'ਈਡੀ' ਬੰਬ ਚਲਾ ਦਿੱਤਾ ਹੈ। ਇਹ ਅੱਜ ਦੇ ਯੁੱਗ ਵਿਚ ਕਿਸੇ ਨੂੰ ਡਰਾ-ਧਮਕਾ ਕੇ 'ਤੀਰ ਵਾਂਗ ਸਿੱਧਾ ਕਰਨ ਦੀ' ਸੱਤਾ ਦੀ ਬਹੁਤ ਖ਼ਤਰਨਾਕ ਚਾਲ ਹੈ।

ਆਓ ਜਾਣੀਏ ਭੈਣ ਨਵਸ਼ਰਨ ਕੌਰ ਕੌਣ ਹਨ ?

27 ਮਾਰਚ, 2023 ਦੇ ਸ਼ਹੀਦ ਭਗਤ ਸਿੰਘ ਦੇ ਮਾਨਸਾ ਵਾਲੇ ਕਲਾ ਕਿਤਾਬ ਮੇਲੇ ਵਿਚ ਉਹਨਾਂ ਨੂੰ ਸਨਮਾਨਤ ਕਰਨ ਸਮੇਂ ਮੰਚ ਤੋਂ ਸਾਂਝੇ ਕੀਤੇ ਬੋਲ ਇਥੇ ਪੇਸ਼ ਕਰ ਰਿਹਾ ਹਾਂ :

ਪੰਜਾਬੀ ਰੰਗਮੰਚ ਕਿਸੇ ਇਕ ਨਿਰਦੇਸ਼ਕ ਦਾ ਰੰਗਮੰਚ ਨਹੀਂ ਹੈ, ਬਲਕਿ ਪਰਿਵਾਰਾਂ ਦਾ ਸਮੂਹਕ ਰੰਗਮੰਚ ਹੈ। ਮੁਢਲੇ ਸਮਿਆਂ ਵਿਚ ਨਾਟਕ ਅਤੇ ਰੰਗਮੰਚ ਪ੍ਰਤੀ ਪੰਜਾਬੀ ਸਮਾਜ ਦਾ ਨਜ਼ਰੀਆ ਬਹੁਤਾ ਹਾਂਪੱਖੀ ਨਾਂ ਹੋਣ ਕਾਰਨ ਆਮ ਤੌਰ ਤੇ ਔਰਤਾਂ ਇਸ ਖੇਤਰ ਵਿਚ ਸਰਗਰਮ ਨਹੀਂ ਹੁੰਦੀਆ ਸਨ। ਨਾਟ-ਮੰਚ ਦੀ ਇਸ ਵਿੱਲਖਣ ਸੀਮਾ ਵਿੱਚੋਂ ਇਕ ਨਵੀਂ ਸੰਭਾਵਨਾ ਇਹ ਪੈਦਾ ਹੋਈ ਕਿ ਪੰਜਾਬ ਦੇ ਨਾਟਕਕਾਰ ਆਪ ਹੀ ਨਿਰਦੇਸ਼ਕ ਬਣੇ ਤੇ ਫਿਰ ਉਹਨਾਂ ਨੇ ਆਪਣੇ ਪਰਿਵਾਰ ਦੀਆਂ ਔਰਤਾਂ ਨੂੰ ਇਸ ਖੇਤਰ ਵਿਚ ਆਪਣਾ ਸਹਿਭਾਗੀ ਬਣਾਇਆ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬੇਟੀ ਉਮਾ, ਡਾ. ਹਰਚਰਨ ਸਿੰਘ ਦੀ ਪਤਨੀ ਧਰਮ ਕੌਰ ਅਤੇ ਅਜਮੇਰ ਸਿੰਘ ਔਲਖ ਦੀ ਪਤਨੀ ਮਨਜੀਤ ਔਲਖ ਅਤੇ ਤਿੰਨੇ ਬੇਟੀਆਂ ਦਾ ਰੰਗਮੰਚ ਵਿਚ ਆਉਣਾ ਇਸੇ ਸੀਮਾ ਨੂੰ ਸੰਭਾਵਨਾ ਵਿਚ ਬਦਲਣ ਵਾਲਾ ਅਣੋਖਾ ਵਰਤਾਰਾ ਹੈ।

ਇਸ ਸੰਦਰਭ ਵਿਚ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ ਦੀ ਪਤਨੀ ਕੈਲਾਸ਼ ਕੌਰ ਅਤੇ ਉਹਨਾਂ ਦੀਆਂ ਦੋਵੇਂ ਧੀਆਂ ਨਵਸ਼ਰਨ ਅਤੇ ਅਰੀਤ ਦਾ ਮੰਚ ਤੇ ਆਗਮਨ ਹੁੰਦਾ ਹੈ। ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਨਵਸ਼ਰਨ ਅਤੇ ਅਰੀਤ ਨੂੰ ਥੀਏਟਰ ਆਰਟ ਦੀ ਗੁੜ੍ਹਤੀ ਮਿਲੀ ਹੈ। ਜੇ ਇਹ ਕਹਿਣਾ ਢੁੱਕਵਾਂ ਹੋਵੇਗਾ ਕਿ ਪੰਜਾਬੀ ਨਾਟਕ ਅਤੇ ਰੰਗਮੰਚ ਗੁਰਸ਼ਰਨ ਸਿੰਘ ਦੇ ਵਿਹੜੇ ਵਿਚ ਜੁਆਨ ਹੋਇਆ ਤਾਂ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਨਵਸ਼ਰਨ ਅਤੇ ਅਰੀਤ ਜੰਮੀਆਂ ਹੀ ਰੰਮਗੰਚ ਦੇ ਵਿਹੜੇ ਵਿਚ ਸਨ। ਇਸ ਲਈ ਇਹ ਦੋਵੇਂ ਭੈਣਾਂ ਜਨਮ ਲੈਣ ਸਾਰ ਹੀ ਰੰਗਮੰਚ ਵਿਚ ਰੰਗੀਆਂ ਜਾਂਦੀਆਂ ਹਨ ਅਤੇ ਰੰਗਮੰਚ ਦਾ ਇਹ ਮਜੀਠੀ ਰੰਗ ਮੁੜ ਕਦੇ ਧੋਤਿਆਂ ਵੀ ਨਹੀਂ ਉਤਰਿਆ। ਕਿਉਂਕਿ ਇਹ ਸਿਰਫ਼ ਰੰਗਮੰਚ ਦਾ ਰੰਗ ਨਹੀਂ ਸੀ, ਇਹ ਲੋਕਹਿੱਤਾਂ ਦੀ ਚਾਸਣੀ ਵਿਚ ਕੜ੍ਹ ਕੇ ਸੁਰਖ ਹੋਏ ਅਜਿਹੇ ਰੰਗਮੰਚ ਦਾ ਰੰਗ ਸੀ, ਜਿਸ ਨੂੰ ਲੋਕਪੱਖੀ ਵਿਚਾਰਧਾਰਾ ਦੀ ਪਾਣ ਚੜ੍ਹੀ ਹੋਈ ਸੀ। ਡਾ. ਨਵਸ਼ਰਨ ਗੁਰਸ਼ਰਨ ਸਿੰਘ ਦੇ ਪਰਿਵਾਰ ਦੀ ਅਗਲੀ ਪੀੜ੍ਹੀ ਦਾ ਗੂੜ੍ਹਾ ਹਸਤਾਖ਼ਰ ਹੈ। ਆਮ ਤੌਰ ਤੇ ਬਹੁਤ ਸਾਰੇ ਨਾਇਕਾਂ ਦੀਆਂ ਅਗਲੀਆਂ ਪੀੜ੍ਹੀਆਂ ਉਸ ਨਾਇਕ ਦੇ ਕਮਾਏ ਨਾਮ ਨੂੰ ਮਾਣਦੀਆਂ ਤਾਂ ਹਨ, ਪਰ ਅਗਾਂਹ ਨਹੀਂ ਤੋਰਦੀਆਂ, ਪਰ ਡਾ. ਨਵਸ਼ਰਨ ਕੌਰ ਦੇ ਅੰਦਰ ਗੁਰਸ਼ਰਨ ਸਿੰਘ ਦੀ ਰੂਹ ਵਸਦੀ ਹੈ। ਬਚਪਨ ਤੋਂ ਗੁਰਸ਼ਰਨ ਸਿੰਘ ਨਾਲ ਵਿਚਰਦਿਆਂ ਨਵਸ਼ਰਨ ਕੌਰ ਨੇ ਸਮਾਜਿਕ ਬਰਾਬਰੀ ਅਤੇ ਇਸ ਬਰਾਬਰੀ ਨੂੰ ਲਿਆਉਣ ਲਈ ਸੰਘਰਸ਼ ਕਰਨ ਦੀ ਲੋੜ ਨੂੰ ਸਿਰਫ਼ ਮਹਿਸੂਸ ਹੀ ਨਹੀਂ ਕੀਤਾ, ਬਲਕਿ ਧਾਰਨ ਵੀ ਕੀਤਾ। ਇਨਕਲਾਬੀ ਪਿਛੋਕੜ ਵਿਚ ਪਲੀ ਹੋਣ ਕਾਰਨ ਹੀ ਨਵਸ਼ਰਨ ਨੇ ਸਿਆਸਤ ਵਿਚ ਪੀ-ਐਚ ਡੀ ਕੀਤੀ, ਅਨੇਕ ਸਮਾਜਿਕ ਸੱਭਿਆਚਾਰਕ ਲਹਿਰਾਂ ਵਿਚ ਕੰਮ ਕੀਤਾ ਅਤੇ ਦਲਿਤਾਂ, ਔਰਤਾਂ ਅਤੇ ਹੋਰ ਹਾਸੀਕ੍ਰਿਤ ਧਿਰਾਂ ਨਾਲ ਦਲੇਰੀ ਨਾਲ ਖੜ੍ਹੇ ਹੋ ਕੇ ਮਨੁੱਖ ਅਧਿਕਾਰਾਂ ਦੀ ਆਲਮ ਬਰਦਾਰ ਬਣੀ।

ਡਾ. ਨਵਸ਼ਰਨ ਨੇ ਇਸ ਥੀਸਿਸ ਤੇ ਫੋਕਸ ਕੀਤਾ ਕਿ ਅੱਲਗ-ਅੱਲਗ ਧਿਰਾਂ ਦੀ ਸਿਆਸਤ ਅੱਲਗ ਅੱਲਗ ਹੁੰਦੀ ਹੈ। ਹਰ ਸਿਆਸਤ ਦਾ ਇਕ ਅਰਥ ਸਾਸਤਰੀ ਮਾਡਲ ਹੁੰਦਾ ਹੈ ਅਤੇ ਇਸ ਸਿਆਸੀ ਆਰਥਿਕ ਗੱਠਜੋੜ ਨੇ ਅੱਗੇ ਸਮਜਿਕ ਨਿਆਂ ਜਾਂ ਅਨਿਆਂ ਨੂੰ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਉਸ ਨੇ ਇਹਨਾਂ ਧਾਰਨਾਵਾਂ ਤੇ ਨਾ ਸਿਰਫ਼ ਚਿੰਤਨ ਕੀਤਾ ਬਲਕਿ ਮਨੁੱਖੀ ਅਧਿਕਾਰਾਂ ਲਈ ਮੂਹਰਲੀਆਂ ਸਫਾਂ ਵਿਚ ਹੋ ਕੇ ਲੜਾਈ ਵੀ ਲੜੀ। ਚਾਹੇ ਉਹ ਮਹਿਲ ਕਲਾਂ ਦੀ ਕਿਰਨਜੀਤ ਕੌਰ ਦੇ ਨਿਆਂ ਦੀ ਲੰਮੀ ਲੜਾਈ ਹੋਵੇ, ਚਾਹੇ ਬੇਜ਼ਮੀਨੇ ਦਲਿਤਾਂ ਦਾ ਸਮਾਜਿਕ ਨਬਰਾਬਰੀ ਅਤੇ ਜਿਉਣ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਹਾਸਿਲ ਕਰਨ ਲਈ ਲੜਿਆ ਗਿਆ ਸੰਘਰਸ਼ ਹੋਵੇ ਤੇ ਚਾਹੇ ਦਿੱਲੀ ਦੀਆਂ ਬਰੂਹਾਂ ਅੱਗੇ ਕੇਂਦਰੀ ਸੱਤਾ ਦੀਆਂ ਨਾਦਰਸ਼ਾਹੀ ਅਤੇ ਕਾਰਪੋਰੇਟੀ ਨੀਤੀਆਂ ਦੇ ਖਿਲਾਫ਼ ਪੂਰਾ ਇਕ ਸਾਲ ਕੀਤਾ ਗਿਆ ਯੁੱਧ ਹੋਵੇ, ਹਰ ਥਾਂ ਡਾ. ਨਵਸ਼ਰਨ ਕੌਰ ਨੇ ਚਿੰਤਨ ਅਤੇ ਵਿਹਾਰ ਦੀ ਪੱਧਰ ਤੇ ਆਪਣੀ ਭੂਮਿਕਾ ਨਿਭਾਈ ਹੈ।

ਦੁਆ ਹੈ ਕਿ ਸਮਾਜਿਕ ਨਿਆਂ ਅਤੇ ਜਮਹੂਰੀ ਕਦਰਾਂ ਕੀਮਤਾਂ ਦੀ ਬਹਾਲੀ ਦੀ ਇਸ ਲੰਮੀ ਲੜਾਈ ਵਿਚ ਨਵਸ਼ਰਨ ਕੌਰ ਇਸੇ ਤਰ੍ਹਾਂ ਮੂਹਰਲੀਆਂ ਸਫਾਂ ਵਿਚ ਹੋ ਕੇ ਲੜਦੀ ਰਹੇ।

ਅਸੀਂ ਪ੍ਰਗਤੀਸ਼ੀਲ ਲੇਖਕ ਸੰਘ ਸਮੇਤ ਸਾਰੀਆਂ ਭਰਾਤਰੀ ਸੰਸਥਾਵਾਂ ਅਤੇ ਸਾਰੇ ਅਗਾਂਹਵਧੂ ਲੇਖਕਾਂ ਵੱਲੋਂ ਸਰਕਾਰ ਦੁਆਰਾ ਭੈਅ ਪੈਦਾ ਕਰਨ ਵਾਲੀਆਂ ਹਰਕਤਾਂ ਦਾ ਵਿਰੋਧ ਕਰਦੇ ਹਾਂ ਤੇ ਪੰਜਾਬ ਦੀ ਇਸ ਸੰਘਰਸ਼ਸ਼ੀਲ ਧੀ ਡਾ. ਨਵਸ਼ਰਨ ਕੌਰ ਦੇ ਨਾਲ ਖੜ੍ਹੇ ਹਾਂ। ਆਓ ਡਾ. ਨਵਸ਼ਰਨ ਕੌਰ ਦਾ ਡਟ ਕੇ ਸਾਥ ਦਈਏ...

**ਕੁਲਦੀਪ ਸਿੰਘ ਦੀਪ (ਡਾ.)**
**ਸਕੱਤਰ, ਪ੍ਰਲੇਸ ਪੰਜਾਬ**
**9876820600**

# ਖਿੰਡਾਵਾਂ ਤੇ ਭਟਕਣ ਦੇ ਦੌਰ 'ਚ ਸਫ਼ਲਤਾ ਦਾ ਸਫ਼ਰ



ਡਾ. ਗੁਰਤੇਜ ਸਿੰਘ
95173-96001

ਜ਼ਿੰਦਗੀ ਇੱਕ ਸਫ਼ਰ ਹੈ ਹਰ ਜੀਵਿਤ ਮਨੁੱਖ ਇਸ ਦਾ ਹਿੱਸਾ ਹੈ। ਇਸ ਦਾ ਆਗਾਜ਼ ਜਨਮ ਦੇ ਨਾਲ ਹੁੰਦਾ ਹੈ ਅਤੇ ਅੱਖਾਂ ਮੀਟਣ ਤੱਕ ਪ੍ਰਤੱਖ ਰੂਪ 'ਚ ਸੰਸਾਰ ਅੰਦਰ ਨਸ਼ਰ ਹੁੰਦਾ ਹੈ। ਸਫ਼ਰ ਅਤੇ ਟਹਿਲਣ ਵਿੱਚ ਇੰਨਾ ਕੁ ਹੀ ਫ਼ਰਕ ਹੈ, ਸਫ਼ਰ ਸਮੇ ਮਨੁੱਖ ਪੁਖ਼ਤਾ ਤਿਆਰੀ ਕਰਕੇ ਘਰੋਂ ਨਿੱਕਲਦਾ ਹੈ, ਟਹਿਲਣ ਸਮੇ ਇਹ ਸਭ ਜ਼ਰੂਰੀ ਨਹੀਂ ਹੁੰਦਾ। ਚਹਿਲ ਕਦਮੀ ਕਦਮਾਂ ਨੂੰ ਤਾਂ ਚਾਹੇ ਤੰਦਰੁਸਤ ਬਣਾਉਣ ਦੇ ਸਮਰੱਥ ਹੁੰਦੀ ਹੀ ਹੈ, ਬਲਕਿ ਰਾਤ ਦਾ ਖਾਣਾ ਖਾ ਕੇ 100 ਕਦਮ ਚੱਲਣਾ ਪਾਚਨ ਤੰਤਰ ਨੂੰ ਵੀ ਸੁਧਾਰਦਾ ਹੈ ਪਰ ਵੱਖ ਵੱਖ ਜਗਹਾਵਾਂ ਦੀ ਯਾਤਰਾ ਮਨੁੱਖ ਦੇ ਗਿਆਨ ਨੂੰ ਅਸਮਾਨ ਦੀ ਉੱਚਾਈ ਦਿੰਦੀ ਹੈ, ਹੋਰਨਾਂ ਸੱਭਿਅਤਾਵਾਂ ਨੂੰ ਪਰਿਸਪਰ ਨੇੜਤਾ ਦਿੰਦੀ ਹੈ। ਦੋਵਾਂ ਹਾਲਾਤਾਂ ਵਿੱਚ ਸਰੀਰ ਅਤੇ ਮਨ ਨੂੰ ਉਸ ਦੀ ਲੋੜੀਂਦੀ ਖ਼ੁਰਾਕ ਮਿਲਦੀ ਹੈ ਜੋ ਤੰਦਰੁਸਤ ਜੀਵਨ ਦਾ ਸਬੱਬ ਹੋ ਨਿੱਬੜਦੀ ਹੈ। ਜੀਵਨ ਅਗਾਂਹਵਧੂ ਸੋਚ ਦਾ ਨਾਮ ਹੈ ਪਿੱਛਖਿੱਚੂ ਸੋਚ ਦੇ ਲੋਕ ਇਸ ਨਾਂਅ ਨਾਲ ਅਕਸਰ ਹੀ ਨਿਆਂ ਨਹੀਂ ਕਰ ਪਾਉਂਦੇ ਜਿਸ ਦਾ ਨਤੀਜਾ ਜੀਵਨ ਅਤੇ ਸੰਸਾਰ ਪ੍ਰਤੀ ਉਦਾਸੀਨਤਾ ਤੇ ਆਖ਼ਰ ਖ਼ੁਦਕੁਸ਼ੀ। ਸਫ਼ਰ ਦੌਰਾਨ ਮਨੁੱਖ ਨੂੰ ਮੰਜ਼ਿਲ 'ਤੇ ਪੁੱਜਣ ਦਾ ਚਾਅ ਤੇ ਭੈਅ ਹੁੰਦਾ ਹੈ ਜਿਸ ਕਰਕੇ ਉਹ ਓਪਰੇ ਰਾਹਾਂ ਦੀ ਨਵੀਨਤਾ ਨੂੰ ਨਹੀਂ ਮਾਣਦਾ ਹੈ ਤੇ ਮੰਜ਼ਿਲ 'ਤੇ ਪੁੱਜ ਕੇ ਇਨ੍ਹਾਂ ਰਾਹਾਂ ਨੂੰ ਯਾਦ ਕਰਕੇ ਭਾਵੁਕ ਹੁੰਦਾ ਹੈ। ਖਿੰਡਾਵਾਂ ਅਤੇ ਭਟਕਣ ਜਦੋਂ ਸਫ਼ਰ ਦੀ ਨੀਰਸਤਾ ਦਾ ਸਬੱਬ ਬਣ ਜਾਣ ਤਾਂ ਹਸੀਨ ਵਾਦੀਆਂ ਵੀ ਉਜਾੜ ਜਾਪਦੀਆਂ ਹਨ।

ਜ਼ਿੰਦਗੀ 'ਚ ਅੱਗੇ ਵਧਣ ਲਈ ਕਈ ਵਾਰ ਆਸ-ਪਾਸ ਪਰ ਸਾਡੇ ਨਾਲ ਹੀ ਸਬੰਧਿਤ ਵਰਤਾਰਿਆਂ ਪ੍ਰਤੀ ਮੌਨ ਧਾਰਨਾ, ਅਣਗੌਲ੍ਹਿਆ ਕਰਨਾ ਲਾਜ਼ਮੀ ਹੋ ਜਾਂਦਾ ਹੈ, ਭਟਕਣ ਲੱਗਦਿਆਂ, ਧਿਆਨ ਭਟਕਦਿਆਂ ਹੀ ਰਸਤਾ ਹਾਸ਼ੀਏ 'ਚ ਤਬਦੀਲ ਹੋ ਜਾਂਦਾ ਹੈ। ਮੁੱਖ ਧਾਰਾ 'ਚ ਪਰਤਦੇ-ਪਰਤਦੇ ਬੜੀ ਦੇਰ ਹੋ ਜਾਂਦੀ ਹੈ।

ਪਿੱਛਲੱਗ ਲੋਕ ਅਜਿਹੇ ਵਰਤਾਰਿਆਂ ਦੇ ਅਕਸਰ ਸ਼ਿਕਾਰ ਹੋ ਜਾਂਦੇ ਹਨ ਤੇ ਸਫ਼ਰ ਦੀ ਰੌਚਕਤਾ ਦੇ ਖ਼ਾਤਮੇ ਦਾ ਸਬੱਬ ਹੋ ਨਿੱਬੜਦੇ ਹਨ। ਆਪਣਾ ਕਾਰਜ ਛੱਡ ਜੋ ਆਪਣੇ ਆਪ ਨੂੰ ਗਿਆਨ ਗੁਰੂ ਹੋਣ ਦਾ ਭਰਮ ਪਾਲ ਬੈਠਦੇ ਹਨ ਅਤੇ ਉਸ ਰਸਤੇ 'ਤੇ ਸਿਰਫ਼ ਟਹਿਲਣ ਆਏ ਲੋਕਾਂ ਨੂੰ ਆਪਣਾ ਹਮਸਫ਼ਰ ਸਮਝਣ ਦੀ ਭੁੱਲ ਕਰਦੇ ਹਨ, ਉਨ੍ਹਾਂ ਦਾ ਹਸ਼ਰ ਮਾੜਾ ਹੋਣੋ ਕੋਈ ਤਾਕਤ ਰੋਕ ਹੀ ਨਹੀ ਸਕਦੀ।

ਸਫ਼ਰ ਹਮੇਸ਼ਾਂ ਚੁਕੰਨੇ ਹੋ ਕੇ ਕੀਤੇ ਜਾਦੇ ਹਨ, ਕਰਨੇ ਲਾਜ਼ਮੀ ਵੀ ਹਨ ਤੇ ਅਜਿਹੇ ਸਮੇ ਚੌਕਸ ਰਹਿਣਾ ਜ਼ਰੂਰੀ ਹੁੰਦਾ ਹੈ। ਜਦ ਤੁਹਾਡੇ ਹਾਲਾਤ ਸੁਖ਼ਦ ਨਾਂ ਹੋਣ ਉੱਪਰੋਂ ਕੀਮਤੀ ਸਮਾਨ ਕੋਲ ਹੋਵੇ ਤਾਂ ਹਰ ਪਲ ਜਾਗਰੂਕ ਰਹਿਣਾ ਹੀ ਸਮਝਦਾਰ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ। ਉਹ ਹਰ ਕੰਮ, ਆਹਾਰ-ਵਿਹਾਰ, ਲੋਕ-ਲਾਜ, ਆਦਤ ਆਦਿ ਦਾ ਤਿਆਗ ਲਾਜ਼ਮੀ ਹੈ ਜੋ ਸਾਨੂੰ ਸਾਡੇ ਰਸਤੇ ਤੋਂ ਭਟਕਣ ਲਈ ਮਜਬੂਰ ਕਰਦੇ ਹਨ। ਇਹ ਕੰਮ ਸੌਖਾ ਨਹੀਂ ਹੈ ਪਰ ਨਾਮੁਮਕਿਨ ਤਾਂ ਹਰਗਿਜ਼ ਨਹੀ ਹੈ। ਭਟਕਣ ਅਤੇ ਖਿੰਡਾਵਾਂ ਤਰੱਕੀ ਦੇ ਰਾਹ 'ਚ ਅੜਿੱਕਾ ਹਨ, ਇਨ੍ਹਾਂ ਦੇ ਕਾਰਕਾਂ ਜਿਵੇਂ ਕਿ ਪੁਰਾਣੇ ਤੇ ਘਟੀਆ ਵਿਚਾਰ, ਅਸੰਤੁਲਿਤ ਆਹਾਰ ਵਿਹਾਰ, ਅਨੁਸ਼ਾਸ਼ਨਹੀਣਤਾ ਆਦਿ ਦਾ ਤਿਆਗ ਲਾਜ਼ਮੀ ਹੈ। ਇਹ ਤਿਆਗ ਸਫ਼ਲ ਲੋਕਾਂ ਦੇ ਜੀਵਨ ਦਾ ਅਹਿਮ ਅੰਗ ਹੁੰਦਾ ਹੈ। ਨਿਰੰਤਰ ਵਿਕਾਸ ਹਿਤ ਪਤਝੜ ਦੌਰਾਨ ਦਰੱਖਤ ਆਪਣੇ ਮਹੱਤਵਪੂਰਨ ਅੰਗ ਪੁਰਾਣੇ ਪੱਤਿਆਂ ਦਾ ਤਿਆਗ ਕਰਦੇ ਹਨ ਤੇ ਨਵੀਨਤਾ ਨਾਲ ਅਸਮਾਨ ਵੱਲ ਰੁਖ਼ ਕਰਦੇ ਹਨ। ਕਣਕ ਦੇ ਨਾਜ਼ੁਕ ਪੌਦੇ ਤੋਂ ਸਵਾਦੀ ਪਕਵਾਨ ਬਣਨ ਲਈ ਧੁੱਪਾਂ ਛਾਵਾਂ, ਹੱਡ ਚੀਰਵੀਂ ਸਰਦੀ ਤੇ ਸਰੀਰ ਜਲਾਉਣ ਸਮਰੱਥ ਗਰਮੀ ਦਾ ਸਹਿਣ ਪੈਂਦਾ ਹੈ। ਮੌਕੇ ਦਾ ਸਹੀ ਇਸਤੇਮਾਲ ਹੀ ਸਫ਼ਲਤਾ ਦਾ ਸਬੱਬ ਹੋ ਨਿੱਬੜਦਾ ਹੈ। ਜੋ ਲੋਕ ਅਸਫ਼ਲ ਹੁੰਦੇ ਹਨ, ਕਈਆਂ ਨੂੰ ਮੌਕਾ ਨਹੀਂ ਮਿਲਦਾ। ਅਕਸਰ ਕਈਆਂ ਨੇ ਮਿਲੇ ਅਵਸਰ ਦਾ ਠੋਸ ਰਣਨੀਤੀ ਨਾਲ ਫਾਇਦਾ ਹੀ ਨਹੀਂ ਉਠਾਇਆ ਹੁੰਦਾ।

ਸਫ਼ਰ ਦੌਰਾਨ ਜ਼ਿਆਦਾ ਸਮਾਨ ਝੰਜਟ ਹੀ ਸਹੇੜਦਾ ਹੈ ਜਿਸ ਦੀ ਸਾਂਭ ਸੰਭਾਲ ਹਮੇਸ਼ਾਂ ਧਿਆਨ ਭਟਕਾਉਂਦੀ ਹੈ। ਇਸ ਨਾਜ਼ੁਕ ਦੌਰ 'ਚ ਹਰ ਕਿਸੇ ਤੋਂ ਮਦਦ ਦੀ ਉਮੀਦ ਨਾਂ ਰੱਖ ਕੇ ਇਕੱਲੇ ਸੋਚ ਵਿਚਾਰ ਕੇ ਸਾਹਸ ਨਾਲ ਤੁਰਨ ਦੀ ਆਦਤ ਪਾਉ, ਤੇਜ਼ ਚੱਲੋਗੇ। ਯਾਤਰਾ ਦੌਰਾਨ ਜਿਆਦਾ ਸਮਾਨ ਅਤੇ ਭੀੜ੍ਹ ਦੇ ਝੰਜਟ ਤੋਂ ਮੁਕਤ ਰਹੋਗੇ। ਅੰਗਰੇਜ਼ ਚੰਦ ਕੱਪੜਿਆਂ 'ਚ ਵਿਸ਼ਵ ਘੁੰਮ ਲੈਂਦੇ ਹਨ ਤੇ ਅਸੀ ਭੂਆ ਕੋਲ ਜਾਂਦੇ ਸਮੇਂ ਵੀ ਸਮਾਨ ਦੇ ਝੋਲ੍ਹੇ ਭਰ ਤੁਰਦੇ ਹਾਂ।



ਉਦੇਸ਼ ਹੌਂਸਲੇ ਨਾਲ ਮਿੱਥੇ ਜਾਂਦੇ ਹਨ, ਉੱਥੇ ਤੱਕ ਪਹੁੰਚਣ ਲਈ ਦ੍ਰਿੜ ਇੱਛਾ ਸ਼ਕਤੀ ਆਪਣਾ ਕਾਰਜ ਕਰਦੀ ਹੈ, ਜਦਕਿ ਇੱਛਾ ਦੀ ਪੂਰਤੀ ਹਿਤ ਸਿਰਫ ਕਾਮਨਾ ਕੀਤੀ ਜਾਂਦੀ ਹੈ ਜੋ ਅਧੂਰੀਆਂ ਸੱਧਰਾ ਦਾ ਸਬੱਬ ਹੋ ਨਿੱਬੜਦੀ ਹੈ। ਸੰਘਰਸ਼ ਸਮੇ ਇਨਸਾਨ ਧਰਤੀ ਨਾਲ ਜੁੜਿਆ ਹੁੰਦਾ ਹੈ ਤੇ ਸਫ਼ਲਤਾ ਉਸਨੂੰ ਅਸਮਾਨ ਦੇ ਸਫ਼ਰ 'ਤੇ ਲੈ ਜਾਂਦੀ ਹੈ। ਸੰਘਰਸ਼ ਇਨਸਾਨ ਦੀ ਖ਼ੁਦ ਨਾਲ ਜੰਗ ਹੁੰਦੀ ਹੈ ਤੇ ਇਸ 'ਚ ਜਿੱਤ ਹਾਰ ਉਸ ਦੁਆਰਾ ਕੀਤੇ ਕਰਮ 'ਤੇ ਨਿਰਭਰ ਹੁੰਦੀ ਹੈ। ਜੋ ਲੋਕ ਰੋਜ਼ਾਨਾ ਖ਼ੁਦ ਨੂੰ ਬੀਤੇ ਕੱਲ੍ਹ ਤੋਂ ਬਿਹਤਰ ਬਣਾਉਣ ਦੀ ਕੋਸ਼ਿਸ਼ 'ਚ ਜੁਟਦੇ ਹਨ ਉਨ੍ਹਾਂ ਦੇ ਸਫ਼ਰ ਦੀ ਕਾਮਯਾਬੀ ਨਿਸ਼ਚਿਤ ਮੰਨੀ ਜਾ ਸਕਦੀ ਹੈ ਜੋ ਲੋਕ ਸਵੈਪੜਚੋਲ ਦਾ ਪੱਲਾ ਨਹੀ ਫੜਦੇ ਉਨ੍ਹਾਂ ਦਾ ਭਟਕਣਾ ਤੈਅ ਹੀ ਹੁੰਦਾ ਹੈ। ਜ਼ਿੰਦਗੀ 'ਚ ਉੱਚੇ ਮੁਕਾਮ ਹਾਸਿਲ ਕਰਨ ਲਈ ਵਾਧੂ ਜ਼ੋਰ ਲਗਾਉਣ ਦੀ ਲੋੜ ਨਹੀ ਹੁੰਦੀ, ਬਲਕਿ ਸਹੀ ਦਿਸ਼ਾ ਵਿੱਚ ਨਿਰੰਤਰ ਮਿਹਨਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਹੀ ਲਗਾਤਾਰਤਾ ਧੀਮੀ ਗਤੀ ਵਾਲੇ ਕੱਛੂ ਦੇ ਮਿੱਥੀ ਮੰਜ਼ਿਲ 'ਤੇ ਪੁੱਜਣ ਦਾ ਸਬੱਬ ਹੋ ਨਿੱਬੜਦੀ ਹੈ। ਸਫ਼ਲਤਾ ਸਫ਼ਲ ਲੋਕਾਂ ਦੁਆਰਾ ਚੁੱਕੇ ਵੱਡੇ ਜੋਖ਼ਮਾਂ, ਤਿਆਗ, ਸੰਘਰਸ਼ ਅਤੇ ਲੋਕਾਂ ਦੇ ਦਿੱਤੇ ਮਿਹਣਿਆਂ ਦਾ ਸੰਖੇਪ ਰੂਪ ਹੁੰਦੀ ਹੈ।

ਬਹੁਤ ਵਾਰ ਕਿਸੇ ਨੂੰ ਸਮਝਾਉਣ ਨਾਲੋਂ ਖ਼ੁਦ ਨੂੰ ਸਮਝਾਉਣ ਨਾਲ ਮੁਸ਼ਕਿਲਾਂ ਦੇ ਬਿਹਤਰ ਹੱਲ ਭਾਂਵੇ ਨਾ ਹੋਣ ਪਰ ਅੰਦਰੂਨੀ ਅਸ਼ਾਂਤੀ ਦਾ ਤੂਫਾਨ ਜ਼ਰੂਰ ਠੱਲ੍ਹ ਜਾਂਦਾ ਹੈ। ਖ਼ੁਦ ਨਾਲ ਬੈਠਣ ਦੀ ਆਦਤ ਸਵੈਤਸਦੀਕ ਦੇ ਰਾਹ ਤੋਰਦੀ ਹੈ ਤੇ ਰਾਤੀਂ ਸੌਣ ਤੋਂ ਪਹਿਲਾਂ ਬੀਤੇ ਦਿਨ ਦਾ ਕੀਤਾ ਗਿਆ ਵਿਸ਼ਲੇਸ਼ਣ ਤਜ਼ਰਬਾ ਬਣ ਕੇ ਮੁਸ਼ਕਿਲਾਂ ਦੇ ਹੱਲ 'ਚ ਸਹਾਈ ਸਿੱਧ ਹੁੰਦਾ ਹੈ। ਉਪਦੇਸ਼ਕ ਦੀ ਜਗ੍ਹਾ ਉਦਾਹਰਨ ਬਣੋ, ਸਿਰਫ ਸੋਚਣ, ਬੋਲਣ ਦੀ ਥਾਂ ਮਿੱਥੇ ਨਿਸ਼ਾਨੇ ਦਾ ਜੇਤੂ ਬਣਨ ਦੀ ਸਾਰਥਿਕ ਕੋਸ਼ਿਸ਼ ਕਰੋ। ਸੰਸਾਰ ਨੇ ਸਦਾ ਸਿਰਫ ਨਤੀਜਿਆਂ ਨੂੰ ਕਬੂਲਿਆ ਤੇ ਸਲਾਹਿਆ ਹੈ, ਸਫ਼ਰ ਦੌਰਾਨ ਆਈਆਂ ਅੜਚਣਾਂ ਤੇ ਕੋਸ਼ਿਸ਼ਾਂ ਨੂੰ ਤਾਂ ਹਰਗਿਜ਼ ਨਹੀ। ਸੀਮਤ ਸਾਧਨਾਂ ਦੇ ਬਾਵਜੂਦ ਜਿਸ ਕੋਲ ਚੁਣੌਤੀਆਂ ਨੂੰ ਸਵੀਕਾਰਨ ਦੀ ਸਮਰੱਥਾ ਹੈ, ਜੋਖ਼ਮ ਉਠਾਉਣ ਦਾ ਬਲ ਹੈ, ਨਿਰੰਤਰ ਮਿਹਨਤ ਕਰਨ ਦਾ ਨਿਸ਼ਚਾ ਹੈ। ਭਵਿੱਖ ਦੀ ਕੈਨਵਸ 'ਤੇ ਉਹ ਮਨੁੱਖ ਆਪਣੀ ਜਿੱਤ ਦੇ ਨਿਸ਼ਾਨ ਜ਼ਰੂਰ ਉਕੇਰਦਾ ਹੈ।

ਸਫ਼ਰ ਦੌਰਾਨ ਸੰਜਮ ਲਾਜ਼ਮੀ ਹੈ, ਚੰਗਾ ਕੰਮ ਕਰਦੇ ਦੇਖ ਕੰਮਚੋਰ ਲੋਕ ਜਲਨ ਮਹਿਸੂਸ ਕਰਦੇ ਹਨ ਤੇ ਕੁਝ ਲੋਕ ਧਿਆਨ ਭਟਕਾਉਣ ਲਈ ਸਦਾ ਤਤਪਰ ਰਹਿੰਦੇ ਹਨ। ਉਨ੍ਹਾਂ ਦੇ ਭੜਕਾਊ ਬੋਲ ਗੁੱਸੇ ਨੂੰ ਚਰਮ ਸੀਮਾ 'ਤੇ ਪਹੁੰਚਾਉਣ ਦੇ ਸਮਰੱਥ ਹੁੰਦੇ ਹਨ। ਸਵੈ ਅਨੁਸ਼ਾਸ਼ਿਤ ਸੂਝਵਾਨ ਮਨੁੱਖ ਆਪਣੇ ਗੁੱਸੇ ਨੂੰ ਵੀ ਪੂੰਜੀ ਦੀ ਤਰਾਂ ਸਾਂਭਦੇ, ਵਿਉਂਤਦੇ ਤੇ ਖਰਚਦੇ ਹਨ। ਇਸ ਖਜ਼ਾਨੇ ਦੀ ਚਾਬੀ ਉਨ੍ਹਾਂ ਦੇ ਕੰਨਾਂ ਦੀ ਬਜਾਇ ਦਿਮਾਗ ਕੋਲ ਹੁੰਦੀ ਹੈ। ਵੈਸੇ ਵੀ ਦਿਮਾਗ 'ਚ ਅਗਰ ਕੁਝ ਭਰਨਾ ਹੀ ਹੈ ਤਾਂ ਸਕਾਰਤਮਕ ਨਜ਼ਰੀਏ ਨਾਲ ਲਬਰੇਜ਼ ਵਿਚਾਰ ਕਿਉਂ ਨਾ ਭਰੇ ਜਾਣ, ਜੋ ਦੁਨੀਆਂ ਨੂੰ ਹੋਰ ਚੰਗੇਰੀ ਬਣਾਉਣ, ਕਿਸੇ ਲਈ ਪ੍ਰੇਰਣਾ ਦਾ ਸ੍ਰੋਤ ਤੇ ਮਾਰਗ ਦਰਸ਼ਨ ਦਾ ਸਬੱਬ ਬਣਨ। ਹਰ ਮੰਜ਼ਿਲ ਦਾ ਕੋਈ ਨਾਇਕ ਜ਼ਰੂਰ ਹੁੰਦਾ ਹੈ ਜਿਸ ਤੋਂ ਪ੍ਰੇਰਣਾ ਲੈ ਕੇ ਸਫ਼ਰ ਨੂੰ ਮੁਕੰਮਲ ਕਰਨਾ ਹੁੰਦਾ ਹੈ। ਹਰ ਸਮਿਆਂ ਵਿੱਚ ਜਵਾਨੀ ਦਾ ਕੋਈ ਨਾ ਕੋਈ ਨਾਇਕ ਜ਼ਰੂਰ ਰਿਹਾ ਹੁੰਦਾ ਹੈ ਜਿਸ ਦਾ ਪ੍ਰਭਾਵ ਨੌਜਵਾਨੀ ਦੀ ਦਸ਼ਾ ਤੇ ਦਿਸ਼ਾ ਮਿੱਥਦਾ ਹੈ। ਜਿਸ ਜਵਾਨੀ ਦਾ ਨਾਇਕ ਸੁੱਘੜ, ਦੂਰਦਰਸ਼ੀ ਤੇ ਚੁਣੌਤੀਆਂ ਸਵੀਕਾਰਨ ਵਾਲੇ ਗੁਣਾਂ ਨਾਲ ਲਬਰੇਜ਼ ਹੋਵੇ, ਉਹ ਇਤਿਹਾਸ ਦੇ ਸਫ਼ਿਆ 'ਚ ਵਰਨਣਯੋਗ ਬਣ ਉੱਭਰੀ ਹੈ। ਸੰਸਾਰ 'ਚ ਹੁਨਰ, ਮਿਹਨਤ ਤੇ ਚੰਗੇ ਵਿਵਹਾਰ ਨੇ ਆਪਣਾ ਲੋਹਾ ਸਦਾ ਮਨਵਾਇਆ ਹੈ। ਇਹ ਕਾਰਜ ਚਾਹੇ ਹੌਲੀ-ਹੌਲੀ ਵਾਪਰਦਾ ਹੈ ਪਰ ਇਸ ਦਾ ਪ੍ਰਭਾਵ ਸਥਾਈ ਹੁੰਦਾ ਹੈ। ਭਟਕਣਾ ਮਨੁੱਖੀ ਸੁਭਾਅ ਹੈ ਜਿਸ ਤੋਂ ਸ਼ਾਇਦ ਹੀ ਕੋਈ ਇਨਸਾਨ ਬਚ ਸਕਿਆ ਹੋਵੇ, ਜ਼ਿੰਦਗੀ ਦੇ ਕਿਸੇ ਮੋੜ 'ਤੇ ਭਟਕਣ ਦਾ ਕੋਈ ਸਬੱਬ ਸਾਰਿਆਂ ਨਾਲ ਲਾਜ਼ਮੀ ਜੁੜਦਾ ਹੈ। ਖਿੰਡਾਵਾਂ ਮਨ ਦੀ ਇਕਾਗ਼ਰਤਾ ਖਿੰਡਾਉਣ ਲਈ ਅਹਿਮ ਕਾਰਕ ਹੋ ਨਿੱਬੜਦੀਆਂ ਹਨ। ਇਹ ਹਰ ਦੌਰ 'ਚ ਮੌਜੂਦ ਹੁੰਦੀਆਂ ਹਨ ਤੇ ਹਰ ਮਨੁੱਖ ਇਨ੍ਹਾਂ ਦੇ ਸੰਪਰਕ ਵਿੱਚ ਲਾਜ਼ਮੀ ਆਉਂਦਾ ਹੈ। ਉਸ ਵੇਲੇ ਜ਼ਰੂਰਤ ਇਹ ਹੁੰਦੀ ਹੈ ਕਿ ਆਪਣੇ ਨਿਸ਼ਾਨੇ, ਹਾਲਾਤਾਂ ਨੂੰ ਸਨਮੁੱਖ ਰੱਖ ਕੇ ਆਪਣੀ ਮੰਜ਼ਿਲ ਵੱਲ ਵਧਦੇ ਜਾਣ ਦੀ, ਪੜ੍ਹਾਵਾਂ ਨੂੰ ਆਖ਼ਰੀ ਮੰਜ਼ਿਲ ਸਮਝਣ ਦੀ ਗ਼ੁਸਤਾਖ਼ੀ ਨਹੀ ਕਰਨੀ ਚਾਹੀਦੀ। ਬਲਕਿ ਪੜ੍ਹਾਅ ਅਤੇ ਮੰਜ਼ਿਲ ਦੇ ਫ਼ਰਕ ਨੂੰ ਉੱਚੀ ਅਵਸਥਾ ਦੇ ਪ੍ਰਭਾਵ ਅਤੇ ਜੀਵਨ ਜਾਚ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

# ਕੇਜਰੀਵਾਲ-ਭਗਵੰਤ ਮਾਨ ਦੀ ਰਾਜਨੀਤੀ ਦੇ ਅੰਗ-ਸੰਗ



ਸਤਵੰਤ ਸ ਦੀਪਕ,
ਵੈਨਕੂਵਰ, ਬੀ ਸੀ,
ਕੈਨੇਡਾ
604 910 9953

2022 ਦੀਆਂ ਸੂਬਾਈ ਚੋਣਾਂ ਵਿਚ 92 ਸੀਟਾਂ ਦੀ ਵੱਡੀ ਬਹੁ-ਮੱਤ ਨਾਲ਼ ਮੁੱਖ-ਮੰਤਰੀ ਭਗਵੰਤ ਮਾਨ ਦੀ ਕਮਾਨ ਹੇਠ ਪੰਜਾਬ ਵਿਚ 'ਆਮ ਆਦਮੀ ਪਾਰਟੀ' (ਆਪ) ਦੀ ਸਰਕਾਰ ਹੋਂਦ ਵਿਚ ਆਈ। ਪਿਛਲੇ ਮਹੀਨੇ (10 ਅਪਰੈਲ, 2023) ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਨੂੰ 'ਰਾਸ਼ਟਰੀ ਪਾਰਟੀ' ਦੀ ਵੱਕਾਰੀ ਲੀਗ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਿੱਟੇ ਵਜੋਂ ਹੁਣ ਭਾਰਤ ਅੰਦਰ ਰਾਸ਼ਟਰੀ ਪਾਰਟੀ ਮਾਨਤਾ-ਪ੍ਰਾਪਤ ਸਿਰਫ਼ ਪੰਜ ਪਾਰਟੀਆਂ ਰਹਿ ਗਈਆਂ ਹਨ: ਭਾਰਤੀ ਜਨਤਾ ਪਾਰਟੀ (ਭਾਜਪਾ), ਕਾਂਗਰਸ, ਬਹੁਜਨ ਸਮਾਜ ਪਾਰਟੀ (ਬਸਪਾ), ਸੀ.ਪੀ.ਆਈ. (ਮਾਰਕਸਵਾਦੀ), ਅਤੇ ਆਮ ਆਦਮੀ ਪਾਰਟੀ (ਆਪ)। ਹੁਣ (10 ਮਈ, 2023) ਜਲੰਧਰ ਵਿਚਲੀ ਲੋਕ ਸਭਾ ਦੀ ਜ਼ਿਮਨੀ ਚੋਣ ਆਪ ਨੇ ਵੱਡੇ ਫ਼ਰਕ ਨਾਲ਼ ਜਿੱਤ ਕੇ ਦੁਆਬੇ ਦੀ ਧੁੰਨੀ ਅਤੇ ਕਾਂਗਰਸ ਦੇ ਗੜ੍ਹ ਦੇ 'ਗੱਭੇ' ਸੰਨ੍ਹ ਜਾ ਲਾਈ ਹੈ। ਇਸ ਨਾਲ਼ ਜਿੱਥੇ ਆਪ ਦੇ ਹੌਸਲੇ ਹੋਰ ਬੁਲੰਦ ਹੋਏ ਹਨ, ਉਥੇ ਕੇਜਰੀਵਾਲ ਦੇ ਹੰਕਾਰ ਵਿਚ ਵੀ ਹੋਰ ਵਾਧਾ ਹੋਇਆ ਹੈ। ਆਦਮੀ ਪਾਰਟੀ ਤੋਂ ਆਮ ਲੋਕਾਂ ਨੂੰ ਵੱਡੀ ਆਸ ਬੱਝੀ ਹੈ (ਸੀ) ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ: ਅਕਾਲੀ-ਬੀ.ਜੇ.ਪੀ.-ਕਾਂਗਰਸ ਵੱਲੋਂ ਪਿਛਲੇ 70 ਸਾਲਾਂ ਵਿਚ ਕੀਤੀਆਂ ਆਪ-ਹੁਦਰੀਆਂ, ਪਰਵਾਰਵਾਦ, ਭ੍ਰਿਸ਼ਟਾਚਾਰ ਤੇ ਦਹਿਸ਼ਤਗਰਦੀ ਤੋਂ ਮੁਕਤ ਪੰਜਾਬ ਵਿਚ ਅਮਨ-ਕਾਨੂੰਨ ਵਾਲ਼ੀ ਈਮਾਨਦਾਰ ਤੇ ਪਾਰਦਰਸ਼ੀ ਸਰਕਾਰ ਦਾ ਸੁਪਨਾ ਸਾਕਾਰ ਹੋਵੇਗਾ। ਇਨ੍ਹਾਂ ਚੋਣਾਂ ਵਿਚ ਆਪ ਦੇ ਸੁਪਰੀਮੋ ਸਮਝੇ ਤੇ ਕਹੇ ਜਾਂਦੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਵਿਚ ਚੋਣ ਪਰਚਾਰ ਲਈ ਦੌਰਿਆਂ ਦਾ ਸਿਲਸਿਲਾ ਜਾਰੀ ਰੱਖਿਆ ਤੇ ਸਿਆਸਤ ਦੀਆਂ ਕਈ ਸ਼ਤਰੰਜੀ ਚਾਲਾਂ ਚੱਲੀਆਂ। ਸੁਹਿਰਦ ਪਾਠਕਾਂ ਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ 2022 ਦੀਆਂ ਚੋਣਾਂ ਵੇਲ਼ੇ ਪੰਜਾਬ ਦੇ ਮੁੱਖ-ਮੰਤਰੀ ਵਜੋਂ ਚਿਹਰਾ ਨਾਮਜ਼ਦ ਕਰਨ ਤੋਂ ਪਹਿਲਾਂ ਕੇਜਰੀਵਾਲ ਨੇ ਕਿਸ ਤਰ੍ਹਾਂ ਦਾ ਡਰਾਮਾ ਰਚਿਆ ਸੀ। ਮੁੱਖ-ਮੰਤਰੀ ਦੇ ਪਦ ਲਈ ਕਈਆਂ ਅੱਗੇ ਚੋਗਾ ਖਿਲਾਰਿਆ ਗਿਆ ਸੀ। ਕਦੇ ਬਲਬੀਰ ਸਿੰਘ ਰਾਜੇਵਾਲ਼, ਕਦੇ ਨਵਜੋਤ ਸਿੰਘ ਸਿੱਧੂ, ਕਦੇ ਕੋਈ, ਕਦੇ ਕੋਈ, ਅਨੇਕ ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਸਨ, ਪਰ ਕਿਸੇ ਨੂੰ ਪਤਾ ਨਹੀਂ ਸੀ ਕਿ ਗੁਣਾ ਕਿਸ ਤੇ ਪਵੇਗਾ। ਉਦੋਂ ਤਾਂ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦਾ ਮੁੱਖ ਚਿਹਰਾ ਤੇ ਇਸ ਪਦ ਦਾ ਢੁਕਵਾਂ, ਹੱਕੀ ਦਾਅਵੇਦਾਰ ਭਗਵੰਤ ਮਾਨ ਵੀ ਕੇਜਰੀਵਾਲ ਦੀ ਇਸ ਚਾਲ ਤੋਂ ਮਾਯੂਸ ਸੀ। ਪਤਾ ਨਹੀਂ ਕੇਜਰੀਵਾਲ ਨੇ ਕਿਸ ਤੋਂ ਮਹੂਰਤ ਕਢਵਾਉਣਾ ਸੀ! ਐਨ ਆਖ਼ਰੀ ਘੜੀ ਭਗਵੰਤ ਮਾਨ ਦਾ ਨਾਂ ਐਲਾਨਿਆ ਗਿਆ। ਉਦੋਂ ਵੀ ਕੇਜਰੀਵਾਲ ਨੇ ਟੈਲੀ-ਸਰਵੇ ਕਰਵਾ ਕੇ ਭਗਵੰਤ ਮਾਨ ਪੰਜਾਬੀਆਂ ਦੀ ਪ੍ਰਥਮ ਚੋਣ ਵਾਲ਼ਾ ਖੇਖਣ ਕੀਤਾ ਸੀ। ਇਹ ਸਪਸ਼ਟ ਹੈ ਕਿ ਭਗਵੰਤ ਮਾਨ ਦੀ ਚੋਣ ਕੇਜਰੀਵਾਲ ਲਈ 'ਮਰਦੀ ਦੇ ਅੱਕ ਚੱਬਣ' ਤੋਂ ਵੱਧ ਕੁੱਝ ਨਹੀਂ ਸੀ। ਇਸ ਲੇਖ ਵਿਚ ਪੰਜਾਬ ਦੇ ਮਸਲਿਆਂ ਬਾਰੇ ਕੇਜਰੀਵਾਲ ਦੀ ਪਹੁੰਚ, ਭਗਵੰਤ ਮਾਨ ਦੇ ਕੰਮਾਂ ਵਿਚ ਦਖ਼ਲ-ਅੰਦਾਜ਼ੀ ਅਤੇ ਉਸ ਦੀ ਸਿਆਸੀ ਨੀਅਤ ਅਤੇ ਨੀਤੀ ਬਾਰੇ ਚਰਚਾ ਕੀਤੀ ਜਾਵੇਗੀ।

ਲੇਖਕ ਦਾ ਨਿੱਜੀ ਯਕੀਨ ਹੈ ਕਿ ਪੰਜਾਬ ਦੀਆਂ ਕੁੱਲ ਰਵਾਇਤੀ ਪਾਰਟੀ ਲੀਡਰਾਂ ਦੇ ਮੁਕਾਬਲੇ ਅਤੇ ਆਪਣੀਆਂ ਕਥਿੱਤ ਨਿੱਜੀ 'ਕਮਜ਼ੋਰੀਆਂ' ਦੇ ਬਾਵਜੂਦ ਭਗਵੰਤ ਮਾਨ ਪੰਜਾਬ ਨੂੰ ਇਕ ਸਹੀ ਦਿਸ਼ਾ ਤੇ ਦਸ਼ਾ ਵੱਲ ਲਿਜਾ ਸਕਣ ਦੀ ਸਪਿਰਿਟ ਤੇ ਤਾਕਤ ਰੱਖਣ ਵਾਲ਼ਾ ਈਮਾਨਦਾਰ ਸ਼ਖ਼ਸ ਹੈ, ਬਸ਼ਰਤੇ ਉਸਨੂੰ ਕੇਜਰੀਵਾਲ ਦੀ ਦਖ਼ਲ-ਅੰਦਾਜ਼ੀ ਤੋਂ ਮੁਕਤ ਹੋ ਕੇ ਆਜ਼ਾਦਾਨਾ ਤੌਰ 'ਤੇ, ਖੁੱਲ੍ਹ ਕੇ ਵਿਕਸਣ ਵਿਗਸਣ ਦਾ ਮੌਕਾ ਮਿਲੇ। 49 ਸਾਲਾ ਭਗਵੰਤ ਮਾਨ, ਜਿਸਨੂੰ ਭ੍ਰਿਸ਼ਟ ਸਿਆਸਤ ਉੱਪਰ ਸੰਜੀਦਾ, ਸਾਫ਼ ਸੁਥਰੀ, ਤੇ ਵਿਅੰਗਆਤਮਿਕ ਸ਼ੈਲੀ ਵਿਚ ਕਾਮੇਡੀ ਕਰਨ ਕਰ ਕੇ "ਕਾਮੇਡੀ ਕਿੰਗ" ਅਤੇ "ਜੁਗਨੂੰ" ਵਜੋਂ ਵੀ ਜਾਣਿਆ ਜਾਂਦਾ ਹੈ, ਇੱਕ ਉੱਘਾ ਭਾਰਤੀ ਪੰਜਾਬੀ ਸਿਆਸਤਦਾਨ, ਸਮਾਜ ਸੇਵਕ, ਸਾਬਕਾ ਕਾਮੇਡੀਅਨ, ਗਾਇਕ ਅਤੇ ਫ਼ਿਲਮੀ ਅਦਾਕਾਰ ਹੈ, ਜੋ 2022 ਤੋਂ ਪੰਜਾਬ ਦੇ 17ਵੇਂ ਮੁੱਖ ਮੰਤਰੀ ਵਜੋਂ ਸੇਵਾ ਨਿਭਾ ਰਿਹਾ ਹੈ। ਉਹ 2022 ਤੋਂ ਪੰਜਾਬ ਵਿਧਾਨ ਸਭਾ ਵਿੱਚ ਧੂਰੀ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦਾ ਹੈ ਅਤੇ 2019 ਤੋਂ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਕਨਵੀਨਰ ਵਜੋਂ ਵੀ ਸੇਵਾ ਨਿਭਾ ਰਿਹਾ ਹੈ। ਇਸ ਤੋਂ ਪਹਿਲਾਂ ਉਹ 2014 ਤੋਂ 2022 ਤੱਕ ਸੰਗਰੂਰ ਲੋਕ ਸਭਾ ਹਲਕੇ ਤੋਂ ਲੋਕ ਸਭਾ ਮੈਂਬਰ ਰਿਹਾ। ਜਿਹੜੇ ਲੋਕ ਉਸਦੀ ਕਾਮੇਡੀ ਨੂੰ ਦੇਖਦੇ ਮਾਣਦੇ ਰਹੇ ਹਨ, ਉਨ੍ਹਾਂ ਨੂੰ ਯਕੀਨ ਹੈ ਕਿ ਉਸ ਵਿਚ ਪੰਜਾਬ ਲਈ ਕੁਛ ਚੰਗਾ ਕਰਨ ਦੀ ਈਮਾਨਦਾਰੀ, ਤੜਪ, ਲਗਨ, ਸੰਜੀਦਗੀ, ਹਿੰਮਤ ਤੇ ਕਾਬਲੀਅਤ ਹੈ, ਨਹੀਂ ਤਾਂ ਕਾਮੇਡੀ ਤੇ ਫ਼ਿਲਮਾਂ ਵਾਲ਼ਾ ਸ਼ਾਨਦਾਰ, ਅਮੀਰੀ, ਸਥਾਪਤੀ ਤੇ ਸ਼ੁਹਰਤ-ਰੁੱਤਬੇ ਵਾਲ਼ਾ ਕੈਰੀਅਰ ਛੱਡ ਕੇ ਸਿਆਸਤ ਦਾ ਜੂਆ ਖੇਡਣ ਦਾ ਜੋਖ਼ਮ ਕੌਣ ਉਠਾ ਸਕਦਾ ਹੈ? ਲੇਖਕ 'ਆਪ' ਜਾਂ ਮਾਨ ਦੀ ਵਕਾਲਤ ਨਹੀਂ ਕਰ ਰਿਹਾ, ਪਰ ਉਸਦੀ ਸਰਕਾਰ ਦੀ ਇਕ ਸਾਲ ਦੀ ਕਾਰ-ਗੁਜ਼ਾਰੀ ਬਾਰੇ ਤੱਥ ਗਵਾਹ ਹਨ ਕਿ ਇਕ ਸਾਲ ਦੇ ਅੰਦਰ ਸਤਾਈ ਹਜ਼ਾਰ ਪੱਕੀਆਂ ਨੌਕਰੀਆਂ, ਰਾਜ ਦੇ 87 ਪ੍ਰਤੀਸ਼ਤ ਘਰਾਂ ਨੂੰ ਜ਼ੀਰੋ ਬਿਜਲੀ ਦੇ ਬਿੱਲ, ਸਿੱਖਿਆ ਵਿਭਾਗ ਵਿੱਚ 14,000 ਅਤੇ ਹੋਰ ਵਿਭਾਗਾਂ ਵਿੱਚ 14,000 ਅਸਥਾਈ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ, ਆਊਟਸੋਰਸ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਵੀ ਨਿਯਮਤ ਕਰਨ ਦੇ ਆਦੇਸ਼, ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਮੂੰਗੀ ਦੀ ਫਸਲ 'ਤੇ ਐਮ.ਐਸ.ਪੀ. ਅਤੇ 1,500 ਰੁਪਏ ਪ੍ਰਤੀ ਏਕੜ, ਅਤੇ ਗੰਨੇ ਦੇ 392 ਕਰੋੜ ਰੁਪਏ ਦੇ ਬਕਾਏ ਦਾ ਭੁਗਤਾਨ, 500 ਤੋਂ ਵੱਧ ਮੁਹੱਲਾ ਕਲੀਨਿਕ, ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਸਬੰਧ ਵਿਚ 2015 ਦੀ ਕੋਟਕਪੂਰਾ ਪੁਲਿਸ ਗੋਲੀਬਾਰੀ ਦੀ ਘਟਨਾ ਬਾਰੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਵੱਲੋਂ ਜਾਂਚ, ਰੇਤ ਮਾਫ਼ੀਆ 'ਤੇ ਨਕੇਲ ਪਾਉਣੀ, 21 ਹਜ਼ਾਰ ਏਕੜ ਤੋਂ ਵੱਧ ਸ਼ਾਮਲਾਟ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਦੀ ਨਿਸ਼ਾਨਦੇਹੀ ਤੇ ਵਸੂਲੀ, ਭ੍ਰਿਸ਼ਟਾਚਾਰ ਦੇ ਮਾਮਲੇ 'ਚ ਕਈ ਸਾਬਕਾ ਮੰਤਰੀ ਜੇਲ੍ਹ ਵਿੱਚ, ਇਥੋਂ ਤੀਕ ਕਿ 'ਆਪ' ਨਾਲ ਸਬੰਧਤ ਕੁੱਝ ਲੋਕਾਂ ਵਿਰੁੱਧ ਵੀ ਕਾਰਵਾਈ ਕੀਤੀ ਗਈ। ਇਹ ਸਭ ਕੁਝ ਸੱਤਾ 'ਤੇ ਕਾਬਜ਼ ਪਹਿਲੀਆਂ ਸਿਆਸੀ ਪਾਰਟੀਆਂ – ਅਕਾਲੀ ਜਾਂ ਕਾਂਗਰਸ ਨੇ ਕਿਉਂ ਨਹੀਂ ਕੀਤਾ?

ਜਿਸ ਤਰ੍ਹਾਂ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਨਾ ਚਾਹੁੰਦਿਆਂ ਵੀ ਕੇਜਰੀਵਾਲ ਨੂੰ ਭਗਵੰਤ ਮਾਨ ਦਾ ਨਾਂ ਮੁੱਖ-ਮੰਤਰੀ ਦੇ ਪਦ ਲਈ ਐਲਾਨ ਕਰਨਾ ਪਿਆ। ਸਿਆਸੀ ਕਿਆਫ਼ੇ ਸਨ ਕਿ ਉਸਦਾ ਮਕਸਦ ਇਸ ਵੱਕਾਰੀ ਕੁਰਸੀ ਨੂੰ ਘਰ ਵਿਚ ਰੱਖਣ ਦਾ ਸੀ। ਇਸ ਦੇ ਪ੍ਰਮਾਣ ਉਸ ਸਮੇਂ ਦੇ ਅਖ਼ਬਾਰਾਂ ਵਿਚ ਲੱਗੀਆਂ ਸੁਰਖ਼ੀਆਂ ਤੋਂ ਮਿਲ਼ ਸਕਦੇ ਹਨ। 16 ਫਰਵਰੀ, 2022 ਦੇ 'ਦਾ ਡੇਲੀ ਗਾਰਡੀਅਨ' (1*) ਵਿਚ ਛਪੀ ਖ਼ਬਰ ਅਨੁਸਾਰ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਬੁਲਾਰੇ ਆਰ. ਪੀ. ਸਿੰਘ ਨੇ ਕਿਹਾ ਕਿ "ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਜ਼ਰ ਪੰਜਾਬ ਦੇ ਮੁੱਖ ਮੰਤਰੀ ਅਹੁਦੇ 'ਤੇ ਜਾਂ ਤਾਂ ਆਪਣੇ ਲਈ ਜਾਂ ਆਪਣੀ ਪਤਨੀ ਲਈ ਹੈ। ਭਾਵੇਂ ਆਮ ਆਦਮੀ ਪਾਰਟੀ ਨੇ ਸੰਸਦ ਮੈਂਬਰ ਭਗਵੰਤ ਮਾਨ ਨੂੰ ਪਾਰਟੀ ਦਾ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ, ਪਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਅਹੁਦੇ 'ਤੇ ਆਪਣੇ ਲਈ ਜਾਂ ਆਪਣੀ ਪਤਨੀ ਸੁਨੀਤਾ ਲਈ ਨਜ਼ਰ ਰੱਖ ਰਹੇ ਹਨ। ਕੇਜਰੀਵਾਲ ਨੇ ਸਿਆਸੀ ਧੋਖੇ ਦੀ ਨਵੀਂ ਪਰੰਪਰਾ ਸ਼ੁਰੂ ਕਰ ਦਿੱਤੀ ਹੈ। ਉਸ 'ਤੇ ਕਿਸੇ ਵੀ ਹਾਲਤ ਵਿੱਚ ਭਰੋਸਾ ਨਹੀਂ ਕੀਤਾ ਜਾ ਸਕਦਾ। ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਆਪਣੇ ਬੱਚਿਆਂ ਦੀ ਸਹੁੰ ਖਾ ਕੇ ਕਿਹਾ ਸੀ ਕਿ ਉਹ ਚੋਣਾਂ ਤੋਂ ਬਾਅਦ ਕਿਸੇ ਨਾਲ ਗੱਠਜੋੜ ਨਹੀਂ ਕਰਨਗੇ, ਪਰ ਹੁਣ ਕਾਂਗਰਸ ਨਾਲ ਸਮਝੌਤਾ ਕਰ ਲਿਆ ਹੈ। ਕਾਂਗਰਸ, ਅਕਾਲੀ ਦਲ, ਸਮਾਜਵਾਦੀ ਪਾਰਟੀ ਵਰਗੀਆਂ ਪਰਵਾਰ ਮੁਖੀ ਪਾਰਟੀਆਂ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਵੀ ਪਰਵਾਰਵਾਦ ਵੱਲ ਵਧ ਰਹੀ ਹੈ। ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਅੱਜ ਤੱਕ ਕਦੇ ਵੀ ਕਿਸੇ ਵੀ ਚੋਣ ਪ੍ਰਚਾਰ ਵਿਚ ਹਿੱਸਾ ਨਹੀਂ ਲਿਆ, ਪਰ ਪੰਜਾਬ ਵਿੱਚ ਉਸ ਨੇ ਭਗਵੰਤ ਮਾਨ ਲਈ ਚੋਣ ਪ੍ਰਚਾਰ ਕੀਤਾ। ਜਿਸ ਤਰ੍ਹਾਂ ਉਸ ਨੇ ਇਸ ਰਿਸ਼ਤੇ ਨੂੰ ਆਪਣੀ ਪਤਨੀ ਦੇ ਦਿਉਰ ਵਜੋਂ ਪੇਸ਼ ਕੀਤਾ ਹੈ, ਉਸ ਨੇ ਪਹਿਲਾਂ ਕਦੇ ਅਜਿਹਾ ਨਹੀਂ ਕੀਤਾ ਅਤੇ ਨਾ ਹੀ ਕਿਸੇ ਚੋਣ ਵਿੱਚ ਇਸ ਤਰ੍ਹਾਂ ਦੀ ਰਿਸ਼ਤੇਦਾਰੀ ਦੀ ਨੀਂਹ ਰੱਖ ਕੇ ਕਿਸੇ ਰਾਜ ਵਿੱਚ ਪ੍ਰਚਾਰ ਕੀਤਾ ਹੈ। ਅਰਵਿੰਦ ਕੇਜਰੀਵਾਲ ਭਰੋਸੇਯੋਗ ਨਹੀਂ ਹੈ ਅਤੇ ਇਹ ਵੀ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਜੇ ਉਸ ਦੀ ਸਰਕਾਰ ਆਉਂਦੀ ਹੈ ਤਾਂ ਉਹ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਾਉਣਗੇ।"

ਰਾਜਨੀਤੀ ਦੇ ਮਾਮਲੇ ਵਿਚ ਕੇਜਰੀਵਾਲ ਪੂਰਾ shrewd (ਚਲਾਕ) ਹੈ, ਸਿਆਸਤ ਵਿਚ ਆਪਣੇ ਨਾਲੋਂ ਕੱਦਾਵਰ ਕਿਸੇ ਵੀ ਸਖ਼ਸ਼ੀਅਤ ਨੂੰ ਛਾਂਗ ਸੁੱਟਦਾ ਹੈ। ਉਸ ਨੇ ਧਰਮਵੀਰ ਗਾਂਧੀ, ਜਸਟਿਸ ਫੂਲਕਾ, ਯੋਗੇਂਦਰ ਯਾਦਵ ਵਰਗੇ ਸੁਹਿਰਦ ਲੀਡਰ ਮੱਖਣ 'ਚੋਂ ਵਾਲ਼ ਕੱਢਣ ਵਾਂਗ ਪਾਰਟੀ 'ਚੋਂ ਬਾਹਰ ਕੱਢ ਮਾਰੇ। ਪਰ ਪਤਾ ਨਹੀਂ ਭਗਵੰਤ ਮਾਨ ਕੇਜਰੀਵਾਲ ਦੀ ਖਾਹਮਖਾਹ ਕਨੌੜ ਕਿਉਂ ਝੱਲ ਰਿਹਾ ਹੈ? ਕੇਜਰੀਵਾਲ ਨੇ ਕਿਹੜੇ ਟੂਣੇ ਕੀਤੇ ਜਾਂ 'ਤਵੀਤ' ਘੋਲ਼ ਕੇ ਭਗਵੰਤ ਮਾਨ ਨੂੰ ਪਿਆਏ ਹਨ, ਕਿ ਉਹ ਉਸ ਦੇ ਪ੍ਰਕਾਸ਼-ਮੰਡਲ 'ਚੋਂ ਬਾਹਰ ਨਹੀਂ ਨਿਕਲ ਰਿਹਾ? ਕੇਜਰੀਵਾਲ ਆਏ ਦਿਨ ਭਗਵੰਤ ਮਾਨ ਨੂੰ ਕਦੇ ਦਿੱਲੀ, ਗੁਜਰਾਤ, ਗੋਆ, ਉੱਤਰਾਖੰਡ ਤਲਬ ਕਰੀ ਰੱਖਦਾ ਹੈ ਜਿਵੇਂ ਉਹ ਕੇਜਰੀਵਾਲ ਦਾ ਅਰਦਲੀ ਹੋਵੇ! ਪੰਜਾਬ ਦੇ ਹਿਤ ਛੱਡ ਉਹ ਬਾਹਰਲੇ ਸੂਬਿਆਂ ਵਿਚ ਕੇਜਰੀਵਾਲ ਦੀ 'ਵਗਾਰ' ਕਰ ਰਿਹਾ ਹੈ ਤੇ ਇਧਰ ਪੰਜਾਬ ਦਾ ਅੱਗਾ ਦੌੜ ਤੇ ਪਿੱਛਾ ਚੌੜ ਹੋਇਆ ਫਿਰਦਾ ਹੈ। ਆਖ਼ਰ ਉਹ ਪੰਜਾਬ ਦਾ ਮੁੱਖ-ਮੰਤਰੀ ਹੈ, ਉਸਦੀ ਆਪਣੀ ਕੁੱਝ ਹੈਸੀਅਤ ਹੋਣੀ ਚਾਹੀਦੀ ਹੈ, ਉਹ ਕੇਜਰੀਵਾਲ਼ ਦਾ ਲਾਗੀ-ਮਰਾਸੀ ਨਹੀਂ। ਇਸ ਦੇ ਸੰਭਵ ਕਾਰਨ ਇਹ ਹੋ ਸਕਦੇ ਹਨ ਕਿ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ-ਮੰਤਰੀ ਵਜੋਂ ਆਪਣੀ ਕਾਬਲੀਅਤ 'ਤੇ ਭਰੋਸਾ ਨਹੀਂ, ਜਾਂ ਉਹ ਕੇਜਰੀਵਾਲ ਦਾ ਅੰਧ-ਭਗਤ ਹੈ ਤੇ ਬਿਨਾ ਕਿਸੇ ਕਿੰਤੂ-ਪ੍ਰੰਤੂ ਉਸਦਾ ਜੀ-ਹਜ਼ੂਰੀਆ ਬਣਿਆ ਹੋਇਆ ਹੈ। ਜਾਂ ਕੇਜਰੀਵਾਲ ਨੂੰ ਭਗਵੰਤ ਮਾਨ ਦੀਆਂ 'ਕਮਜ਼ੋਰੀਆਂ' ਦੀ ਨਬਜ਼ ਪਕੜਨੀ ਆਉਂਦੀ ਹੈ। ਕਿਉਂਕਿ ਰਾਜਨੀਤੀ ਵਿਚ ਕੋਈ ਕਿਸੇ ਦਾ ਮਿੱਤ ਨਹੀਂ, ਪਤਾ ਨਹੀਂ ਕੌਣ ਕਦੋਂ ਕਿਸੇ ਦੇ ਜੜੀਂ ਬਹਿ ਜਾਵੇ। ਜੇਕਰ ਕੇਜਰੀਵਾਲ ਦੇ ਪਿਛਲੇ ਅਮਲਾਂ ਤੋਂ ਦੇਖੀਏ ਤਾਂ ਇਹ ਮਸਲਾ ਪੂਰੀ ਤਰ੍ਹਾਂ ਸਮਝ ਆ ਸਕਦਾ ਹੈ। ਉਹ ਮੌਸਮੀ ਯਾਰ ਹੈ, ਮੌਕਾ ਪੈਣ 'ਤੇ ਸ਼ਾਇਦ ਉਸ ਨੂੰ ਵੀ ਚੂਪੇ ਹੋਏ ਅੰਬ ਦੀ ਗੁਠਲੀ ਵਾਂਗ ਬਾਹਰ ਵਗਾਹ ਮਾਰੇਗਾ।



ਕੇਜਰੀਵਾਲ ਨੂੰ ਪੰਜਾਬ ਦੇ ਬਾਕੀ ਮਸਲਿਆਂ ਵਾਂਗ ਪਾਣੀਆਂ ਦੀ ਗ਼ੈਰ-ਕਾਨੂੰਨੀ ਲੁੱਟ ਦਾ ਕੋਈ ਦੁੱਖ ਨਹੀਂ, ਬਲਕਿ ਉਹ ਖ਼ੁਦ ਇਸ ਲੁੱਟ ਵਿਚ ਕੇਂਦਰ ਦਾ ਭਾਈਵਾਲ ਹੈ। ਪੰਜਾਬ ਦਾ ਭਖਦਾ ਮੁੱਦਾ ਸਤਲੁਜ ਜਮਨਾ ਲਿੰਕ ਨਹਿਰ ਹੈ। (ਵਿਸਥਾਰ ਲਈ ਲੇਖਕ ਦਾ ਆਰਟੀਕਲ 'ਸਤਲੁਜ-ਯਮਨਾ ਲਿੰਕ ਨਹਿਰ: ਪੰਜਾਬ ਦਾ ਰਿਸਦਾ ਨਾਸੂਰ' (2*) ਦੇਖਿਆ ਜਾ ਸਕਦਾ ਹੈ) ਇਹ ਵਿਵਾਦ 1 ਨਵੰਬਰ, 1966 ਨੂੰ ਹਰਿਆਣਾ ਦੇ ਪੰਜਾਬ ਤੋਂ ਵੱਖ ਹੋਣ ਨਾਲ ਸ਼ੁਰੂ ਹੋਇਆ ਸੀ ਅਤੇ ਬਿਨਾਂ ਕਿਸੇ ਸਮਾਧਾਨ ਦੇ ਲਗਭਗ 56 ਸਾਲ ਪੂਰੇ ਹੋ ਗਏ ਹਨ। ਭਾਰਤ ਸਰਕਾਰ ਵੱਲੋਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਨਹਿਰਾਂ ਰਾਹੀਂ ਜੋੜਨ ਦੇ ਸੰਦਰਭ ਵਿਚ 1966 ਤੋਂ ਹੀ ਵਿਵਾਦ-ਗ੍ਰਸਤ ਸਤਲੁਜ-ਯਮਨਾ ਲਿੰਕ (SYL) ਨਹਿਰ ਬਾਰੇ ਭਾਵੇਂ ਵੱਖੋ ਵੱਖ ਧਿਰਾਂ ਵੱਲੋਂ ਬਹੁਤ ਕੁੱਝ ਕਿਹਾ ਲਿਖਿਆ ਜਾ ਚੁੱਕਾ ਹੈ, ਬਹੁਤ ਸਾਰਾ ਪਾਣੀ ਪੁਲ਼ਾਂ ਹੇਠ ਵਗ ਚੁੱਕਾ ਹੈ ਅਤੇ ਹੁਣ ਇਹ ਰਿਸਦਾ ਨਾਸੂਰ ਬਣ ਗਿਆ ਹੈ। ਪੰਜਾਬ ਦੀਆਂ ਰਵਾਇਤੀ ਸਿਆਸੀ ਪਾਰਟੀਆਂ ਸਿਰਫ਼ ਗੋਂਗਲੂਆਂ ਤੋਂ ਮਿੱਟੀ ਝਾੜਦੀਆਂ ਰਹੀਆਂ ਹਨ, ਉਹ ਕਦੇ ਵੀ ਇਨ੍ਹਾਂ ਨੂੰ ਰੱਦ ਕਰਨ ਜਾਂ ਸ਼ੰਸ਼ੋਧਨ ਦੀ ਭਾਰਤ ਸਰਕਾਰ ਤੋਂ ਮੰਗ ਨਹੀ ਕੀਤੀ। ਜਦ 12 ਜੁਲਾਈ 2004 ਨੂੰ ਕੈਪਟਨ ਦੀ ਕਾਂਗਰਸ ਸਰਕਾਰ ਦੀ ਪੰਜਾਬ ਵਿਧਾਨ ਸਭਾ ਨੇ Termination of Agreement Act 2004 ਪਾਸ ਕੀਤਾ ਜਿਸ ਤਹਿਤ ਗੁਆਂਢੀ ਰਾਜਾਂ ਨਾਲ਼ ਆਪਣੇ ਸਾਰੇ ਦਰਿਆਈ ਪਾਣੀਆਂ ਦੇ ਸਮਝੌਤਿਆਂ ਨੂੰ ਰੱਦ ਕਰ ਦਿੱਤਾ, ਪਰ ਨਾ-ਕਾਬਲੇ-ਮੁਆਫ਼ ਗ਼ੁਨਾਹ ਉਸ ਨੇ ਇਹ ਕੀਤਾ ਕਿ ਰਾਜਸਥਾਨ (8.60 $16), ਦਿੱਲੀ (0.20 $16) ਅਤੇ ਹਰਿਆਣਾ (3.50 $16) ਨੂੰ ਜਾ ਰਹੇ ਦਰਿਆਈ ਪਾਣੀਆਂ ਨੂੰ ਉਵੇਂ ਹੀ ਰੱਖੇ ਜਾਣ ਦੀ ਕਾਨੂੰਨੀ ਮਾਣਤਾ ਦੀ ਚੋਰ-ਮੋਰੀ ਬਰਕਰਾਰ ਰਹਿਣ ਦਿੱਤੀ।

ਹਰਿਆਣੇ ਦੇ ਮੁੱਖ-ਮੰਤਰੀ ਨੇ SYL ਵਾਲ਼ਾ ਰੇੜਕਾ ਖੜ੍ਹਾ ਕਰ ਕੇ ਪੰਜਾਬ ਦੇ ਜ਼ਖ਼ਮ ਫਿਰ ਹਰੇ ਕਰ ਦਿੱਤੇ। 17 ਮਾਰਚ 2022 ਨੂੰ ਹਰਿਆਣਾ ਦੇ ਮੁੱਖ ਮੰਤਰੀ ਖੱਟਰ (3*) ਨੇ ਵੀਰਵਾਰ ਨੂੰ ਪੰਜਾਬ ਵਿੱਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ SYL ਨਹਿਰ ਦਾ ਮੁੱਦਾ ਉਠਾਇਆ ਅਖੇ ਗੁਆਂਢੀ ਰਾਜ ਦੀ ਹੁਣ ਦੁੱਗਣੀ ਜ਼ਿੰਮੇਵਾਰੀ ਹੈ ਕਿਉਂਕਿ "ਅਸੀਂ ਪੰਜਾਬ ਤੋਂ ਪਾਣੀ ਲੈ ਕੇ ਦਿੱਲੀ ਨੂੰ ਦੇਣਾ ਹੈ। ਅਜਿਹੇ 'ਚ ਪੰਜਾਬ ਦੀ SYL ਨਹਿਰ ਲਈ ਪਾਣੀ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਜ਼ਿਆਦਾ ਹੈ ਕਿਉਂਕਿ ਹੁਣ ਦੋਵਾਂ ਸੂਬਿਆਂ 'ਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਹੈ। ਹੁਣ ਜਦ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਬਹੁ-ਮੱਤ ਸਰਕਾਰ ਹੈ ਤਾਂ ਭਗਵੰਤ ਮਾਨ ਇਖ਼ਲਾਕੀ ਤੌਰ 'ਤੇ ਪੰਜਾਬ ਦੇ ਦਰਿਆਈ ਪਾਣੀਆਂ ਦੀ ਇਸ ਗ਼ੈਰ-ਕਾਨੂੰਨੀ ਲੁੱਟ ਨੂੰ ਰੋਕਣ ਲਈ ਪੁਆੜੇ ਦੀ ਜੜ੍ਹ 1966 ਦੇ Reorganization Act ਅਤੇ 2004 ਦੇ Termination of Agreement Act ਦੀ ਧਾਰਾ 5 ਜਿਸ ਵਿਚ Clauses 78 (ਦਰਿਆਈ ਪਾਣੀ), 79 (ਊਰਜਾ) ਅਤੇ 80 (ਹੈੱਡਵਰਕਸ) ਸ਼ਾਮਲ ਹਨ, ਨੂੰ ਜੜ੍ਹੋਂ ਪੁੱਟਣ ਲਈ ਪੰਜਾਬ ਸਰਕਾਰ ਦੀ ਵਿਧਾਨ ਸਭਾ ਵਿਚ ਬਾਕਾਇਦਾ ਕਾਨੂੰਨ ਪਾਸ ਕਰਵਾ, ਇਸ ਵਿਚਲੀ ਹਰ ਚੋਰ-ਮੋਰੀ ਨੂੰ ਪੱਕਾ ਮੋਂਦਾ ਲਾ ਕੇ ਪੰਜਾਬ ਦੇ ਇਤਿਹਾਸ ਵਿਚ ਸੁਨਹਿਰੀ ਪੰਨਾ ਜੋੜ ਸਕਦਾ ਹੈ ਤੇ ਪੰਜਾਬ ਦਾ ਸੱਚਾ ਸਪੂਤ ਹੋਣ ਦਾ ਸਿਹਰਾ ਸਿਰ ਸਜਾ ਸਕਦਾ ਹੈ। ਪਰ ਕੇਜਰੀਵਾਲ ਉਸ ਨੂੰ ਇਹ ਸਭ ਕਰਨ ਤੋਂ ਵਰਜੇਗਾ, ਕਿਉਂਕਿ ਉਹ ਖ਼ੁਦ ਹਰਿਆਣੇ ਦਾ ਜੰਮ-ਪਲ ਹੈ ਤੇ ਦੂਜਾ ਦਿੱਲੀ ਦਾ ਮੁੱਖ-ਮੰਤਰੀ ਹੈ। ਉਹ ਕਦੇ ਨਹੀਂ ਚਾਹੇਗਾ ਕਿ ਪੰਜਾਬ ਦਾ ਪਾਣੀ ਇਨ੍ਹਾਂ ਸੂਬਿਆਂ ਨੂੰ ਨਾ ਮਿਲ਼ੇ। ਪਰ ਇਸ 'ਬਗ਼ਾਵਤ' ਲਈ ਭਗਵੰਤ ਮਾਨ ਨੂੰ ਕੇਜਰੀਵਾਲ ਦੀ ਜ਼ਿਹਨੀ ਤੇ ਸਿਆਸੀ ਗ਼ੁਲਾਮੀ ਦਾ ਜੂਲ਼ਾ ਗਲ਼ੋਂ ਲਾਹੁਣਾ ਪਵੇਗਾ।

ਕੇਜਰੀਵਾਲ ਦੀ 'ਗਰੰਟੀਆਂ' ਤੇ 'ਮੁਫ਼ਤਖ਼ੋਰੀ' ਦੀ ਚਾਟ ਪੰਜਾਬ ਨੂੰ ਮੰਗਤੇ ਬਣਾਉਣ ਦੀ ਕਵਾਇਦ ਹੈ। ਬਾਦਲ ਦੀ ਅਕਾਲੀ ਸਰਕਾਰ ਨੇ ਵੋਟ-ਬੈਂਕ ਨੂੰ ਕੈਸ਼ ਕਰਨ ਲਈ, ਪੰਜਾਬ ਦੇ ਲੋਕਾਂ ਦੇ ਸਵੈਮਾਣ ਨੂੰ ਮਾਰਨ ਲਈ ਅਤੇ ਮੁਥਾਜਗੀ ਦੀ ਮਾਨਸਿਕਤਾ ਦੇ ਸ਼ਿਕਾਰ ਬਣਾਉਣ ਲਈ ਹੱਥ ਅੱਡਣ ਲਈ ਕਿਸਾਨਾਂ ਲਈ ਮੁਫ਼ਤ ਬਿਜਲੀ, ਲੋਕਾਂ ਲਈ ਆਟਾ ਦਾਲ਼ ਸਕੀਮਾਂ ਚਲਾਈਆਂ। ਇਸੇ ਕੁਰੀਤ ਨੂੰ ਕੈਪਟਨ ਦੀ ਕਾਂਗਰਸ ਸਰਕਾਰ ਵੇਲ਼ੇ ਬਰਕਰਾਰ ਰੱਖਿਆ ਗਿਆ। ਹੁਣ ਕੇਜਰੀਵਾਲ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਤੋਂ ਬਾਅਦ 300 ਯੂਨਿਟ ਪ੍ਰਤੀ ਮਹੀਨਾ ਬਿਜਲੀ ਮੁਫ਼ਤ ਤੇ ਮੁਫ਼ਤ ਰਾਸ਼ਨ ਦੇਣ ਦਾ ਐਲਾਨ ਕਰ ਕੇ ਉਸੇ ਕਵਾਇਦ ਨੂੰ ਅੱਗੇ ਤੋਰਿਆ ਹੈ। ਹਕੀਕਤ ਇਹ ਹੈ ਮੁਫ਼ਤ ਚੀਜ਼ ਬੇਕਦਰੀ ਹੋ ਜਾਂਦੀ ਹੈ। ਇਸ ਮੁਫ਼ਤਖੋਰੀ ਪਿੱਛੇ ਬਹੁਤ ਗੰਦੀ ਰਾਜਨੀਤੀ, ਛਲ-ਕਪਟ ਛੁੱਪਿਆ ਹੋਇਆ ਹੈ। ਜਦ ਕੁਝ ਵੀ ਮੁਫ਼ਤ ਨਹੀਂ ਤਾਂ ਕਿਹੜੇ ਥਰਮਲ ਪਲਾਂਟ ਕੇਜਰੀਵਾਲ ਨੂੰ ਵਿਰਸੇ 'ਚ ਮਿਲ਼ੇ ਹਨ, ਜਿਥੋਂ ਬਿਜਲੀ ਮੁਫ਼ਤ 'ਚ ਲੁਟਾਈ ਜਾ ਰਹੀ ਹੈ? ਇਕ ਪਾਸੇ ਮੁਫ਼ਤ ਬਿਜਲੀ ਦੇ ਢੋਲ ਵਜਾਏ ਰਹੇ ਹਨ, ਦੂਜੇ ਪਾਸੇ ਪੰਜਾਬ ਦੇ ਲੋਕਾਂ ਉੱਪਰ ਚਾਲੀ ਹਜ਼ਾਰ ਕਰੋੜ ਦਾ ਕਰਜ਼ਾ ਹੋਰ ਚਾੜ੍ਹ ਦਿਤਾ ਹੈ। ਇਸ ਮੁਫ਼ਤ ਬਿਜਲੀ ਨੇ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਕੀਤਾ ਹੈ। ਮੁਫ਼ਤ ਬਿਜਲੀ ਕਰ ਕੇ ਅਲਾਟ ਹੋਏ ਨਹਿਰੀ ਪਾਣੀ ਲਈ ਮਿਥੇ ਸਮੇਂ 'ਤੇ ਵਾਰੀ ਲਈ ਵੇਲ਼ੇ-ਕੁਵੇਲ਼ੇ ਪਹੁੰਚਣ, ਤੇ ਨੱਕੇ ਮੋੜਨ ਦੀ ਤਕਲੀਫ਼ ਕਰਨ ਨਾਲੋਂ ਬਿਜਲੀ ਦਾ ਬਟਨ ਦਬਾ ਕੇ ਮੋਟਰ ਚਾਲੂ ਕਰ ਦੇਣੀ ਅਸਾਨ ਹੈ! ਇਸ ਨਾਲ਼ ਧਰਤੀ ਨਹਿਰੀ ਪਾਣੀ ਵਿਚਲੇ ਜੈਵਿਕ (ਆਰਗੈਨਿਕ) ਤੱਤਾਂ ਤੋਂ ਵਾਂਝੀ ਰਹਿ ਜਾਂਦੀ ਹੈ। ਕਈ ਥਾਵਾਂ 'ਤੇ ਤਾਂ ਨਹਿਰੀ ਪਾਣੀ ਲਈ ਲੋੜੀਂਦੇ ਖਾਲ਼ ਤੱਕ ਪੂਰ ਕੇ ਜ਼ਮੀਨ ਵਿਚ ਸ਼ਾਮਲ ਕਰ ਲਏ ਗਏ ਹਨ। ਅਸਲ ਲੋੜ ਤਾਂ ਲੋਕਾਂ ਨੂੰ ਮੁਫ਼ਤਖੋਰੀ ਦੀ ਲਾਹਨਤ ਤੋਂ ਸੁਰਖਰੂ ਕਰ ਪੰਜਾਬ ਵਿਚ ਲੋਕਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਹੈ ਤਾਂ ਜੋ ਲੋਕ ਹੱਕ-ਹਲਾਲ ਦੀ ਕਮਾਈ ਕਰ ਕੇ ਖਾਣ। ਇਹ ਰਿਆਇਤਾਂ ਅਣਖੀ ਲੋਕਾਂ ਲਈ ਭੀਖ ਹਨ, ਮਿਹਣਾ ਹੈ, ਧ੍ਰਿਗ-ਲਾਹਨਤ ਹੈ। ਪੰਜਾਬ ਲਈ ਜੋ ਤੁਰਤ ਮੁਫ਼ਤ ਹੋਣਾ ਚਾਹੀਦਾ ਹੈ, ਉਹ ਹੈ: ਸਕੂਲਾਂ-ਕਾਲਜਾਂ-ਯੂਨੀਵਰਸਿਟੀਆਂ ਦੀ ਪੜ੍ਹਾਈ ਅਤੇ ਸਿਹਤ

ਸੇਵਾਵਾਂ।

ਅਗਲਾ ਮਸਲਾ ਜਿਸ ਬਾਰੇ ਕੇਜਰੀਵਾਲ ਟਾਲਮਟੋਲ ਕਰ ਰਿਹਾ ਹੈ ਉਹ ਹੈ ਬੰਦੀ ਸਿੰਘਾਂ ਦੀ ਰਿਹਾਈ। ਇਹ ਬੰਦੀ ਸਿੰਘ ਉਹ ਸਿੱਖ ਕੈਦੀ ਹਨ, ਜਿਨ੍ਹਾਂ ਨੂੰ 1990 ਦੇ ਦਹਾਕੇ ਦੇ ਸ਼ੁਰੂ ਵਿਚ ਪੰਜਾਬ ਵਿੱਚ ਦਹਿਸ਼ਤਗਰਦੀ ਵਿੱਚ ਕਥਿਤ ਤੌਰ ’ਤੇ ਸ਼ਾਮਲ ਹੋਣ ਦੇ ਜੁਰਮ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। (4*) ਸਿੱਖ ਕਾਰਕੁਨਾਂ ਦੀ ਦਲੀਲ ਹੈ ਕਿ ਆਤੰਕਵਾਦ ਦੇ ਖ਼ਾਤਮੇ ਹੋਣ ਤੋਂ ਬਾਅਦ, ਇਹ ਬੰਦੀ ਸਿੰਘ ਪਹਿਲਾਂ ਹੀ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹਾਂ ਵਿਚ ਬਿਤਾ ਚੁੱਕੇ ਹਨ, ਬੁੱਢੇ ਹੋ ਚੁੱਕੇ ਹਨ ਅਤੇ ਕੁਝ ਸਰੀਰਕ ਅਤੇ ਮਾਨਸਿਕ ਤੌਰ ’ਤੇ ਅਯੋਗ ਹਨ ਅਤੇ ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਕੇਸ ਲੜ ਰਹੇ ਕਾਰਕੁਨ ਤੇ ਵਕੀਲ ਜਸਪਾਲ ਸਿੰਘ ਮੰਝਪੁਰ ਮੁਤਾਬਕ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਦੀ ਸੂਚੀ ਵਿੱਚ 20 ਕੈਦੀ ਹਨ। ਇਨ੍ਹਾਂ 20 ਵਿਚੋਂ ਦੋ ਹੁਣ ਪੈਰੋਲ ’ਤੇ ਹਨ। ਇਨ੍ਹਾਂ 18 ਵਿਚ ਦਿੱਲੀ ਬੰਬ ਧਮਾਕਾ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਦਵਿੰਦਰਪਾਲ ਸਿੰਘ ਭੁੱਲਰ ਵੀ ਸ਼ਾਮਲ ਹਨ, ਜੋ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਹਨ ਪਰ ਇਸ ਸਮੇਂ ਮਾਨਸਿਕ ਰੋਗ ਤੋਂ ਪੀੜਤ ਹੋਣ ਕਾਰਨ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਦਾਖ਼ਲ ਹਨ। ਭੁੱਲਰ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ ਵਿੱਚ ਬਦਲ ਦਿੱਤਾ ਸੀ। ਇਸੇ ਤਰ੍ਹਾਂ ਗੁਰਦੀਪ ਸਿੰਘ ਖੇੜਾ, ਜੋ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਹੈ; ਲਖਵੀਰ ਸਿੰਘ ਲੱਖਾ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ ਅਤੇ ਪਰਮਜੀਤ ਸਿੰਘ ਭਿਓਰਾ ਮਾਡਲ ਜੇਲ੍ਹ ਚੰਡੀਗੜ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ। ਸਤਨਾਮ ਸਿੰਘ, ਦਿਆਲ ਸਿੰਘ ਲਾਹੌਰ ਅਤੇ ਸੁਚਾ ਸਿੰਘ ਸਮੇਤ ਤਿੰਨ ਹੋਰ ਲੋਕ ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਜੇਲ੍ਹ ਵਿੱਚ ਹਨ। ਬਲਵੰਤ ਸਿੰਘ ਰਾਜੋਆਣਾ ਪਟਿਆਲਾ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਹਨ। ਬੰਦੀ ਸਿੰਘਾਂ ਵਿੱਚ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਸ਼ਾਮਲ ਹਨ, ਜੋ ਦੋਵੇਂ ਬੇਅੰਤ ਸਿੰਘ ਦੇ ਕਤਲ ਦੇ ਸਹਿ-ਸਾਜ਼ਿਸ਼ਕਰਤਾ ਹਨ। ਰਾਜੋਆਣਾ ਨੂੰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਦੀ ਮੌਤ ਦੀ ਸਜ਼ਾ ਨੂੰ ਗੁਰੂ ਨਾਨਕ ਦੇਵ ਜੀ ਦੇ 550 ਵੇਂ ਅਵਤਾਰ ਪੁਰਬ ਸਮੇਂ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ। ਹੁਣ ਮਾਰਚ 2023 ਵਿਚ ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਉਸ ਪਟੀਸ਼ਨ ’ਤੇ ਆਪਣਾ ਫੈਸਲਾ ਰਿਜ਼ਰਵ ਰੱਖ ਲਿਆ, ਜਿਸ ਵਿੱਚ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕੀਤੀ ਗਈ ਸੀ, ਕਿਉਂਕਿ ਕੇਂਦਰ ਉਸ ਦੀ ਰਹਿਮ ਦੀ ਪਟੀਸ਼ਨ ’ਤੇ ਕਾਫ਼ੀ ਲੰਬੇ ਸਮੇਂ ਤੋਂ ਫੈਸਲਾ ਲੈਣ ਵਿੱਚ ਅਸਫਲ ਰਿਹਾ ਸੀ। ਇਸ ਤਰ੍ਹਾਂ ਇਹ ਮਾਮਲਾ ਫਿਰ ਲਟਕ ਗਿਆ ਹੈ।

ਇਨਸਾਨੀਅਤ ਦੇ ਤੌਰ ’ਤੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਇਨ੍ਹਾਂ ਸਾਰੇ ਬੰਦੀ ਸਿੰਘਾ ਨੂੰ ਬਿਨਾ ਸ਼ਰਤ, ਬਿਨਾਂ ਕਿੰਤੂ-ਪ੍ਰੰਤੂ ਕੀਤਿਆਂ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਪਿਛਲੀਆਂ ਅਕਾਲੀ ਤੇ ਕਾਂਗਰਸ ਸਰਕਾਰਾਂ ਨੇ ਇਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੁੱਝ ਨਹੀਂ ਕਿਤਾ। ਸਰਕਾਰ ਵਿੱਚ ਰਹਿੰਦੇ ਹੋਏ, ਉਨ੍ਹਾਂ ਕਦੇ ਵੀ ਇਨ੍ਹਾਂ ਮੁੱਦਿਆਂ ਨੂੰ ਨਹੀਂ ਉਠਾਇਆ। ਜਦੋਂ ਵੀ ਅਕਾਲੀ-ਕਾਂਗਰਸੀ ਸੱਤਾ ਤੋਂ ਬਾਹਰ ਹੁੰਦੇ ਹਨ, ਉਹ ਇਹ ਮੁੱਦੇ ਉਨ੍ਹਾਂ ਨੂੰ ਯਾਦ ਆਉਂਦੇ ਹਨ। ਇਹ ਵੀ ਸੱਚਾਈ ਹੈ ਕਿ ਭੁੱਲਰ ਦੀ ਰਿਹਾਈ ਦੇ ਮੁੱਦੇ ਦਾ ਮੁੱਖ ਮੰਤਰੀ ਹੁੰਦਿਆਂ ਪ੍ਰਕਾਸ਼ ਸਿੰਘ ਬਾਦਲ ਨੇ ਉਸਦੀ ਫਾਈਲ ’ਤੇ ਵਿਰੋਧ ਕੀਤਾ ਸੀ। ਇਹੀ ਰੁਖ਼ ਹੁਣ ਦਿੱਲੀ ਵਿਚਲੀ ਸੱਤਾਧਾਰੀ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਸਰਕਾਰ ਦਾ ਹੈ। ਆਮ ਆਦਮੀ ਪਾਰਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਅਜੇ ਤੱਕ ਕੇਂਦਰ ਨੂੰ ਪੱਤਰ ਨਹੀਂ ਲਿਖਿਆ। ਵਜ੍ਹਾ ਸਪਸ਼ਟ ਹੈ ਕਿ ਕੇਜਰੀਵਾਲ ਇਸ ਸਬੰਧ ਵਿਚ ਹਿੰਦੂ-ਸਿੱਖ ਵਾਲ਼ਾ ਪੱਤਾ ਖੇਡ ਰਿਹਾ ਹੈ। ਇਨ੍ਹਾਂ ਬੰਦੀ ਸਿੰਘਾਂ ਨੂੰ ਰਿਹਅ ਕਰ ਕੇ ਫ਼ਿਰਕੂ ਹਿੰਦੂ ਵੋਟਰਾਂ ਦੀ ਨਾਰਾਜ਼ਗੀ ਖੱਟ ਕੇ ਵੇਲਨੇ ’ਚ ਬਾਂਹ ਨਹੀਂ ਦੇਣਾ ਚਾਹੁੰਦਾ। ਇਸ ਤਰ੍ਹਾਂ ਦੀ ‘ਗ਼ੁਸਤਾਖ਼ੀ’ ਦਾ ਖ਼ਮਿਆਜ਼ਾ ਕੇਜਰੀਵਾਲ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਵੇਲ਼ੇ ਭੁਗਤਣਾ ਪਿਆ ਸੀ ਜਦੋਂ ਉਹ ਮੋਗੇ ਕਿਸੇ ਸਾਬਕਾ ਦਹਿਸ਼ਤਗਰਦ ਦੇ ਘਰ ਠਹਿਰਿਆ ਸੀ।

ਰਾਜ ਸਭਾ ਵਿਚ ਪੰਜਾਬ ਦੀ ਨੁਮਾਂਇਦਗੀ ਕਰਨ ਲਈ ਵਰਤਮਾਨ ਮੈਂਬਰ ਕੇਜਰੀਵਾਲ ਦੀ ਡਿਕਟੇਟ ਕੀਤੀ ਲਿਸਟ ਹੈ। ਪਦਮ ਸ਼੍ਰੀ ਵਿਕਰਮਜੀਤ ਸਿੰਘ ਸਾਹਨੀ (ਕੋਟਕਪੂਰੇ ਤੋਂ ਪੰਜਾਬੀ ਸਭਿਆਚਾਰ ਨਾਲ਼ ਸਬੰਧਿਤ ਯੋਗਦਾਨ), ਪਦਮ ਸ਼੍ਰੀ ਬਲਬੀਰ ਸਿੰਘ ਸੀਚੇਵਾਲ (ਵਾਤਾਵਰਣ ਪ੍ਰੇਮੀ ਤੇ ਐਕਟੀਵਿਸਟ), ਸੰਜੀਵ ਅਰੋੜਾ (ਲੁਧਿਆਣਾ ਦੇ ਉਦਯੋਗਪਤੀ ਅਤੇ ਦਾਨੀ, ਰਿਤੇਸ਼ ਪ੍ਰਾਪਰਟੀਜ਼ ਐਂਡ ਇੰਡਸਟਰੀਜ਼ ਲਿਮਟਿਡ ਦੇ ਚੇਅਰਮੈਨ ਅਤੇ ਐਮ.ਡੀ.), ਰਾਘਵ ਚੱਢਾ (ਦਿੱਲੀ ਤੋਂ ਚਾਰਟਰਡ ਅਕਾਊਂਟੈਂਟ), ਡਾ. ਸੰਦੀਪ ਪਾਠਕ (ਛੱਤੀਸਗੜ੍ਹ ਤੋਂ ਆਈ.ਆਈ.ਟੀ. ਦਿੱਲੀ ਦੇ ਸਾਬਕਾ ਸਹਾਇਕ ਪ੍ਰੋਫੈਸਰ, ਆਕਸਫੋਰਡ ਯੂਨੀਵਰਸਿਟੀ ਅਤੇ ਐਮ.ਆਈ.ਟੀ. ਦੇ ਸਾਬਕਾ ਖੋਜ ਸਹਿਯੋਗੀ), ਹਰਭਜਨ ਸਿੰਘ (ਭਾਰਤੀ ਰਿਟਾਇਰਡ ਕ੍ਰਿਕਟਰ ਅਤੇ ਕ੍ਰਿਕਟ ਕੁਮੈਂਟੇਟਰ), ਅਸ਼ੋਕ ਮਿੱਤਲ (ਭਾਰਤੀ ਕਾਰੋਬਾਰੀ ਅਤੇ ਸਿੱਖਿਆ ਸ਼ਾਸਤਰੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ)। ਇਨ੍ਹਾਂ ਵਿਚੋਂ ਕਈ ਮੈਂਬਰਾਂ ਉਹ ਹਨ ਜੋ ਪੰਜਾਬ ਤੋਂ ਨਹੀਂ ਹਨ ਤੇ ਜਿਹੜੇ ਪੰਜਾਬ ਤੋਂ ਹਨ, ਸਿਵਾਏ ਇਕ ਦੋ ਨੂੰ ਛੱਡ ਕੇ ਬਹੁਤਿਆਂ ਨੂੰ ਪੰਜਾਬ ਦੇ ਅਸਲੀ ਮਸਲਿਆਂ ਦੀ ਨਾ ਕੋਈ ਥਾਹ ਹੈ ਨਾ ਪਰਵਾਹ ਹੈ। ਮਿਸਾਲ ਦੇ ਤੌਰ ’ਤੇ ਦਿੱਲੀ ਦੇ ਬਸ਼ਿੰਦੇ ਤੇ ਕੇਜਰੀਵਾਲ ਦੇ ਚਹੇਤੇ ਰਾਘਵ ਚੱਢਾ, ਡਾ: ਸੰਦੀਪ ਪਾਠਕ ਨੂੰ ਹੀ ਦੇਖ ਲਵੋ ਉਨ੍ਹਾਂ ਨੂੰ ਪੰਜਾਬ ਦੇ ਮਸਲਿਆਂ ਦੀ ਕੀ ਸਮਝ ਹੈ? ਪਰ ਕੇਜਰੀਵਾਲ ਨੂੰ ਸਿਰਫ਼ ਆਪਣੇ ਜੀ-ਹਜ਼ੂਰੀਏ ਚਹੇਤੇ ਹੀ ਚਾਹੀਦੇ ਹਨ। ਸੋਚਣਾ ਇਹ ਬਣਦਾ ਹੈ ਕਿ ਕੇਜਰੀਵਾਲ ਵੱਲੋਂ ਇਹ ਬੰਦੇ ਧੰਗੋਜਿੜੀ ਭਗਵੰਤ ਮਾਨ ਦੇ ਸਿਰ ਉਪਰ ਬਿਠਾਏ ਗਏ ਹਨ, ਪਰ ਭਗਵੰਤ ਮਾਨ ਨੇ ਚੁੱਪ ਕਿਉਂ ਸਾਧੀ ਹੋਈ ਹੈ?

2024 ਦੀਆਂ ਲੋਕ ਸਭਾ ਚੋਣਾਂ (5*) ’ਤੇ ਹਸਰਤ ਭਰੀਆਂ, ਲਲਚਾਈਆਂ ਨਜ਼ਰਾਂ ਰੱਖਦੇ ਹੋਏ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ‘ਮੇਕ ਇੰਡੀਆ ਨੰਬਰ 1’ ਮੁਹਿੰਮ ਦੀ ਸ਼ੁਰੂਆਤ ਦੇ ਨਾਲ ਆਪਣੀ ਆਮ ਆਦਮੀ ਪਾਰਟੀ ਦੀ ਰਾਸ਼ਟਰੀ ਅਭਿਲਾਸ਼ਾ ਦਾ ਰਸਮੀ ਤੌਰ ’ਤੇ ਐਲਾਨ ਕੀਤਾ ਅਤੇ ਕਿਹਾ ਕਿ ਜੇ ਇਸ ਨੂੰ ਵਿਕਸਤ ਕਰਨਾ ਹੈ ਤਾਂ ਦੇਸ਼ ਨੂੰ ਹੁਣ ਤੱਕ ਰਾਜ ਕਰਨ ਵਾਲਿਆਂ ਦੇ ਰਹਿਮ ’ਤੇ ਨਹੀਂ ਛੱਡਿਆ ਜਾ ਸਕਦਾ। ਤਾਲਕਟੋਰਾ ਸਟੇਡੀਅਮ ਵਿੱਚ ਬੋਲਦਿਆਂ ‘ਆਪ’ ਦੇ ਕਨਵੀਨਰ ਨੇ ਦੇਸ਼ ਦੇ 130 ਕਰੋੜ ਲੋਕਾਂ ਨੂੰ ਪੰਜ ਪ੍ਰੋਜੈਕਟਾਂ – ਸਿੱਖਿਆ, ਸਿਹਤ, ਰੁਜ਼ਗਾਰ, ਔਰਤਾਂ ਦੇ ਅਧਿਕਾਰਾਂ ਅਤੇ ਟਿਕਾਊ ਖੇਤੀ ਬਾਰੇ ‘ਰਾਸ਼ਟਰੀ ਮਿਸ਼ਨ’ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। “ਮੈਂ ਲੋਕਾਂ ਨੂੰ ਮਿਸ਼ਨ ਵਿੱਚ ਸ਼ਾਮਲ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰਾਂਗਾ। ਕੇਜਰੀਵਾਲ ਨੇ ਕਿਹਾ ਕਿ ਇਹ 130 ਕਰੋੜ ਲੋਕਾਂ ਦਾ ਗੱਠਜੋੜ ਹੋਵੇਗਾ। ਕੇਜਰੀਵਾਲ ਨੇ ਚੰਗੇ ਪ੍ਰਸ਼ਾਸਨ ਲਈ ਪੰਜ-ਨੁਕਾਤੀ ਦ੍ਰਿਸ਼ਟੀਕੋਣ- ਮੁਫ਼ਤ ਸਿੱਖਿਆ, ਮੁਫ਼ਤ ਡਾਕਟਰੀ ਇਲਾਜ, ਹਰ ਨੌਜਵਾਨ ਨੂੰ ਰੁਜ਼ਗਾਰ, ਹਰ ਔਰਤ ਦਾ ਸਨਮਾਨ ਅਤੇ ਸੁਰੱਖਿਆ, ਹਰ ਕਿਸਾਨ ਨੂੰ ਖੇਤੀਬਾੜੀ ਦੀ ਪੂਰੀ ਕੀਮਤ ਦੀ ਗੱਲ ਰੱਖੀ ਕਿ ਉਹ ਇਸ ਉਦੇਸ਼ ਲਈ ਸਮਰਥਨ ਇਕੱਠਾ ਕਰਨ ਲਈ ਦੇਸ਼ ਭਰ ਦੀ ਯਾਤਰਾ ਕਰਨਗੇ। ਆਪਣੇ ਸੰਬੋਧਨ ਵਿੱਚ ਕੇਜਰੀਵਾਲ ਨੇ “ਉਦੋਂ ਤੱਕ ਸ਼ਾਂਤੀ ਨਾਲ ਆਰਾਮ ਨਾ ਕਰਨ ਦਾ ਮਤਾ ਲਿਆ ਜਦੋਂ ਤੱਕ ਭਾਰਤ ਨੰਬਰ 1 ਦੇਸ਼ ਨਹੀਂ ਬਣ ਜਾਂਦਾ। ਥੋੜੇ ਸ਼ਬਦੀ ਹੇਰ-ਫੇਰ ਨਾਲ਼ ਇਹ ਉਹੀ ਸ਼ਬਦਾਵਲੀ ਹੈ ਜਿਹੜੀ ਪ੍ਰਧਾਨ ਮੰਤਰੀ ਮੋਦੀ ਦੁਆਰਾ ਸੁਤੰਤਰਤਾ ਦਿਵਸ ’ਤੇ ਦਿੱਤੇ ਗਏ ਭਾਸ਼ਣ ’ਚ ਵਰਤੀ ਗਈ ਸੀ। ਨਿਊਜ਼ 18 ਨੇ ਸੂਤਰਾਂ ਦੇ ਹਵਾਲੇ ਨਾਲ ਸੰਕੇਤ ਦਿੱਤਾ ਕਿ ਕੇਜਰੀਵਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦਾ ਪ੍ਰਧਾਨ ਮੰਤਰੀ ਦਾ ਚਿਹਰਾ ਹੋਣਗੇ। ਹਾਲਾਂਕਿ, ਪਾਰਟੀ ਨੇ ਇਸ ਦੇ ਲਈ ਅਜੇ ਕੋਈ ਰਸਮੀ ਐਲਾਨ ਨਹੀਂ ਕੀਤਾ ਹੈ। ਦੇਸ਼ ਭਰ ’ਚ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਵਾਲੀ ਪਾਰਟੀ ਅਗਲੇ 2 ਸਾਲਾਂ ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲੜਨ ਦੀ ਤਿਆਰੀ ਕਰ ਰਹੀ ਹੈ, ਅਤੇ ਕਈ ਸੂਬਿਆਂ ਵਿਚ ਭਾਜਪਾ ਦੇ ਅਗਲੇ ਪ੍ਰਮੁੱਖ ਵਿਰੋਧੀ ਦੇ ਰੂਪ ਵਿਚ ਆਪਣੇ ਆਪ ਨੂੰ ਪੇਸ਼ ਕਰ ਰਹੀ ਹੈ।

ਅਰਵਿੰਦ ਕੇਜਰੀਵਾਲ ਹੰਢਿਆ-ਚੰਡਿਆ, ਚੁਸਤ-ਚਲਾਕ, ਘਾਗ਼ ਸਿਆਸਤਦਾਨ ਹੈ। ਉਸ ਨੂੰ ਸਿਆਸਤ ਦੀ ਲਾਈਮ-ਲਾਈਟ ਵਿਚ ਰਹਿਣ ਦੀ ਨਿਰੰਤਰ ਭੁੱਖ ਰਹਿੰਦੀ ਹੈ। ਉਹ ਬੜ੍ਹਕ ਵੀ ਮਾਰਦਾ ਹੈ ਤੇ ਮੋਕ ਵੀ! ਇਸ ਲਾਈਮ ਲਾਈਟ ਵਿਚ ਰਹਿਣ ਖ਼ਾਤਰ ਉਹ ਕਿਸੇ ਵੀ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦੀ ਮਿੱਟੀ ਪੁੱਟਣ ਵੇਲ਼ੇ ਅੱਗਾ-ਪਿੱਛਾ ਨਹੀਂ ਦੇਖਦਾ, ਸਿੱਟੇ ਵਜੋਂ ਉਸ ਨੂੰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਕੇਜਰੀਵਾਲ ਵਿਰੁੱਧ ਉਸ ਦੇ ਸਿਆਸੀ ਵਿਰੋਧੀਆਂ ਨੇ ਮਾਣਹਾਨੀ ਦੇ ਕਈ ਕੇਸ ਦਾਇਰ ਕੀਤੇ ਹਨ।(6*) 2015 ਵਿੱਚ ਦੂਜੀ ਵਾਰ ਚੋਣਾਂ ਤੋਂ ਪਹਿਲਾਂ ਚੋਣ ਡਾਇਰੈਕਟੋਰੇਟ ਨੂੰ ਦਿੱਤੇ ਆਪਣੇ ਹਲਫ਼ਨਾਮੇ ਵਿੱਚ ਕੇਜਰੀਵਾਲ ਨੇ ਇਕਬਾਲ ਕੀਤਾ ਸੀ ਕਿ ਉਸ ’ਤੇ 10 ਅਪਰਾਧਿਕ ਦੋਸ਼ ਹਨ ਅਤੇ ਉਸ ਦੇ ਖਿਲਾਫ ਕੁੱਲ 47 ਦੋਸ਼ ਹਨ। ਕੇਜਰੀਵਾਲ ਦੇ ਬੜ੍ਹਕ ਮਾਰਨ ਤੇ ਫਿਰ ਮੁਆਫ਼ੀ ਮੰਗਣ ਦੀਆਂ ਕੁੱਝ ਉਦਾਹਰਣਾ ਪੇਸ਼ ਹਨ:

- ਜਨਵਰੀ 2014 ਵਿੱਚ, ਕੇਜਰੀਵਾਲ ਨੇ ਸਭ ਤੋਂ ਭ੍ਰਿਸ਼ਟ ਸਿਆਸਤਦਾਨਾਂ ਦੀ ਇੱਕ ਸੂਚੀ ਜਾਰੀ ਕੀਤੀ ਜਿਸ ਵਿੱਚ ਰਾਜਨੀਤਿਕ ਖੇਤਰ ਦੇ ਕਈ ਨੇਤਾ ਸ਼ਾਮਲ ਸਨ। ਸੂਚੀ ਵਿੱਚ ਸ਼ਾਮਲ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਤੁਰੰਤ ਕੇਜਰੀਵਾਲ ਦੇ ਖਿਲਾਫ਼ ਮਾਨਹਾਨੀ ਦਾ ਮੁਕੱਦਮਾ ਦਾਇਰ ਕੀਤਾ। ਇਸ ਤੋਂ ਝੱਟ ਬਾਅਦ, ਕੇਜਰੀਵਾਲ ਨੇ ਨਿਤਿਨ ਗਡਕਰੀ ਤੋਂ ਉਸ ਦੇ ਅਣ-ਪ੍ਰਮਾਣਿਤ ਦੋਸ਼ਾਂ ਲਈ ਮੁਆਫ਼ੀ ਵੀ ਮੰਗ ਲਈ। ਇਸੇ ਤਰ੍ਹਾਂ ਸਾਬਕਾ ਕਾਂਗਰਸੀ ਮੰਤਰੀ ਕਪਿਲ ਸਿੱਬਲ ਤੋਂ ਮੁਆਫ਼ੀ ਵੀ ਮੰਗੀ।
- ਫਿਰ 2016 ਵਿੱਚ ਕੇਜਰੀਵਾਲ ਨੇ ਪੰਜਾਬ ਦੇ ਉਸ ਵੇਲੇ ਦੇ ਮਾਲ ਮੰਤਰੀ ਬਿਕਰਮ ਮਜੀਠੀਆ ’ਤੇ ਨਸ਼ਿਆਂ ਦੇ ਧੰਦੇ ਵਿੱਚ ਸ਼ਾਮਲ ਹੋਣ ਦੇ ਦੋਸ਼ ਲਾਏ ਸਨ, ਜਿਸ ਲਈ ਮਜੀਠੀਆ ਨੇ ਉਸ ਅਤੇ ਆਮ ਆਦਮੀ ਪਾਰਟੀ ਦੇ ਦੋ ਹੋਰ ਵਿਅਕਤੀਆਂ ਵਿਰੁੱਧ ਮਾਨਹਾਨੀ ਦਾ ਕੇਸ ਦਾਇਰ ਕੀਤਾ ਸੀ। ਕੇਜਰੀਵਾਲ ਨੇ ਮਾਰਚ 2018 ਵਿੱਚ ਮਜੀਠੀਆ ਤੋਂ ਮੁਆਫ਼ੀ ਮੰਗੀ।
- ਕੇਜਰੀਵਾਲ ਨੇ ਵਿੱਤ ਮੰਤਰੀ ਅਰੁਣ ਜੇਤਲੀ ’ਤੇ ਡੀ.ਡੀ.ਸੀ.ਏ. ਵਿੱਚ ਬੇਨਿਯਮੀਆਂ ਦੇ ਦੋਸ਼ ਲਗਾਏ। ਅਰੁਣ ਜੇਤਲੀ ਨੇ ਕੇਜਰੀਵਾਲ ਖਿਲਾਫ 10 ਕਰੋੜ ਦਾ ਮਾਨਹਾਨੀ ਦਾ ਮੁਕੱਦਮਾ ਦਾਇਰ ਕੀਤਾ। 2 ਮਾਰਚ 2016 ਨੂੰ, ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਭਾਜਪਾ ਦੇ ਮੁਅੱਤਲ ਸੰਸਦ ਮੈਂਬਰ ਕੀਰਤੀ ਆਜ਼ਾਦ ਨੂੰ ਕਿਹਾ ਕਿ ਉਹ ਕ੍ਰਿਕਟ ਸੰਸਥਾ ਦੇ ਕੰਮਕਾਜ ਅਤੇ ਵਿੱਤ ਦੇ ਸਬੰਧ ਵਿੱਚ ਕਥਿਤ ਟਿੱਪਣੀਆਂ ਲਈ ਡੀ.ਡੀ.ਸੀ.ਏ. ਵੱਲੋਂ ਦਾਇਰ ਕੀਤੇ ਗਏ 5 ਕਰੋੜ ਰੁਪਏ ਦੇ ਦੀਵਾਨੀ ਮਾਨਹਾਨੀ ਦੇ ਮੁਕੱਦਮੇ ਵਿੱਚ ਆਪਣੇ ਲਿਖਤੀ ਬਿਆਨ ਦਾਇਰ ਕਰਨ। ਪਰ ਅਪ੍ਰੈਲ 2018 ਵਿੱਚ ਅਰਵਿੰਦ ਕੇਜਰੀਵਾਲ, ਸੰਜੇ ਸਿੰਘ, ਰਾਘਵ ਚੱਢਾ ਅਤੇ ਆਸ਼ੂਤੋਸ਼ ਸਮੇਤ ਇੱਕ ਸਾਂਝੇ ਪੱਤਰ ਵਿੱਚ ਅਰੁਣ ਜੇਤਲੀ ਤੋਂ ਮੁਆਫ਼ੀ ਮੰਗ ਲਈ।

ਮੋਦੀ ਤਾਂ ਐਲਾਨੀਆ ਆਰ. ਐੱਸ. ਐੱਸ. ਦੀ ਪੈਦਾਵਾਰ ਹੈ, ਇਸ ਬਾਰੇ ਜ਼ਿਆਦਾ ਵਿਸਥਾਰ ਦੀ ਜ਼ਰੂਰਤ ਨਹੀਂ। ਪਰ ਕੇਜਰੀਵਾਲ਼ ਦੀ ਹਕੀਕਤ ਵੀ ਜਾਣ ਲਈਏ। ਕੇਜਰੀਵਾਲ ਅੰਨਾ ਹਜ਼ਾਰੇ ਤੋਂ ਪ੍ਰੇਰਿਤ ਹੈ, ਬਲਕਿ ਉਸ ਦੀ ਸਿਆਸਤ ਵਿਚ ਇੰਟਰੀ ਅੰਨਾ ਹਜ਼ਾਰੇ ਦੇ ਸਮੇਂ ਹੀ ਹੁੰਦੀ ਹੈ, ਜੋ ਖ਼ੁਦ ਆਰ.ਐਸ.ਐਸ. ਦਾ ਹੀ ਪਲਾਂਟ ਕੀਤਾ ਸ਼ਖ਼ਸ ਸੀ। ਆਰ.ਐਸ.ਐਸ. ਮੁਖੀ ਮੋਹਨਰਾਓ ਭਾਗਵਤ ਦਾ ਦਾਅਵਾ ਹੈ (7*) ਕਿ ਅੰਨਾ ਹਜ਼ਾਰੇ ਦਾ ਆਰ.ਐਸ.ਐਸ. ਨਾਲ ਸਬੰਧ ਬਹੁਤ ਲੰਬੇ ਅਰਸੇ ਤੋਂ ਹੈ ਅਤੇ ਇਹ ਆਰ. ਐਸ. ਐਸ. ਹੀ ਸੀ ਜਿਸ ਨੇ ਅੰਨਾ ਹਜ਼ਾਰੇ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ। ....ਆਰ ਐੱਸ ਐੱਸ ਨੇਤਾ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਸ਼ੁਰੂ ਕਰਨ ਬਾਰੇ ਬਾਬਾ ਰਾਮਦੇਵ ਨਾਲ ਵੀ ਗੱਲ ਕੀਤੀ ਸੀ। ਕੋਲਕਾਤਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਗਵਤ ਨੇ ਦਾਅਵਾ ਕੀਤਾ ਕਿ ਅੰਨਾ ਹਜ਼ਾਰੇ ਦਾ ਆਰ. ਐੱਸ. ਐੱਸ. ਨਾਲ ਸਬੰਧ ਬਹੁਤ ਲੰਮਾ ਹੈ ਅਤੇ ਹਜ਼ਾਰੇ ਮਹਾਰਾਸ਼ਟਰ ਵਿੱਚ ਆਰ.ਐੱਸ.ਐੱਸ. ਦੇ ਕਾਡਰਾਂ ਨੂੰ ਮਿਲਦੇ ਅਤੇ ਸਿਖਲਾਈ ਦਿੰਦੇ ਸਨ। ਭਾਗਵਤ ਨੇ ਮੰਨਿਆ ਕਿ ਜਦੋਂ ਭ੍ਰਿਸ਼ਟਾਚਾਰ ਵਿਰੋਧੀ ਜਹਾਦ ਸਿਖ਼ਰ ’ਤੇ ਸੀ ਤਾਂ ਉਸ ਵਕਤ ਆਰ. ਐੱਸ. ਐੱਸ. ਦੇ ਕਾਰਕੁੰਨ ਰਾਮਲੀਲਾ ਮੈਦਾਨ ਵਿੱਚ ਮੌਜੂਦ ਸਨ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਨੇ ਕਿਹਾ ਕਿ ਰਾਮਦੇਵ ਅਤੇ ਹਜ਼ਾਰੇ ਸੰਘ-ਭਾਜਪਾ ਦੇ ਪਲਾਨ ਏ ਅਤੇ ਬੀ ਸਨ, ਸ੍ਰੀ ਸ੍ਰੀ ਰਵੀਸ਼ੰਕਰ ਪਲਾਨ ਸੀ ਹਨ “ਯੋਜਨਾ ਏ, ਬੀ ਅਤੇ ਸੀ ਸੰਘ/ਭਾਜਪਾ ਦੇ ਹਨ ਤਾਂ ਜੋ ਲੋਕਾਂ ਦੇ ਮਨਾਂ ਨੂੰ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਤੋਂ ਹਟਾ ਕੇ ਭ੍ਰਿਸ਼ਟਾਚਾਰ ਵੱਲ ਮੋੜਿਆ ਜਾ ਸਕੇ। ਯੋਜਨਾ ਏ- ਬਾਬਾ ਰਾਮਦੇਵ ਕਰੈਸ਼ ਹੋ ਗਿਆ। ਯੋਜਨਾ ਬੀ- ਅੰਨਾ, ਯੋਜਨਾ ਸੀ – ਸ੍ਰੀ ਸ੍ਰੀ ਰਵੀ ਸ਼ੰਕਰ ਜਲਦੀ ਹੀ ਆਪਣੀ ਮੁਹਿੰਮ ਸ਼ੁਰੂ ਕਰਨ ਲਈ।”

2012 ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਕੇਜਰੀਵਾਲ ਕਹਿੰਦਾ ਹੁੰਦਾ ਸੀ ਕਿ “ਹਮ ਰਾਜਨੀਤੀ ਕਰਨ ਨਹੀਂ ਆਏ, ਹਮ ਰਾਜਨੀਤੀ ਬਦਲਨੇ ਆਏ ਹੈਂ।” ਸੱਤਾ ’ਚ ਆਉਣ ਤੋਂ ਬਾਅਦ ਉਹ ਵੀ ਬਾਕੀ ਰਾਜਨੀਤਕ ਪਾਰਟੀਆਂ ਵਾਂਗ ਸਿਰੇ ਦਾ ਮੌਕਾਪ੍ਰਸਤ ਲੀਡਰ ਬਣਦਾ ਜਾ ਰਿਹਾ ਹੈ। ਸੱਤਾ ਵਿਚ ਆਉਣ ਲਈ ਉਹ ਹਰ ਹਰਬਾ ਵਰਤ ਰਿਹਾ ਹੈ, ਭਾਵੇਂ ਸਿਰੇ ਦੀ ਫ਼ਿਰਕੂ ਪਾਰਟੀ ਵੀ ਕਿਉਂ ਨਾ ਹੋਵੇ! ਇਸ ਦੀ ਤਾਜ਼ਾ ਮਿਸਾਲ ਕੇਜਰੀਵਾਲ ਐਂਡ ਪਾਰਟੀ ਦੀਆਂ ਆਰ. ਐੱਸ. ਐਸ. ਦੀ ਛੋਟੀ ਭੈਣ ਸ਼ਿਵ ਸੈਨਾ ਵਾਲ਼ਿਆਂ ਨਾਲ਼ ਕੀਤੀਆਂ ਮੁਲਾਕਾਤਾਂ ਹਨ। (8*) ਫਰਵਰੀ 2023 ਵਿੱਚ, ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇ-ਨਜ਼ਰ ਭਾਜਪਾ ਨੂੰ ਟੱਕਰ ਦੇਣ ਲਈ ਸ਼ਿਵ ਸੈਨਾ ਨਾਲ਼ ਗੱਠਜੋੜ ਬਣਾਉਣ ਲਈ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਸ਼ਿਵ ਸੈਨਾ (ਯੂਬੀਟੀ) ਦੇ ਮੁਖੀ ਊਧਵ ਠਾਕਰੇ ਨਾਲ ਉਸ ਦੀ ਮੁੰਬਈ ਰਿਹਾਇਸ਼ ‘ਮਾਤੋਸ਼੍ਰੀ’ ਵਿੱਚ ਮੁਲਾਕਾਤ ਕੀਤੀ, ਜਿਸ ਵਿਚ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਅਤੇ ਰਾਘਵ ਚੱਢਾ ਵੀ ਮੌਜੂਦ ਸਨ। ਫਿਰ ਸ਼ਿਵ ਸੈਨਾ (ਯੂਬੀਟੀ) ਦੇ ਨੇਤਾ ਆਦਿੱਤਿਆ ਠਾਕਰੇ ਨੇ ਪਾਰਟੀ ਸਹਿਯੋਗੀ ਅਤੇ ਰਾਜ ਸਭਾ ਮੈਂਬਰ ਪ੍ਰਿਅੰਕਾ ਚਤੁਰਵੇਦੀ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿੱਚ ਕੇਜਰੀਵਾਲ ਦੀ ਸਿਵਲ ਲਾਈਨਜ਼ ਰਿਹਾਇਸ਼ ’ਤੇ ਮੁਲਾਕਾਤ ਕੀਤੀ। ਠਾਕਰੇ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਜਲੰਧਰ ਦੇ ਨਵੇਂ ਚੁਣੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨਾਲ ਵੀ ਮੁਲਾਕਾਤ ਕੀਤੀ। ‘ਆਪ’ ਦੇ ਸੂਤਰਾਂ ਨੇ ਕਿਹਾ ਕਿ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਬਾਅਦ ਜੇਕਰ ਵਿਰੋਧੀ ਪਾਰਟੀਆਂ ਇਕਜੁੱਟ ਹੋ ਜਾਂਦੀਆਂ ਹਨ ਤਾਂ 2024 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਖ਼ਤ ਹਿਲਾ ਕੇ ਰੱਖ ਦਿੱਤਾ ਜਾ ਸਕਦਾ ਹੈ।

ਸਿਆਸੀ ਗਲਿਆਰਿਆਂ ਵਿਚ ਇਹ ਵੀ ਚਰਚਾ ਹੁੰਦੀ ਹੈ ਕਿ ਕੇਜਰੀਵਾਲ ਪਾਰਟੀ ਬੀ.ਜ਼ੇ.ਪੀ. ਦੀ ਹੀ ‘ਬੀ-ਟੀਮ’ ਹੈ। ਕਲਪਨਾ ਕਰੋ ਕਿ ਕਿਸੇ ਅਣਸੰਭਾਵੀ ਵਜ੍ਹਾ ਕਰ ਕੇ ਜੇ ਆਰ.ਐੱਸ.ਐੱਸ/ਬੀ.ਜੇ.ਪੀ ਵਾਲ਼ੇ ਮੋਦੀ ਦੇ ਦਿਨ ਪੁਗ ਰਹੇ ਦੇਖ ਕੇ (ਜਿਵੇਂ ਕਿ 10 ਮਈ 2023 ਨੂੰ ਕਰਨਾਟਕ ਦੀਆਂ ਸੂਬਾਈ ਚੋਣਾਂ ਵਿਚ ਬੀ.ਜ਼ੇ.ਪੀ. ਦਾ ਸਫ਼ਾਇਆ ਹੋਇਆ ਹੈ), ਉਸ ਦਾ ਚਿਹਰਾ ਸਿਆਸੀ ਮੰਚ ਤੋਂ ਲਾਂਭੇ ਕਰ ਕੇ ਉਹ ਕੇਜਰੀਵਾਲ ਨੂੰ ਬੀ.ਜੇ.ਪੀ. ਦਾ ਮੁਕਟ ਪਹਿਨ ਸਜਾ ਕੇ ਚੋਣ-ਰਥ (Band wagon) ’ਤੇ ਸ਼ੁਸ਼ੋਭਿਤ ਹੋਣ ਲਈ ਕਹਿਣ ਤਾਂ ਕੇਜਰੀਵਾਲ ਨੇ ਸਭ ਸੰਗ, ਸ਼ਰਮ, ਸਵੈਮਾਣ, ਪਾਰਟੀ ਪ੍ਰਤੀ ਵਫ਼ਾਦਾਰੀ ਤੇ ਨੈਤਿਕਤਾ ਨੂੰ ਛਿੱਕੇ ਟੰਗ ‘ਆਪ’ ਤੋਂ ਬੀ.ਜ਼ੇ.ਪੀ. ਵੱਲ ਧੁਰਲੀ ਮਾਰਨ ਵਿਚ ਬਿੰਦ ਨਹੀਂ ਲਾਉਣਾ।

ਪਿਛਲੇ ਕੁਝ ਸਮੇਂ ਤੋਂ ਕੇਜਰੀਵਾਲ ਅਤੇ ‘ਆਪ’ ਕੇਂਦਰ ਸਰਕਾਰ ਵੱਲੋਂ ਸਿਆਸੀ ਅਤੇ ਪ੍ਰਸ਼ਾਸਨਿਕ ਮਾਮਲਿਆਂ ਨੂੰ ਸੰਭਾਲਣ ਦੇ ਮਾਮਲੇ ਵਿੱਚ ਭਾਜਪਾ ਦੇ ਸਭ ਤੋਂ ਵੱਧ ਤਿੱਖੇ ਵਿਰੋਧੀ ਰਹੇ ਹਨ। (9*) ਸਪੱਸ਼ਟ ਹੈ ਕਿ ਕੇਜਰੀਵਾਲ ਆਪਣੇ ਆਪ ਨੂੰ ਅਤੇ ਆਪਣੀ ਪਾਰਟੀ ਨੂੰ ਭਾਜਪਾ ਦੇ ਸਿਆਸੀ ਬਦਲ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ‘ਆਪ’ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੁਹਿੰਮ ਗ਼ੈਰ-ਪਾਰਦਰਸ਼ੀ ਸਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਰਹੀ ਹੈ। ਹੁਣ, ਕੇਜਰੀਵਾਲ ਨੇ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਮੋਦੀ ਦੀ ਵਿਦਿਅਕ ਯੋਗਤਾ ਦੇ ਵੇਰਵਿਆਂ ਦਾ ਖ਼ੁਲਾਸਾ ਕਰਨ ਤੋਂ ਆਨਾਕਾਨੀ ਕਰਨ ਨੂੰ ਪੈਰਾਂ ਹੇਠ ਆਇਆ ਬਟੇਰਾ ਜਾਣ ਅਪਾਰਦਰਸ਼ੀ ਸਰਕਾਰ ਦੇ ਖਿਲਾਫ਼ ਮੁਹਿੰਮ ਵਜੋਂ ਸਫਲਤਾਪੂਰਵਕ ਉਭਾਰਿਆ ਤੇ ਵਰਤਿਆ ਹੈ।

ਇਸੇ ਸੰਦਰਭ ਵਿਚ ਕੇਜਰੀਵਾਲ ਦਾ 28 ਮਾਰਚ, 2023 ਦੇ ਦਿੱਲੀ ਵਿਧਾਨ ਸਭਾ ’ਚ ਭਾਸ਼ਨ ਲਿਆ ਜਾ ਸਕਦਾ ਹੈ, ਜਿਸ ਦਾ ਯੂ-ਟਿਊਬ (10*) ਤੋਂ ਉਤਾਰਾ ਹੇਠਾਂ ਦਿੱਤਾ ਜਾ ਰਿਹਾ ਹੈ: “ਆਦਰਨੀਯ ਅਧਿਅਕਸ਼ ਮਹੋਦੇ, ਅਭੀ ਕੁਛ ਦਿਨ ਪਹਿਲੇ ਬੀ.ਜੇ.ਪੀ. ਕਾ ਏਕ ਬਹੁਤ ਬੜਾ ਨੇਤਾ ਮਿਲਾ ਮੁਝ ਕੋ। ਉਸ ਕੇ ਸਾਥ ਬੜੀ ਲੰਬੀ ਚਰਚਾ ਹੁਈ ਮੇਰੀ। ਔਰ ਉਸਨੇ ਜੋ ਜੋ ਬਾਤੇਂ ਬਤਾਈ, ਵੋਹ ਇਤਨੀ ਚੌਂਕਾਨੇ ਵਾਲੀ ਥੀ ਕਿ ਆਪ ਸਭ ਸੁਨੇਂਗੇ ਤੋ ਰੌਂਗਟੇ ਖੜ੍ਹੇ ਹੋ ਜਾਏਂਗੇ। ਉਸ ਨੇ ਮੁਝ ਸੇ ਪੂਛਾ ਕਿ ‘ਕੇਜਰੀਵਾਲ ਜੀ ਯੇ ਆਪ ਕੋ ਕਿਆ ਲਗਤਾ ਹੈ ਮੋਦੀ ਜੀ ਅਡਾਨੀ ਕੀ ਇਤਨੀ ਮਦਦ ਕਿਉਂ ਕਰਤੇ ਹੈਂ?’ ਮੈਂ ਨੇ ਕਹਾ ‘ਦੋਸਤ ਹੈਂ ਦੋਨੋਂ ਇਸ ਲੀਏ ਕਰਤੇ ਹੈਂ।’ ਕਹਿਤਾ, ‘ਬੱਸ ਇਸ ਲੀਏ?’ ਕਹਿਤਾ, ‘ਮੋਦੀ ਜੀ ਨੇ ਆਜ ਤੱਕ ਕਿਸੀ ਕੇ ਲੀਏ ਕੁਛ ਨਹੀਂ ਕਰਾ। ਅਪਨੀ ਵਾਈਫ਼ ਕੇ ਲੀਏ ਕੁਛ ਨਹੀਂ ਕਰਾ, ਅਪਨੀ ਮਾਂ ਕੇ ਲੀਏ ਕੁਛ ਨਹੀਂ ਕਰਾ। ਉਨ ਕੇ ਭਾਈ ਗੁਜਰਾਤ ਮੇਂ ਰਹਿਤੇ ਹੈਂ, ਉਨਕੇ ਲੀਏ, ਔਰ ਕਿਸੀ ਰਿਸ਼ਤੇਦਾਰ ਕੇ ਲੀਏ ਕੁਛ ਨਹੀਂ ਕਰਾ। ਰਾਜੀਤ ਗੁਰੂ ਕੇ ਲੀਏ ਕੁਛ ਨਹੀਂ ਕਰਾ। ਵੋਹ ਅਪਨੇ ਦੋਸਤ ਕੇ ਲੀਏ ਇਤਨਾ ਕੁਛ ਕਰੇਂਗੇ? ਐਸਾ ਕੈਸੇ ਹੋ ਸਕਤਾ ਹੈ? ਦੋਸਤ ਪੇ ਇਤਨੇ ਮਿਹਰਬਾਨ ਕਿਉਂ ਹੈਂ? ਐਸੀ ਭੀ ਕਿਆ ਦੋਸਤੀ ਹੈ? ਆਜ ਕੇ ਜ਼ਮਾਨੇ ਮੇਂ ਕੌਨ ਕਿਸੀ... ਕੋਈ ਭਾਈ ਕੇ ਲੀਏ ਕੋਈ ਕੁਛ ਨਹੀਂ ਕਰਤਾ ਤੋ ਦੋਸਤ ਕੇ ਲੀਏ ਕੌਨ ਕਰਤਾ ਹੈ?’ ਤੋ ਮੈਂ ਨੇ ਕਹਾ ਕਿ ‘ਫਿਰ ਕਿਆ ਮਾਮਲਾ ਹੈ?’ ਕਹਿਤਾ ਕਿ ‘ਆਪ ਖ਼ੁਦ ਸੋਚੋ? ਇਤਨਾ ਬੜਾ ਕਰਾਈਸਿਜ਼ ਹੂਆ। ਹਿੰਡਨਬਰਗ ਕੀ ਰਿਪੋਰਟ ਆਈ। ਚਾਰੋਂ ਤਰਫ਼ ਥੂਹ ਥੂਹ ਹੁਈ। ਪੂਰਾ ਕਰੈਸ਼ ਕਰ ਗਿਆ ਅਡਾਨੀ ਗਰੁੱਪ। ਮੋਦੀ ਜੀ ਇਤਨੇ ਸਵਾਰਥੀ ਆਦਮੀ ਹੈਂ ਕਿ ਅਗਰ ਕੇਵਲ ਮਾਮਲਾ ਦੋਸਤੀ ਤੱਕ ਹੋਤਾ ਤੋ ਦੋ ਮਿੰਟ ਮੇਂ ਉਸ ਕੋ ਸਾਈਡ ਕਰਤੇ ਔਰ ਕਹਿਤੇ ਮੇਰਾ ਕੋਈ ਲੇਨਾ ਦੇਨਾ ਨਹੀਂ ਇਸ ਸੇ। ਅਭੀ ਭੀ ਉਸ ਕੋ ਬਚਾਨੇ ਮੇਂ ਲਗੇ ਹੁਏ ਹੈਂ। ਕਭੀ ਐੱਸ. ਬੀ. ਆਈ. ਕੋ ਕਹਿ ਰਹੇ ਹੈਂ ਇਸ ਕੋ ਪੈਸੇ ਦੋ। ਆਜ ਅਖ਼ਬਾਰ ਮੇਂ ਆਇਆ ਪੀ. ਐਫ਼. ਵਾਲੋਂ ਕੋ ਭੀ ਬੋਲਾ ਇਸ ਕੋ ਪੈਸੇ ਦੋ। ਅਭੀ ਭੀ ਉਸ ਕੋ ਪੂਰੀ ਤਰ੍ਹਾਂ ਬਚਾਨੇ ਮੇਂ ਲਗੇ ਹੁਏ ਹੈਂ।’ ਤੋ ਮੈਂ ਭੀ ਅਚੰਭੇ ਮੇਂ ਰਹਿ ਗਿਆ ਕਿ ਮਾਮਲਾ ਤੋ ਕੁਛ ਅਲਗ ਹੀ ਹੈ ਕਿ ਐਸਾ ਭੀ ਕਿਆ ਦੋਸਤ ਹੋ ਗਿਆ ਕਿ ਦੋਸਤ ਡੂਬ ਰਹਾ ਹੈ ਔਰ ਫਿਰ ਭੀ ਉਸ ਕੋ ਪੂਰੀ ਤਰ੍ਹਾ ਸੇ ਬਚਾਨੇ ਮੇਂ ਲਗੇ ਹੂਏ ਹੇਂ। ਇਤਨਾ ਬੜਾ ਪਾਲੇਟਿਸ਼ਨ ਹੈ। ਪਾਲੇਟਿਸ਼ਨ ਕੇ ਲੀਏ ਤੋ ਪ੍ਰੱਸੈਪਸ਼ਨ ਸਭ ਸੇ ਇੰਪਾਰਟੈਂਟ ਹੋਤੀ ਹੈ। ਕੋਈ ਆਸ

ਪਾਸ ਵਾਲਾ ਅਗਰ ਕੋਈ ਹੋ, ਤੋ ਆਦਮੀ ਕਹਿ ਦੇਤਾ ਹੈ ਮੇਰੇ ਸੇ ਮਿਲਨਾ ਬੰਦ ਕਰ ਦੀਜੀਏ। ਵੋਹ ਉਸ ਕੋ ਅਭੀ ਭੀ ਬਚਾਨੇ ਮੇਂ ਲਗੇ ਹੂਏ ਹੈਂ।'

"ਔਰ ਉਸਨੇ ਮੁਝ ਕੋ ਬਤਾਯਾ ਕਿ...ਮੈਂ ਨੇ ਕਹਾ ਕਿ 'ਫਿਰ ਮਾਮਲਾ ਕਿਆ ਹੈ?' ਤੋ ਕਹਿਤਾ ਹੈ 'ਜੀ ਅਡਾਨੀ ਤੋ ਕੇਵਲ ਫ਼ਰੰਟ ਹੈ। ਅਡਾਨੀ ਮੇਂ ਸਾਰਾ ਪੈਸਾ ਮੋਦੀ ਕਾ ਲਗਾ ਹੂਆ ਹੈ।' ਮੈ ਨੇ ਕਹਾ ਕਿ 'ਯੇਹ ਕੈਸੇ ਹੋ ਸਕਤਾ ਹੈ? ਯੇਹ ਨਹੀਂ ਹੋ ਸਕਤਾ।' ਕਹਿਤੇ ਕਿ 'ਅਡਾਨੀ ਕੇ ਅੰਦਰ ਸਾਰਾ ਪੈਸਾ ਮੋਦੀ ਜੀ ਕਾ ਲਗਾ ਹੂਆ ਹੈ। ਅਡਾਨੀ ਕੇਵਲ ਫ਼ਰੰਟ ਹੈ। ਅਡਾਨੀ ਤੋ ਕੇਵਲ ਮੋਦੀ ਜੀ ਕਾ ਪੈਸਾ ਮੈਨੇਜ ਕਰਤਾ ਹੈ। ਮੈਨੇਜਰ ਹੈ। ਉਸ ਕੋ ਦਸ ਪਰਸੈਂਟ, ਪੰਦਰਾ ਪਰਸੈਂਟ, ਬੀਸ ਪਰਸੈਂਟ ਇਤਨੀ ਕਮਿਸ਼ਨ ਮਿਲਤੀ ਹੈ। ਬਾਕੀ ਸਾਰਾ ਕਾ ਸਾਰਾ ਪੈਸਾ ਮੋਦੀ ਜੀ ਕਾ ਲਗਾ ਹੂਆ ਹੈ। ਅਗਰ ਕੱਲ ਕੋ ਜਾਂਚ ਹੋ ਗਈ ਜੇ.ਪੀ.ਸੀ. ਬੈਠ ਗਈ, ਈ.ਡੀ. ਕੀ ਜਾਂਚ ਹੋ ਗਈ, ਸੀ.ਬੀ.ਆਈ. ਕੀ ਜਾਂਚ ਹੋ ਗਈ ਤੋ ਅਡਾਨੀ ਨਹੀਂ ਡੂਬੇਗਾ, ਮੋਦੀ ਜੀ ਡੂਬੇਂਗੇ। ਜਿਸ ਦਿਨ ਅਡਾਨੀ ਡੂਬਾ, ਉਸ ਦਿਨ ਮੋਦੀ ਜੀ ਡੂਬੇਂਗੇ।' ਮੈਂ ਨੇ ਕਹਾ 'ਯਾਰ ਉਸ ਕੋ ਪੈਸੇ ਕੀ ਕਿਆ ਜ਼ਰੂਰਤ ਹੈ? ਪ੍ਰਧਾਨ ਮੰਤਰੀ ਮੋਦੀ ਜੀ ਕੇ ਨਾ ਆਗੇ ਕੋਈ, ਨਾ ਪੀਛੇ ਕੋਈ, ਉਨ ਕੋ ਪੈਸੇ ਕੀ ਕਿਆ ਜ਼ਰੂਰਤ ਹੈ?' ਤੋ ਕਹਿਤਾ ਹੈ ਕਿ 'ਸਰ ਪੈਸੇ ਕੀ ਹਵਸ ਹੋਤੀ ਹੈ। ਲਤ ਹੋਤੀ ਹੈ।' ਕਹਿਤਾ ਹੈ ਕਿ 'ਇਸ ਦੁਨੀਆਂ ਮੈਂ ਇਤਨੇ ਬੜੇ ਬੜੇ ਅਮੀਰ ਆਦਮੀ ਉਨ ਕੋ ਪੈਸੇ ਕੀ ਥੋੜੀ ਜ਼ਰੂਰਤ ਹੈ... ਲਗੇ ਪੜੇ ਹੈਂ ਸਾਰੇ। ਔਰ ਪੈਸਾ, ਔਰ ਪੈਸਾ।' ਬੋਲਾ 'ਹਵਸ ਹੋਤੀ ਹੈ।' ਬੋਲਾ 'ਜਿਸ ਦਿਨ ਅਡਾਨੀ ਦੁਨੀਆ ਕਾ ਸੈਕਿੰਡ ਰਿੱਚੈੱਸਟ ਮੈਨ ਬਨਾ ਥਾ.. ਅਡਾਨੀ ਦੁਨੀਆ ਕਾ ਸੈਕਿੰਡ ਰਿੱਚੈੱਸਟ ਮੈਨ ਨਹੀਂ ਬਨਾ ਥਾ..ਮੋਦੀ ਜੀ ਦੁਨੀਆ ਕੇ ਸੈਕਿੰਡ ਰਿੱਚੈੱਸਟ ਮੈਨ ਬਨੇ ਥੇ। ਔਰ ਅਭ ਮੋਦੀ ਜਾ ਕਾ ਖ਼ਵਾਬ ਹੈ, ਉਨ ਕਾ ਸਪਨਾ ਹੈ ਵੋਹ ਦੁਨੀਆ ਕੇ ਰਿੱਚੈੱਸਟ ਮੈਨ ਬਨਨਾ ਚਾਹਤੇ ਹੈਂ। ਪ੍ਰਧਾਨ ਮੰਤਰੀ ਤੋ ਬਨ ਗਏ, ਅਭ ਦੁਨੀਆ ਕੇ ਰਿੱਚੈੱਸਟ ਮੈਨ ਬਨਨਾ ਚਾਹਤੇ ਹੈਂ।'

"ਫਿਰ ਉਸ ਨੇ ਮੁਝ ਕੋ ਏਕ ਏਕ ਕਰ ਕੇ...ਮੈਂ ਬੜਾ...ਧੀਰੇ ਧੀਰੇ ਕਰ ਕੇ ਉਸ ਕੀ ਬਾਤੋਂ ਸੇ ਪਹਿਲੇ ਮੈਂ ਸ਼ਾਕ ਹੋ ਗਿਆ ਕਿ ਯੇਹ ਕਿਆ ਹੈ? ਕਿ ਅਡਾਨੀ ਕੇ ਅੰਦਰ ਸਾਰਾ ਪੈਸਾ ਮੋਦੀ ਜੀ ਕਾ ਲਗਾ ਹੈ? ਤੋ ਧੀਰੇ ਧੀਰੇ ਉਸ ਨੇ ਸਭੀ ਬਾਤੇਂ ਖੋਲ੍ਹ ਕੇ ਸਮਝਾਨੀ ਚਾਲੂ ਕੀ। ਕਹਤਾ ਹੈ 'ਮੋਦੀ ਜੀ ਸ੍ਰੀ ਲੰਕਾ ਗਏ। ਸ੍ਰੀ ਲੰਕਾ ਕੇ ਰਾਸ਼ਟਰਪਤੀ ਸ੍ਰੀ ਰਾਜਾਪਾਕਸਾ ਹੈਂ (ਸ੍ਰੀਲੰਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸ੍ਰੀ ਮਾਹਿੰਦਾ ਰਾਜਾਪਾਕਸਾ-ਲੇਖਕ)। ਰਾਜਾਪਾਕਸਾ ਕੋ ਮੋਦੀ ਜੀ ਨੇ ਜਬਰਦਸਤੀ ਕਰ ਕੇ ਵਹਾਂ ਕਾ ਵਿੰਡ ਪ੍ਰਾਜੈੱਕਟ ਅਡਾਨੀ ਕੋ ਦਿਲਾਯਾ। ਕਿਊਂ ਦਿਲਾਯਾ? ਮੈਂ ਆਪ ਲੋਗੋਂ ਸੇ ਪੂਛਨਾ ਚਾਹਤਾ ਹੂੰ ਆਪ ਵਿਦੇਸ਼ ਜਾਏਗਾ ਤੋ ਵਹਾਂ ਕੀ ਕਿਸੀ ਏਜੰਸੀ ਕੋ ਜਬਰਦਸਤੀ ਕਰ ਕੇ ਅਪਨੇ ਭਾਈ ਕੋ, ਰਿਸ਼ਤੇਦਾਰ ਕੋ ਠੇਕਾ ਦਿਲਾ ਕੇ ਆਉਗੇ ਕਿਆ? ਐਸੇ ਕੋਈ ਕਰਤਾ ਹੈ ਕਿਆ? ਮੋਦੀ ਜੀ ਨੇ ਜਬਰਦਸਤੀ ਰਾਜਾਪਾਕਸਾ ਕੇ ਉਪਰ ਪ੍ਰੈਸ਼ਰ ਡਾਲ ਕਰ ਵਹਾਂ ਕਾ ਵਿੰਡ ਪ੍ਰਾਜੈੱਕਟ ਅਡਾਨੀ ਕੋ ਦਿਲਾਯਾ। ਅਡਾਨੀ ਕੋ ਨਹੀਂ ਦਿਲਾਯਾ, ਖ਼ੁਦ ਲੀਆ ਵੋਹ ਮੋਦੀ ਜੀ ਕਾ ਪ੍ਰਾਜੈੱਕਟ ਹੈ, ਅਡਾਨੀ ਕਾ ਨਹੀਂ। ਔਰ ਯੇ ਬਾਤ ਕੈਸੇ ਬਾਹਰ ਕੈਸੇ ਨਿਕਲੀ? ਵਹਾਂ ਕਾ ਜੋ ਬਿਜਲੀ ਬੋਰਡ ਹੈ, ਸ੍ਰੀਲੰਕਾ ਕਾ ...ਜੈਸੇ ਅਪਨੇ ਸਟੈਂਡਿੰਗ ਕਮੇਟੀ ਹੈ ਅਸੈਂਬਲੀ ਕੀ, ਪਾਰਲੀਮੈਂਟ ਕੀ ਸਟੈਂਡਿੰਗ ਕਮੇਟੀ ਹੈ, ਵੈਸੇ ਉਨਕੀ ਪਾਰਲੀਮੈਂਟ ਕੀ ਭੀ ਸਟੈਂਡਿੰਗ ਕਮੇਟੀ ਹੋਤੀ ਹੈ। ਤੋ ਵਹਾਂ ਕੀ ਪਾਰਲੀਮੈਂਟ ਕੀ ਸਟੈਂਡਿੰਗ ਕਮੇਟੀ ਨੇ ਬਿਜਲੀ ਬੋਰਡ ਕੇ ਚੇਅਰਮੈਨ ਕੋ ਬੁਲਾਯਾ ਔਰ ਬੋਲੇ ਤੂੰ ਨੇ ਯੇਹ ਪ੍ਰਾਜੈੱਕਟ ਅਡਾਨੀ ਜੀ ਕੋ ਕਿਉਂ ਦੀਯਾ? ਤੋ ਉਸ ਨੇ ਕਹਾ ਕਿ ਰਾਜਾਪਾਕਸਾ ਨੇ ਮੁਝ ਕੋ ਬੁਲਾਯਾ ਥਾ ਔਰ ਉਨੋਂ ਨੇ ਕਹਾ ਮੋਦੀ ਜੀ ਮੇਰੇ ਉੱਪਰ ਬਹੁਤ ਪ੍ਰੈਸ਼ਰ ਡਾਲ ਰਹੇ ਹੈਂ ਕਿ ਏਹ ਪ੍ਰਾਜੈੱਕਟ ਅਡਾਨੀ ਕੋ ਦੇਂ। ਮੋਦੀ ਜੀ ਬੰਗਲਾ ਦੇਸ਼ ਗਏ। ਬੰਗਲਾ ਦੇਸ਼ ਵਾਲੋਂ ਕੋ ਬਿਜਲੀ ਖਰੀਦਣੀ ਥੀ। 1500 ਮੈਗਾਵਾਟ ਬਿਜਲੀ, 25 ਸਾਲੋਂ ਕੇ ਲੀਏ। ਮੋਦੀ ਜੀ ਨੇ ਵੋਹ ਪ੍ਰਾਜੈੱਕਟ ਭੀ ਅਡਾਨੀ ਜੀ ਕੋ ਦਿਲਾ ਦੀਆ। ਅਡਾਨੀ ਕੋ ਨਹੀਂ ਦਿਲਾਯਾ। ਮੋਦੀ ਜੀ ਨੇ ਵੋਹ ਪ੍ਰਾਜੈੱਕਟ ਖ਼ੁਦ ਲੀਆ। 25 ਸਾਲ ਤੱਕ 1500 ਮੈਗਾਵਾਟ ਬਿਜਲੀ ਖਰੀਦਣੇ ਕਾ ਪ੍ਰਾਜੈੱਕਟ ਬੰਗਲਾ ਦੇਸ਼ ਕਾ ਵੋਹ ਭੀ ਮੋਦੀ ਜੀ ਲੇ ਆਏ ਅਪਨੇ ਨਾਮ ਪੇ। ਇਜ਼ਰਾਈਲ ਗਏ। ਇਜ਼ਰਾਈਲ ਨੇ ਭਾਰਤ ਕੇ ਸਾਥ ਕਈ ਸਾਰੇ ਰਖਸ਼ਾ ਸਮਝੌਤੇ ਕਰ ਰੱਖੇ ਹੈਂ ਵੋ ਸਾਰੇ ਕੇ ਸਾਰੇ ਰਖਸ਼ਾ ਸੌਦੇ ਅਡਾਨੀ ਕੋ ਦੇ ਦੀਏ। ਅਡਾਨੀ ਕੋ ਨਹੀਂ ਦੀਏ, ਮੋਦੀ ਜੀ ਨੇ ਖ਼ੁਦ ਲੀਏ। ਅਭੀ ਦੋ ਤੀਨ ਸਾਲ ਪਹਿਲੇ ਛੇ ਏਅਰਪੋਰਟ ਕੀ ਨੀਲਾਮੀ ਹੁਈ ਪ੍ਰਾਈਵੇਟਾਈਜ਼ੇਸ਼ਨ ਕੇ ਕਾਰਨ ਉਨਕੀ ਨੀਲਾਮੀ ਕਰੀ। ਉਸ ਮੇਂ ਕੰਡੀਸ਼ਨ ਥੀ ਕਿ ਉਸੀ ਕੋ ਦੀਏ ਜਾਏਂਗੇ ਯੇਹ ਏਅਰਪੋਰਟ ਜਿਸ ਨੇ ਪਹਿਲੇ ਏਅਰਪੋਰਟ ਕਾ ਕਾਮ ਕਰ ਰੱਖਾ ਹੈ। ਹਮ ਸਰਕਾਰੀ ਠੇਕੇ ਪਰ ਸੜਕੇਂ ਬਨਾਤੇ ਹੈਂ ਬਈ ਜਿਸ ਠੇਕੇਦਾਰ ਕੋ ਸੜਕ ਬਨਾਨੇ ਕਾ ਐਕਸਪੀਰੀਐਂਸ ਹੈ ਉਸੀ ਕੋ ਦੀਆ ਜਾਏਗਾ। ਹਮ ਬਿਲਡਿੰਗ ਬਨਾਤੇ ਹੈਂ ਤੋ ਕਹਿਤੇ ਹੈਂ, ਪਾਨੀ ਕੇ ਵਾਟਰ ਟਰੀਟਮੈਂਟ ਪਲਾਂਟ ਲਗਾਤੇ ਹੈਂ ਉਸ ਮੇਂ ਡਬਲਯੂ ਟੀ ਪੀ (ਵਾਟਰ ਟਰੀਟਮੈਂਟ ਪਲਾਂਟ) ਕਿਤਨੇ ਲਗਾ ਰੱਖੇ ਹੈਂ ਉਸੀ ਕੋ ਦੀਆ ਜਾਏਗਾ। ਹਮ ਸੀਵਰੇਜ ਟਰੀਟਮੈਂਟ ਪਲਾਂਟ ਬਨਾਂਤੇ ਹੈਂ ਉਸ ਮੇਂ ਭੀ 15 ਸਾਲ ਕਾ ਐਕਸਪੀਰੀਐਂਸ ਹੋਨਾ ਚਾਹੀਏ...ਇਸ ਮੇਂ ਭੀ ਯੇਹੀ ਕੰਡੀਸ਼ਨ ਥੀ ਕਿ ਜਿਸ ਨੇ ਏਅਰਪੋਰਟ ਚਲਾਨੇ ਕਾ ਐਕਸਪੀਰੀਐਂਸ ਹੈ...ਅਬ ਮੋਦੀ ਜੀ, ਅਡਾਨੀ ਨੇ ਤੋ ਕਰ ਨਹੀਂ ਰੱਖਾ ਥਾ..ਤੋ ਕਿਆ ਕਰਤੇ? ਆਖ਼ਰੀ ਮੂਮੈਂਟ ਪਰ ਵੋਹ ਕੰਡੀਸ਼ਨ ਹਟਾ ਦੀ ਗਈ ਕਿ ਇਸ ਕੀ ਜ਼ਰੂਰਤ ਨਹੀਂ ਹੈ। ਛੇ ਕੇ ਛੇ ਏਅਰਪੋਰਟ ਅਡਾਨੀ ਕੋ ਦੇ ਦੀਏ। ਅਡਾਨੀ ਕੋ ਨਹੀਂ ਦੀਏ, ਮੋਦੀ ਜੀ ਨੇ ਵੋਹ ਛੇ ਕੇ ਛੇ ਏਅਰਪੋਰਟ ਖ਼ੁਦ ਕੇ ਨਾਮ ਕਰ ਲੀਏ। ਆਜ 2021 ਨਵੰਬਰ ਕੋ ਟੇਕਓਵਰ ਕੀਏ 2023 ਡੇਢ ਸਾਲ ਹੂਆ ਹੈ, ਡੇਢ ਸਾਲ ਕੇ ਅੰਦਰ ਆਜ ਏਅਰਪੋਰਟ ਕਾ ਤੀਸ ਪਰਸੈਂਟ - ਏਅਰਪੋਰਟ ਕਾ ਜਿਤਨਾ ਧੰਦਾ ਹੈ ਜਿਤਨਾ ਬਿਜ਼ਨੈੱਸ ਹੈ, ਉਸ ਕਾ ਤੀਸ ਪਰਸੈਂਟ ਬਿਜ਼ਨੈੱਸ ਜੋ ਹੈ ਵੋਹ ਮੋਦੀ ਜੀ ਕੇ ਪਾਸ ਹੈ। ਤੀਸ ਪਰਸੈਂਟ, ਡੇਢ ਸਾਲ ਮੈਂ ਇਤਨਾ ਬੜਾ ਦੇਸ਼ ਭਾਰਤ, ਇਤਨੇ ਏਅਰਪੋਰਟ..ਤੀਸ ਪਰਸੈਂਟ ਕਾ ਬਿਜ਼ਨੈਸ ਆਜ ਮੋਦੀ ਜੀ ਕੇ ਪਾਸ ਹੈ।

"ਇਕ ਔਰ ਬੜੀ ਇੰਟ ?ਰੈਸਟਿੰਗ ਚੀਜ਼ ਹੋ ਰਹੀ ਹੈ। ਈ.ਡੀ. ਔਰ ਸੀ.ਬੀ.ਆਈ. ਕੋ ਇਸਤੇਮਾਲ ਕਰ ਕੇ ਬੰਦੂਕ ਯਹਾਂ (ਸਿਰ ਪਰ) ਰੱਖ ਕੇ ਲੋਗੋਂ ਕੀ ਫ਼ੈਕਟਰੀਆਂ ਛੀਨੀ ਜਾ ਰਹੀ ਹੈ। ਮਤਲਬ...10 ਅਕਤੂਬਰ 2018 ਕੋ ਕ੍ਰਿਸ਼ਨਾਪਟਨਮ ਪੋਰਟ ਕੇ ਉੱਪਰ ਇਨਕਮ ਟੈਕਸ ਕੀ ਰੇਡ ਕਰਾਈ ਗਈ ਔਰ 6 ਅਪ੍ਰੈਲ 2020 ਕੋ, ਡੇਢ ਸਾਲ ਬਾਅਦ ਵੋ ਪੂਰਾ ਪੋਰਟ ਅਡਾਨੀ ਨੇ ਖ਼ਰੀਦ ਲੀਆ। ਉਸ ਕੇ ਯਹਾਂ (ਸਿਰ ਪਰ) ਬੰਦੂਕ ਰੱਖ ਕੇ ਕਹਾ ਕਿ ਜਾਂ ਤੋ ਦੇ ਦੋ ਯਾ ਜੇਲ੍ਹ। ਤੋ ਵੋਹ ਅਡਾਨੀ ਨੇ ਨਹੀਂ ਖ਼ਰੀਦਾ, ਵੋ ਮੋਦੀ ਜੀ ਕੇ ਪਾਸ ਚਲਾ ਗਯਾ ਕ੍ਰਿਸ਼ਨਾਪਟਨਮ ਪੋਰਟ। 10 ਦਸੰਬਰ 2020 ਏ.ਸੀ.ਸੀ. ਔਰ ਅੰਬੂਜਾ ਸੀਮੈਂਟ ਪੇ ਰੇਡ ਹੂਈ, ਔਰ ਦੋ ਸਾਲ ਬਾਅਦ 16 ਅਕਤੂਬਰ 2022 ਕੋ ਦੋਨੋ ਸੀਮੈਂਟ ਪਲਾਂਟ ਮੋਦੀ ਜੀ ਕੇ ਪਾਸ ਚਲੇ ਗਏ। 2020 ਜੁਲਾਈ ਕੋ ਮੁੰਬਈ ਏਅਰਪੋਰਟ ਕਾ ਮਾਲਕ ਥਾ ਜੀ.ਬੀ.। ਉਸ ਉਪਰ ਈ.ਡੀ. ਕੀ ਰੇਡ ਹੂਈ ਔਫ਼ ਆਰ ਆਈ ਹੂਈ ਔਰ ਇਕ ਮਹੀਨੇ ਕੇ ਬਾਅਦ ਵੋਹ ਏਅਰਪੋਰਟ ਮੋਦੀ ਜੀ ਕੇ ਪਾਸ ਚਲਾ ਗਯਾ, ਅਡਾਨੀ ਜੀ ਕੇ ਪਾਸ ਚਲਾ ਗਯਾ। ਤੋ ਈ.ਡੀ. ਔਰ ਸੀ.ਬੀ.ਆਈ. ਸੇ ਰੇਡ ਕਰਾਤੇ ਹੈਂ, ਉਸ ਕੋ ਧਮਕਾਤੇ ਹੈਂ, ਫ਼ੈਕਟਰੀ ਵਾਲੇ ਕੋ, ਕੰਪਨੀ ਵਾਲੇ ਕੋ ਕਿ ਯਾ ਤੋ ਜੇਲ੍ਹ ਜਾਹ, ਯਾ ਅਪਨੀ ਫ਼ੈਕਟਰੀ ਹਮ ਕੋ ਦੇ ਦੇ। ਯੇ ਇਧਰ ਤੋ ਸੁਨਤੇ ਥੇ ਹਰਿਆਣਾ ਕੀ ...ਪੰਜਾਬ ਮੇ ਭੀ ....ਦੇਸ਼ ਕੋ ਅੰਦਰ ਇਤਨੀ ਗੁੰਡਾਗਰਦੀ ਮਚੀ ਪੜੀ ਹੈ ਕਿ ਈ.ਡੀ. ਕੀ ਰੇਡ ਕਰਾ ਦੇਤੇ ਹੈਂ, ਸੀ.ਬੀ.ਆਈ. ਕੀ ਰੇਡ ਕਰਾ ਦੇਤੇ ਹੈਂ। ਯਹਾਂ (ਸਿਰ ਪਰ) ਬੰਦੂਕ ਰੱਖ ਕੇ ਕਹਿਤੇ ਹੈਂ ਕਿ ਯਾ ਤੋ ਫ਼ੈਕਟਰੀ ਹਮੇਂ ਦੇ ਦੇ ਯਾ ਜੇਲ੍ਹ ਜਾ। ਕਿਆ ਚਲ ਰਹਾ ਹੈ ਇਸ ਦੇਸ਼ ਕੇ ਅੰਦਰ?

"ਇਨਹੋਨੇ ਅਭੀ ਥੋੜੇ ਹੀ ਦਿਨ ਪਹਿਲੇ ਆਰਡਰ ਨਿਕਾਲਾ ਕਿ ਸਾਰੇ ਜਿਤਨੇ ਪਾਵਰ ਪਲਾਂਟ ਹੈਂ, ਜਿਤਨੀ ਰਾਜ ਸਰਕਾਰੇ ਹੈਂ ਪੰਜਾਬ ਕੀ, ਹਮਾਰੀ ਸਰਕਾਰੋਂ ਕੋ, ਸਾਰੀ ਸਰਕਾਰੋਂ ਕਾ ਜਿਤਨਾ ਉਸ ਕਾ ਕੋਇਲੇ ਕੀ ਰੀਕੁਆਇਰਮੈਂਟ ਹੈ, ਉਸ ਮੇਂ ਸੇ ਦਸ ਪਰਸੈਂਟ ਕੋਇਲਾ ਇੰਮਪੋਰਟਿਡ ਇਸਤੇਮਾਲ ਕਰਨਾ ਪੜੇਗਾ। ਔਰ ਇੰਮਪੋਰਟ ਕੇਵਲ ਮੋਦੀ ਜੀ ਕਰਤੇ ਥੇ, ਅਡਾਨੀ ਕਰਤਾ ਥਾ, ਤੋ ਇਸ ਕਾ ਮਤਲਬ ਆਪ ਕੋ ਦਸ ਪਰਸੈਂਟ ਕੋਇਲਾ ਕੰਮਪਲਸਰੀ ਅਡਾਨੀ ਜੀ ਸੇ ਖ਼ਰੀਦਣਾ ਪੜੇਗਾ। ਹਮਾਰੇ ਦੇਸ਼ ਕਾ ਕੋਇਲਾ ਦੋ ਹਜ਼ਾਰ ਰੁਪਏ ਟੰਨ ਹੈ, ਔਰ ਇੰਪੋਰਟਿਡ ਕੋਇਲਾ ਬੀਸ ਹਜ਼ਾਰ ਰੁਪਏ, ਦਸ ਗੁਨਾ ਦਾਮ ਪਰ ਆਪ ਕੋ ਅਡਾਨੀ ਯਾਨੀ ਮੋਦੀ ਜੀ ਸੇ ਕੋਇਲਾ ਖ਼ਰੀਦਣਾ ਪੜੇਗਾ। ਇਨਹੋਂ ਨੇ ਸੁਪਰੀਮ ਕੋਰਟ ਕਾ ਏਕ ਜੋ ਘੁਟਾਲਾ ਹੂਆ ਥਾ ਅਪਨੇ ਦੇਸ਼ ਕੇ ਅੰਦਰ, ਤੋ ਸੁਪਰੀਮ ਕੋਰਟ ਨੇ ਆਦੇਸ਼ ਦੀਆ ਥਾ ਕਿ ਕੋਇਲੇ ਕੇ ਖ਼ਜ਼ਾਨੇ ਕਿਸੀ ਪ੍ਰਾਈਵੇਟ ਵਾਲੋਂ ਕੋ ਨਹੀਂ ਦੀ ਜਾਏਂਗੇ ਸਾਰੇ ਖ਼ਜ਼ਾਨੇ ਸਰਕਾਰੀ। ਇਨਹੋਂ ਨੇ ਕੁਛ ਖ਼ਜ਼ਾਨੇ ਰਾਜਸਥਾਨ ਕੋ, ਕੁਛ ਛੱਤੀਸਗੜ੍ਹ ਔਰ ਖ਼ਜ਼ਾਨੇ ਪੰਜਾਬ ਸਰਕਾਰੋਂ ਮੈਂ ਬਾਂਟੇ। ਬਾਕੀ ਕੇਵਲ ਇਨ ਰਾਜ ਸਰਕਾਰੋਂ ਕੇ ਸਭੀ ਖ਼ਜ਼ਾਨੇ ਰਾਜ ਸਰਕਾਰੋਂ ਕੇ ਪਾਸ ਹੈਂ ...ਅਡਾਨੀ ਕੇ ਕੇਸ ਮੇਂ ਵੋਹ ਖ਼ਜ਼ਾਨੇ ...ਕਿ ਚਾਰ ਹਜ਼ਾਰ ਕੈਲੋਰੀ ਸੇ ਕਮ ਵਾਲਾ ਕੋਇਲਾ ਉਸਕੋ ਰੀਜੈਕਟਿਡ ਕੋਇਲਾ ਮਾਨਾ ਜਾਏਗਾ, ਜਬ ਕਿ ਵੋਹ ਸਭ ਸੇ ਅੱਛਾ ਕੋਇਲਾ ਮਾਨਾ ਜਾਤਾ ਹੈ। ਔਰ ਵੋਹ ਰੀਜੈੱਕਟਿਡ ਮਾਲ ਇਸ ਕੋ ਫ਼ਰੀ ਮੇਂ ਮਿਲਤਾ ਹੈ। ਤੋ ਕਮ ਸੇ ਕਮ 28 ਸੌ ਕਰੋੜ ਰੁਪਏ ਕਾ ਕੋਇਲਾ ਹਰ ਸਾਲ ਫ਼ਰੀ ਮੇਂ ਮੋਦੀ ਜੀ ਲੇ ਜਾਤੇ ਹੈਂ। 28 ਸੌ ਕਰੋੜ ਰੁਪਏ ਕਾ ਕੋਇਲਾ ਹਮਾਰੇ ਖ਼ਜ਼ਾਨੋਂ ਸੇ ਹਰ ਸਾਲ ਮੋਦੀ ਨਿਕਾਲ ਕਰ ਲੇ ਜਾਤੇ ਹੈਂ।

"2014 ਮੇਂ ਅਡਾਨੀ ਜੀ ਕੀ ਯਾਨੀ ਕਿ ਮੋਦੀ ਜੀ ਕੀ ਜਾਇਦਾਦ 50 ਹਜ਼ਾਰ ਕਰੋੜ ਕੀ ਥੀ। ਸਾਤ ਸਾਲ ਬਾਅਦ ਇਨ ਕੀ ਜਾਇਦਾਦ ਹੋ ਗਈ ਸਾਢੇ 11 ਲਾਖ ਕਰੋੜ! ਮੋਦੀ ਜੀ ਇਤਨਾ ਪੈਸਾ ਲੇਕਰ ਕਹਾਂ ਜਾਉਗੇ? ਸਾਢੇ 11 ਲਾਖ ਕਰੋੜ ਰੁਪਏ ਕੀ ਜਾਇਦਾਦ ਸਾਤ ਸਾਲ ਮੇਂ ਇਤਨਾ ਲੂਟ ਲੀਆ ਆਪ ਨੇ ਦੇਸ਼ ਕੋ? 2014 ਮੇਂ 609 ਨੰਬਰ ਪੇ ਥੇ, ਅਬ ਯੇਹ ਸੈਕਿੰਡ ਰਿੱਚਿਸਟ ਬਨ ਗਏ ਹੈਂ! ਅਬ ਰਿੱਚਿਸਟ ਬਨਨਾ ਚਾਹਤੇ ਹੈਂ। ਲੇਕਿਨ ਕੁਦਰਤ, ਕੁਦਰਤ ਹੈ। ਯੇਹ ਤੋ ਬੜੀ ਤਾਕਤਵਰ ਹੈ ਕਿ ਹਿੰਡਨਬਰਗ ਕੀ ਰਿਪੋਰਟ ਆਏਗੀ ਔਰ 24 ਘੰਟੇ ਮੇਂ ਸਾਰਾ ਤਹਿਸ ਨਹਿਸ ਹੋ ਜਾਏਗਾ। 1947 ਸੇ ਲੇ ਕੇ 2014 ਤੱਕ 66 ਸਾਲ ਭਾਰਤ ਮੇਂ ਸਭੀ ਸਰਕਾਰੇਂ ਜਿਤਨੀ ਆਈ ਸਭ ਨੇ ਮਿਲ ਕੇ 55 ਲਾਖ ਕਰੋੜ ਰੁਪਏ ਕਾ ਕਰਜ਼ਾ ਲੀਆ ਥਾ ਭਾਰਤ ਸਰਕਾਰ ਨੇ। 2014 ਸੇ 2022 ਤੱਕ 85 ਲਾਖ ਕਰੋੜ ਰੁਪਏ ਕਾ ਕਰਜ਼ਾ ਲਿਆ, ਦੁਗਣੇ ਸੇ ਭੀ ਜ਼ਿਆਦਾ! ਜਿਤਨਾ 66 ਸਾਲ ਮੈਂ ਲੀਆ ਥਾ ਉਤਨਾ ਸਾਤ ਸਾਲ ਮੇਂ ਲੀ ਲੀਆ। ਯੇ ਪੈਸਾ ਗਯਾ ਕਹਾਂ? ਯੇ ਪੈਸਾ ਗਯਾ ਕਹਾਂ? ਯੇਹ ਸਾਰਾ ਇਨ ਕੀ ਜੇਬ ਮੈਂ ਗਯਾ। ਤੋ ਮੈਂ ਜਨਤਾ ਕੋ ਕਹਨਾ ਚਾਹਤਾ ਹੂੰ, ਆਪ ਜੀ. ਐੱਸ. ਟੀ. ਦੇਤੇ ਹੋ, ਬੱਚੋਂ ਕਾ ਪੇਟ ਕਾਟ ਕੇ ਇਨਕਮ ਟੈਕਸ ਦੇਤੇ ਹੋ। ਦੂਧ ਪੇ, ਦਹੀਂ ਪੇ, ਹਰ ਚੀਜ਼ ਪੇ ਜੀ. ਐੱਸ. ਟੀ. ਦੇਤੇ ਹੋ। ਵੋਹ ਜੀ. ਐੱਸ. ਟੀ. ਕਾ ਪੈਸਾ ਜਾਤਾ ਹੈ ਜਨਤਾ ਕੇ ਖਜ਼ਾਨੇ ਮੇਂ। ਵਹਾਂ ਸੇ ਵੋਹ ਪੈਸਾ ਜਾਤਾ ਹੈ ਮੋਦੀ ਜੀ ਕੇ ਖ਼ਜ਼ਾਨੇ ਮੇਂ। ਦੋਨੋ ਹਾਥੋਂ ਸੇ ਲੂਟ ਮਚੀ ਹੂਈ ਹੈ। ਦੇਸ਼ ਕੋ ਲੂਟ ਰਹੇ ਹੈਂ ਪ੍ਰਧਾਨ ਮੰਤਰੀ ਮੋਦੀ ਜੀ, ਪੂਰੇ ਦੋਨੋ ਹਾਥੋਂ ਸੇ ਲੂਟ ਰਹੇ ਹੇਂ। ਕੋਇਲਾ ਲੂਟ ਰਹੇ ਹੈਂ, ਏਅਰਪੋਰਟ ਲੂਟ ਰਹੇ ਹੈਂ, ਪੋਰਟ ਲੂਟ ਰਹੇ ਹੈਂ. ਸੜਕੇਂ ਲੂਟ ਰਹੇ ਹੈਂ, ਬਿਜਲੀ ਲੂਟ ਰਹੇ ਹੈਂ, ਪਾਨੀ ਲੂਟ ਰਹੇ ਹੈਂ, ਕੁਛ ਨਹੀਂ ਛੋੜਾ। ਸਭ ਕੁਛ ਲੂਟ ਰਹੇ ਹੈਂ। ਜਿਤਨਾ ਕਾਂਗਰਸ ਨੇ 75 ਸਾਲ ਮੈਂ ਲੂਟਾ ਉਸ ਸੇ ਦਸ ਗੁਨਾ ਇਨ੍ਹੋਂ ਨੇ ਸਾਤ ਆਠ ਸਾਲ ਕੇ ਅੰਦਰ ਲੂਟ ਲੀਆ ਦੇਸ਼ ਕੋ।

"ਅਡਾਨੀ ਕਾ ਕਿਆ ਰੋਲ ਹੈ ਇਸ ਮੇਂ? ਮੋਦੀ ਜੀ ਕਮ ਪੜ੍ਹੇ ਲਿਖੇ ਹੈਂ। ਉਨ ਕੋ ਸਮਝ ਨਹੀਂ ਹੈ ਕਿ ਕਰਨਾ ਕਿਆ ਹੈ? ਅਡਾਨੀ ਆਕਰ ਬਤਾਤਾ ਹੈ ਪੈਸਾ ਯਹਾਂ ਲਗਾ ਲੋ, ਇਸ ਦੇਸ਼ ਮੈਂ ਚਲਤੇ ਹੈਂ। ਈ.ਡੀ. ਕੋ, ਸੀ. ਬੀ. ਆਈ. ਕੋ ਇਸ ਕੇ ਪੀਛੇ ਲਗਾ ਦੋ...ਵੋਹ ਸਾਰਾ ਮੈਨੇਜਮੈਂਟ ਕਰਤਾ ਹੈ। ਦਿਮਾਗ ਉਸ ਕਾ ਪੈਸਾ ਮੋਦੀ ਜੀ ਕਾ। ਇਸ ਕੇ ਬਦਲੇ ਮੇਂ ਪਤਾ ਨਹੀਂ ਉਸ ਕੋ ਦਸ ਪਰਸੈਂਟ, 15 ਪਰਸੈਂਟ, 20 ਪਰਸੈਂਟ ਕਮਿਸ਼ਨ ਮਿਲਤੀ ਹੈ। ਲੇਕਿਨ ਦਿਮਾਗ ਸਾਰਾ ਅਡਾਨੀ ਕਾ ਹੈ ਔਰ ...। ਮੇਰੇ ਕੋ ਜ਼ਿਆਦਾ ਚਿੰਤਾ ਇਸ ਬਾਤ ਕੀ ਹੈ ਅਧਿਅਕਸ਼ ਮਹੋਦੇ। ਪ੍ਰਧਾਨ ਮੰਤਰੀ ਜੀ ਕਮ ਪੜ੍ਹੇ ਲਿਖੇ ਹੈਂ ਉਨ ਕੋ ਕਮ ਸਮਝ ਮੇਂ ਆਤਾ ਹੈ । ਲੋਗ ਆ ਕੇ ਉਨ ਕੋ ਕੁਛ ਨਾ ਕੁਛ ਕੁਛ ਨਾ ਕੁਛ... ਕਹੀਂ ਭੀ ਜਾਤੇ ਹੈਂ ਯਾ ਕੋਈ ਵਿਦੇਸ਼ ਸੇ ਆਤਾ ਹੈ। ਜੋ ਭੀ ਵਿਦੇਸ਼ ਸੇ ਨੇਤਾ ਆਤਾ ਹੈ ਤੋ ਦੋ ਹੀ ਕੰਡੀਸ਼ਨ ਹੋਤੀ ਹੈ। ਇਕ ਤੋ ਉਸ ਕੋ ਕਹਿਤੇ ਹੈਂ ਕਿ ਗਲੇ ਮਿਲ ਲੋ ਇਸਸੇ। ਤੋ ਫੋਟੋ ਖਿਚਾ ਲੇ, ਗਲੇ ਮਿਲ ਲੇ, ਪਾਰਕ ਮੇਂ ਘੂਮ ਲੋ। ਤੋ ਵੋ ਫੋਟੋ ਖਿਚਾਨੇ ਕੇ ਲੀਏ ਕਹਾ ਜਾਤਾ ਹੈ। ਫੋਟੋ ਖਿਚਾਨੇ ਕੇ। ਔਰ ਦੂਸਰਾ ਉਸ ਕੋ ਕਹਾ ਜਾਤਾ ਹੈ ਕਿ ਅਡਾਨੀ ਜੀ ਕੋ ਯੇ ਠੇਕਾ ਦੇ ਦੇ। ਔਰ ਕਈਉਂ ਸੇ ਕਹਿਤੇ ਹੈਂ ਆ ਕੇ ਤਾਰੀਫ਼ ਕਰ ਦੇ। ਕੁਛ ਕੁਛ ਨੇਤਾ ਕਹਿਤੇ ਹੈਂ ਮੋਦੀ ਜੀ ਤੋ ਦੁਨੀਆਂ ਕੇ ਸਭ ਸੇ ਪਾਪੂਲਰ ਨੇਤਾ ਹੈ। ਉਸ ਨੇ ਕਿਆ ਲੇਨਾ ਦੇਨਾ ਕਿ ਮੋਦੀ ਜੀ ਦੁਨੀਆਂ ਕੇ ਸਭ ਸੇ ਬੜੇ ਨੇਤਾ ਹੈਂ। ਵੋਹ ਆ ਕੇ ਕਿਉਂ ਕਹਿ ਰਹਾ ਹੈ? ਬਦਲੇ ਮੇਂ ਵੋਹ ਦੇਸ਼.. ਵੋਹ ਗੋਰੇ ਹੈਂ ਨਾ... ਬਹੁਤ ਚਤੁਰ ਹੈ, ਬਹੁਤ ਚਾਲਾਕ ਹੈਂ। ਯੇ ਐਸੇ ਇਤਨੇ ਭੋਲੇ ਭਾਲੇ ਨਹੀਂ ਹੈਂ ਜੀ ਯਹਾਂ ਪੇ ਆਏ ਔਰ ਕਹਿ ਗਏ ਮੋਦੀ ਜੀ ਦੁਨੀਆ ਕੇ ਸਭ ਸੇ ...ਪਤਾ ਨਹੀ ਕਿਸ ਕਿਸ ਚੀਜ਼ ਪਰ ਸਾਈਨ ਕਰ ਕਰਾ ਲੇ ਜਾਤੇ ਹੈਂ ਇਨ ਸੇ। ਪਤਾ ਹੀ ਨਹੀਂ ਚਲਤਾ ਬਦਲੇ ਮੈਂ ਕਿਆ ਕਿਆ ... ਯੇ ਹੀ ਹੂਆ ਥਾ ਸੱਤਰਵੀ-ਅਠਾਰਵੀਂ ਸਦੀ ਮੇਂ ਹਮਾਰੇ ਦੇਸ਼ ਮੇਂ ਵੋਹ ਈਸਟ ਇੰਡੀਆ ਕੰਪਨੀ ਵਾਲੇ ਆਤੇ ਥੇ ਉਸ ਟਾਈਮ ਕੇ ਹਮਾਰੇ ਰਾਜੇ ਮਹਾਰਾਜੇ ਭੀ ਐਸੇ ਹੀ ਅਨਪੜ੍ਹ ਥੇ। ਉਨ ਕੋ ਕੁਛ ਅਕਲ ਹੋਤੀ ਨਹੀਂ ਥੀ ਕਿ. ..ਉਨ ਕੇ ਦਰਬਾਰ ਮੈਂ ਆਤੇ ਥੇ, ਤਾਰੀਫ਼ ਕਰਤੇ ਥੇ, ਖ਼ੂਬ ਤਾਰੀਫ਼ ਕਰਤੇ ਥੇ, ਔਰ ਪਤਾ ਨਹੀ ਕਿਸ ਕਿਸ ਚੀਜ਼ ਪਰ ਸਾਈਨ ਕਰਾ ਕੇ ਲੇ ਜਾਤੇ ਥੇ। ਸੌ ਸਾਲ ਕੇ ਅੰਦਰ ਪੂਰੇ ਦੇਸ਼ ਪਰ ਅੰਗਰੇਜ਼ੋਂ ਨੇ ਕਬਜ਼ਾ ਕਰ ਲੀਆ। ਵੋਹ ਹੀ ਹਾਲ ਅਬ ਹੋ ਰਹਾ ਅਪਨੇ ਦੇਸ਼ ਮੇਂ ਕਿ ਹਮਾਰੇ ਕਮ ਪੜ੍ਹੇ ਲਿਖੇ ਪ੍ਰਧਾਨ ਮੰਤਰੀ ਹੈਂ, ਪੈਸੇ ਕੀ ਹਵਸ ਹੈ, ਔਰ ...ਜੋ ਬੀ ਆਤਾ ਹੈ ਦੋ ਲਾਈਨੇ ਇਸ ਮੈਂ ਬੋਲ ਦੇ ਗਲੇ ਮਿਲ ਲੇ, ਪਾਰਕ ਮੇਂ ਘੂਮ ਲੇ, ਅਡਾਨੀ ਕੋ ਦੋ ਕੰਪਨੀਉਂ ਕਾ ਠੇਕਾ ਦੇ ਦੇ..ਬਦਲੇ ਮੇਂ ਪਤਾ ਨਹੀਂ ਦੇਸ਼ ਕਾ ਕਿਆ ਕਿਆ ਬੇਚ ਦੀਆ ਇਨ ਲੋਗੋਂ ਨੇ। ਬਹੁਤ ਚਿੰਤਾ ਹਮ ਕੋ ਦੇਸ਼ ਕੀ ਇਸ ਵਕਤ, ਜਿਸ ਦੌਰ ਸੇ ਦੇਸ਼ ਗੁਜ਼ਰ ਰਹਾ ਹੈ। ਮੁਝੇ ਲਗਤਾ ਹੈ ਆਜ਼ਾਦੀ ਕੇ ਬਾਅਦ ਸੇ ਸਭ ਸੇ ਭ੍ਰਿਸ਼ਟ ਪ੍ਰਧਾਨ ਮੰਤਰੀ ਹੁਏ ਹਾਂ ਇਨ੍ਹੋਂ ਨੇ ਦੇਸ਼ ਕੋ ਇਤਨਾ ਲੂਟਾ ਹੈ ਤੋ ਵੋਹ ਆਜ ਮੌਜੂਦਾ ਪ੍ਰਧਾਨ ਮੰਤਰੀ ਹੈਂ। ਔਰ ਉਸ ਕੇ ਉਪਰ ਕਮ ਪੜ੍ਹੇ ਲਿਖੇ ਹੈਂ ਉਨ ਕੋ ਪਤਾ ਨਹੀਂ ਕੋਈ ਜੋ ਭੀ ਉਸ ਸੇ ਸਾਈਨ ਕਰਾ ਕੇ ਲੇ ਜਾਤਾ ਹੈ ਕਿਸੀ ਕੋ ਕੋਈ ਪਤਾ ਨਹੀਂ ਚਲਤਾ....

ਕੇਜਰੀਵਾਲ ਦੇ ਦਿੱਲੀ ਵਿਧਾਨ ਸਭਾ 'ਚ ਉੱਪਰ ਦਿੱਤੇ ਭਾਸ਼ਨ ਵਿਚ ਉਸਨੇ ਭਾਵੇਂ ਮੋਦੀ-ਅਡਾਨੀ ਰਿਸ਼ਤੇ ਬਾਰੇ ਵੱਡੇ ਸਨਸਨੀਖ਼ੇਜ਼ ਖ਼ੁਲਾਸੇ ਕੀਤੇ ਹਨ, ਜਿਹੜੇ ਆਪਣੇ ਆਪ ਵਿਚ ਬਹੁਤ ਵੱਡੇ ਕਿੱਸੇ ਹਨ। (ਵਿਸਥਾਰ ਲਈ ਲੇਖਕ ਦਾ 'ਅਡਾਨੀ ਬਨਾਮ ਹਿੰਡਨਬਰਗ' (11*) ਲੇਖ ਦੇਖਿਆ ਜਾ ਸਕਦਾ ਹੈ) ਪਰ ਸੁਆਲ ਪੈਦਾ ਹੁੰਦਾ ਹੈ ਕਿ "ਬੀ.ਜੇ.ਪੀ. ਕਾ ਬਹੁਤ ਬੜਾ ਨੇਤਾ"ਮੋਦੀ-ਅਡਾਨੀ ਦੀ ਅੰਦਰੂਨੀ ਜਾਣਕਾਰੀ ਕੇਵਲ ਕੇਜਰੀਵਾਲ ਨੂੰ ਭਲਾ ਕਿਉਂ ਦੇਵੇਗਾ? ਕੇਜਰੀਵਾਲ ਬੀ.ਜੇ.ਪੀ. ਦਾ ਕੀ ਲੱਗਦਾ ਹੈ? ਕੇਜਰੀਵਾਲ ਦਾ ਬੀ.ਜੇ.ਪੀ. ਦੇ ਉਸ 'ਬੜੇ ਨੇਤਾ' ਨਾਲ਼ ਕੀ ਲੈਣ-ਦੇਣ ਹੈ? ਸੰਭਵ ਹੈ ਕਿ ਕੇਜਰੀਵਾਲ ਦਾ ਬੀ.ਜੇ.ਪੀ. ਨਾਲ਼ ਬਹੁਤ ਕਰੀਬੀ ਬਹਿਣ-ਉੱਠਣ ਹੈ, ਉਹ ਉਨ੍ਹਾਂ ਨਾਲ਼ ਰਲ਼ਿਆ ਹੋਇਆ ਹੈ ਨਹੀਂ ਤਾਂ ਕੋਈ ਜ਼ਿੰਮੇਵਾਰ ਨੇਤਾ ਏਨੀ ਵੱਡੀ ਗੱਲ ਉਸ ਨਾਲ਼ ਸਾਂਝੀ ਨਹੀਂ ਕਰ ਸਕਦਾ। ਲੱਗਦਾ ਹੈ ਦਾਲ਼ ਵਿਚ ਜ਼ਰੂਰ ਕੁੱਝ ਕਾਲ਼ਾ ਹੈ!

ਕੇਜਰੀਵਾਲ ਦੇ ਪਾਰਟੀ ਅੰਦਰ ਤਾਨਾਸ਼ਾਹ ਰਵੱਈਏ ਕਰ ਕੇ ਪਾਰਟੀ ਦੇ ਪ੍ਰਮੁੱਖ ਚਿਹਰੇ ਜੋ ਅਰਵਿੰਦ ਕੇਜਰੀਵਾਲ ਨਾਲ ਮੱਤਭੇਦ, ਦਿੱਲੀ ਚੋਣਾਂ ਲਈ ਟਿਕਟਾਂ ਦੀ ਵੰਡ ਵਿੱਚ 'ਬੇਨਿਯਮੀਆਂ' ਆਦਿ ਕਾਰਨਾਂ ਕਰ ਕੇ ਪਾਰਟੀ ਤੋਂ ਬਾਹਰ ਹੋਣ ਦਾ ਕਾਰਨ ਬਣੇ। (12*) ਇੱਥੇ ਉਨ੍ਹਾਂ ਪ੍ਰਮੁੱਖ ਚਿਹਰਿਆਂ ਦੀ ਸੂਚੀ ਦਿੱਤੀ ਜਾ ਰਹੀ ਹੈ ਜਿਨ੍ਹਾਂ ਨੇ ਆਪ ਨੂੰ ਬੇਦਾਵਾ ਦੇ ਦਿੱਤਾ ਜਾਂ ਉਹ ਕੇਜਰੀਵਾਲ ਦੀ ਕਾਰਗੁਜ਼ਾਰੀ ਤੋਂ ਨਾ-ਖ਼ੁਸ਼ ਹਨ:

- ਆਸ਼ੂਤੋਸ਼: ਪੱਤਰਕਾਰ ਤੋਂ ਸਿਆਸਤਦਾਨ ਬਣੇ ਆਸ਼ੂਤੋਸ਼ ਉਨ੍ਹਾਂ ਨੇਤਾਵਾਂ ਦੀ ਸੂਚੀ ਵਿੱਚ ਤਾਜ਼ਾ ਹਨ ਜਿਨ੍ਹਾਂ ਨੇ ਆਮ ਆਦਮੀ ਪਾਰਟੀ (ਆਪ) ਤੋਂ ਅਸਤੀਫ਼ਾ ਦੇ ਦਿੱਤਾ ਹੈ, ਜਿਸ ਨੂੰ ਲੈ ਕੇ ਮੰਨਿਆ ਜਾ ਰਿਹਾ ਹੈ ਕਿ ਪਾਰਟੀ ਦੇ ਉੱਚ ਅਧਿਕਾਰੀਆਂ ਨਾਲ ਉਨ੍ਹਾਂ ਦੇ ਮਤਭੇਦ ਹਨ।
- ਯੋਗੇਂਦਰ ਯਾਦਵ: ਅਕਾਦਮਿਕ ਤੋਂ ਸਿਆਸਤਦਾਨ ਬਣੇ ਯਾਦਵ ਨੂੰ ਮਾਰਚ 2015 ਵਿੱਚ ਉਸ ਦੀ ਕਥਿਤ 'ਪਾਰਟੀ ਵਿਰੋਧੀ ਸਰਗਰਮੀ' ਲਈ 'ਆਪ' ਵਿੱਚੋਂ ਕੱਢ ਦਿੱਤਾ ਗਿਆ ਸੀ। ਉਸ ਨੇ 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਦੌਰਾਨ ਪਾਰਟੀ ਦੀ ਲੀਡਰਸ਼ਿਪ 'ਤੇ ਤਾਨਾਸ਼ਾਹੀ ਵਿਵਹਾਰ ਦਾ ਦੋਸ਼ ਲਾਇਆ ਸੀ। ਯਾਦਵ 'ਆਪ' ਦੇ ਸੰਸਥਾਪਕ ਮੈਂਬਰ ਅਤੇ ਇਸ ਦੀ ਸਿਆਸੀ ਮਾਮਲਿਆਂ ਦੀ ਕਮੇਟੀ (ਪੀਏਸੀ) ਦੇ ਮੈਂਬਰ ਵੀ ਸਨ।
- ਪ੍ਰਸ਼ਾਂਤ ਭੂਸ਼ਣ: ਪੇਸ਼ੇ ਤੋਂ ਵਕੀਲ ਭੂਸ਼ਣ ਵੀ 'ਆਪ' ਦੇ ਸੰਸਥਾਪਕ ਮੈਂਬਰ ਸਨ। ਉਹ ਪੀਏਸੀ ਦਾ ਵੀ ਹਿੱਸਾ ਸਨ, ਜੋ ਪਾਰਟੀ ਦੀ ਸਭ ਤੋਂ ਉੱਚੀ ਫ਼ੈਸਲਾ ਲੈਣ ਵਾਲੀ ਸੰਸਥਾ ਸੀ। ਮਾਰਚ 2015 ਵਿੱਚ, ਉਸ ਨੂੰ ਯਾਦਵ ਦੇ ਨਾਲ ਉਸ ਦੀ ਕਥਿਤ ਪਾਰਟੀ ਵਿਰੋਧੀ ਸਰਗਰਮੀ ਲਈ ਕੱਢ ਦਿੱਤਾ ਗਿਆ ਸੀ। ਉਨ੍ਹਾਂ ਨੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦੀ ਵੰਡ ਵਿੱਚ ਤਾਨਾਸ਼ਾਹੀ ਵਿਵਹਾਰ ਅਤੇ ਭ੍ਰਿਸ਼ਟਾਚਾਰ ਦਾ ਦੋਸ਼ ਲਾਇਆ ਸੀ।
- ਮਯੰਕ ਗਾਂਧੀ: ਸੰਸਥਾਪਕ ਮੈਂਬਰ, ਗਾਂਧੀ ''ਆਪ' ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਵੀ ਸਨ। ਉਹ ਪਾਰਟੀ ਦੀ ਮਹਾਰਾਸ਼ਟਰ ਇਕਾਈ ਦੀ ਅਗਵਾਈ ਕਰ ਰਹੇ ਸਨ, ਜਿਸ ਨੂੰ 2015 ਵਿੱਚ ਕੇਜਰੀਵਾਲ ਨਾਲ ਮਤਭੇਦਾਂ ਕਾਰਨ ਮਨਮਰਜ਼ੀ ਨਾਲ ਭੰਗ ਕਰ ਦਿੱਤਾ ਗਿਆ ਸੀ। ਆਖਰਕਾਰ ਉਸ ਨੇ ਪਾਰਟੀ ਛੱਡ ਦਿੱਤੀ।
- ਅੰਜਲੀ ਦਮਾਨੀਆ : ਭ੍ਰਿਸ਼ਟਾਚਾਰ ਵਿਰੋਧੀ ਕਾਰਕੁਨ ਮਹਾਰਾਸ਼ਟਰ ਵਿਚ ਪਾਰਟੀ ਦਾ ਚਿਹਰਾ ਸੀ। ਉਸਨੇ 2014 ਦੀਆਂ ਲੋਕ ਸਭਾ ਚੋਣਾਂ ਨਾਗਪੁਰ ਤੋਂ ਭਾਜਪਾ ਦੇ ਨਿਤਿਨ ਗਡਕਰੀ ਦੇ ਖਿਲਾਫ ਲੜੀਆਂ ਸਨ। ਮਾਰਚ 2015 ਵਿੱਚ, ਉਸਨੇ ਕੇਜਰੀਵਾਲ ਨਾਲ ਮਤਭੇਦਾਂ ਨੂੰ ਲੈ ਕੇ ਕਥਿਤ ਤੌਰ 'ਤੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ।
- ਸੁਭਾਸ਼ ਵੇਅਰ: ਮਹਾਰਾਸ਼ਟਰ ਇਕਾਈ ਦੇ ਨੇਤਾ ਨੇ ਅਕਤੂਬਰ 2015 ਵਿੱਚ ਰਾਸ਼ਟਰੀ ਕਾਰਜਕਾਰਨੀ ਅਤੇ 'ਆਪ' ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ। ਮਹਾਰਾਸ਼ਟਰ ਇਕਾਈ ਨੂੰ ਕੇਂਦਰੀ ਲੀਡਰਸ਼ਿਪ ਨੇ ਭੰਗ ਕਰ ਦਿੱਤਾ ਸੀ ਜਦੋਂ ਕੁਝ ਰਾਜ ਨੇਤਾਵਾਂ ਨੇ ਚੋਟੀ ਦੇ ਨੇਤਾਵਾਂ 'ਤੇ ਤਾਨਾਸ਼ਾਹੀ ਢੰਗ ਨਾਲ ਵਿਵਹਾਰ ਕਰਨ ਦਾ ਦੋਸ਼ ਲਾਇਆ ਸੀ।
- ਆਨੰਦ ਕੁਮਾਰ: ਜੇ.ਐਨ.ਯੂ. ਦੇ ਸਾਬਕਾ ਪ੍ਰੋਫ਼ੈਸਰ 'ਆਪ' ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਸਨ। ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ 'ਚ

2015 ਚ ਪਾਰਟੀ ਚੋਂ ਕੱਢ ਦਿੱਤਾ ਗਿਆ ਸੀ। ਉਨ੍ਹਾਂ ਨੇ 2014 ਦੀਆਂ ਲੋਕ ਸਭਾ ਚੋਣਾਂ ਦਿੱਲੀ ਤੋਂ ਲੜੀਆਂ ਸਨ ਪਰ ਉਹ ਭਾਜਪਾ ਦੇ ਮਨੋਜ ਤਿਵਾੜੀ ਤੋਂ ਹਾਰ ਗਏ ਸਨ। ਉਸ ਨੇ ਪਾਰਟੀ ਦੀ ਲੀਡਰਸ਼ਿਪ 'ਤੇ ਭ੍ਰਿਸ਼ਟ ਕੰਮਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ।

- ਕੁਮਾਰ ਵਿਸ਼ਵਾਸ: 'ਆਪ' ਦੇ ਇੱਕ ਹੋਰ ਸੰਸਥਾਪਕ ਮੈਂਬਰ, ਜਿਸ ਨੇ ਕੁਝ ਸਮਾਂ ਪਹਿਲਾਂ ਕੇਜਰੀਵਾਲ ਨਾਲ ਮੱਤਭੇਦ ਪੈਦਾ ਕਰ ਲਏ ਸਨ। ਪਾਰਟੀ ਵੱਲੋਂ ਉਸ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਨਾ ਕਰਨ ਲਈ ਕਿਹਾ ਗਿਆ ਸੀ। ਉਸ ਨੂੰ ਪੀਏਸੀ ਤੋਂ ਹਟਾ ਦਿੱਤਾ ਗਿਆ ਅਤੇ ਰਾਜਸਥਾਨ ਇੰਚਾਰਜ ਦਾ ਅਹੁਦਾ ਖੋਹ ਲਿਆ ਗਿਆ। ਆਖ਼ਰਕਾਰ ਉਸਨੂੰ ਪੀਏਸੀ ਵਿੱਚ ਵਾਪਸ ਲਿਆਂਦਾ ਗਿਆ ਪਰ ਤਣਾਅ ਅਜੇ ਤੱਕ ਘੱਟ ਨਹੀਂ ਹੋਇਆ ਹੈ। ਕਥਿਤ ਤੌਰ 'ਤੇ ਉਹ ਰਾਜ ਸਭਾ ਲਈ ਨਾਮਜ਼ਦ ਨਾ ਹੋਣ ਕਰਕੇ ਨਾਖੁਸ਼ ਹਨ।
- ਸੁਖਪਾਲ ਸਿੰਘ ਖਹਿਰਾ: 'ਆਪ' ਦੀ ਪੰਜਾਬ ਇਕਾਈ ਦੇ ਨੇਤਾ ਨੂੰ ਕਥਿਤ ਤੌਰ 'ਤੇ ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਹੁਕਮ ਨੂੰ ਨਹੀਂ ਮੰਨਿਆ ਸੀ। 'ਆਪ' ਲੀਡਰਸ਼ਿਪ ਅਜੇ ਵੀ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।
- ਭਗਵੰਤ ਮਾਨ: ਪੰਜਾਬ ਦੇ ਸੰਗਰੂਰ ਤੋਂ ਸੰਸਦ ਮੈਂਬਰ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਤੋਂ ਨਸ਼ਾ ਤਸਕਰੀ ਦੇ ਮਾਮਲੇ ਨਾਲ ਜੋੜਨ ਵਾਲੀ ਟਿੱਪਣੀ ਲਈ ਮੁਆਫ਼ੀ ਮੰਗਣ ਤੋਂ ਬਾਅਦ ਪੰਜਾਬ ਇਕਾਈ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਭਾਵੇਂ ਸਰਸਰੀ ਦੇਖਿਆਂ ਅਤੇ 'ਆਪ' ਦੇ ਕਹਿਣ ਅਨੁਸਾਰ ਭਾਜਪਾ ਦੇ ਉਲਟ, ਆਮ ਆਦਮੀ ਪਾਰਟੀ ਦੇਸ਼ ਵਿਚ ਫ਼ਿਰਕਾਪ੍ਰਸਤੀ ਫੈਲਾਉਣ ਵਿੱਚ ਵਿਸ਼ਵਾਸ ਨਹੀਂ ਕਰਦੀ। ਪਰ ਦੂਜੇ ਪਾਸੇ ਕੇਜਰੀਵਾਲ ਆਪਣੇ ਆਪ ਨੂੰ ਹਨੂੰਮਾਨ ਭਗਤ ਦੱਸਦਾ ਹੈ ਅਤੇ ਉਸ ਦੀ ਆਮ ਆਦਮੀ ਪਾਰਟੀ ਕਈ ਮੁੱਦਿਆਂ 'ਤੇ ਆਪਣੀ ਅੰਨ੍ਹੀ ਰਾਸ਼ਟਰਵਾਦੀ ਸੋਚ ਬੀ ਜੇ ਪੀ ਦੀ ਪੈੜ ਵਿਚ ਪੈੜ ਰੱਖਣ ਦੀ ਕਵਾਇਦ ਕਰ ਰਹੀ ਹੈ, ਚਾਹੇ ਉਹ ਰਾਮ ਮੰਦਰ, ਜਾਂ ਧਾਰਾ 370 ਜਾਂ ਨਾਗਰਿਕਤਾ (ਸੋਧ) ਐਕਟ ਹੋਵੇ, ਚਾਹੇ ਪਾਰਟੀ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਤਿਰੰਗਾ ਯਾਤਰਾਵਾਂ ਕੱਢਣੀਆਂ। ਸ਼ਿਵ ਸੈਨਾ ਨਾਲ਼ ਗੱਠ-ਜੋੜ ਵੀ ਇਸੇ ਕਵਾਇਦ ਦਾ ਹਿੱਸਾ ਹੈ। ਕੇਜਰੀਵਾਲ ਪਬਲਿਸਿਟੀ ਤੇ ਸ਼ੁਹਰਤ ਦਾ ਏਨਾ ਭੁੱਖਾ ਹੈ ਕਿ ਜੇ ਉਸ ਨੇ ਖਾਧੇ-ਪੀਤੇ ਬਾਰੇ ਵੀ ਮਾਮੂਲੀ ਬਿਆਨ ਵੀ ਦੇਣਾ ਹੋਵੇ ਤਾਂ ਵੀ ਉਹ ਪ੍ਰੈੱਸ-ਕਾਨਫ਼ਰੰਸਾਂ ਸੱਦ ਲੈਂਦਾ ਹੈ! ਅਸਲੀ ਕੰਮ ਨਾਲੋਂ ਇਸ਼ਤਿਹਾਰਬਾਜ਼ੀ 'ਤੇ ਕਈ ਗੁਣਾ ਜ਼ਿਆਦਾ ਖਰਚ ਰਿਹਾ ਹੈ।

ਪੰਜਾਬ ਦੇ ਹਿਤਾਂ ਖ਼ਾਤਰ ਭਗਵੰਤ ਮਾਨ ਲਈ ਅਹਿਮ ਕਾਰਜ ਹਨ: ਪਹਿਲਾ ਐੱਸ.ਵਾਈ.ਐੱਲ. ਬਾਰੇ ਵਿਧਾਨ ਸਭਾ ਵਿਚ ਬਾਕਾਇਦਾ ਬਿੱਲ ਪੇਸ਼ ਕਰ, ਅਤੇ ਪਾਸ ਕਰਵਾ ਕੇ ਕਾਨੂੰਨ ਬਣਾਏ ਕਿ ਪੰਜਾਬ ਸਰਕਾਰ ਪਹਿਲੇ ਕੀਤੇ ਤਮਾਮ ਸਮਝੌਤਿਆਂ ਨੂੰ ਰੱਦ ਕਰਦੀ ਹੈ। ਕੇਂਦਰ ਦੀ ਵਿਚੋਲਗਿਰੀ ਕਰਵਾ ਕੇ ਬਾਂਦਰ-ਵੰਡ ਦਾ ਨਤੀਜਾ ਪੰਜਾਬ ਨੇ ਬਥੇਰਾ ਭੁਗਤਿਆ ਹੈ। ਪੰਜਾਬ ਦੇ ਦਰਿਆਵਾਂ ਦੇ ਸੰਦਰਭ ਵਿਚ ਗ਼ੈਰ-ਰਿਪੇਰੀਅਨ ਸਟੇਟ ਹੋਣ ਕਰ ਕੇ ਹਰਿਆਣੇ, ਦਿੱਲੀ, ਰਾਜਸਥਾਨ ਦੀ ਕਿਸੇ ਵੀ ਦਾਅਵੇਦਾਰੀ ਨੂੰ ਮੁੱਢੋਂ-ਸੁੱਢੋਂ ਖਾਰਜ ਕਰੇ। ਦੂਸਰਾ ਬੰਦੀ ਸਿੰਘਾਂ ਦੀ ਬਿਨਾ ਸ਼ਰਤ ਤੁਰਤ ਰਿਹਾਈ ਲਈ ਕੇਜਰੀਵਾਲ 'ਤੇ ਦਬਾ ਬਣਾਵੇ। ਤੀਜਾ ਕਿਸਾਨਾਂ ਦੇ ਚਿਰਾਂ ਤੋਂ ਲਟਕਦੇ ਐੱਮ. ਐੱਸ. ਪੀ. ਦੇ ਮਸਲੇ ਦਾ ਸਾਰਥਿਕ ਹੱਲ ਲਾਗੂ ਕਰੇ। ਚੌਥਾ ਰਾਜ ਸਭਾ ਵਿਚ ਕੇਜਰੀਵਾਲ ਦੇ ਅਸਰ ਰਸੂਖ਼ ਵਾਲੇ ਬੰਦਿਆਂ ਨੂੰ ਬਾਹਰ ਕੱਢ ਕੇ ਪੰਜਾਬ ਦੇ ਮੈਂਬਰ ਲਿਆਵੇ। ਪੰਜਵਾਂ ਕੇਜਰੀਵਾਲ ਦੀ ਗ਼ੁਲਾਮੀ ਦਾ ਜੂਲ਼ਾ ਗਲ਼ੋਂ ਲਾਹੇ। ਭਗਵੰਤ ਮਾਨ ਦੇ ਹਰ ਕੰਮ-ਕਾਜ ਵਿਚ ਕੇਜਰੀਵਾਲ ਦੀ ਦਖ਼ਲ-ਅੰਦਾਜ਼ੀ ਤੇ ਅੜਿੱਕੇ; ਕੇਜਰੀਵਾਲ ਤੇ ਰਾਘਵ ਚੱਢਾ ਜੋੜੀ ਦੀ 'ਸ਼ਾਹ ਤੇ ਸ਼ਹਿਨਸ਼ਾਹ' (ਅਮਿਤ ਸ਼ਾਹ ਤੇ ਮੋਦੀ) ਵਰਗੇ ਚਾਣਕ ਦੇ ਚੇਲੇ ; ਫ਼ਿਰਕੂ ਪਾਰਟੀਆਂ ਨਾਲ਼ ਗੱਠ-ਜੋੜ; ਅਤੇ ਗਰੰਟੀਆਂ ਜਾਂ ਮੁਫ਼ਤਖੋਰੀ ਦੀ ਕਵਾਇਦ, ਜਿਨ੍ਹਾਂ ਤੋਂ ਭਗਵੰਤ ਮਾਨ ਨੂੰ ਸਤਰਕ ਰਹਿਣ ਦੀ ਲੋੜ ਹੈ। ਪਰ ਲੱਗਦਾ ਹੈ ਕੇਜਰੀਵਾਲ ਨੂੰ ਪੰਜਾਬ ਦੇ ਮਸਲਿਆਂ ਦੀ ਪਰਵਾਹ ਨਹੀਂ। ਉਹ ਤਾਂ ਭਗਵੰਤ ਮਾਨ ਦੀ ਪੰਜਾਬ ਵਿਚਲੀ 'ਆਪ' ਸਰਕਾਰ ਨੂੰ ਪੌੜੀ ਬਣਾ ਕੇ 2024 ਵਿਚ 'ਟੀਸੀ ਦੇ ਬੇਰ' ਭਾਵ ਸੈਂਟਰ ਵਿਚ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਸੁਸ਼ੋਭਿਤ ਹੋਣ ਲਈ ਰਾਲ਼ਾਂ ਸੁੱਟ ਰਿਹਾ ਹੈ। ਕੇਜਰੀਵਾਲ ਟੋਪੀ ਵਾਲ਼ਾ ਮੋਦੀ ਹੈ, ਜਿਸ ਦੇ ਆਭਾ ਮੰਡਲ 'ਚੋਂ ਭਗਵੰਤ ਮਾਨ ਨੂੰ ਬਾਹਰ ਨਿਕਲਣ ਦੀ ਲੋੜ ਹੈ।

# ਤਰਸੇਮ ਬਾਵਾ ਨੂੰ ਯਾਦ ਕਰਦਿਆਂ



ਕਿਸਾਨੀ ਦੀ ਲਹਿਰ ਦੇ ਸ਼ਹੀਦ ਕਾਮਰੇਡ ਤਰਸੇਮ ਬਾਵਾ ਉੱਪਰ ਉਸ ਸਮੇਂ ਦੀ ਬਾਦਲ ਹਕੂਮਤ ਦੇ ਪੁਲਿਸ ਜਬਰ ਨੇ, ਮੁਗਲ ਹਕੂਮਤ ਵੱਲੋਂ ਭਾਈ ਮਨੀ ਸਿੰਘ ਦੀ ਬੰਦ-ਬੰਦ ਕੱਟ ਕੇ ਕੀਤੀ ਸ਼ਹਾਦਤ ਨੂੰ ਮੁੜ ਦੁਹਰਾਅ ਦਿੱਤਾ।

ਗੁਲਾਮਦਾਰੀ, ਪਿਤਾ ਪੁਰਖੀ ਰਾਜ, ਜਾਗੀਰਦਾਰੀ ਸਰਦਾਰੀ, ਮੁਗਲਾਂ ਦੀ ਤਾਨਾਸ਼ਾਹੀ ਅਤੇ ਅੰਗਰੇਜ਼ ਸਾਮਰਾਜੀ ਆਦਿ ਤਾਕਤਾਂ ਵੱਲੋਂ ਇਸ ਤਰ੍ਹਾਂ, ਉਨ੍ਹਾਂ ਦਾ ਵਿਰੋਧ ਕਰਨ ਵਾਲੇ ਲੋਕ ਪੱਖੀ ਤੇ ਦੇਸ਼ ਭਗਤਾਂ, ਇਨਕਲਾਬੀ ਕਾਰਕੁਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜ਼ਬਰ ਤਸ਼ੱਦਦ ਨਾਲ ਦਬਾਉਣ ਤੇ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਲੋਕ ਮੁਕਤੀ ਲਈ ਬਸੰਤ ਦੀ ਗ਼ਰਜ਼ ਬਣ ਕੇ ਉੱਠੀ ਲਹਿਰ ਦੇ ਨਿੱਧੜਕ ਆਗੂ ਕਾਮਰੇਡ ਤਰਸੇਮ ਬਾਵਾ ਨੇ ਜਿੱਥੇ ਮਨੁੱਖਤਾ ਦੀ ਅਜ਼ਾਦੀ ਅਤੇ ਖੁਸ਼ਹਾਲੀ ਲਈ ਬੰਦ-ਬੰਦ ਕਟਵਾ ਕੇ ਸ਼ਹਾਦਤ ਦਾ ਜਾਮ ਪੀਤਾ ਉੱਥੇ ਇਸ ਕਾਰਜ ਉਨ੍ਹਾਂ ਦੀ ਇੱਕ ਛੋਟੀ ਭੈਣ ਅਤੇ ਉਨ੍ਹਾਂ ਦੇ ਵੱਡੇ ਜੀਜੇ ਪ੍ਰੀਤਮ ਦਾਸ ਕਕਰਾਲਾ ਨੇ ਵੀ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਦੇ ਹੋਏ ਲੋਕ ਮੁਕਤੀ ਲਈ ਜ਼ਿੰਦਗੀ ਨਿਸ਼ਾਵਰ ਕੀਤੀ।

ਸਮੇਂ ਦੀ ਬਾਦਲ ਹਕੂਮਤ ਨੇ ਕਾਮਰੇਡ ਤਰਸੇਮ ਬਾਵੇ ਦਾ ਘਰ ਢਹਿ ਢੇਰੀ ਕਰਕੇ ਉਸ ਦੀ ਛੋਟੀ ਭੈਣ ਨੂੰ ਪ੍ਰੇਸ਼ਾਨ ਕਰਕੇ ਮਰਨ ਲਈ ਮਜਬੂਰ ਕੀਤਾ। ਫਿਰ 17 ਅਪ੍ਰੈਲ 1971 ਨੂੰ ਉਨ੍ਹਾਂ ਦੇ ਜੀਜੇ ਸ੍ਰੀ ਪ੍ਰੀਤਮ ਦਾਸ ਕਕਰਾਲਾ ਨੂੰ ਘਰੋਂ ਗ੍ਰਿਫ਼ਤਾਰ ਕਰਕੇ ਨਹਿਰ 'ਚ ਡੋਬ ਕੇ ਸ਼ਹੀਦ ਕੀਤਾ ਗਿਆ। ਇਸ ਤੋਂ 39 ਦਿਨ ਬਾਅਦ 25 ਮਈ 1971 ਨੂੰ ਲੁਧਿਆਣੇ ਦੇ ਬੱਸ ਸਟੈਂਡ ਤੋਂ ਕਾਮਰੇਡ ਤਰਸੇਮ ਬਾਵਾ ਗ੍ਰਿਫ਼ਤਾਰ ਕਰਕੇ, ਅੱਖਾਂ ਕੱਢਣ, ਜਿਸਮ ਮੋਮਬੱਤੀਆਂ ਨਾਲ ਜਲਾ ਕੇ ਤੱਤੇ ਸਰੀਏ ਲਾਉਣ ਤੋਂ ਬਾਅਦ ਲੱਤਾਂ-ਬਾਹਾਂ ਟੋਕੇ ਨਾਲ ਕੱਟਣ ਅਤੇ ਅਣਮਨੁੱਖੀ ਪੁਲਿਸ ਤਸ਼ੱਦਦ ਤੋਂ ਬਾਅਦ ਲਗਭਗ ਰਾਤ ਦੇ 12ਵਜੇ ਜਗੇੜਾ ਪੁੱਲ ਦੇ ਨਜ਼ਦੀਕ ਡਰੇਨ ਤੇ ਲਿਜਾ ਕੇ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤ। ਕਾਮਰੇਡ ਤਰਸੇਮ ਬਾਵਾ ਦੀ ਸ਼ਹਾਦਤ ਸਦਾ ਸਲਾਮਤ ਰਹੇਗੀ।

# Civil Society Organizations Condemn Harassment of Dr. Navsharan Singh

The Modi regime's harassment and intimidation of progressive public figures who oppose its divisive policies and actions has been ongoing for the last nine years. The latest victim, reportedly, is the public intellectual and human rights activist Dr Navsharan Singh (Ph.D. Carleton University), daughter of the legendary theater personality the late Gursharan Singh, and a well known progressive public figure in India and internationally.



According to press reports Dr. Navsharan Singh, was questioned for 8 hours for alleged violations of the Prevention of Money Laundering Act PMLA based on her association with social activist Harsh Mander's Karwan-e-Mohabbat (Caravan of Love), a group that provides support to the most marginalized and deprived sections of Indian society, especially minorities who are frequently at the receiving end of violence by the goons of Hindutva organizations. During the pandemic, Karwan-e-Mohabbat was feeding the poor and daily wage-earners who suddenly found themselves without any source of income.

An accomplished scholar and women's rights activist in South Asia, Dr. Singh also has a long history of grassroots work and has taken the baton of such work from her late father. By reaching out to the impoverished and the disenfranchised in rural Punjab and elsewhere, her support and advocacy work has earned her the love and respect of the masses, as was evident when she courageously supported the Indian farmers' struggle against the draconian laws of the Modi government in 2020-2021. S. Joginder Singh Ugrahan, head of BKU (Bhartiya Kisan Union) [Indian Farmers' Union], one of the largest farmers Unions in India, has strongly denounced the shameful harassment of Dr. Navsharan Singh by the Indian government.

To those of us who have known or are familiar with Dr. Navsharan Singh and her grassroots and academic work, her harassment by the regime's investigative agencies is outrageous and unacceptable, and must be resolutely opposed.

Dr. Singh's bio and work can be accessed through the following links:
https://carleton.ca/politicaleconomy/people/navsharan-singh/
http://www.lcs-tcs.com/current.html

We, the undersigned organizations, call on the Indian authorities to immediately stop their persecution of Dr. Navsharan Singh and ensure that she is not subjected to malicious harassment in future.


Alliance for a Secular and Democratic South Asia
Alternatives, Montreal, Canada
Alternatives International
Centre de travailleurs et travailleuses immigrant/es-Immigrant Workers Centre, Montreal
CERAS (Centre sur l'asie du sud)
Critical Diasporic South Asian Feminisms
Democracy, Equality and Secularism in South Asia (DESSA), Winnipeg
Gursharan Singh Memorial Lecture Committee, Vancouver
India Civil Watch International
International South Asian Forum
Justice For All Canada
Secular People's Association, Edmonton
Progressive Cultural Association, Calgary
Progressive Kala Manch, Calgary
Pro-People Arts Project Media Group (Sarokaran Di Awaz), Calgary
Punjabi Literary and Cultural Association, Winnipeg
Rang Collective
Sarokaran Di Awaz, Toronto
Shaheed Bhagat Singh Book Centre, Calgary
Sikh Virsa International, Calgary
South Asian Dalit Adivasi Network, Canada (SADAN)
South Asian Diaspora Action Collective (SADAC)
South Asian Network for Secularism and Democracy (SANSAD), Vancouver
Tarqsheel [Rationalists] Society of Canada
Teesri Duniya Theatre

info: cerasmontreal@gmail.com

# 'ਚੁੱਪ ਦਾ ਸ਼ੋਰ' ਮਹਿਸੂਸ ਕਰਨ ਵਾਲੀ ਸ਼ਾਇਰਾ ਸੁਖਜੀਤ ਸਿਮਰਨ



ਹਰੀਪਾਲ
403-714-4816




ਆਪਣਾ ਪਲੇਠਾ ਕਾਵਿ-ਸੰਗ੍ਰਹਿ 'ਚੁੱਪ ਦਾ ਸ਼ੋਰ' ਲੈ ਕੇ ਸੁਰਜੀਤ ਸਿਮਰਨ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ। ਸੁਰਜੀਤ ਸਿਮਰਨ ਇਕ ਬੇਹੱਦ ਜਜ਼ਬਾਤੀ ਯਥਾਰਥਵਾਦੀ ਸ਼ਾਇਰਾ ਹੈ। ਕਿਉਂਕਿ ਕਵੀ ਜਜ਼ਬਾਤੀ ਹੁੰਦਾ ਹੈ, ਕਵਿਤਾ ਦਿਲ ਨਾਲ ਲਿਖੀ ਜਾਂਦੀ ਹੈ ਤੇ ਕਹਾਣੀ ਨਾਵਲ ਦਿਮਾਗ ਨਾਲ। ਅਮਰੀਕੀ ਨਾਵਲਿਸਟ ਆਲੋਚਕ ਹਾਵਰਡ ਫਾਸਟ ਦਾ ਯਥਾਰਥਵਾਦ ਬਾਰੇ ਕਹਿਣਾ ਹੈ ਕਿ 'ਕਲਾ ਸਿਰਫ਼ ਯਥਾਰਥਵਾਦ ਵਿਚੋਂ ਹੀ ਪੈਦਾ ਹੁੰਦੀ ਹੈ'। ਸਾਹਾਂ ਦੀ ਬਾਰੀਕ ਪਗਡੰਡੀ ਤੇ ਜ਼ਿੰਦਗੀ ਅਤੇ ਮੌਤ ਦੇ ਸ਼ਾਨਾਂ-ਬਸ਼ਾਨਾਂ ਚਲਦਿਆਂ ਸਿਮਰਨ ਨੇ ਕੁਦਰਤ ਨੂੰ, ਕੁਦਰਤ ਦੇ ਵਰਤਾਰਿਆਂ ਨੂੰ ਅਤੇ ਇਨ੍ਹਾਂ ਵਰਤਾਰਿਆਂ ਵਿਚੋਂ ਪੈਦਾ ਹੋਏ ਰਿਸ਼ਤਿਆਂ ਨੂੰ ਬੜੀਆਂ ਸੂਖਮ ਨਜ਼ਰਾਂ ਨਾਲ ਪਹਿਚਾਣਿਆ ਹੈ। ਕਿਉਂਕਿ ਸਿਮਰਨ ਜਜ਼ਬਾਤੀ ਅਤੇ ਯਥਾਰਵਾਦੀ ਕਵਿਤਰੀ ਹੈ ਇਸ ਕਰਕੇ ਉਹ ਯਥਾਰਥਵਾਦ ਨਾਲ ਲੋਹਾ ਲੈਣ ਦੇ ਕਾਬਲ ਹੈ। ਉਹ ਕਿਸੇ ਸੁਪਨ ਸੰਸਾਰ ਦੀ ਨਹੀਂ ਸਗੋਂ ਅਸਲੀ ਜ਼ਿੰਦਗੀ ਦੀ ਗੱਲ ਕਰਦੀ ਹੈ। ਸਿਆਣੇ ਕਹਿੰਦੇ ਹਨਕਿ ਯਥਾਰਥਵਾਦ ਤੋਂ ਬਿਨਾਂ ਕਲਾ ਪੈਦਾ ਹੀ ਨਹੀਂ ਹੋ ਸਕਦੀ। ਇਸ ਕਰਕੇ ਸਿਮਰਨ ਦੀਆਂ ਕਵਿਤਾਵਾਂ ਕਲਾ ਦੀ ਕਸਵੱਟੀ 'ਤੇ ਪੂਰੀਆਂ ਉਤਰਦੀਆਂ ਹਨ। ਕੋਈ ਵੀ ਲੇਖਕ/ਕਵੀ ਕੁਦਰਤ ਨੂੰ ਹੂਬਹੂ ਪੇਸ਼ ਨਹੀਂ ਕਰ ਸਕਦਾ, ਹਰ ਇਕ ਲੇਖਕ ਦਾ ਆਪਣਾ ਅਨੁਭਵ ਜਾਂ ਆਪਣੀ ਅੱਖ ਦਾ ਸ਼ੀਸ਼ਾ ਹੈ ਕਿ ਉਹ ਕੁਦਰਤ ਨੂੰ ਕਿਸ ਕੋਣ ਤੋਂ ਦੇਖਦਾ ਹੈ। ਆਪਣੀ ਜ਼ਿੰਦਗੀ ਦੇ ਰੋਣੇ ਰੋਣੇ ਕਲਾ ਨਹੀਂ ਹੁੰਦੀ ਨਾ ਹੀ ਇਸ ਤੇ ਕੋਈ ਮਿਆਰ ਲਾਗੂ ਕੀਤਾ ਜਾ ਸਕਦਾ ਹੈ, ਪਰ ਜ਼ਿੰਦਗੀ ਦੀਆਂ ਤਕਲੀਫ਼ਾਂ ਦੇ ਉਹ ਸਰੋਕਾਰ ਜੋ ਨਿੱਜ ਨਾਲ ਸਬੰਧਤ ਰੱਖਦੇ ਹੋਏ ਵੀ ਦੂਸਰਿਆਂ ਨੂੰ ਵੀ ਆਪਣੇ ਲਗਦੇ ਹੋਣ ਉਹ ਵੀ ਜਿਊਂਦਾ ਜਾਗਦਾ ਸਾਹਿਤ ਪੈਦਾ ਕਰ ਸਕਦੇ ਹਨ। ਕਈ ਵਾਰ ਕੋਈ ਕਿਤਾਬ ਛਪਦੀ ਹੈ ਅਤੇ ਲੇਖਕ ਦੇ ਮਿੱਤਰ ਜੋ ਸਾਹਿਤ ਵਿਚ ਬਿਨਾਂ ਘਰਾਂ ਦੇ ਸਰਪੰਚ ਹੁੰਦੇ ਹਨ, ਕਿਤਾਬ ਪੜ੍ਹਨ ਤੋਂ ਪਹਿਲਾਂ ਹੀ ਬੱਚੇ ਬੱਚੇ ਕਰ ਦਿੰਦੇ ਹਨ ਪਰ ਜਦ ਕਿਤਾਬ ਪਾਠਕਾਂ ਦੇ ਹੱਥ ਆਉਂਦੀ ਹੈ ਤਾਂ ਪਾਠਕ ਦੀ ਨਿਰਾਸ਼ਾ ਇਸ ਕਦਰ ਵੱਧ ਜਾਂਦੀ ਹੈ ਕਿ ਲੇਖਕ ਦੀ ਅਗਲੀ ਕਿਤਾਬ ਨੂੰ ਕੋਈ ਮੂੰਹ ਨਹੀਂ ਲਾਉਂਦਾ।

ਹੁਣ ਜੇ ਗੱਲ 'ਚੁੱਪ ਦੇ ਸ਼ੋਰ' ਦੀ ਕਰਾਂ ਤਾਂ ਇਸ ਕਿਤਾਬ ਵਿਚਲੀਆਂ ਸਾਰੀਆਂ ਹੀ ਕਵਿਤਾਵਾਂ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਜੇਕਰ ਮੈਂ ਸਾਰੀਆਂ ਕਵਿਤਾਵਾਂ ਦੀ ਗੱਲ ਕਰਾਂ ਤਾਂ ਇਕ ਕਿਤਾਬ ਲਿਖੀ ਜਾ ਸਕਦੀ ਹੈ। ਇਕ ਗੱਲ ਹੋਰ ਕਿ ਸਿਮਰਨ ਇਕ ਬੇਹੱਦ ਸੰਜੀਦਾ, ਬਹੁਤ ਹੀ ਬਾਰੀਕ ਨਜ਼ਰ ਨਾਲ ਦੁਨੀਆ ਨੂੰ ਦੇਖਣ ਵਾਲੀ ਸ਼ਾਇਰਾ ਹੈ, ਪਾਠਕਾਂ ਨੂੰ ਗੁੰਜਾਰਿਸ਼ ਹੈ ਕਿ ਉਸ ਦੀਆਂ ਕਵਿਤਾਵਾਂ ਨੂੰ ਵਾਰ-ਵਾਰ ਪੜ੍ਹ ਕੇ ਹੀ ਸਮਝਿਆ ਜਾ ਸਕਦਾ ਹੈ। ਕਹਿਣ ਦਾ ਭਾਵ ਕਿ ਪਾਠਕ ਵੀ ਬੇਹੱਦ ਸੈਂਸਿਟਵ ਹੋਵੇ। ਉਸ ਦੀ ਇਕ ਕਵਿਤਾ ਹੈ 'ਫੁੱਲ' ਜਿਹੜੀ ਕਿ ਉਸ ਦੇ ਖ਼ੁਦ ਨਾਲ ਲੜੇ ਯੁੱਧ ਦੀ ਦਾਸਤਾਨ ਹੈ। ਫੁੱਲਾਂ ਦਾ ਪਿਆਰ ਜ਼ਿੰਦਗੀ ਨੂੰ ਪਿਆਰ ਕਰਨ ਦਾ ਪ੍ਰਤੀਕ ਹੈ। ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਹੀ ਕਹਿ ਸਕਦੇ ਹਨ :

"ਝੱਖੜਾਂ ਦੇ ਵਿਚ ਖੜਨਾ ਕਿਵੇਂ ਹੈ?
ਦੁੱਖਾਂ ਨੂੰ ਜਰਨਾ ਕਿਵੇਂ ਹੈ?
ਜੀਣਾ ਕਿਵੇਂ ਹੈ? ਮਰਨਾ ਕਿਵੇਂ ਹੈ?"

ਇਸ ਤੋਂ ਅੱਗੇ ਵੀ ਯੁੱਧ ਨਹੀਂ ਮੁਕਦਾ ਜਦ ਸ਼ਾਇਰਾ ਕਹਿੰਦੀ ਹੈ :

"ਬੀਜਾਂ ਨੂੰ ਰੁੱਖ ਕਰਨਾ ਕਿਵੇਂ ਹੈ?"

ਸਿਰਫ਼ ਦੁੱਖਾਂ ਨੂੰ ਜਰਨਾ ਹੀ ਨਹੀਂ ਪਰ ਆਪ ਦੇ ਬੀਜਾਂ ਨੂੰ ਵੀ ਰੁੱਖ ਕਰਨਾ ਹੈ। ਇਥੇਦੋ ਫਰੰਟਾਂ ਤੇ ਯੁੱਧ ਲੜਿਆ ਜਾ ਰਿਹਾ ਹੈ, ਝੱਖੜਾਂ ਵਿਚ ਵੀ ਖੜਨਾ ਹੈ ਤੇ ਨਾਲ ਨਾਲ ਬੀਜਾਂ ਨੂੰ ਰੁੱਖ ਵੀ ਬਣਾਉਣਾ ਹੈ।

ਸਿਮਰਨ ਦੀ ਇਕ ਹੋਰ ਬਹੁਤ ਖ਼ੂਬਸੂਰਤ ਕਵਿਤਾ ਹੈ 'ਬੇਵਫ਼ਾ ਸ਼ੀਸ਼ਾ'।

ਅਸਲ ਵਿਚ ਸ਼ੀਸ਼ਾ ਜ਼ਿੰਦਗੀ ਦਾ ਨਜ਼ਰੀਆ ਹੈ। ਜਿਸ ਤਰ੍ਹਾਂ ਸ਼ੀਸ਼ੇ ਨਾਲ ਸਾਡਾ ਸਬੰਧ ਬਚਪਨ ਵਿਚ ਹੋਰ ਹੁੰਦਾਹੈ, ਜਵਾਨੀ ਵਿਚ ਹੋਰ ਹੁੰਦਾ ਹੈ, ਬਿਮਾਰੀ ਜਾਂ ਬੁਢਾਪੇ ਵਿਚ ਹੋਰ ਹੁੰਦਾ ਹੈ। ਉਸੇ ਤਰ੍ਹਾਂ ਸਾਡਾ ਨਜ਼ਰੀਆ ਜ਼ਿੰਦਗੀ ਨਾਲ ਤੰਦਰੁਸਤੀ ਵਿਚ ਹੋਰ ਹੁੰਦਾ ਹੈ ਅਤੇ ਦੁੱਖਾਂ-ਤਕਲੀਫ਼ ਜਾਂ ਰਿਸ਼ਤਿਆਂ ਦੀ ਟੁੱਟ-ਭੱਜ ਵਿਚ ਹੋਰ ਹੁੰਦਾ ਹੈ।

"ਮੇਰੇ ਕਮਰੇ ਦਾ ਸ਼ੀਸ਼ਾ ਬੜਾ ਬੇਵਫ਼ਾ ਹੋ ਗਿਆ ਹੈ।
ਉਹਦਾ ਕਮਰੇ ਵਿਚ, ਮੇਰਾ ਉਸ ਵਿਚ ਰਹਿਣਾ ਸਜ਼ਾ ਹੋ ਗਿਆ ਹੈ।"

ਹੁਣ ਇਹ ਸਤਰਾਂ ਤਾਂ ਉਹੀ ਸਮਝ ਸਕਦਾ ਹੈ ਜਿਸ ਨੇ ਸਾਹਾਂ ਦੀ ਬਾਰੀਕ ਪਗਡੰਡੀ ਤੇ ਸਫ਼ਰ ਕੀਤਾ ਹੋਵੇ।

ਦੋ ਜਮਾਤਾਂ ਦ ਪਾੜੇ ਨੂੰ ਦਰਸਾਉਂਦੀ ਉਸਦੀ ਕਵਿਤਾ ਹੈ "ਗੁਲਾਬ ਅਤੇ ਅੱਕ"। ਜਿਵੇਂ ਗੁਲਾਬ ਅਮੀਰਾਂ ਦੀ ਅਯਾਸੀ ਦਾ ਪ੍ਰਤੀਕ ਹੈ ਜੋ ਬਾਗਾਂ ਵਿਚ ਰਹਿੰਦਾ ਹੈ, ਕੋਠੀਆਂ ਵਿਚ ਰਹਿੰਦਾ ਹੈ ਜਿਥੇ ਨੌਕਰ ਚਾਕਰ ਉਸਦੀ ਦੇਖਭਾਲ ਕਰਨ ਵਿਚ ਲੱਗੇ ਹੁੰਦੇ ਹਨ, ਉਥੇ ਦੂਜੇ ਪਾਸੇ ਅੱਕ ਮਜ਼ਦੂਰਾਂ ਦਾ ਅਤੇ ਕਿਰਤੀਆਂ ਦਾ ਪ੍ਰਤੀਕ ਹੈ ਜਿਹੜੇ ਭੁੱਖਮਰੀ ਦੇ ਮਾਰੂਥਲ ਵਿਚ ਰਹਿ ਕੇ ਵੀ ਲਲਕਾਰਾਂ ਮਾਰ ਸਕਦੇ ਹਨ। ਕਿਰਤੀ ਲੋਕ ਇਨ੍ਹਾਂ ਲੁਟੇਰਿਆਂ ਨੂੰ ਲਲਕਾਰਦੇ ਹਨ :

**"ਤੂੰ ਹੋਵੇਗਾ ਗੁਲਾਬ ਕੋਈ ਪਰ ਏਨਾ ਵੀ ਗੁਮਾਨ ਨਾ ਕਰ**
**ਤੂੰ ਕੰਢਿਆਂ ਦੇ ਵਿਚ ਘਿਰਿਆ ਹੈਂ ਆਸਪਾਸ ਧਿਆਨ ਤਾਂ ਕਰ"**
**"ਬਚੀਗੇ ਵਿਚੋਂ ਨਿਕਲ ਤੂਫ਼ਾਨ ਤਾਂ ਜਰ**
**ਸਾਨੂੰ ਮਿਟਾ ਕੇ ਮਹਿਕੇਂਗਾ, ਸੋਚਾਂ ਨਾਂ ਸੋਚ ਐਲਾਨ ਤਾਂ ਕਰ**
**ਮੁਕਾਬਲਾ ਕੀ ਤੇਰਾ ਤੇ ਸਾਡਾ ਵੇ ਸੋਹਣਿਆਂ**
**ਤੂੰ ਖੋਂਹਦਾ ਹੀ ਰਹਿੰਦਾ ਹੈਂ ਕਦੀ ਦਾਨ ਤਾਂ ਕਰ"**

ਇਸ ਤਰ੍ਹਾਂ ਇਸ ਲੁੱਟ ਖੋਹ ਦੀ ਸੱਤਾ ਨੂੰ ਕਿਰਤੀ ਚੈਲੰਜ ਕਰਦੇ ਹਨ ਜਿਸ ਨੂੰ ਸ਼ਾਇਰਾ ਨੇ ਬੇਹੱਦ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਜਦੋਂ ਸਾਰੀਆਂ ਕਵਿਤਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ ਨਾਮ ਸਿਮਰਨ ਸਿਰਫ਼ ਜਜ਼ਬਾਤੀ ਜਾਂ ਯਥਾਰਥਵਾਦੀ ਸ਼ਾਇਰਾ ਨਹੀਂ ਸਗੋਂ ਯਥਾਰਥਵਾਦੀ ਇਨਕਲਾਬੀ ਸ਼ਾਹਰਾਹ ਦੀਆਂ ਪੌੜੀਆਂ 'ਤੇ ਵੀ ਬੈਠੀ ਦਿੱਸਦੀ ਹੈ। ਉਸ ਦੀ ਕਵਿਤਾ "ਤੇਰੀ ਤੇ ਮੇਰੀ ਕਹਾਣੀ" ਇਨਕਲਾਬੀ ਕਵੀਆਂ ਦੀ ਸੋਚ ਨਾਲ ਮੋਢੇ ਨਾਲ ਮੋਢਾ ਜੋੜ ਕੇ ਚਲਦੀ ਹੈ।

**"ਜਿਵੇਂ ਰਾਜੇ ਦੀ ਥਾਂ ਰੰਕ ਨਾਲ ਰਾਣੀ ਲਿਖਣਾ**
**ਜਿਵੇਂ ਪਾਣੀ ਨਾਲ ਪਾਣੀ ਉਤੇ ਪਾਣੀ ਲਿਖਣਾ"**

ਹੁਣ ਰਾਜਾ ਸੱਤਾ ਦਾ, ਹਕੂਮਤ ਦਾ, ਪ੍ਰਤੀਕ ਹੈ ਅਤੇ ਰਾਣੀ ਰਾਜ ਭਾਗ ਜਾਂ ਸਟੇਟ ਹੈ। ਸ਼ਾਇਰਾ ਕਹਿੰਦੀ ਹੈ ਕਿ ਹਾਲੇ ਤਾਂ ਸਟੇਟ ਉਤੇ ਮਿਹਨਤਕਸ਼ਾਂ ਦਾ ਕਬਜ਼ਾ ਪਾਣੀ ਨਾਲ ਪਾਣੀ ਉਤੇ ਪਾਣੀ ਲਿਖਣ ਵਾਲੀ ਗੱਲ ਹੈ। ਉਹ ਦੱਸਦੀ ਹੈ ਕਿ ਦੁਨੀਆ ਭਰ ਵਿਚ ਮਿਹਨਤਕਸ਼ ਜਮਾਤ ਅਜੇ ਵੀ ਇਕ ਭੰਬਲਭੂਸਾ ਹੰਢਾ ਰਹੀ ਹੈ।

ਆਪਣੀ ਕਵਿਤਾ "ਲੇਖਕਾਂ ਨੂੰ ਗੁਜ਼ਾਰਿਸ਼" ਵਿਚ ਉਹ ਇਨਾਮਾਂ ਦੇ ਭੁੱਖੇ, ਸ਼ੌਹਰਤ ਦੀ ਭੁੱਖ ਦਾ ਕੌਲਾ ਲਈ ਬੈਠੇ ਲੇਖਕਾਂ ਨੂੰ ਕਹਿੰਦੀ ਹੈ :

**"ਇਹ ਕਿਤਾਬਾਂ ਦੇ ਪੰਨਿਆਂ 'ਤੇ ਬਹਿ ਕੇ ਕੌਣ ਰੋ ਰਿਹਾ। ਜਜ਼ਬਾਤਾਂ ਦੀਆਂ ਲਾਸ਼ਾਂ ਦੇ ਭਾਰ ਕੌਣ ਢੋਹ ਰਿਹਾ ਹੈ"**

ਤੁਸੀਂ ਅਖ਼ਬਾਰਾਂ ਵਿਚ, ਸੋਸ਼ਲ ਮੀਡੀਆ 'ਤੇ ਪੰਜਾਬੀ ਦੀ ਕਹਾਵਤ "ਆਪੇ ਮੈਂ ਮੱਥਾ ਟੇਕਦੀ ਆਪੇ ਬੁੱਢ ਸੁਹਾਗਣ" ਨੂੰ ਸਹੀ ਸਿੱਧ ਕਰਦੇ ਇਨ੍ਹਾਂ ਲੇਖਕਾਂ ਦੀ ਪਛਾਣ ਖ਼ੁਦ ਕਰ ਸਕਦੇ ਹੋ। ਜਿਨ੍ਹਾਂ ਲੇਖਕਾਂ ਦੀਆਂ ਲਿਖਤਾਂ ਨੇ ਚਮਕਣਾ ਹੁੰਦਾ ਹੈ। ਉਨ੍ਹਾਂ ਨੂੰ ਦੀਵਿਆਂ ਦੀ ਲੋੜ ਹੁੰਦੀ ਹੈ। ਉਹ ਖ਼ੁਦ ਨੂੰ ਮਚਾ ਕੇ ਚਾਨਣ ਪੈਦਾ ਕਰਦੇ ਹਨ। ਇਨ੍ਹਾਂ ਲੇਖਦਾਂ ਦੀਆਂ ਲਿਖਤਾਂ ਲੋਕਾਂ ਦੇ ਚੇਤਿਆਂ ਵਿਚ ਵਸਦੀਆ ਹਨ। ਅੱਜ ਸਮਾਂ ਹੈ, ਸਮੇਂ ਦੇ ਹਾਣ ਦੀ ਗੱਲ ਕਰਨ ਦਾ, ਪਰ ਅਸੀਂ ਨਿੱਜੀ ਹਉਮੈ ਨੂੰ ਪੱਠੇ ਪਾਉਣ ਲਈ ਕਿਸੇ ਵੀ ਦਲਦਲ ਵਿਚ ਖੁੱਭ ਸਕਦੇ ਹਾਂ। ਸ਼ੋਹਰਤ ਦੇ ਭੁੱਖੇ ਲੇਖਕਾਂ ਨੇ ਅੱਜ ਆਪਣੀ ਕਲਾ ਨੂੰ ਵੇਸ਼ਵਾ ਬਣਾ ਦਿੱਤਾ ਹੈ। ਇਸ ਇੱਕੀਵੀਂ ਸਦੀ ਦੇ ਯੁੱਗ ਵਿਚ ਅਸੀਂ ਬੜਾ ਬਚ-ਬਚ ਕੇ ਜਿਉਂਦੇ ਹਾਂ, ਹੱਸਣਾ-ਬੋਲਣਾ, ਰੋਣਾ-ਧੋਣਾ ਵੀ ਸਾਡਾ ਬੜੀ ਕਿਰਸ ਨਾਲ ਹੁੰਦਾ ਹੈ। ਸ਼ਾਇਰਾ ਕਹਿੰਦੀ ਹੈ ਕਿ ਜੇਕਰ ਤੁਸੀਂ ਜ਼ਿੰਦਗੀ ਨੂੰ ਜਿਉਣਾ ਹੈ ਤਾਂ ਖੁੱਲ੍ਹ ਕੇ ਜੀਓ ਰੱਜ ਕੇ ਜਿਉ। ਖੁੱਲ੍ਹ ਕੇ ਜਿਉਣ ਦੀ ਤਮੰਨਾ ਉਦੋਂ ਪੈਦਾ ਹੁੰਦੀ ਹੈ ਜਦੋਂ ਜ਼ਿੰਦਗੀ ਦੇ ਸਫ਼ਰ ਦੀ ਅਹਿਮੀਅ ਪਤਾ ਲਗ ਜਾਵੇ।

ਸ਼ਾਇਰਾ ਕਹਿੰਦੀ ਹੈ :

**"ਆਪਣੇ ਆਪ ਨੂੰ ਏਨਾ ਨਾ ਬਚਾਇਆ ਕਰ**
**ਵਰਖਾ ਦੇ ਪਾਣੀਆਂ ਵਿਚ**
**ਹਾਣ ਦੇ ਹਾਣੀਆਂ ਵਿਚ**
**ਭਿੱਜ ਵੀ ਜਾਇਆ ਕਰ"**

ਅੱਜ ਦੇ ਸਮੇਂ ਜਾਂ ਅੱਜ ਦੇ ਯੁੱਗ ਵਿਚ ਅਸੀਂ ਸਰਹੱਦਾਂ ਦੇ ਜੰਗਲਾਂ ਵਿਚ ਹੀ ਨਹੀਂ ਰਹੇ ਸਗੋਂ ਸਾਡੇ ਮਨਾਂ ਵਿਚ ਦੀਵਾਰਾਂ ਬਣ ਬਣ ਕੇ ਕਈ ਤਰ੍ਹਾਂ ਦੇ ਭਾਵਨਾਤਮਕ ਦੇਸ਼ ਸਿਰਜੇ ਗਏ ਹਨ। ਸਾਡੇ ਮਨ ਅਸ਼ਾਂਤ ਅਤੇ ਬੇਚੈਨ ਹਨ ਜਿਵੇਂ ਭਲਾ ਕੋਈ ਸ਼ਾਂਤੀ ਫੈਲਾਉਣ ਖਾਤਰ ਬੁੱਧ ਬਣੇਗਾ ਜਾਂ ਚੰਗੇਜ਼। ਪਰ ਅੱਜ ਦੇ ਸਮੇਂ ਦਾ ਹਾਲ ਇਹ ਹੈ ਕਿ :

**"ਸ਼ਾਂਤੀ ਫੈਲਾਉਣ ਦੀ ਖਾਤਰ**
**ਸਰਹੱਦਾਂ ਉਤੇ ਲੜਦੇ ਲੋਕ"**

ਉਸ ਦੀ ਕਵਿਤਾ "ਰੁੱਖ ਸਾਂਝ" ਵਿਚ ਉਹ ਅੱਜ ਦੇ ਸੱਤਾਧਾਰੀਆਂ ਨੂੰ ਚੈਲੰਜ ਕਰਦੀ ਹੈ, ਜਿਹੜੀ ਸੱਤਾ ਜਾਂ ਰਾਜਸ਼ਾਹੀ ਕਹਿੰਦੀ ਹੈ ਕਿ ਸਵਾਲ ਨਾ ਕਰੋ। ਸ਼ਾਇਰਾ ਸਵਾਲ ਕਰਦਾ ਹੈ :

**"ਮੇਰੇ ਹੱਡਾਂ ਵਿਚੋਂ ਉੱਗਣੇ ਏਨੇ ਰੁੱਖ...**
**ਜੇ ਇਹ ਵੱਧ ਗਏ ਤਾਂ ਅੰਬਰਾਂ ਨੂੰ ਖਾਣਗੇ**
**ਰੂਹਾਂ ਵਿਚ ਖੁੱਭ ਗਏ ਤਾਂ ਡੂੰਘੇ ਬੜੇ ਜਾਣਗੇ।"**

ਸਿਮਰਨ ਦੀਆਂ ਕਵਿਤਾਵਾਂ ਜਜ਼ਬਾਤੀ ਹਨ, ਯਥਾਰਥਵਾਦੀ ਹਨ ਅਤੇ ਮੈਨੂੰ ਕਹਿਣ ਵਿਚ ਬੜਾ ਮਾਣ ਹੈ ਕਿ 21ਵੀਂ ਸਦੀ ਦੀ ਇਨਕਲਾਬੀ ਕਵਿਤਾ ਦੇ ਹਾਣ ਦੀਆਂ ਹਨ। ਸਿਮਰਨ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਵਾਕਿਆ ਹੀ ਲੱਗਦਾ ਹੈ ਕਿ ਕਵਿਤਾ ਸਿਮਰਨ ਨਹੀਂ ਲਿਖਦੀ ਬਲਕਿ ਕਵਿਤਾ ਸਿਮਰਨ ਨੂੰ ਲਿਖਦੀ ਹੈ। ਪੰਜਾਬੀ ਸਾਹਿਤ ਵਿਚ ਇਸ ਕੁਦਰਤ ਨੂੰ ਪਿਆਰ ਕਰਨ ਵਾਲੀ ਬੇਹੱਦ ਸੰਵੇਦਨਸ਼ੀਲ ਕਵਿਤਰੀ ਦਾ ਸੁਆਗਤ ਕਰਨਾ ਬਣਦਾ ਹੈ। ਅਖੀਰ ਵਿਚ ਯੂਨਾਨ ਦੇ ਪ੍ਰਸਿੱਧ ਫਿਲਾਸਫਰ ਸੁਕਰਾਤ ਦਾ ਗਿਆਨ ਬਾਰੇ ਸੁਨੇਹਾ ਪਾਠਕਾਂ ਨਾਲ ਜ਼ਰੂਰ ਸਾਂਝਾ ਕਰਨਾ ਚਾਹੁੰਦਾ ਹਾਂ ਕਿ 'ਗਿਆਨ ਨਾ ਹੀ ਦਿੱਤਾ ਜਾ ਸਕਦਾ ਹੈ ਤੇ ਨਾ ਹੀ ਲਿਆ ਜਾ ਸਕਦਾ ਹੈ। ਗਿਆਨ ਤਾਂ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਸੁਖਜੀਤ ਸਿਮਰਨ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਸੱਚ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਕਿਤਾਬ 'ਚੁੱਪ ਦਾ ਸ਼ੋਰ' ਪੰਜਾਬੀ ਸਾਹਿਤ ਦਾ ਮਾਣ ਹੈ ਅਤੇ ਉਮੀਦ ਹੈ ਕਿ ਸਿਮਰਨ ਇਸ ਮਾਣ ਨੂੰ ਬਰਕਰਾਰ ਰੱਖੇਗੀ।

## ਕਵਿਤਾ

(ਪਹਿਲਵਾਨ ਧੀਆਂ ਦੇ ਸੰਘਰਸ਼ ਨੂੰ ਸਮਰਪਿਤ)

ਆ ਦਿੱਲੀ ਦੀ ਦਹਿਲੀਜ਼ 'ਤੇ
ਰਲ਼ ਚਿੜੀਆਂ ਪਾਵਣ ਸ਼ੋਰ।
ਅੱਜ ਭਗਵੇ ਪੰਖਾਂ ਵਾਲੜਾ
ਇੱਕ ਸ਼ਿਕਰਾ ਫਿਰਦਾ ਹੋਰ।

ਉਹਨੇ ਲੱਖਾਂ ਚਿੜੀਆਂ ਨੋਚੀਆਂ,
ਵਿੱਚ ਰਾਜ ਸਤਾ ਦੇ ਲੋਰ।
ਉਹ ਉੱਡਦੈ ਖੁੱਲ੍ਹੇ ਅੰਬਰੀਂ
ਉਹਦੇ ਪੈਰੀਂ ਨਾ ਕੋਈ ਡੋਰ।

ਸੋਨੇ ਦੇ ਖੰਭਾਂ ਵਾਲ਼ੀਆਂ
ਇਹ ਚਿੜੀਆਂ ਦਿਸਣ ਉਦਾਸ।
ਜੋ ਚੁੰਝੀਂ ਪੀੜਾਂ ਘੁੱਟ ਕੇ
ਚੱਲ ਆਈਆਂ ਰਾਜੇ ਪਾਸ।

ਇਹ ਬਾਤ ਜਬਰ ਦੀ ਪਾਉਂਦੀਆਂ
ਤੇ ਰੱਖ ਨਿਆਂ ਦੀ ਆਸ।
ਕੋਈ ਹਾਕਮ ਸੁਣੇ ਨਾ ਦੁੱਖੜੇ
ਤੇ ਨਾ ਦੇਵੇ ਧਰਵਾਸ।

ਹੁਣ ਕੁਸ਼ਤੀ ਹੋਣੀ ਸੱਚ ਦੀ
ਹਰ ਜਬਰ ਜ਼ੁਲਮ ਦੇ ਨਾਲ਼।
ਤੇ ਓੜਕ ਜਿੱਤਣਾ ਸੱਚ ਨੇ
ਫਿਰ ਡਿੱਗਣਾ ਝੂਠ ਚੌਫਾਲ਼।

ਸੁਣ ਲੋਕ ਹਿਤਾਂ ਦੇ ਵਾਰਸੋ
ਰਲ਼ ਆਪ ਸਵਾਰੋ ਕਾਜ।
ਤੇ ਧੌਣੋ ਫੜ ਕੇ ਲਾਹ ਲਵੋ
ਜੋ ਅੰਬਰੀਂ ਉੱਡਦਾ ਬਾਜ।

**ਜਗਜੀਤ ਕੌਰ ਢਿੱਲਵਾਂ**

## ਬਚ ਵੀ ਗਈ ਤੇ ਬੇਟੀ...

ਬਚ ਵੀ ਗਈ ਤੇ ਬੇਟੀ ਪੜ੍ਹ ਵੀ ਗਈ
ਹੁਣ ਸੜਕਾਂ 'ਤੇ ਬੈਠੀ ਇਨਸਾਫ ਮੰਗਦੀ।
ਕਿੱਥੇ ਗਏ ਓ ਬੇਟੀਆਂ ਬਚਾਉਣ ਵਾਲਿਓ
ਹੁਣ ਥੋਡੀ ਜੀਭ ਹੋ ਗਈ ਕਾਲੇ ਰੰਗ ਦੀ।

ਕਈਆਂ ਨੂੰ ਲੱਗੇ ਲੋਥੜਾ ਏ ਮਾਸ ਦਾ
ਜਦੋਂ ਕਦੇ ਬੇਟੀਆਂ ਜਵਾਨ ਹੁੰਦੀਆਂ
ਗੁੰਡੇ ਤੇ ਮਵਾਲੀ ਇੱਥੇ ਰਾਜ ਕਰਦੇ
ਪੈਰ-ਪੈਰ ਉੱਤੇ ਅਪਮਾਨ ਹੁੰਦੀਆਂ।
ਰਾਹਾਂ ਵਿੱਚ ਕੰਡੇ ਮੰਜ਼ਿਲਾ ਨੇ ਔਖੀਆਂ
ਤਿਲਕਣੇ ਮੋੜ ਬੋਚ-ਬੋਚ ਲੰਘਦੀ।

ਗਾਉਣ ਵਾਲੇ ਕੁੜੀਆਂ ਨੂੰ ਬੰਬ ਆਖਦੇ
ਕੋਈ ਆਖੇ ਨਾਗਣ ਕੋਈ ਮਾਲ ਆਖਦਾ।
ਹਰ ਕੋਈ ਫਿਰਦਾ ਏ ਦਾਅ ਲਾਉਣ ਨੂੰ
ਕੋਈ ਆਖੇ ਹੌਟ ਕੋਈ ਕਮਾਲ ਆਖਦਾ।
ਇੱਜਤਾਂ ਦਾ ਡਰ, ਧੀਆਂ ਦੜ ਵੱਟ ਲਈ
ਕੀਤੀ ਨ ਸ਼ਿਕਾਇਤ ਟੁੱਟ ਗਈ ਵੰਗ ਦੀ।

ਧੀਆਂ ਨੇ ਮੈਦਾਨ ਇੱਥੇ ਕਈ ਜਿੱਤ ਲਏ
ਰਸਮਾਂ ਦੇ ਅੱਗੇ ਕਈ ਵਾਰੀ ਹਾਰੀਆਂ।
ਮਾਵਾਂ ਦੀਆਂ ਕੁੱਖਾਂ ਵਿਚੋਂ ਬਚ ਆਈਆਂ ਜੋ
ਜਿਉਂਦੀਆਂ ਤੰਦੂਰਾਂ ਵਿਚ ਗਈਆਂ ਸਾੜੀਆਂ।
ਬੀਤ ਗਿਆ ਯੁੱਗ, ਜ਼ੁਲਮਾਂ ਨੂੰ ਸਹਿੰਦਿਆ
ਧੀਆਂ ਨੂੰ ਲੋੜ ਹੈ ਐਲਾਨੇ ਜੰਗ ਦੀ।

**-ਕੁਲਦੀਪ ਸਿਰਸਾ**

## ਕਵਿਤਾ

ਹੁਣ ਦੁਰਯੋਧਨ ਜੂਆ ਨਹੀਂ ਜਿੱਤਦਾ
ਹਸਤਨਾਪੁਰ ਦੀਆਂ ਕਲੀਆਂ ਨੂੰ,
ਲੋਚਦਾ ਹੈ ਬਣਾਉਣਾ,
ਅਪਨੀ ਹਵਸ ਦਾ ਸ਼ਿਕਾਰ।
ਨਾਪਦਾ ਦਾ ਹੈ,
ਹਵਸੀ ਕਾਮੀ ਨਜ਼ਰਾਂ ਨਾਲ
ਦਰੋਪਦੀਆਂ ਦੇ ਸੁਡੌਲ ਜਿਸਮ।
ਸੱਤਾ ਦੇ ਨਸ਼ੇ ਚ ਹੈ ਮਦਹੋਸ਼
ਸਮਝਦਾ ਹੈ,
ਦਰੋਪਦੀਆਂ ਦਾ ਚੀਰ,
ਹਰਨ ਕਰਨ ਦਾ ਅਧਿਕਾਰ
ਦੇਖ ਰਿਹਾ ਹੈ ਧਰਿਤਰਾਸਟਰ
ਤਮਾਮ ਨਿਰਲੱਜ ਦ੍ਰਿਸ਼।
ਹੁਣ ਉਹ ਅੰਨਾ ਨਹੀਂ
ਲੋੜ ਹੈ ਉਸਨੂੰ
'ਅਖੰਡ ਭਾਰਤ'
'ਵਿਸ਼ਵ ਗੁਰੂ' 'ਮਹਾਨ ਭਾਰਤ',
ਪ੍ਰਾਚੀਨ ਸੰਸਕ੍ਰਿਤੀ ਉਪਾਸਕ
ਭਾਰਤ ਲਈ ਦੁਰਯੋਧਨਾਂ ਦੀ,

ਭਰਮ ਹੈ ਹਸਤਨਾਪੁਰ ਨੂੰ,
ਅਜ ਦੀ ਨਾਰੀ ਨਾ ਦਰੋਪਦੀ ਹੈ
ਨਾ ਮੰਡੀ ਦੀ ਵਸਤੂ।
ਨਹੀਂ ਹੋਣ ਦੇਵੇਗੀ
ਅਪਣਾ ਚੀਰ ਹਰਨ।
ਨਿਰ-ਵਸਤਰ ਕਰ ਦਿੱਤਾ ਹੈ
ਦੁਰਯੋਧਨ ਰਾਜ।
ਹਜ਼ਾਰਾਂ ਜੁਝਾਰ ਢਾਲ ਬਣ
ਨਿੱਤਰ ਆਏ ਹਨ ਸੜਕਾਂ ਤੇ,
ਨਹੀਂ ਹੋਣ ਦੇ ਦੇਣਗੇ,
ਧੀਆਂ ਦੀ ਆਬਰੂਆਂ ਨਾਲ ਖਿਲਵਾੜ।
ਭੈ ਭੀਤ ਹੈ ਕੌਰਵ ਰਾਜ
ਅੰਤਿਮ ਘੜੀਆਂ ਗਿਣ ਰਿਹਾ ਹੈ।
ਦੇਖ ਰਿਹਾ ਹੈ ਰਾਜ ਵਿਨਾਸ਼।
ਤਲਾਸ਼ ਕਰ ਰਿਹਾ ਕੋਈ
ਨਵਾਂ ਬ੍ਰਹਮ ਅਸਤਰ।

**-ਜੋਗਿੰਦਰ ਆਜ਼ਾਦ**

## ਬੋਤਲ 'ਤੇ ਉੱਕਰੀ ਕਿਸਮਤ !

ਬੋਤਲ 'ਤੇ ਉੱਕਰੀ ਕਿਸਮਤ!
-ਐਵੇਂ ਭਰਮ ਜਿਹਾ ਪਾਲਿਆ ਸੀ,
ਕਿ -
ਕਿਸਮਤ ਦੀਆਂ ਲਕੀਰਾਂ
ਬੰਦੇ ਦੇ ਮੱਥੇ 'ਤੇ
ਉੱਕਰੀਆਂ ਹੁੰਦੀਆਂ ਨੇ!
ਹੁਣ ਗਿਆਨ ਹੋਇਆ
ਕਿ -
ਮੇਰੇ ਦੇਸ਼ ਦੇ ਲੋਕਾਂ ਦੀ
ਕਿਸਮਤ ਤਾਂ
ਚੋਣਾਂ 'ਚ
ਖਿਡਾਈ ਭੁੱਕੀ,
ਤੇ
ਵੰਡੀਆਂ ਚਿੱਟੇ ਦੀਆਂ ਪੁੜੀਆਂ
ਦੁਆਲੇ ਮੰਡਰਾਉਂਦੀ ਏ!
ਸਹੁੰ ਖੁਆਈ,
ਹੱਥ ਫੜਾਈ,
ਦਾਰੂ ਦੀ ਬੋਤਲ
'ਤੇ
ਉੱਕਰੀ ਹੁੰਦੀ ਐ!
ਤੇ ਫਿਰ -
ਤਿੰਨ ਮੀਟਰ ਦੇ
ਪਰਦੇ 'ਚ
ਪਈ ਮਸ਼ੀਨ 'ਤੇ ਜੜ੍ਹੇ
ਬਟਨਾਂ 'ਤੇ ਰੱਖੀ
ਉਂਗਲ ਪਿਛੋਂ
ਨਿਕਲੀ ਚੀਕ
ਮਸ਼ੀਨ ਦੀ ਨਹੀਂ
ਲੋਕਾਂ ਦੀ ਕਿਸਮਤ
ਦੀ ਚੀਕ ਹੁੰਦੀ ਐ!
ਤੇ
ਲੀਡਰਾਂ ਦੀ ਜੀਤ ਹੁੰਦੀ ਐ!

**-ਸੁਖਦੇਵ ਸਲੇਮਪੁਰੀ**
09780620233

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਨਾਟਕ 'ਮੈਂ ਕਿਤੇ ਨਹੀਂ ਗਿਆ' ਦਾ ਸਫਲ ਮੰਚਨ



ਸਰੀ, (ਪਰਮਿੰਦਰ ਸਵੈਚ) : ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਵਲੋਂ 21 ਮਈ ਦਿਨ ਐਤਵਾਰ ਨੂੰ ਸਲਾਨਾ ਤਰਕਸ਼ੀਲ ਨਾਟਕ ਮੇਲਾ ਗਿਆਨ ਸਵੀਟ ਹਾਊਸ ਐਬਸਫੋਰਡ ਵਿੱਚ ਕਰਵਾਇਆ ਗਿਆ, ਜਿਸ ਵਿੱਚ ਦਰਸ਼ਕਾਂ ਨੇ ਭਰਵੀਂ ਹਾਜ਼ਰੀ ਲਗਵਾਈ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਵੈਨਕੂਵਰ ਇਕਾਈ ਦੇ ਸਕੱਤਰ ਨਿਰਮਲ ਕਿੰਗਰਾ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਸੁਸਾਇਟੀ ਦੇ ਕੰਮਾਂ ਬਾਰੇ ਚਾਨਣਾ ਪਾਇਆ। ਸਭ ਤੋਂ ਪਹਿਲਾਂ ਲੋਕ ਸੰਗੀਤ ਮੰਡਲੀ ਭਦੌੜ ਦੇ ਮੁਢਲੇ ਆਗੂ ਪਿਆਰਾ ਸਿੰਘ ਚਾਹਲ ਨੇ ਬਹੁਤ ਹੀ ਖੂਬਸੂਰਤ ਗੀਤ 'ਭਾਰ ਚੁੱਕੇ ਫਿਰ ਰਹੇ ਹਨ, ਲਹਿ ਜਾਵਣਗੇ ਪਤਾ ਨਹੀਂ' ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਗਾਇਆ। ਇੰਡੀਆ ਤੋਂ ਪਹੁੰਚੇ ਮਹਿਮਾਨ ਬੁਲਾਰੇ ਰਣਧੀਰ ਗਿੱਲਪੱਤੀ ਨੇ ਤਰਕ ਨਾਲ ਸੋਚਣ ਅਤੇ ਵਿਗਿਆਨ ਨੂੰ ਅਪਣਾਉਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਥਾਨਕ ਇਕਾਈ ਦੇ ਜਨਰਲ ਸਕੱਤਰ ਸਰਬਜੀਤ ਓਖਲਾ ਜੀ ਨੇ ਜਾਦੂ ਦੇ ਟਰਿੱਕਾਂ ਦੇ ਨਾਲ ਨਾਲ ਪੁਰਾਣੀਆਂ ਧਾਰਨਾਵਾਂ ਜੋ ਅੱਜ ਅੰਧ ਵਿਸ਼ਵਾਸ ਦਾ ਰੂਪ ਧਾਰ ਚੁੱਕੀਆਂ ਹਨ, ਬਾਰੇ ਦੱਸਿਆ। ਸੁਸਾਇਟੀ ਦੇ ਮੀਤ ਪ੍ਰਧਾਨ ਸਾਧੂ ਸਿੰਘ ਗਿੱਲ ਨੇ ਪ੍ਰੋਗਰਾਮ ਲਈ ਮਾਇਕ ਮੱਦਦ ਕਰਨ ਵਾਲੇ ਸੰਪੌਂਸਰਜ਼ ਦਾ ਧੰਨਵਾਦ ਕੀਤਾ। ਇਸਤੋਂ ਬਾਅਦ ਨੈਸ਼ਨਲ ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਜੀ ਨੇ ਤਰਕਸ਼ੀਲ ਸੁਸਾਇਟੀ ਦੇ ਨਾਲ 28 ਸਾਲ ਦੇ ਆਪਣੇ ਬਹੁਤ ਸਾਰੇ ਤਜੁਰਬਿਆਂ ਤੇ ਝਾਤ ਪਵਾਈ ਤੇ ਲੋਕਾਂ ਨੂੰ ਤਰਕਸ਼ੀਲਤਾ ਨਾਲ ਜ਼ਿੰਦਗੀ ਜਿਊਣ ਦਾ ਸੁਨੇਹਾ ਦਿੱਤਾ। ਇਸ ਤੋਂ ਬਾਅਦ ਇਸ ਪ੍ਰੋਗਰਾਮ ਦੀ ਮੁੱਖ ਪੇਸ਼ਕਸ਼ ਕੈਨੇਡੀਅਨ ਨਾਟਕਕਾਰ ਕੁਲਵਿੰਦਰ ਖਹਿਰਾ ਦਾ ਨਾਟਕ 'ਮੈਂ ਕਿਤੇ ਨਹੀਂ ਗਿਆ", ਲੋਕ ਕਲਾ ਮੰਚ ਮੁੱਲਾਂਪੁਰ ਦੇ ਸੁਰਿੰਦਰ ਸ਼ਰਮਾ ਦੀ ਮੁੱਖ ਪੇਸ਼ਕਾਰੀ ਅਤੇ ਸਹਿਯੋਗੀ ਕਲਾਕਾਰ ਅਮਰਿੰਦਰ ਢਿੱਲੋਂ, ਰਿਸ਼ਮ ਸ਼ਰਮਾ ਤੇ ਕੁਸਮ ਸ਼ਰਮਾ ਦੁਆਰਾ ਪੇਸ਼ ਕੀਤਾ ਗਿਆ। ਇਸ ਨਾਟਕ ਦਾ ਨਿਰਦੇਸ਼ਨ ਰਾਜਿੰਦਰ ਸਿੰਘ, ਮਿਊਜਿਕ ਆਰ. ਸੀਨ, ਗੀਤਕਾਰ ਅਮੋਲਕ ਸਿੰਘ ਨੇ ਕੀਤਾ ਹੈ। ਇਹ ਨਾਟਕ ਕੈਨੇਡਾ ਵਿੱਚ ਪ੍ਰਵਾਸੀ ਵਿਦਿਆਰਥੀਆਂ ਦੇ ਕੰਮਾਂ ਤੇ ਹੋ ਰਹੇ ਸ਼ੋਸ਼ਣ ਦੀ ਤਰਾਸਦੀ ਨੂੰ ਬਿਆਨ ਕਰਦਾ ਹੈ ਅਤੇ ਨਸ਼ਿਆਂ ਦੇ ਸਹਾਰੇ ਮੰਜ਼ਲ ਪਾਉਣ ਵਾਲੇ ਵਿਦਿਆਰਥੀਆਂ ਨੂੰ ਬਚ ਨਿਕਲਣ ਦੀ ਪ੍ਰੇਰਨਾ ਦਿੰਦਾ ਹੈ। ਅੰਤ ਵਿੱਚ ਸਥਾਨਕ ਇਕਾਈ ਦੀ ਪ੍ਰਧਾਨ ਪਰਮਿੰਦਰ ਕੌਰ ਸਵੈਚ ਵਲੋਂ ਨਾਟਕ ਟੀਮ, ਨਾਟਕ ਦੇਖਣ ਆਏ ਦਰਸ਼ਕਾਂ ਤੇ ਸਹਿਯੋਗੀ ਮੀਡੀਏ ਦਾ ਧੰਨਵਾਦ



ਕੀਤਾ ਗਿਆ। ਕੌਮੀ ਖਜ਼ਾਨਚੀ ਜਗਰੂਪ ਧਾਲੀਵਾਲ, ਸਾਧੂ ਸਿੰਘ ਗਿੱਲ, ਮੱਲ ਸਿੰਘ ਤੇ ਹੋਰ ਸਾਰੀ ਟੀਮ ਨੇ ਸਾਰੇ ਪ੍ਰਬੰਧ ਕਰਨ ਵਿੱਚ ਪੂਰਾ ਯੋਗਦਾਨ ਪਾਇਆ। ਲੋਕਾਂ ਦੀ ਭਰਵੀਂ ਹਾਜ਼ਰੀ ਦੇਖ ਕੇ ਨਾਟਕ ਦੇਖਣ ਦੀ ਇੱਛਾ ਸ਼ਕਤੀ ਨੂੰ ਬਰਕਰਾਰ ਰੱਖਣ ਲਈ ਤਰਕਸ਼ੀਲ ਸੁਸਾਇਟੀ ਆਪਣਾ ਅਗਲਾ ਕਦਮ 18 ਜੂਨ ਨੂੰ ਇਹੀ ਨਾਟਕ ਸਰ੍ਹੀ ਦੇ ਪੰਜਾਬ ਬੈਂਕੁਇਟ ਹਾਲ ਵਿੱਚ ਕਰਵਾਉਣ ਜਾ ਰਹੀ ਹੈ।


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com




Gill
Truck & Trailer Repair & Mobile Service Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com



Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਉਡਾਣ ਭਰਦੀਆਂ ਲੜਕੀਆਂ ਨੇ ਕੰਮ ਦੀਆਂ ਸਥਿਤੀਆਂ 'ਚੋਂ ਮਜਬੂਰ ਹੋ ਕੇ ਚੁਣਿਆ ਸੰਘਰਸ਼ ਦਾ ਰਾਹ

ਹਰਸਿਮਰਨ ਕੌਰ





ਏਅਰ ਇੰਡੀਆ ਦੇ ਪਾਇਲਟਾਂ ਦੀਆਂ ਦੋ ਯੂਨੀਅਨਾਂ-ਇੰਡੀਅਨ ਕਮਰਸ਼ੀਅਲ ਪਾਇਲਟ ਐਸੋਸੀਏਸ਼ਨ (ਆਈ.ਸੀ.ਪੀ.ਏ) ਅਤੇ ਇੰਡੀਅਨ ਪਾਇਲਟ ਗਿਲਡ (ਆਈ.ਪੀ.ਜੀ) ਨੇ ਨਵੇਂ ਵੇਤਨ ਢਾਂਚੇ ਦਾ ਅਤੇ ਟਾਟਾ ਸਮੂਹ ਦੇ ਪ੍ਰਬੰਧਨ ਵੱਲੋਂ ਉਹਨਾਂ ਉੱਤੇ ਥੋਪੇ ਜਾ ਰਹੇ ਕੰਮ ਦੇ ਨਿਯਮਾਂ ਤੇ ਸ਼ਰਤਾਂ ਦਾ ਵਿਰੋਧ ਕੀਤਾ ਹੈ।

ਉਹਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਨਵੇਂ ਕੰਮ-ਇਕਰਾਰਨਾਮੇ ਦੇ ਸਮਝੌਤੇ 'ਤੇ ਦਸਤਖਤ ਕਰਨ ਦੇ ਲਈ ਉਹਨਾਂ ਨੂੰ ਮਜਬੂਰ ਕੀਤਾ ਗਿਆ ਤਾਂ ਉਹ ਹੜਤਾਲ 'ਤੇ ਚਲੇ ਜਾਣਗੇ। ਉਹਨਾਂ ਵੱਲੋਂ ਇਸ ਇਕਰਾਰਨਾਮੇ ਨੂੰ ਬੇ-ਰਹਿਮ ਕਰਾਰ ਕਰ ਦਿੱਤਾ ਗਿਆ ਹੈ। 17 ਅਪ੍ਰੈਲ ਨੂੰ ਏਅਰ ਇੰਡੀਆ ਦੇ ਪ੍ਰਬੰਧਨ ਨੇ ਆਪਣੇ ਮੁਲਾਜ਼ਮਾਂ ਨੂੰ ਅੰਦਰੂਨੀ ਸੰਚਾਰ ਦੇ ਜ਼ਰੀਏ ਸੂਚਿਤ ਕਰਕੇ ਪਾਇਲਟਾਂ ਦੇ ਵੇਤਨ, ਕੰਮ ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਸੋਧ ਦੇ ਬਾਰੇ ਦੱਸਿਆ ਸੀ। ਜੋ ਅਪ੍ਰੈਲ 2023 ਤੋਂ ਲਾਗੂ ਹੋਵੇਗਾ। ਨਵੇਂ ਨਿਯਮਾਂ ਕੰਮ ਦੀਆਂ ਸ਼ਰਤਾਂ ਅਤੇ ਨਵੇਂ ਵੇਤਨ ਢਾਂਚੇ ਦੇ ਇਕਰਾਰਨਾਮੇ ਦੇ ਪੱਤਰ ਪਾਇਲਟਾਂ ਅਤੇ ਕੈਬਿਨ ਕਰੂ ਨੂੰ ਵਿਅਕਤੀਗਤ ਰੂਪ ਵਿੱਚ ਭੇਜਿਆ ਗਿਆ ਸੀ। ਪ੍ਰਬੰਧਨ ਨੇ ਨਵੀਆਂ ਸ਼ਰਤਾਂ ਨੂੰ ਲੈਕੇ ਪਾਇਲਟਾਂ ਦੀਆਂ ਯੂਨੀਅਨਾਂ ਦੇ ਨਾਲ ਕੋਈ ਵੀ ਗੰਭੀਰ ਚਰਚਾ 'ਤੇ ਗੱਲਬਾਤ ਨਹੀਂ ਕੀਤੀ। ਪਾਇਲਟਾਂ ਦੇ ਅਨੁਸਾਰ ਮੁਲਾਜ਼ਮਾਂ ਦੇ ਨਾਲ ਇੱਕ ਵਰਚੂਅਲ ਮੀਟਿੰਗ ਕੀਤੀ ਗਈ ਜਿਸ ਦਾ ਸਮਾਗਮ ਪ੍ਰਬੰਧਕਾਂ ਨੇ ਨਵੇਂ ਨਿਯਮਾਂ ਅਤੇ ਸ਼ਰਤਾਂ ਦੀਆਂ ਘੋਸ਼ਣਾ ਕਰਨ ਲਈ ਕੀਤਾ ਸੀ। ਇਹ ਪ੍ਰਬੰਧਨ ਵੱਲੋਂ ਕੀਤਾ ਗਿਆ ਇੱਕ ਤਰਫਾ ਸੰਵਾਦ ਸੀ। ਪ੍ਰਬੰਧਨ ਨੇ ਵੱਡੇ-ਵੱਡੇ ਦਾਅਵੇ ਕੀਤੇ ਕਿ ਸ਼ਰਤਾਂ ਪਾਇਲਟਾਂ ਦੇ ਲਾਭ ਲਈ ਹਨ। ਪਰ ਵਰਚੂਅਲ ਚੈਟ ਵਿੱਚ ਪੋਸਟ ਕੀਤੇ ਗਏ ਸਪਸ਼ਟ ਅਤੇ ਸਬੰਧਤ ਸਵਾਲਾਂ ਦਾ ਸਿੱਧਾ- ਸਿੱਧਾ ਜਵਾਬ ਕਿਸੇ ਨੇ ਨਹੀਂ ਦਿੱਤਾ।

ਆਈ. ਸੀ. ਪੀ. ਏ ਅਤੇ ਆਈ ਪੀ ਜੀ ਦੋਨੋ ਮਿਲਕੇ ਏਅਰ ਇੰਡੀਆ ਦੇ ਲਗਭਗ 1700 ਪਾਇਲਟਾਂ ਦਾ ਪ੍ਰਤੀਨਿਧਤਾ ਕਰਦੇ ਹਨ। ਏਅਰ ਇੰਡੀਆ ਦੇ ਮੁੱਖ ਮਾਨਵ ਸਰੋਤ ਅਧਿਕਾਰੀ ਨੂੰ 19 ਅਪ੍ਰੈਲ ਨੂੰ ਭੇਜੇ ਗਏ ਇੱਕ ਸੰਯੁਕਤ ਪੱਤਰ ਵਿੱਚ ਉਹਨਾਂ ਨੇ ਕਿਹਾ ਹੈ ਕਿ 'ਨਿਯਮਾਂ ਤੇ ਸ਼ਰਤਾਂ ਸਾਨੂੰ ਮਨਜ਼ੂਰ ਨਹੀਂ ਹਨ ਅਤੇ ਇਸਦਾ ਮੁਕਾਬਲਾ, ਅਸੀਂ ਉਪਲਬਧ ਸਾਰੇ ਤਰੀਕਿਆਂ ਨਾਲ ਕਰਾਂਗੇ। ਸਾਡੇ ਲੋਕ ਪਾਇਲਟ ਨੌਕਰੀ ਅਤੇ ਭੱਤਿਆਂ ਦੀ ਇੱਕਤਰਫਾ ਸੋਧੀਆਂ ਹੋਈਆਂ ਸ਼ਰਤਾਂ ਤੇ ਦਸਤਖਤ ਨਹੀਂ ਕਰਨਗੇ'। ਇਸ ਤੋਂ ਇਲਾਵਾ ਪੱਤਰ ਵਿੱਚ ਕਿਹਾ ਗਿਆ ਹੈ ਕਿ 'ਇਹਨਾਂ ਬੇ-ਰਹਿਮ ਸ਼ਰਤਾਂ ਅਤੇ ਭੱਤਿਆਂ 'ਤੇ ਦਸਤਖਤ ਕਰਾਉਣ ਲਈ, ਸਾਡੇ ਮੈਂਬਰ ਪਾਇਲਟਾਂ ਦੇ ਖਿਲਾਫ ਕੰਪਨੀ ਵੱਲੋਂ ਕਿਸੇ ਵੀ ਸਖ਼ਤ ਕਦਮ ਜਾਂ ਪ੍ਰੇਸ਼ਾਨੀ ਤੋਂ ਉਦਯੋਗਿਕ ਅਸ਼ਾਂਤੀ ਪੈਦਾ ਹੋਵੇਗੀ।

ਪਾਇਲਟਾਂ ਦੇ ਪੱਤਰ ਵਿੱਚ ਇਹ ਕਿਹਾ ਹੈ ਕਿ 'ਏਅਰ ਇੰਡੀਆ ਦੀਆਂ ਸੇਵਾ ਸ਼ਰਤਾਂ ਵਿੱਚ ਕੋਈ ਵੀ ਬਦਲਾਅ ਉਦਯੋਗਿਕ ਕਾਨੂੰਨ ਦੀ ਰੂਪ ਰੇਖਾ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਇੱਕਤਰਫਾ ਰੂਪ ਤੋਂ ਸੇਵਾ ਸ਼ਰਤਾਂ ਨੂੰ ਬਦਲਣ ਲਈ ਸਾਡੀ ਮੈਂਬਰਸ਼ਿਪ ਤੇ ਨਵੇਂ ਨਿਯਮਾਂ ਅਤੇ ਸ਼ਰਤਾਂ ਉਤੇ ਥੋਪਣ ਦੀ ਕਾਰਵਾਈ ਪੂਰੀ ਤਰ੍ਹਾਂ ਗੈਰ ਕਾਨੂੰਨੀ ਹੈ। ਸ਼ੇਅਰ ਖਰੀਦਣ ਦੇ ਸਮਝੌਤੇ ਵਿੱਚ ਇੱਕਤਰਫਾ ਬਦਲਾਅ ਵੀ ਉਨ੍ਹਾਂ ਹੀ ਅਨੈਤਿਕ ਤੇ ਗੈਰ ਕਾਨੂੰਨੀ ਹੈ, ਜਿੰਨਾ ਕਿ ਛੁੱਟੀ ਅਤੇ ਛੁੱਟੀ ਦੇ ਨਕਦੀਕਰਨ ਨੂੰ ਨਿਯੰਤਰਿਤ ਕਰਨ ਵਾਲੀਆਂ ਸ਼ਰਤਾਂ ਵਿੱਚ ਇੱਕਤਰਫਾ ਬਦਲਾਅ। ਏਅਰ ਇੰਡੀਆ ਦੇ ਟਾਟਾ ਸਮੂਹ ਦੇ ਨਵੇਂ ਪ੍ਰਬੰਧਨ ਨੇ ਇਹਦੇ ਜਵਾਬ ਵਿੱਚ ਲਿਆ ਹੈ ਕਿ ਇਹ ਕੋਈ ਮਾਨਤਾ ਪ੍ਰਾਪਤ ਯੂਨੀਅਨਾਂ ਨਹੀਂ ਹਨ ਉਹਨਾਂ ਨੇ (ਆਈ.ਸੀ.ਪੀ.ਏ) ਅਤੇ (ਆਈ.ਪੀ.ਜੀ) ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਹਨਾਂ ਯੂਨੀਅਨਾਂ ਦੇ ਪੱਤਰ ਨੂੰ ਸਵੀਕਾਰ ਕਰਨ ਤੋਂ ਮਨਾਂ ਕਰ ਦਿੱਤਾ ਹੈ।

**ਪਾਇਲਟ ਨਵੇਂ ਨਿਯਮਾਂ ਤੇ ਸ਼ਰਤਾਂ ਦਾ ਵਿਰੋਧ ਕਿਉਂ ਕਰ ਰਹੇ ਹਨ ?**

ਇਸ ਨਵੇਂ ਇਕਰਾਰਨਾਮੇ ਵਿੱਚ 40 ਘੰਟਿਆਂ ਦੀ ਉਡਾਨ ਸਮੇਂ ਦੇ ਲਈ ਇੱਕ ਨਿਸ਼ਚਿਤ ਤਨਖਾਹ ਦੀ ਪੇਸ਼ਕਸ਼ ਕੀਤੀ ਗਈ ਹੈ। ਜਦਕਿ ਪਹਿਲਾਂ ਦੇ 70 ਘੰਟਿਆਂ ਦੀ ਉਡਾਨ ਦੇ ਸਮੇਂ ਦੀ ਕਟੌਤੀ ਹੈ, ਜਿਹਦੇ ਲਈ ਕਰੋਨਾ ਮਹਾਂਮਾਰੀ ਦੇ ਪਹਿਲਾਂ ਵੇਤਨ ਮਿਲਦਾ ਸੀ। ਨਵੀਂ ਸ਼ਰਤਾਂ ਤੋਂ ਏਅਰ ਇੰਡੀਆ, ਵਿਸਤਾਰਾ ਅਤੇ ਏਅਰ ਏਸ਼ੀਆ ਦੇ ਤਿੰਨ ਹਜ਼ਾਰ ਪਾਇਲਟ ਪ੍ਰਭਾਵਿਤ ਹੋਣ ਵਾਲੇ ਹਨ। ਪਾਇਲਟਾਂ ਦਾ ਕਹਿਣਾ ਹੈ ਕਿ ਜਦ ਵੀ ਕੋਈ ਪਾਇਲਟ ਛੁੱਟੀ ਤੇ ਹੋਵੇਗਾ ਜਾਂ ਸਿਖਲਾਈ ਜ਼ਰੂਰਤਾਂ ਅਤੇ ਲਾਇਸੈਂਸ ਦੇ ਨਵੀਨੀਕਰਨ ਦੇ ਕਾਰਨ ਡਿਊਟੀ 'ਤੇ ਆ ਸਕਦਾ ਤਾਂ ਇਹ ਸਭ ਲਈ ਉਹਦੇ ਤਨਖਾਹ ਵਿੱਚ ਕਟੌਤੀ ਕੀਤੀ ਜਾਵੇਗੀ। ਪਾਇਲਟਾਂ ਦੇ ਇਕਰਾਰਨਾਮੇ ਵਿੱਚ ਦਿੱਤੇ ਗਏ ਅਨੁਛੇਦ ਦਾ ਵੀ ਵਿਰੋਧ ਕੀਤਾ ਹੈ ਜਿਸਦੇ ਮੁਤਾਬਿਕ ਪਾਇਲਟਾਂ ਦਾ 'ਮਜ਼ਦੂਰ' ਦਾ ਦਰਜਾ ਖਤਮ ਕਰ ਦਿੱਤਾ ਜਾਵੇਗਾ।

ਦੂਜੇ ਸ਼ਬਦਾਂ ਵਿੱਚ, ਪਾਇਲਟਾਂ ਨੂੰ ਆਪਣੀ ਯੂਨੀਅਨਾਂ ਬਣਾਉਣ ਅਤੇ ਆਪਣੀਆਂ ਮੰਗਾਂ ਨੂੰ ਉਠਾਉਣ ਜਾਂ ਪ੍ਰਬੰਧਾਂ ਦੀਆਂ ਨੀਤੀਆਂ ਦਾ ਵਿਰੋਧ ਕਰਨ ਦੇ ਲਈ, ਵਿਰੋਧ ਪ੍ਰਦਰਸ਼ਨ ਜਾਂ ਹੜਤਾਲ ਵਿੱਚ ਸ਼ਾਮਲ ਹੋਣ ਤੋਂ ਰੋਕ ਦਿੱਤਾ ਜਾਵੇਗਾ। ਪਾਇਲਟ ਨਵੇਂ ਇਕਰਾਰਨਾਮੇ ਵਿੱਚ ਇਸ ਸ਼ਰਤ ਦਾ ਵਿਰੋਧ ਕਰ ਰਹੇ ਹਨ ਕਿ ਜ਼ਰੂਰਤ ਪੈਣ ਤੇ ਪਾਇਲਟਾਂ ਨੂੰ 'ਸਟੈਂਡ ਬਾਇ ਡਿਊਟੀ' ਦੇ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿਣਾ ਪਵੇਗਾ। ਵਿਮਾਨ ਕੰਪਨੀ ਦਾ ਪ੍ਰਬੰਧਨ ਹੁਣ ਪਾਇਲਟਾਂ ਨੂੰ ਇੱਕ ਨਿਸ਼ਚਿਤ ਰੋਸਟਰ ਨਹੀਂ ਦਵੇਗਾ ਜਿਸ ਬਿਨਾਂ ਉਹ ਆਪਣੇ ਰੋਜ਼ਮਰਾਂ ਦੀ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਨਹੀਂ ਜਿਉਂ ਸਕਦੇ। ਏਅਰ ਕੰਪਨੀ ਦੇ ਪ੍ਰਬੰਧਨ ਨੇ ਕਿਹਾ ਹੈ ਕਿ 'ਪਾਇਲਟਾਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ 'ਕਾਰੋਬਾਰ ਦੀ ਜ਼ਰੂਰਤ' ਦੇ ਲਈ ਹੁਣ ਸੱਤੇ ਦਿਨ 2400 ਘੰਟੇ ਬੁਲਾਵੇ ਤੇ ਰਹਿਣਗੇ, ਮਤਲਬ ਕਿ ਸਥਾਈ ਰੂਪ ਵਿੱਚ ਸਟੈਂਡ ਬਾਇ ਡਿਊਟੀ 'ਤੇ ਰਹਿਣਗੇ। ਉਹਨਾਂ ਨੂੰ ਲਗਦਾ ਹੈ ਕਿ ਇਸ ਤਰ੍ਹਾਂ ਦੀ ਨੀਤੀ ਤੋਂ ਉਹਨਾਂ ਦੇ ਸਮਾਜਿਕ ਅਤੇ ਪਰਿਵਾਰਕ ਜੀਵਨ 'ਤੇ ਪ੍ਰਭਾਵ ਪਵੇਗਾ। ਉਹਨਾਂ ਨੇ ਦੱਸਿਆ ਹੈ ਕਿ ਪਹਿਲਾਂ ਤੋਂ ਹੀ ਆਪਣੀ ਉਡਾਨ ਦੇ ਸਮੇਂ ਵਿੱਚ ਹਰ ਰੋਜ਼ ਅਤੇ ਹਰ ਘੰਟੇ ਪਰਿਵਰਤਨ ਦੇ ਕਾਰਣ ਅਤੇ ਨਾਲ ਦੀ ਨਾਲ ਤਤਕਾਲ ਜ਼ਰੂਰਤਾਂ ਪੈਣ 'ਤੇ ਵੀ ਛੁੱਟੀ ਦੇਣ ਤੋਂ ਇਨਕਾਰ ਦੇ ਕਾਰਣ ਬਹੁਤ ਤਣਾਅ ਵਿਚ ਹਨ। ਪਾਇਲਟਾਂ ਦਾ ਕਹਿਣਾ ਹੈ ਕਿ ਨਵਾਂ ਪ੍ਰਬੰਧਨ ਇਸ ਨੂੰ ਨਵਾਂ ਸਟੈਂਡਰਡ ਬਣਾਉਣਾ ਚਾਹੁੰਦਾ ਹੈ।

ਟਾਟਾ ਸਮੂਹ ਨੇ ਜਨਵਰੀ 2022 ਵਿੱਚ ਏਅਰ ਇੰਡੀਆ ਦੀ ਪ੍ਰਾਪਤੀ ਕੀਤੀ ਅਤੇ ਹਾਲੀ ਵਿੱਚ ਉਸਨੇ ਆਪਣੇ ਜਹਾਜ਼ ਅਤੇ ਨੈਟਵਰਕ ਦੇ ਲਈ ਵੱਡੇ ਪੈਮਾਨੇ 'ਤੇ ਵਿਸਥਾਰ ਕਰਨ ਦੀ ਘੋਸ਼ਣਾ ਕੀਤੀ ਹੈ।

ਉਹਨੇ ਦਾਅਵਾ ਕੀਤਾ ਹੈ ਕਿ ਉਹ ਘਾਟੇ ਵਿੱਚ ਚੱਲ ਰਹੀ ਕੰਪਨੀ ਨੂੰ ਮੁਨਾਫੇ ਵਿੱਚ ਬਦਲ ਦੇਵੇਗਾ।

ਉਹਨੇ ਕੈਪਟਨਾਂ ਅਤੇ ਟਰੇਨਰਾਂ ਸਹਿਤ 1000 ਤੋਂ ਵੱਧ ਪਾਇਲਟਾਂ ਨੂੰ ਨਿਯੁਕਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਏਅਰ ਕੰਪਨੀ ਕੋਲ ਮੌਜੂਦਾ ਸਮੇਂ ਵਿੱਚ 1800 ਤੋਂ ਵੱਧ ਪਾਇਲਟ ਹਨ। ਇਹਨੇ ਬੋਇੰਗ ਅਤੇ ਏਅਰ ਬੱਸ ਦੇ ਨਾਲ 470 ਜਹਾਜ਼ਾਂ ਦੀ ਖਰੀਦ ਦੇ ਆਰਡਰ ਦਿੱਤੇ ਹਨ। ਜਿਹਦੇ ਵਿੱਚ ਵੱਡੇ ਅਕਾਰ ਦੇ ਜਹਾਜ਼ ਵੀ ਸ਼ਾਮਲ ਹਨ। ਜ਼ਾਹਿਰ ਹੈ ਕਿ ਪਾਇਲਟਾਂ ਅਤੇ ਹੋਰ ਮੁਲਾਜ਼ਮਾਂ ਦੇ ਸੋਸ਼ਣ ਨੂੰ ਕਾਫੀ ਹੱਦ ਤੱਕ ਵਧਾਕੇ ਟਾਟਾ ਸਮੂਹ ਦੇ ਮੁਨਾਫੇ ਨੂੰ ਵਧਾਇਆ ਜਾਵੇਗਾ।










**ਬਲਜਿੰਦਰ ਸਿੰਘ ਪਟਿਆਲਾ**

*ਜਨਮ ਦਿਨ 'ਤੇ*

# ਸ਼ਹੀਦ ਸੁਖਦੇਵ ਨੂੰ ਯਾਦ ਕਰਦਿਆਂ





ਸ਼ਹੀਦ ਸੁਖਦੇਵ ਦੇ ਜਨਮ ਸਥਾਨ ਨੌਘਰਾ ਮੁਹੱਲਾ ਵਿਖੇ ਵੱਖ-ਵੱਖ ਇਨਕਲਾਬੀ ਜੱਥੇਬੰਦੀਆਂ ਵੱਲੋਂ ਸਾਂਝੇ ਰੂਪ ਵਿੱਚ ਸ਼ਹੀਦ ਸੁਖਦੇਵ ਦਾ ਜਨਮ ਦਿਨ ਮਨਾਇਆ ਗਿਆ। ਘੰਟਾ ਘਰ ਚੌਂਕ ਨੇੜੇ ਨਗਰ ਨਿਗਮ ਦਫਤਰ ਤੋਂ ਲੈ ਕੇ ਨੌਘਰੇ ਮੁਹੱਲੇ ਤੱਕ ਪੈਦਲ ਮਾਰਚ ਕੀਤਾ ਗਿਆ। ਸ਼ਹੀਦ ਸੁਖਦੇਵ ਦੀ ਯਾਦਗਾਰ 'ਤੇ ਇਨਕਲਾਬੀ ਆਗੂਆਂ ਤੇ ਹੋਰ ਲੋਕਾਂ ਨੇ ਫੁੱਲ ਭੇਂਟ ਕੀਤੇ। ਜੱਥੇਬੰਦੀਆਂ ਨੇ ਸ਼ਹੀਦ ਸੁਖਦੇਵ ਦੇ ਸੁਪਨਿਆਂ ਦੇ ਲੋਕ ਪੱਖੀ ਸਮਾਜਕ ਪ੍ਰਬੰਧ ਦੀ ਉਸਾਰੀ ਲਈ ਮੌਜੂਦਾ ਲੋਟੂ ਪ੍ਰਬੰਧ, ਲੋਕਾਂ ਦੀ ਦੇਸ਼ੀ-ਵਿਦੇਸ਼ੀ ਲੁੱਟ ਖਿਲਾਫ ਮਜਦੂਰਾਂ ਤੇ ਕਿਸਾਨਾਂ ਸਮੇਤ ਨਿੱਕੇ ਕੰਮ ਧੰਦਿਆਂ ਵਾਲ਼ੇ ਸਭਨਾਂ ਕਿਰਤੀਆਂ ਦੀ ਲੋਕ ਲਹਿਰ ਅੱਗੇ ਵਧਾਉਣ ਦਾ ਸੱਦਾ ਦਿੱਤਾ। ਇਸ ਮੌਕੇ ਅਦਾਰਾ 'ਲਲਕਾਰ' ਵੱਲੋਂ ਸੁਖਦੇਵ ਭੂੰਦੜੀ, ਮੁਕਤੀ ਸੰਗਰਾਮ ਮਜ਼ਦੂਰ ਮੰਚ ਵੱਲੋਂ ਲਖਵਿੰਦਰ, ਲੋਕ ਮੋਰਚਾ ਪੰਜਾਬ ਦੇ ਆਗੂ ਡਾ. ਸੁਰਜੀਤ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਸੁਰਿੰਦਰ ਨੇ ਵਿਚਾਰ ਸਾਂਝੇ ਕੀਤੇ। ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਅਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਣ ਅਤੇ ਤਰਕਸ਼ੀਲ ਸੋਸਾਇਟੀ ਵੱਲੋਂ ਜਸਵੰਤ ਜੀਰਖ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਨਕਲਾਬੀ ਸੱਭਿਆਚਾਰਕ ਮੰਚ 'ਦਸਤਕ' ਅਤੇ ਇਨਕਲਾਬੀ ਮਜ਼ਦੂਰ ਕੇਂਦਰ ਦੇ ਸਾਥੀਆਂ ਵੱਲੋਂ ਇਨਕਲਾਬੀ-ਅਗਾਂਹਵਧੂ ਗੀਤ ਪੇਸ਼ ਕੀਤੇ ਗਏ।


ਆਗੂਆਂ ਨੇ ਕਿਹਾ ਕਿ ਸ਼ਹੀਦ ਸੁਖਦੇਵ ਨੇ ਲਿਖਿਆ ਸੀ ਕਿ - "ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਪਾਰਟੀ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਇਨਕਲਾਬੀਆਂ ਦਾ ਉਦੇਸ਼ ਇਸ ਦੇਸ਼ ਵਿੱਚ ਸਮਾਜਵਾਦੀ ਜਮਹੂਰੀ ਪ੍ਰਣਾਲ਼ੀ ਸਥਾਪਿਤ ਕਰਨਾ ਹੈ।" ਪਰ ਉਹਨਾਂ ਦਾ ਮਕਸਦ ਪੂਰਾ ਨਹੀਂ ਹੋਇਆ ਹੈ। ਇਸ ਲਈ ਸ਼ਹੀਦ ਸੁਖਦੇਵ ਨੂੰ ਯਾਦ ਕਰਨਾ, ਉਸ ਨੂੰ ਸ਼ਰਧਾਂਜਲੀ ਦੇ ਫੁੱਲ ਚੜ੍ਹਾਉਣ ਦਾ ਅਰਥ ਕੋਈ ਰਸਮ ਪੂਰਤੀ ਜਾਂ ਕਰਮਕਾਂਡ ਨਹੀਂ ਹੈ। ਉਹਨਾਂ ਲੋਕਾਂ ਨੂੰ ਸ਼ਹੀਦ ਸੁਖਦੇਵ ਦੇ ਜਨਮ ਦਿਨ 'ਤੇ ਇਨਕਲਾਬੀ ਸ਼ਹੀਦਾਂ ਦੀ ਸੋਚ ਅਪਣਾਉਣ ਅਤੇ ਫਲਾਉਣ ਦਾ ਪ੍ਰਣ ਕਰਨ, ਉਹਨਾਂ ਦੇ ਸੁਪਨਿਆਂ ਦੇ ਸਮਾਜ ਦੀ ਉਸਾਰੀ ਦੀ ਜ਼ੋਰਦਾਰ ਤਿਆਰੀ ਵਿੱਚ ਲੱਗ ਜਾਣ ਦਾ ਸੱਦਾ ਦਿੱਤਾ।

ਬੁਲਾਰਿਆਂ ਨੇ ਕਿਹਾ ਕਿ ਇਨਕਲਾਬੀ ਸ਼ਹੀਦਾਂ ਦੀਆਂ ਕੁਰਬਾਨੀਆਂ ਮਨੁੱਖਤਾ ਦੀ ਲੁੱਟ, ਜ਼ਬਰ, ਅਨਿਆਂ ਤੋਂ ਮੁਕਤੀ ਚਾਹੁਣ ਵਾਲ਼ੇ ਅਤੇ ਇਸ ਮਕਸਦ ਖਾਤਰ ਜੂਝਣ ਵਾਲ਼ੇ ਲੋਕਾਂ ਨੂੰ ਹਮੇਸ਼ਾਂ ਹੀ ਅਥਾਹ ਪ੍ਰੇਰਣਾ ਦਿੰਦੀਆਂ ਰਹੀਆਂ ਹਨ। ਆਗੂਆਂ ਨੇ ਸ਼ਹੀਦ ਸੁਖਦੇਵ ਨੂੰ ਧਰਮ, ਜਾਤ, ਬਿਰਾਦਰੀ, ਖੇਤਰ ਆਦਿ ਨਾਲ਼ ਜੋੜ ਕੇ ਉਹਨਾਂ ਦੀ ਕੁਰਬਾਨੀ ਦੇ ਮਹੱਤਵ ਨੂੰ ਘਟਾਉਣ ਅਤੇ ਉਹਨਾਂ ਦੀ ਇਨਕਲਾਬੀ ਸੋਚ 'ਤੇ ਪਰਦਾ ਪਾਉਣ ਦੀਆਂ ਜਾਣੇ-ਅਣਜਾਣੇ ਵਿੱਚ ਕੋਸ਼ਿਸ਼ਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਅਤੇ ਅੱਜ ਵੀ ਹੋ ਰਹੀਆਂ ਹਨ। ਪਰ ਉਹਨਾਂ ਦੀ ਲੜਾਈ ਤਾਂ ਸਮੁੱਚੀ ਮਨੁੱਖਤਾ ਨੂੰ ਹਰ ਤਰਾਂ ਦੀ ਆਰਥਿਕ, ਸਿਆਸੀ, ਸਮਾਜਿਕ ਗੁਲਾਮੀ, ਲੁੱਟ, ਦਾਬੇ, ਜ਼ਬਰ ਤੋਂ ਮੁਕਤ ਕਰਾਉਣ ਦੀ ਸੀ। ਇਸ ਲਈ ਜਾਣੇ-ਅਣਜਾਣੇ ਵਿੱਚ ਕੀਤੀਆਂ ਜਾ ਰਹੀਆਂ ਅਜਿਹੀਆਂ ਕੋਸ਼ਿਸ਼ਾਂ ਦਾ ਡਟਵਾਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।













# ਹੱਕ-ਸੱਚ ਬਾਰੇ ਬੋਲਣ ਦੀ ਰਵਾਇਤ-ਨੀਰਾ ਚੰਡੋਕ

**ਕਰਮਜੀਤ ਸਿੰਘ**

ਸੰਨ 1993 ਵਿਚ ਬੀਬੀਸੀ ਰੀਥ ਲੈਕਚਰ ਦਿੰਦਿਆਂ ਉੱਘੇ ਵਿਦਵਾਨ ਐਡਵਰਡ ਸਈਦ ਨੇ ਪੁੱਛਿਆ ਸੀ: "ਅਸੀਂ ਸਿਰਜਣਾ ਦਾ ਨਿਤਾਣਿਆਂ ਪ੍ਰਤੀ ਪ੍ਰਤੀਬੱਧਤਾ ਨਾਲ ਸਮਤੋਲ ਕਿਵੇਂ ਬਿਠਾਉਂਦੇ ਹਾਂ?" ਨਾਲ ਹੀ ਉਨ੍ਹਾਂ ਆਖਿਆ: "ਅਸਲ ਬੁੱਧੀਜੀਵੀ ਆਪਣੇ ਪੂਰੇ ਰੰਗ ਵਿਚ ਉਦੋਂ ਨਜ਼ਰ ਆਉਂਦਾ ਹੈ ਜਦੋਂ ਉਹ ਨਿਆਂ ਤੇ ਸੱਚਾਈ ਦੇ ਅਧਿਆਤਮਿਕ ਜਜ਼ਬੇ ਅਤੇ ਸਿਧਾਂਤਾਂ ਤੋਂ ਪ੍ਰੇਰਿਤ ਹੋ ਕੇ ਭ੍ਰਿਸ਼ਟਾਚਾਰ ਦੀ ਨਿੰਦਿਆ ਕਰਦੇ ਹਨ, ਨਿਤਾਣਿਆਂ ਦੀ ਰਾਖੀ ਕਰਦੇ ਹਨ, ਨਕਾਰੇ ਤੇ ਦਮਨਕਾਰੀ ਪ੍ਰਬੰਧ ਦੀ ਨਾਫ਼ਰਮਾਨੀ ਕਰਦੇ ਹਨ।"

ਜਨਤਕ ਦਾਨਿਸ਼ਵਰੀ ਦਾ ਸਿਧਾਂਤ 1894 ਵਿਚ ਫਰਾਂਸ ਵਿਚ ਉਪਜਿਆ ਸੀ। ਇਕ ਫ਼ੌਜੀ ਕਪਤਾਨ ਅਲਫਰੈਡ ਡ ?ਰੇਫੁਸ 'ਤੇ ਦੇਸ਼ ਧ੍ਰੋਹ ਦਾ ਦੋਸ਼ ਆਇਦ ਕੀਤਾ ਗਿਆ। ਇਹ ਕਿਹਾ ਗਿਆ ਕਿ ਉਸ ਨੇ ਫ਼ੌਜੀ ਰਾਜ਼ ਜਰਮਨਾਂ ਨੂੰ ਵੇਚੇ ਸਨ। ਨਸਲਪ੍ਰਸਤ ਅਦਾਰਿਆਂ ਜਿਵੇਂ ਕਿ ਐਡੂਆਰਡ ਡਾਰੂਮੌਂਟ ਵੱਲੋਂ ਸੰਪਾਦਿਤ ਅਖ਼ਬਾਰ 'ਲਾ ਲਿਬਰੇ ਪੈਰੋਲ' ਨੇ ਫਰਾਂਸੀਸੀ ਯਹੂਦੀਆਂ ਦੀ ਵਫ਼ਾਦਾਰੀ 'ਤੇ ਬਹੁਤ ਸਵਾਲੀਆ ਨਿਸ਼ਾਨ ਲਾਏ। ਕੁਝ ਲੋਕਾਂ ਨੇ ਡਰੇਫੁਸ ਦੇ ਹੱਕ ਵਿਚ ਹਾਅ ਦਾ ਨਾਅਰਾ ਵੀ ਮਾਰਿਆ। ਉਸ ਖਿਲਾਫ਼ ਸਬੂਤ ਪੁਖ਼ਤਾ ਨਹੀਂ ਸਨ ਅਤੇ ਇਕ ਹੋਰ ਫ਼ੌਜੀ ਅਫ਼ਸਰ ਫਰਡੀਨੈਂਡ ਵਾਲਸਿਨ ਐਸਟ੍ਰਹੇਜ਼ੀ 'ਤੇ ਵੀ ਦੇਸ਼ ਧ੍ਰੋਹ ਦਾ ਦੋਸ਼ ਲੱਗਿਆ ਪਰ ਉਸ ਨੂੰ ਕੋਰਟ ਮਾਰਸ਼ਲ ਦੌਰਾਨ ਬਰੀ ਕਰ ਦਿੱਤਾ ਗਿਆ। ਇਸ ਮਾਮਲੇ ਵਿਚ ਨਾਇਨਸਾਫ਼ੀ ਅਤੇ ਨਸਲਪ੍ਰਸਤੀ ਇੰਨੇ ਬੱਜਰ ਰੂਪ ਵਿਚ ਸਾਹਮਣੇ ਆਈ ਕਿ ਬੁੱਧੀਮਾਨ ਤਬਕੇ ਦਾ ਆਪਣੇ ਖੋਲਾਂ ਵਿਚ ਦੁਬਕੇ ਰਹਿਣਾ ਮੁਸ਼ਕਲ ਹੋ ਗਿਆ। ਉੱਘੇ ਨਾਵਲਕਾਰ ਐਮਾਈਲ ਜ਼ੋਲਾ ਨੇ ਕਲੀਮੈਂਸਿਊ ਦੇ ਅਖ਼ਬਾਰ 'ਲੋ ਰੋਰ' ਨੂੰ ਇਕ ਖੁੱਲ੍ਹੀ ਚਿੱਠੀ (ਲੇਖ 'ਮੈਂ ਦੋਸ਼ ਲਗਾਉਂਦਾ ਹਾਂ') ਲਿਖੀ ਜਿਸ ਵਿਚ ਉਸ ਨੇ ਕੈਪਟਨ ਡਰੇਫੁਸ ਨੂੰ ਗ਼ਲਤ ਤਰੀਕੇ ਨਾਲ ਦੋਸ਼ੀ ਕਰਾਰ ਦੇਣ ਬਦਲੇ ਫ਼ੌਜ ਦੀ ਤਿੱਖੀ ਨੁਕਤਾਚੀਨੀ ਕੀਤੀ। ਇਸ 'ਤੇ ਸੱਜੇ ਪੱਖੀਆਂ ਨੇ ਬਹੁਤ ਹੋ-ਹੱਲਾ ਕੀਤਾ ਅਤੇ ਉਨ੍ਹਾਂ ਜ਼ੋਲਾ ਦੇ ਹਮਾਇਤੀਆਂ 'ਤੇ ਫ਼ੌਜ ਨੂੰ ਬਦਨਾਮ ਕਰਨ ਅਤੇ ਦੇਸ਼ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ। ਉਦਾਰਵਾਦੀ ਖੱਬੇ ਬੁੱਧੀਮਾਨਾਂ ਨੇ ਕੌਮੀ ਸੁਰੱਖਿਆ ਦੇ ਓਹਲੇ ਹੇਠ ਵਿਅਕਤੀਗਤ ਆਜ਼ਾਦੀ ਨੂੰ ਕੁਚਲਣ ਦੇ ਬਿਰਤਾਂਤ ਖਿਲਾਫ਼ ਆਵਾਜ਼ ਬੁਲੰਦ ਕੀਤੀ। ਸੱਜੇ ਪੱਖੀ ਬੁੱਧੀਮਾਨ ਸ਼ਬਦ ਪ੍ਰਤੀ ਤਿਰਸਕਾਰ ਜਤਾਉਣ ਲੱਗ ਪਏ ਤੇ ਇਹ ਕਹਿਣ ਲੱਗੇ ਕਿ ਬੁੱਧੀਜੀਵੀ ਤਬਕਾ ਦੇਸ਼ ਧ੍ਰੋਹੀ ਹੈ। ਅਜੋਕੇ ਭਾਰਤ ਵਿਚ ਇਹੀ ਕੁਝ ਚੱਲ ਰਿਹਾ ਹੈ।

ਉਂਝ, ਬੁੱਧੀਜੀਵੀ ਹਮੇਸ਼ਾ ਹੀ ਅਜਿਹੇ ਹਮਲਿਆਂ ਤੋਂ ਬੇਪਰਵਾਹ ਹੋ ਕੇ ਆਪਣੇ ਕਾਰਜ ਵਿਚ ਜੁਟੇ ਰਹਿੰਦੇ ਹਨ ਭਾਵ ਨਾਇਨਸਾਫ਼ੀ ਖਿਲਾਫ਼ ਜੂਝਣਾ, ਨਿਰੰਕੁਸ਼ ਸ਼ਕਤੀ, ਵਿਅਕਤੀਗਤ ਆਜ਼ਾਦੀ ਅਤੇ ਧਾਰਮਿਕ ਟਕਰਾਅ ਦੇ ਮਸਲਿਆਂ ਨਾਲ ਸਿੱਝਦੇ ਰਹਿਣਾ। ਜਦੋਂ 1980 ਵਿਚ ਉੱਘੇ ਦਾਰਸ਼ਨਿਕ ਅਤੇ ਲੇਖਕ ਯਾਂ ਪਾੱਲ ਸਾਰਤਰ ਦਾ ਦੇਹਾਂਤ ਹੋਇਆ ਤਾਂ ਤਕਰੀਬਨ ਪੰਜਾਹ ਹਜ਼ਾਰ ਲੋਕਾਂ ਨੇ ਉਨ੍ਹਾਂ ਦੇ ਜਨਾਜ਼ੇ ਵਿਚ ਸ਼ਿਰਕਤ ਕੀਤੀ ਸੀ। ਸਾਰਤਰ ਦਲੀਲ ਦਿੰਦਾ ਸੀ ਕਿ ਬੁੱਧੀਜੀਵੀ ਨੂੰ ਵਿਵਾਦਾਂ ਤੋਂ ਪਾਸਾ ਵੱਟ ਕੇ ਲੰਘਣ ਦਾ ਹੱਕ ਨਹੀਂ ਦਿੱਤਾ ਜਾ ਸਕਦਾ। ਅਸਲ ਵਿਚ ਉਸ ਕੋਲ ਨਿਰਲੇਪ ਹੋਣ ਦਾ ਕੋਈ ਵਿਸ਼ੇਸ਼ਾਧਿਕਾਰ ਨਹੀਂ ਹੁੰਦਾ। ਆਤਮ ਚੀਨਣ ਦਾ ਰਾਹ ਤਿਆਗ ਕੇ ਜਨਤਕ ਬੁੱਧੀਜੀਵੀ ਨੂੰ ਸਮੇਂ ਦੀ ਨਬਜ਼ ਫੜ ਕੇ ਸਮਾਜਿਕ ਤਬਦੀਲੀ ਦਾ ਰਾਹ ਚੁਣਨਾ ਪੈਂਦਾ ਹੈ। ਉਸ ਦੇ ਮਨ ਮਸਤਕ ਵਿਚ ਸਮਾਜਿਕ ਤੇ ਸਿਆਸੀ ਮੁੱਦਿਆਂ ਤੇ ਸੰਘਰਸ਼ਾਂ ਤੋਂ ਇਲਾਵਾ ਆਪਣੀ ਜ਼ਾਤੀ ਜ਼ਿੰਦਗੀ ਦੇ ਸਵਾਲਾਂ ਲਈ ਕੋਈ ਥਾਂ ਨਹੀਂ ਬਚਦੀ।

**ਸਭਿਆਚਾਰ ਦੀ ਰਾਖੀ ਲਈ ਕੌਮਾਂਤਰੀ ਲੇਖਕ ਸੰਘ** : ਫਰਾਂਸੀਸੀ ਬੁੱਧੀਜੀਵੀਆਂ ਨੇ 1935 ਦੇ ਸ਼ੁਰੂ 'ਚ ਪੈਰਿਸ ਵਿਚ



'ਇੰਟਰਨੈਸ਼ਨਲ ਰਾਈਟਰਜ਼ ਐਸੋਸੀਏਸ਼ਨ ਫਾਰ ਦਿ ਡਿਫੈਂਸ ਆਫ ਕਲਚਰ' ਦਾ ਗਠਨ ਕੀਤਾ ਸੀ। ਇਸ ਕਾਨਫਰੰਸ ਵਿਚ ਫਾਸ਼ੀਵਾਦ ਦੇ ਉਭਾਰ ਜੋ ਦੁਨੀਆ ਭਰ ਵਿਚ ਜ਼ਾਲਮਾਨਾ ਹਕੂਮਤਾਂ ਦਾ ਪ੍ਰਤੀਕ ਬਣ ਚੁੱਕਿਆ ਸੀ, ਖਿਲਾਫ਼ ਬੇਮਿਸਾਲ ਲਾਮਬੰਦੀ ਦੇਖਣ ਨੂੰ ਮਿਲੀ ਸੀ। ਜੂਨ ਮਹੀਨੇ ਪੈਲੇਸ ਡੀ ਮਿਊਚਲਾਈਟ ਵਿਖੇ ਕਰਵਾਈ ਗਈ ਇਸ ਕਾਨਫਰੰਸ ਵਿਚ ਸੈਂਕੜੇ ਲੇਖਕਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਆੱਲਡਸ ਹੱਕਸਲੀ, ਈਐਮ ਫੌਰੈਸਟਰ, ਬੋਰਿਸ ਪੈਸਤ੍ਰਨਾਕ, ਬਰਤੋਲਤ ਬ੍ਰੈਖ਼ਤ ਤੋਂ ਇਲਾਵਾ ਹਿੰਦੋਸਤਾਨ ਵਿਚ ਉਰਦੂ ਲੇਖਨ ਤੇ ਸ਼ਾਇਰੀ ਦੇ ਵੱਡੇ ਹਸਤਾਖਰ ਸੱਜਾਦ ਜ਼ਹੀਰ ਅਤੇ ਮੁਲਖ਼ ਰਾਜ ਆਨੰਦ ਵੀ ਸ਼ਾਮਲ ਸਨ। ਕਾਨਫਰੰਸ ਦੌਰਾਨ ਉੱਠੇ ਵਿਵਾਦ ਪੈਰਿਸ ਦੀਆਂ ਗਲੀਆਂ ਤੱਕ ਜਾ ਪੁੱਜੇ।

ਸੋਵੀਅਤ ਇਤਿਹਾਸਕਾਰ, ਪੱਤਰਕਾਰ ਤੇ ਲੇਖਕ ਇਲਯਾ ਅਹਿਰਨਬਰਗ ਨੇ ਆਖਿਆ ਕਿ ਕਲਾ ਦੀ ਜੋ ਕੋਈ ਵੀ ਵੰਨਗੀ ਸ਼ੋਸ਼ਣਕਾਰੀ ਖਿਲਾਫ਼ ਹਥਿਆਰ ਦਾ ਰੂਪ ਨਹੀਂ ਧਾਰਦੀ ਤਾਂ ਉਹ ਨਿਰ੍ਹੀ ਫਜ਼ੂਲ ਹੈ। ਫਰਾਂਸੀਸੀ ਕਲਪਨਾਵਾਦੀ ਲੇਖਕ ਤੇ ਕਵੀ ਆਂਦਰੇ ਬ੍ਰੈਤਨ ਨੇ ਉਸ ਦੀ ਜਨਤਕ ਤੌਰ 'ਤੇ ਨਿਖੇਧੀ ਕੀਤੀ। ਅੰਤ ਨੂੰ ਕਾਨਫਰੰਸ ਵਿਚ ਫਾਸ਼ੀਵਾਦ ਵਿਰੋਧੀਆਂ ਦੀ ਇਕਜੁੱਟਤਾ ਨਾ ਹੋ ਸਕੀ। ਕਾਨਫਰੰਸ ਵਿਚ ਸ਼ਾਮਲ ਸਾਰੇ ਲੋਕ ਭਾਵੇਂ ਫਾਸ਼ੀਵਾਦ ਨੂੰ ਨਫ਼ਰਤ ਕਰਦੇ ਸਨ ਪਰ ਉਨ੍ਹਾਂ ਸੋਵੀਅਤ ਸੰਘ ਦੇ ਮਕੈਨਕੀ ਕਲਚਰ ਦੇ ਮਾਡਲ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਕੀਤਾ। ਬਾਅਦ ਵਿਚ ਇਕ ਲੇਖਕ ਰੈਨੇ ਕ੍ਰੇਵਲ ਨੇ ਕਲਪਨਾਵਾਦੀਆਂ ਅਤੇ ਕਮਿਊਨਿਸਟਾਂ ਵਿਚਕਾਰ ਸਾਲਸੀ ਦੇ ਯਤਨ ਕੀਤੇ ਪਰ ਜਦੋਂ ਗੱਲ ਸਿਰੇ ਨਾ ਲੱਗ ਸਕੀ ਤਾਂ ਹਤਾਸ਼ ਹੋ ਕੇ ਕ੍ਰੇਵਲ ਨੇ ਆਪਣੇ ਕਮਰੇ ਵਿਚ ਜਾ ਕੇ ਗੈਸ ਛੱਡ ਕੇ ਖ਼ੁਦਕੁਸ਼ੀ ਕਰ ਲਈ। ਉਸ ਦੇ ਕੋਟ ਦੀ ਜੇਬ੍ਹ 'ਚੋਂ ਮਿਲੇ ਖ਼ੁਦਕੁਸ਼ੀ ਨੋਟ ਦਾ ਉਨਵਾਨ ਸੀ 'ਘਿਣ' (ਡਿਸਗਸਟ)।

ਉਸੇ ਸਮੇਂ ਹਿੰਦੋਸਤਾਨ ਵਿਚ ਲੇਖਕਾਂ ਅਤੇ ਕਵੀਆਂ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਲੈ ਕੇ ਬਹਿਸ ਮੁਬਾਹਿਸੇ ਚੱਲ ਰਹੇ ਸਨ। ਇਹ ਧਾਰਨਾ ਜ਼ੋਰ ਫੜ ਰਹੀ ਸੀ ਕਿ ਕਵੀਆਂ ਤੇ ਲੇਖਕਾਂ ਨੂੰ ਆਪਣੀ ਰਚਨਾ ਨੂੰ ਆਪਣੇ ਨਿੱਜੀ ਦੁੱਖ ਸੁੱਖ, ਖ਼ੁਆਹਿਸ਼ਾਂ ਤੇ ਮਾਯੂਸੀਆਂ ਤੋਂ ਪਾਰ ਲਿਜਾ ਕੇ ਹੋਰਨਾਂ ਲੋਕਾਂ ਨਾਲ ਜੁੜਨਾ ਚਾਹੀਦਾ ਹੈ ਜਿਸ ਸਦਕਾ ਹੀ 1936 ਵਿਚ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪੀਡਬਲਯੂਏ) ਹੋਂਦ ਵਿਚ ਆਈ। ਇਸ ਨੇ 1930ਵਿਆਂ ਵਿਚ ਜਨਤਕ ਬਿਰਤਾਂਤ ਨੂੰ ਮਜ਼ਹਬੀ ਰਾਸ਼ਟਰਵਾਦ ਦੀ ਹੋੜ ਤੋਂ ਹਟਾ ਕੇ ਗ਼ਰੀਬੀ, ਵਿਤਕਰੇ, ਜਮਾਤ ਅਤੇ ਸੰਕਟਗ੍ਰਸਤ ਸਮਾਜ ਅੰਦਰ ਕਵੀ ਦੀ ਜ਼ਿੰਮੇਵਾਰੀ ਵੱਲ ਤਬਦੀਲ ਕੀਤਾ। ਭਾਵੇਂ ਇਸ ਦੇ ਮੈਂਬਰਾਂ ਨੇ ਉਦੋਂ ਮੁਸੋਲਿਨੀ ਵੱਲੋਂ ਕੈਦ ਕੀਤੇ ਗਏ ਇਤਾਲਵੀ ਕਮਿਊਨਿਸਟ ਅੰਤੋਨੀਓ ਗ੍ਰਾਮਸ਼ੀ ਦੀਆਂ ਲਿਖਤਾਂ ਨਹੀਂ ਪੜ੍ਹੀਆਂ ਸਨ ਜਿਸ ਦੀ ਜੇਲ੍ਹ ਨੋਟਬੁੱਕ 1970 ਵਿਚ ਜਾ ਕੇ ਪ੍ਰਕਾਸ਼ਿਤ ਹੋਈ ਸੀ ਪਰ ਉਨ੍ਹਾਂ ਦਾ ਉਸ ਦੀਆਂ ਲਿਖਤਾਂ 'ਚ ਯਕੀਨ ਸੀ। ਬੁੱਧੀਜੀਵੀ ਨੂੰ ਸਮਾਜਿਕ, ਆਰਥਿਕ ਅਤੇ ਸਿਆਸੀ ਤਬਦੀਲੀ ਲਈ ਮਾਹੌਲ ਤਿਆਰ ਕਰਨਾ ਪੈਂਦਾ ਹੈ। ਅਗਾਂਹਵਧੂਆਂ ਨੂੰ ਸਿਆਸੀ ਜੀਵਨ ਵਿਚ ਦਖ਼ਲ ਦੇਣ ਦੀ ਲੋੜ ਪੈਂਦੀ ਹੈ।


**ਪ੍ਰਗਤੀਸ਼ੀਲ ਲੇਖਕ ਸੰਘ ਅਤੇ ਇਪਟਾ:** ਪੀਡਬਲਯੂ ਅਤੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੇ ਮੈਂਬਰ ਕੇ ਏ ਅੱਬਾਸ ਆਪਣੀ ਸਵੈ-ਜੀਵਨੀ 'ਆਈ ਐਮ ਨਾੱਟ ਐਨ ਆਈਲੈਂਡ' ਵਿਚ 1946 ਦੇ ਬੰਬਈ ਸ਼ਹਿਰ ਬਾਬਤ ਲਿਖਦੇ ਹਨ। ਬੰਬਈ ਸ਼ਹਿਰ ਹਿੰਦੂਆਂ ਤੇ ਮੁਸਲਮਾਨਾਂ ਦੀ ਆਬਾਦੀ ਵਿਚ ਵੰਡਿਆ ਹੋਇਆ ਸੀ। ਉਦੋਂ ਪੀਡਬਲਯੂਏ ਅਤੇ ਇਪਟਾ ਨੇ ਇਕ ਅਮਨ ਮਾਰਚ ਕੱਢਿਆ ਜਿਸ ਵਿਚ ਪ੍ਰਿਥਵੀ ਥੀਏਟਰ ਸਮੇਤ 52 ਸਭਿਆਚਾਰਕ ਸੰਗਠਨਾਂ ਨੇ ਸ਼ਿਰਕਤ ਕੀਤੀ। ਕਪੂਰ (ਪ੍ਰਿਥਵੀਰਾਜ, ਰਾਜ ਅਤੇ ਸ਼ਮੀ), ਦੇਵ ਆਨੰਦ, ਬਲਰਾਜ ਸਾਹਨੀ, ਤਰੱਕੀਪਸੰਦ ਉਰਦੂ ਲੇਖਕ ਤੇ ਸ਼ਾਇਰ ਸੱਜਾਦ ਜ਼ਹੀਰ, ਮਜਰੂਹ ਸੁਲਤਾਨਪੁਰੀ, ਅਲੀ ਸਰਦਾਰ ਜਾਫ਼ਰੀ, ਕੈਫ਼ੀ ਆਜ਼ਮੀ, ਸਾਹਿਰ ਲੁਧਿਆਣਵੀ ਅਤੇ ਮਰਾਠੀ ਤੇ ਗੁਜਰਾਤੀ ਲੇਖਕ ਇਕ ਦੂਜੇ ਦਾ ਹੱਥ ਫੜ ਕੇ ਬੋਰੀ ਬੰਦਰ ਤੋਂ ਲੈ ਕੇ ਬਾਂਦਰਾ ਤੱਕ ਮਾਰਚ ਕਰਦੇ ਹੋਏ ਪੁੱਜੇ। ਇਸ ਦੌਰਾਨ ਉਹ ਆਪਸੀ ਪਿਆਰ, ਸਦਭਾਵਨਾ ਅਤੇ ਅਮਨ ਦੇ ਗੀਤ ਗਾ ਰਹੇ ਸਨ ਅਤੇ ਸ਼ਹਿਰ ਦੇ ਪਿੰਡੇ 'ਤੇ ਲੱਗੇ ਫ਼ਿਰਕਾਪ੍ਰਸਤੀ ਦੇ ਜ਼ਖ਼ਮਾਂ 'ਤੇ ਫੇਹੇ ਰੱਖ ਰਹੇ ਸਨ। ਅੱਜਕੱਲ੍ਹ ਸਾਡੇ ਫਿਲਮੀ ਅਦਾਕਾਰ ਸੱਤਾਧਾਰੀਆਂ ਦੇ ਸੋਹਲੇ ਗਾਉਣ ਵਿਚ ਮਸਰੂਫ਼ ਰਹਿੰਦੇ ਹਨ। ਲੇਖਕਾਂ ਨੂੰ ਜੇਲ੍ਹ ਜਾਣ ਦਾ ਡਰ ਹੈ, ਇਨਕਲਾਬੀ ਰੰਗਮੰਚ ਸੱਖਣਾ ਹੋ ਗਿਆ ਹੈ, ਕਵੀ ਲਿਖਦੇ ਤਾਂ ਹਨ ਪਰ ਇਕੱਲਤਾ ਵਿਚ, ਵਿਦਵਾਨਾਂ ਨੂੰ ਵਾਈਸ ਚਾਂਸਲਰਾਂ ਦੇ ਗੁੱਸੇ ਦਾ ਧੁੜਕੂ ਲੱਗਾ ਰਹਿੰਦਾ ਹੈ। ਸਾਡੇ ਜਨਤਕ ਖੇਤਰ ਵਿਚ ਸੰਨਾਟਾ ਛਾਇਆ ਹੋਇਆ ਹੈ ਅਤੇ ਜਨਤਕ ਬੁੱਧੀਜੀਵੀਆਂ ਭਾਵੇਂ ਉਹ ਕਿੰਨੇ ਮਰਜ਼ੀ ਅਧਿਆਤਮਕ ਹੋਣ, ਨੂੰ ਬੇੜੀਆਂ ਵਿਚ ਜਕੜਿਆ ਜਾ ਰਿਹਾ ਹੈ।

ਅਸੀਂ ਕਾਮਨਾ ਕਰਦੇ ਹਾਂ ਕਿ ਉਹ ਦੌਰ ਫਿਰ ਆਵੇਗਾ ਜਦੋਂ ਅਸੀਂ ਆਪਣੀਆਂ ਊਰਜਾਵਾਂ ਨੂੰ ਇਕਮੁੱਠ ਕਰ ਕੇ ਫਾਸ਼ੀਵਾਦ ਵਿਰੋਧੀ ਮੁਹਾਜ਼ ਸਿਰਜ ਸਕਾਂਗੇ। ਉਹ ਮੁਹਾਜ਼ ਸਾਨੂੰ ਚੇਤੇ ਕਰਾਉਣਗੇ ਕਿ ਜਨਤਕ ਬੁੱਧੀਜੀਵੀਆਂ ਤੋਂ ਸੱਖਣੇ ਸਮਾਜ ਹੌਲੀ ਹੌਲੀ ਹੀ ਸਹੀ ਪਰ ਯਕੀਨਨ ਖ਼ਤਮ ਹੋ ਜਾਂਦੇ ਹਨ।










TARKSHEEL (RATIONALIST) SOCIETY CANADA

ANNUAL TARKSHEEL NATAK MELA

Sunday, June 18th, 2023 @ 1pm to 4pm

PUNJAB BANQUET HALL

Payal Business Centre, #215 8166 - 128 St. Surrey BC

ਪੰਜਾਬੀ ਨਾਟਕ 'ਮੈਂ ਕਿਤੇ ਨਹੀਂ ਗਿਆ'



ਲੇਖਕ: ਕੁਲਵਿੰਦਰ ਖਹਿਰਾ
ਨਿਰਦੇਸ਼ਕ: ਰਜਿੰਦਰ ਸਿੰਘ
ਸੰਗੀਤ ਨਿਰਦੇਸ਼ਕ: ਆਰ. ਸ਼ੀਨ
ਗੀਤਕਾਰ: ਅਮੋਲਕ ਸਿੰਘ
ਗੀਤ ਸੰਗੀਤ: ਪਿਆਰਾ ਸਿੰਘ ਚਾਹਲ
ਮੁੱਖ ਬੁਲਾਰਾ: ਅਵਤਾਰ ਬਾਈ ਜੀ ਕੌਮੀ ਪ੍ਰਧਾਨ

ਵਿਦਿਆਰਥੀਆਂ ਦੀ ਹੁੰਦੀ ਲੁੱਟ ਅਤੇ ਤਰਾਸਦੀ ਦੀ ਝਲਕ ਪੇਸ਼ ਕਰਦਾ ਅਤੇ ਭਾਰਤੀ ਅਤੇ ਕੈਨੇਡੀਅਨ ਸਿਸਟਮ 'ਤੇ ਸਵਾਲ ਕਰਦਾ ਹੋਇਆ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਨਾਟਕ

ਮੁੱਖ ਅਦਾਕਾਰ - ਸੁਰਿੰਦਰ ਸ਼ਰਮਾਂ
ਲੋਕ ਕਲਾ ਮੰਚ ਮੁੱਲਾਂਪੁਰ

ਕੋਈ ਟਿਕਟ ਨਹੀਂ

For More Information Contact

Avtar Baee Ji 672 558 5757 | Parminder Swaich 604 760 4794 | Nirmal Kingra 604 725 3530

Sadhu Singh Jhorran 604 832 7086 | Jagroop Dhaliwal 778 908 7785

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈੱਗ

Punjabi Literary and Cultural Association

ਗਿਆਨ, ਵਿਗਿਆਨ ਅਤੇ ਵਿਚਾਰ ਨੂੰ ਸਮਰਪਤ ਜਾਦੂ ਦੇ ਟਰਿੱਕ, ਲੈਕਚਰ ਅਤੇ ਵਿਦਿਆਰਥੀਆਂ ਦੇ ਦੁਖਾਂਤ ਦੀ ਇੱਕ ਝਲਕ ਪੇਸ਼ ਕਰਦਾ ਪੰਜਾਬੀ ਨਾਟਕ

"ਮੈਂ ਕਿਤੇ ਨਹੀਂ ਗਿਆ"



ਅਦਾਕਾਰ: ਸੁਰਿੰਦਰ ਸ਼ਰਮਾ ਨਿਰਦੇਸ਼ਕ: ਰਾਜਿੰਦਰ ਸਿੰਘ ਲੇਖਕ: ਕੁਲਵਿੰਦਰ ਖਹਿਰਾ

ਸੰਗੀਤ ਨਿਰਦੇਸ਼ਕ: R. Sheen ਗੀਤਕਾਰ: ਅਮੋਲਕ ਸਿੰਘ

ਸਹਾਇਤਾ ਰਾਸ਼ੀ $10.00

Maples Collegiate: 1330 Jefferson Ave, Winnipeg

Sunday, June 11, 2023 Door opens 2:00 pm. Pgm. Starts 2:30 pm.

ਬੁਲਾਰਾ: ਰਾਜਿੰਦਰ ਭਦੌੜ

For more info:
Harnek: 204-997-8697 or Mangat: 204-914-0355

WEST COAST HOME & TRUSS LTD.

Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :

- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

SimpleX MECHANICAL LTD
We make customers not sales
HVAC • REFRIGERATION

SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER


Townhouse Project Residential Commercial
10 Year Labor Warranty
WE FINANCE TOO

York Authorized Dealer
YORK



WE DO INSTALL & SERVICE ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

SHAAN CONSTRUCTION LTD.



- General Contracting
- Quality Custom Homes
- Quality Framing
- 2-5-10 Year Warranty

2-5-10 Year Warranty




25+ years of experience

Call for a Free Estimate
MALKIT SWAICH
778.889.9526

A Class Granite Ltd.

A CLASS GRANITE
PRICED RIGHT AND DONE RIGHT



WWW.ACLASSGRANITE.ORG

CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS

# ਪੰਜਾਬ ਦੀ ਆਰਥਿਕਤਾ ਚੌਰਾਹੇ 'ਤੇ : ਪਿਛੋਕੜ, ਵਰਤਮਾਨ ਅਤੇ ਭਵਿੱਖ

**ਪ੍ਰੋਫੈਸਰ ਲਖਵਿੰਦਰ ਸਿੰਘ (9888755642)**
**ਪ੍ਰੋਫੈਸਰ ਸੁਖਵਿੰਦਰ ਸਿੰਘ (9872220571)**
**ਪ੍ਰੋਫੈਸਰ ਕੇਸਰ ਸਿੰਘ ਭੰਗੂ (9815427127)**



ਪੰਜਾਬ ਦੀ ਆਰਥਿਕਤਾ ਲੰਮੇ ਸਮੇਂ ਤੋਂ ਆਪਣੇ ਵਿਕਾਸ ਕਰਨ ਦੀ ਸਮਰੱਥਾ ਤੋਂ ਘੱਟ, ਨੀਵੇਂ ਅਤੇ ਹੌਲੀ ਰਫ਼ਤਾਰ ਤੇ ਵਿਕਾਸ ਕਰ ਰਹੀ ਹੈ। ਵੀਹਵੀਂ ਸਦੀ ਦੇ ਅੰਤ (2000) ਵਿੱਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਦੇਸ਼ ਵਿੱਚ ਪਹਿਲੇ ਨੰਬਰ ਤੇ ਸੀ। ਪਿਛਲੇ ਦੋ ਦਹਾਕਿਆਂ ਦੇ ਆਰਥਿਕ ਵਿਕਾਸ ਤੋਂ ਬਾਅਦ, ਹੁਣ ਪ੍ਰਮੁੱਖ ਸੂਬਿਆਂ ਵਿੱਚੋਂ ਪੰਜਾਬ ਦਸਵੇਂ ਸਥਾਨ ਨਾਲ ਪਿੱਛੇ ਰਹਿ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਅਤੇ ਬਹੁ-ਪਰਤੀ ਗਰੀਬੀ ਸੂਚਕ ਅੰਕ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਵੀ, ਪੰਜਾਬ ਪ੍ਰਮੁੱਖ ਸੂਬਿਆਂ ਵਿੱਚੋਂ ਕ੍ਰਮਵਾਰ ਤੀਜੇ ਅਤੇ ਪੰਜਵੇਂ ਸਥਾਨ ਤੇ ਹੈ। ਪੰਜਾਬ ਦੀ ਆਰਥਿਕਤਾ ਨੇ 2015-16 ਤੋਂ 2022-23 ਦੇ ਸਮੇਂ ਦਰਮਿਆਨ, ਸਥਿਰ ਕੀਮਤਾਂ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ (GSDP) ਦੀ 4.7 ਫੀਸਦੀ ਵਿਕਾਸ ਦਰ ਹਾਸਲ ਕੀਤੀ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ ਆਰਥਿਕਤਾ ਤਾਂ ਵਧ ਰਹੀ ਹੈ ਪਰ ਰਫ਼ਤਾਰ ਹੌਲੀ/ਧੀਂਵੀਂ ਹੈ, ਸਿੱਟੇ ਵਜੋਂ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਔਸਤ ਨਾਲੋਂ ਘੱਟ ਦਰ ਤੇ ਵਧ ਰਹੀ ਹੈ। ਪੰਜਾਬ ਸਰਕਾਰ ਦੇ ਅਨੁਮਾਨਾਂ ਅਨੁਸਾਰ ਸਾਲ 2022-23 ਵਿੱਚ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਪ੍ਰਚੱਲਤ ਕੀਮਤਾਂ ਤੇ 1, 73, 873 ਰੁਪਏ, ਜਦੋਂ ਕਿ ਦੇਸ਼ ਦੀ 1, 70, 620 ਰੁਪਏ ਸੀ। ਪਿਛਲੇ ਦਹਾਕੇ ਦੌਰਾਨ ਪੰਜਾਬ ਵਿੱਚ ਆਬਾਦੀ ਦੇ ਵਾਧੇ ਦੀ ਦਰ 1.4 ਫ਼ੀਸਦੀ ਸਾਲਾਨਾ ਸੀ, ਜਦੋਂ ਕਿ ਦੇਸ਼ ਦੀ ਆਬਾਦੀ ਦੇ ਵਾਧੇ ਦੀ ਦਰ 1.8 ਫ਼ੀਸਦੀ ਸੀ। ਸੂਬੇ ਵਿਚ ਜਨਸੰਖਿਆ ਦੇ ਵਾਧੇ ਦੀ ਹੌਲੀ ਦਰ ਦੇ ਬਾਵਜੂਦ, ਪ੍ਰਤੀ ਵਿਅਕਤੀ ਆਮਦਨ ਦੇਸ਼ ਪੱਧਰ 'ਤੇ ਇਕਸਾਰ ਹੁੰਦੀ ਜਾ ਰਹੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਆਰਥਿਕ ਤਰੱਕੀ ਦੇਸ਼ ਦੀ ਔਸਤ ਦਰ ਤੋਂ ਵੀ ਲਗਾਤਾਰ ਪਛੜ ਰਹੀ ਹੈ।

ਪੰਜਾਬ ਦੀ ਇਸ ਨਿਰਾਸ਼ਾਜਨਕ ਆਰਥਿਕ ਤਰੱਕੀ ਨੇ ਸੂਬੇ ਵਿੱਚ ਰੁਜ਼ਗਾਰ ਦਾ ਅਕਾਲ ਪੈਦਾ ਕਰ ਦਿੱਤਾ ਹੈ ਨਤੀਜੇ ਵਜੋਂ ਪੰਜਾਬ ਦੇ ਨੌਜਵਾਨਾਂ ਵਿੱਚ ਸੂਬੇ ਤੋਂ ਬਾਹਰ ਰੁਜ਼ਗਾਰ ਕਰਨ/ਲੱਭਣ ਦਾ ਵਰਤਾਰਾ ਵੱਡੇ ਪੱਧਰ ਤੇ ਪ੍ਰਚੱਲਤ ਹੋ ਗਿਆ ਹੈ। ਪੰਜਾਬ ਸਰਕਾਰ ਦੇ ਅਨੁਮਾਨਾਂ ਅਨੁਸਾਰ, 2022 ਵਿੱਚ ਸੂਬੇ ਵਿੱਚ 2, 23, 207 ਨੌਜਵਾਨ ਬੇਰੁਜ਼ਗਾਰ ਸਨ, ਜਿਨ੍ਹਾਂ ਵਿੱਚੋਂ 31 ਫ਼ੀਸਦੀ ਪੜ੍ਹੇ ਲਿਖੇ ਹੁਨਰਮੰਦ ਅਤੇ ਬਾਕੀ ਪੜ੍ਹੇ ਲਿਖੇ ਪਰ ਗੈਰ-ਹੁਨਰਮੰਦ ਸਨ। ਸੂਬੇ ਦੇ ਨੌਜਵਾਨਾਂ ਨੂੰ ਸੂਬੇ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਲੱਭਣੇ ਪੈ ਰਹੇ ਹਨ। ਇਸ ਦਾ ਕਾਰਨ, ਪੰਜਾਬ ਵਿੱਚ ਪੜ੍ਹੇ-ਲਿਖਿਆ ਵਿੱਚ ਬੇਰੁਜ਼ਗਾਰੀ ਦੀ ਦਰ ਬਹੁਤ ਉੱਚੀ ਹੋਣਾ ਅਤੇ ਨੌਕਰੀਆਂ ਕਰ ਰਹੇ ਨੌਜਵਾਨਾਂ ਵਿਚ ਨੌਕਰੀਆਂ ਦੀ ਮਾੜੀ ਕੁਆਲਿਟੀ/ਗੁਣਵੱਤਾ ਹੋਣ ਕਾਰਨ ਭਾਰੀ ਅਸੰਤੁਸ਼ਟੀ ਹੋਣਾ ਹੈ। ਅਜਿਹੇ ਆਲਮ ਵਿਚ, ਜਿਹੜੇ ਲੋਕ ਵਿਦੇਸ਼ਾਂ ਵਿਚ ਜਾ ਸਕਦੇ ਹਨ, ਉਹ ਆਪਣੀ ਅਚੱਲ ਜਾਇਦਾਦ ਵੇਚ ਕੇ ਵੀ ਵਿਦੇਸ਼ ਜਾ ਰਹੇ ਹਨ ਅਤੇ ਜਿਹੜੇ ਨਹੀਂ ਜਾ ਸਕਦੇ ਉਹ ਜਾਂ ਤਾਂ ਨਸ਼ਿਆਂ ਦੇ ਗ਼ਲਤਾਨ ਵਿੱਚ ਫ਼ਸਦੇ ਹਨ ਜਾਂ ਨਸ਼ਿਆਂ ਦੇ ਵਧ ਰਹੇ ਨਾਜਾਇਜ਼ ਕਾਰੋਬਾਰ ਦੇ ਜਾਲ ਵਿਚ ਫਸ ਸਕਦੇ ਹਨ, ਜਾਂ ਬੇਰੁਜ਼ਗਾਰ ਹੀ ਰਹਿੰਦੇ ਹਨ। ਅਜਿਹਾ ਆਲਮ ਪੰਜਾਬ ਦੇ ਸ਼ਾਂਤਮਈ ਹਾਲਾਤਾਂ ਲਈ ਲਗਾਤਾਰ ਖਤਰਾ ਬਣਿਆ ਰਹਿੰਦਾ ਹੈ।

ਆਰਥਿਕ ਵਿਕਾਸ ਦੀ ਲੰਮੇ ਸਮੇਂ ਤੱਕ ਨੀਵੀਂ ਅਤੇ ਧੀਂਵੀਂ ਰਫ਼ਤਾਰ, ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕੀ, ਨੇ ਸੂਬੇ ਨੂੰ ਅਜਿਹੇ ਚੌਰਾਹੇ ਤੇ ਖੜ੍ਹਾ ਕਰ ਦਿੱਤਾ ਹੈ ਜਿੱਥੇ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਪੰਜਾਬ ਦੀ ਰਾਜਨੀਤਿਕ ਲੀਡਰਸ਼ਿਪ ਇਸ ਦੀ ਮੁੜ ਸੁਰਜੀਤੀ ਲਈ ਕੋਈ ਗੰਭੀਰ ਯਤਨ ਕਰ ਰਹੀਆਂ ਹਨ। ਦੁਨੀਆਂ ਭਰ ਵਿੱਚ ਵਸਦੇ ਪੰਜਾਬ ਦੇ ਚੇਤੰਨ ਲੋਕ ਬਹੁਤ ਚਿੰਤਤ ਹਨ ਅਤੇ ਅਕਸਰ ਇਹ ਸਵਾਲ ਪੁੱਛਦੇ ਹਨ ਕਿ ਪੰਜਾਬ ਦੀ ਆਰਥਿਕਤਾ ਹੁਣ ਕਿੱਥੇ ਪਹੁੰਚ ਗਈ ਹੈ ਅਤੇ ਪੰਜਾਬ ਦੀ ਪੁਰਾਣੀ ਸ਼ਾਨ ਨੂੰ ਮੁੜ ਬਹਾਲ ਕਰਨ ਲਈ ਕੀ ਕੀਤਾ ਜਾ ਸਕਦਾ ਹੈ? ਹਥਲੇ ਲੇਖ ਵਿੱਚ ਪੰਜਾਬ ਦੀ ਆਰਥਿਕਤਾ ਨੂੰ ਚੌਰਾਹੇ ਤੇ ਪਹੁੰਚਾਉਣ ਲਈ ਜ਼ਿੰਮੇਵਾਰ ਮੁੱਖ ਕਾਰਕਾਂ ਦੀ ਪਛਾਣ ਲਈ, ਪੰਜਾਬ ਦੀ ਆਰਥਿਕਤਾ ਦੇ ਪਿਛੋਕੜ, ਵਰਤਮਾਨ ਅਤੇ ਭਵਿੱਖ ਨੂੰ ਘੋਖਣ ਦਾ ਯਤਨ ਕੀਤਾ ਗਿਆ ਹੈ ਅਤੇ ਪੰਜਾਬ ਨੂੰ ਇੱਕ ਗਤੀਸ਼ੀਲ ਅਤੇ ਤਰੱਕੀ ਜ਼ਾਬਤਾ ਆਰਥਿਕਤਾ ਬਣਾਉਣ ਲਈ ਕੀ ਕੀਤਾ ਜਾ ਸਕਦਾ ਹੈ ਤਾਂ ਜੋ ਇਹ ਨਿਰਾਸ਼ਾ ਵਾਲੇ ਆਲਮ ਤੋਂ ਸੁਨਿਹਰੇ ਭਵਿੱਖ ਵੱਲ ਤਬਦੀਲ ਹੋ ਸਕੇ।

ਆਜ਼ਾਦੀ ਤੋਂ ਬਾਅਦ ਪੰਜਾਬ ਦੀ ਵੰਡ ਹੋਣ ਕਰਕੇ, ਪੰਜਾਬ ਸਰਕਾਰ ਨੇ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਪੰਜਾਬੀਆਂ ਦੇ ਮੁੜ ਵਸੇਬੇ ਲਈ ਸਲਾਹੁਣਯੋਗ ਕਦਮ ਚੁੱਕੇ । ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿੱਚ ਖੇਤੀਬਾੜੀ ਲਈ ਜ਼ਮੀਨ ਦੀ ਤੇਜ਼ੀ ਨਾਲ ਵੰਡ ਅਤੇ ਮਕਾਨਾਂ ਦੀ ਉਸਾਰੀ ਲਈ ਉੱਦਮ ਕੀਤੇ। ਸਰਕਾਰ ਨੇ ਭੂਮੀ ਸੁਧਾਰਾਂ ਤਹਿਤ ਕਈ ਨਵੀਆਂ ਪਹਿਲਕਦਮੀਆਂ ਵੀ ਕੀਤੀਆਂ ਜਿਵੇਂ ਕਿ ਰਾਜ ਅਤੇ ਅਸਲ ਕਾਸ਼ਤਕਾਰਾਂ ਵਿਚਕਾਰ ਵਿਚੋਲਗੀ ਨੂੰ ਖਤਮ ਕਰਨਾ, ਬਹੁਤ ਹੀ ਛੋਟੀਆਂ ਜ਼ਮੀਨੀ ਜੋਤਾਂ ਨੂੰ ਇਕੱਠਾ ਕਰਨਾ, ਜੋਤਾਂ ਤੇ ਹੱਦਬੰਦੀ ਲਗਾਉਣਾ, ਜ਼ਮੀਨ ਦਾ ਕਿਰਾਇਆ ਨਿਰਧਾਰਤ ਕਰਨਾ ਅਤੇ ਨਿਯਮਤ ਕਰਨਾ, ਕਿਰਾਏਦਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨ, ਕਬਜ਼ਾਧਾਰੀ ਕਿਰਾਏਦਾਰਾਂ ਨੂੰ ਜਾਇਦਾਦ ਦੇ ਅਧਿਕਾਰ ਦੇਣਾ ਆਦਿ। ਇਹ ਸਾਰੇ ਨੀਤੀਗਤ ਫ਼ੈਸਲਿਆਂ ਨੇ ਖੇਤੀਬਾੜੀ ਖੇਤਰ ਦੇ ਉਤਪਾਦਨ ਵਿੱਚ ਵਾਧੇ ਲਈ ਲੋੜੀਂਦੀ ਸਮਰੱਥਾ ਪੈਦਾ ਕੀਤੀ। ਇਸੇ ਤਰ੍ਹਾਂ ਸਿੰਚਾਈ ਲਈ ਨਹਿਰਾਂ ਦਾ ਜਾਲ, ਪੇਂਡੂ ਬਿਜਲੀਕਰਨ, ਖੇਤੀਬਾੜੀ ਕਰਜ਼ਾ, ਨਿਯੰਤ੍ਰਿਤ ਅਨਾਜ ਮੰਡੀ ਪ੍ਰਣਾਲੀ, ਖੇਤੀਬਾੜੀ ਖੋਜ ਅਤੇ ਪਸਾਰ ਪ੍ਰਣਾਲੀ, ਅਤੇ ਪੇਂਡੂ ਖੇਤਰਾਂ ਵਿੱਚ ਸੜਕੀ ਜਾਲ ਵਿਕਸਤ ਕਰਨ ਵਿੱਚ ਭਾਰੀ ਨਿਵੇਸ਼ ਕੀਤਾ ਗਿਆ। ਪੰਜਾਬ ਦੀ ਇਸ ਨੀਤੀ ਨੇ 1950 ਅਤੇ 1960 ਦੇ ਦਹਾਕਿਆਂ ਵਿਚ ਇਹਨਾਂ ਸੰਸਥਾਗਤ ਪ੍ਰਬੰਧਾਂ ਨੂੰ ਲਾਗੂ ਕਰਨ ਅਤੇ ਵਿਕਸਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ, ਜਿਸ ਨੇ ਆਧੁਨਿਕ ਖੇਤੀਬਾੜੀ ਵਿਕਾਸ ਦੀ ਸਥਾਪਨਾ ਅਤੇ ਪ੍ਰਫੁੱਲਤ ਕਰਨ ਲਈ ਸਮਰੱਥ ਵਾਤਾਵਰਣ ਪ੍ਰਦਾਨ ਕਰਨ ਵਿੱਚ ਕੇਂਦਰੀ ਭੂਮਿਕਾ ਨਿਭਾਈ ਸੀ। ਇਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਦੇ ਸੰਤੁਲਿਤ ਵਿਕਾਸ ਲਈ, ਸਰਕਾਰ ਨੇ ਉਦਯੋਗਿਕ ਟਾਊਨਸ਼ਿਪਾਂ ਦੀ ਸਥਾਪਨਾ ਵੀ ਕੀਤੀ ਗਈ ਅਤੇ ਉਦਯੋਗਿਕ ਅਦਾਰਿਆਂ ਨੂੰ ਲੋੜੀਂਦੇ ਹੁਨਰਮੰਦ ਕਰਮਚਾਰੀਆਂ ਦੀ ਸਪਲਾਈ ਕਰਨ ਲਈ ਲੋੜੀਂਦੇ ਸਿਖਲਾਈ ਸੰਸਥਾਵਾਂ ਦਾ ਨਿਰਮਾਣ ਵੀ ਕੀਤਾ। ਸੂਬੇ ਵਿੱਚ ਸਮਾਜਕ ਸੇਵਾਵਾਂ ਦੀ ਮੁਸਤੈਦੀ ਨਾਲ ਪੂਰਤੀ ਅਤੇ ਹਰ ਲੋੜਬੰਦ ਸ਼ਹਿਰੀ ਤੱਕ ਪਹੁੰਚਾਉਣ ਨੂੰ ਵੀ ਯਕੀਨੀ ਬਣਾਇਆ। ਕਿਰਤੀਆਂ ਵਿੱਚ ਵੱਧਦੀ ਗਤੀਸ਼ੀਲਤਾ ਨੂੰ ਪ੍ਰਾਪਤ ਕਰਨ ਲਈ ਵਿਦਿਅਕ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਵੀ ਸਥਾਪਿਤ ਕੀਤੀਆਂ ।

1966 ਵਿੱਚ ਜਦੋਂ ਪੰਜਾਬ ਦਾ ਭਾਸ਼ਾ ਦੇ ਆਧਾਰ ਤੇ ਮੁੜ ਤੋਂ ਪੁਨਰ ਗਠਨ ਕੀਤਾ ਗਿਆ ਤਾਂ ਉਸ ਵਕਤ ਭਾਰਤ ਅਨਾਜ ਦੇ ਸੰਕਟ ਨਾਲ ਜੂਝ ਰਿਹਾ ਸੀ। ਪੰਜਾਬ ਨੇ ਇਸ ਚੁਣੌਤੀ ਨੂੰ ਸਹਿਜੇ ਹੀ ਸਵੀਕਾਰ ਕਰ ਲਿਆ ਅਤੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਦੇਸ਼ ਨੂੰ ਅਨਾਜ ਵਿੱਚ ਆਤਮ-ਨਿਰਭਰ ਬਣਾ ਦਿੱਤਾ। ਹਰੀ ਕ੍ਰਾਂਤੀ ਨੇ ਨਾ ਸਿਰਫ ਦੇਸ਼ ਨੂੰ ਭੋਜਨ ਸੁਰੱਖਿਆ ਪ੍ਰਦਾਨ ਕੀਤੀ ਹੈ ਬਲਕਿ ਸੂਬੇ ਵਿੱਚ ਕਈ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਬਦਲਾਅ ਵੀ ਕੀਤੇ। ਦੋ ਫ਼ਸਲਾਂ, ਭਾਵ ਕਣਕ ਅਤੇ ਚੌਲਾਂ ਵਿੱਚ ਵਧ ਰਹੀ ਖੇਤੀ ਉਤਪਾਦਕਤਾ ਨੇ ਇੱਕ ਪਾਸੇ ਰੁਜ਼ਗਾਰ, ਆਮਦਨ ਅਤੇ ਬੱਚਤ ਵਿੱਚ ਵਾਧਾ ਕੀਤਾ ਅਤੇ ਦੂਜੇ ਪਾਸੇ ਖੇਤੀ ਨੂੰ ਵੰਨਸੁਵੰਨਤਾ ਤੋਂ ਦੋ ਫ਼ਸਲੀ ਖੇਤੀ ਵਿੱਚ ਬਦਲ ਦਿੱਤਾ। ਇਹ ਵਿਸ਼ੇਸ਼ਤਾ ਲੰਬੇ ਸਮੇਂ ਤੱਕ ਕਾਇਮ ਰਹੀ ਅਤੇ ਸੂਬਾ ਕੇਂਦਰੀ ਪੂਲ ਲਈ ਕਣਕ ਅਤੇ ਚੌਲਾਂ ਦਾ ਥੋਕ ਉਤਪਾਦਕ ਬਣ ਗਿਆ। ਹਾਲਾਂਕਿ, ਖੇਤੀਬਾੜੀ ਦੇ ਵਿਕਾਸ ਨੇ ਆਰਥਿਕਤਾ ਦੇ ਹੋਰ ਖੇਤਰਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਆਰਥਿਕਤਾ ਦੇ ਉਦਯੋਗਿਕ ਵਿਕਾਸ ਅਤੇ ਸੇਵਾ ਖੇਤਰ ਦੋਵਾਂ ਨੂੰ ਹੁਲਾਰਾ ਦਿੱਤਾ ਹੈ। ਇਸ ਨੇ ਸੂਬੇ ਵਿੱਚ ਗ਼ਰੀਬੀ ਨੂੰ ਹੋਰ ਭਾਰਤੀ ਸੂਬਿਆਂ ਦੇ ਮੁਕਾਬਲੇ ਬਹੁਤ ਘੱਟ ਗਈ। ਆਮਦਨੀ ਦੇ ਪੱਧਰ ਦੇ ਵਧਣ ਅਤੇ ਸਿੱਖਿਆ ਦੇ ਪ੍ਰਸਾਰ ਨੇ ਨਾ ਸਿਰਫ਼ ਖੇਤੀਬਾੜੀ ਤੋਂ ਬਾਹਰ ਦੇ ਮੌਕੇ ਖੋਲ੍ਹੇ ਹਨ, ਸਗੋਂ ਉੱਪਰ ਵੱਲ ਗਤੀਸ਼ੀਲਤਾ (upward mobility) ਨੂੰ ਵੀ ਉਤਪੰਨ ਕੀਤਾ, ਸਮਾਜਿਕ ਵਖਰੇਵਿਆਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਅਤੇ ਪੰਜਾਬ ਦੇ ਲੋਕਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ। ਇਸ ਦਾ ਸੂਬੇ ਦੀਆਂ ਸਿਆਸੀ ਪ੍ਰਕਿਰਿਆਵਾਂ ਤੇ ਚੰਗੇ ਪ੍ਰਭਾਵ ਪਾਏ, ਜਿੱਥੇ ਪੰਜਾਬ ਦੇ ਸਿਆਸੀ ਦ੍ਰਿਸ਼ ਤੇ ਕਿਸਾਨੀ ਹਾਵੀ ਹੋਈ।

ਹਰੀ ਕ੍ਰਾਂਤੀ ਦੇ ਪਹਿਲੇ ਪੜਾਅ ਨੇ ਪੰਜਾਬ ਦੀ ਆਰਥਿਕਤਾ ਵਿੱਚ ਢਾਂਚਾਗਤ ਤਬਦੀਲੀਆਂ ਵੀ ਕੀਤੀਆਂ। ਪੰਜਾਬ ਦੇ GSDP ਵਿੱਚ ਖੇਤੀਬਾੜੀ ਦਾ ਹਿੱਸਾ 1966-67 ਵਿੱਚ 52.85 ਫੀਸਦੀ ਤੋਂ ਵਧ ਕੇ 1970-71 ਵਿੱਚ 54.27 ਫੀਸਦੀ ਹੋ ਗਿਆ। 1970 ਦੇ ਦਹਾਕੇ ਦੇ ਅੰਤ ਤੱਕ ਖੇਤੀਬਾੜੀ ਖੇਤਰ ਦੀ ਉਤਪਾਦਕਤਾ ਸਿਖ਼ਰ ਤੇ ਪਹੁੰਚ ਕੇ, 1980 ਤੋਂ ਬਾਅਦ ਖੇਤੀਬਾੜੀ ਦਾ ਸੂਬੇ ਦੀ ਆਰਥਿਕਤਾ ਵਿੱਚ ਹਿੱਸਾ ਘਟਣਾ ਸ਼ੁਰੂ ਹੋ ਗਿਆ, ਉਦਾਹਰਣ ਦੇ ਤੌਰ 'ਤੇ GSDP (1980-81 ਵਿੱਚ 49.45 ਪ੍ਰਤੀਸ਼ਤ) ਅਤੇ ਰੁਜ਼ਗਾਰ (1981 ਵਿੱਚ 58 ਪ੍ਰਤੀਸ਼ਤ)। ਸੂਬੇ ਦੀ ਆਰਥਿਕਤਾ ਦੇ ਵੱਖ ਵੱਖ ਖੇਤਰਾਂ ਦਰਮਿਆਨ ਆਪਸੀ ਸਬੰਧਾਂ ਦੀ ਘਾਟ, ਆਰਥਿਕਤਾ ਦੀ ਘੱਟਦੀ ਵਿਕਾਸ ਦਰ, ਖੇਤੀ ਉਤਪਾਦਕਿਤਾ ਵਿੱਚ ਖੜੋਤ ਅਤੇ ਖੇਤੀ ਤੋਂ ਬਾਹਰ ਵਧੀਆ ਰੁਜ਼ਗਾਰ ਦੀ ਅਣਹੋਂਦ ਨੂੰ ਧਨੀ/ਵੱਡੀ ਕਿਸਾਨੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ, ਪੰਜਾਬ ਵਿੱਚ ਬਹੁਤੀਆਂ ਸਮਾਜਿਕ ਲਹਿਰਾਂ ਖੱਬੇ-ਪੱਖੀ ਝੁਕਾਅ ਨਾਲ ਉਭਰ ਰਹੀਆਂ ਸਨ ਜਿਨ੍ਹਾਂ ਨੇ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਨੂੰ ਖ਼ਤਰੇ ਦੇ ਘੰਟੀ ਦਾ ਅਹਿਸਾਸ ਕਰਵਾਇਆ। ਸਿਆਸੀ ਪਾਰਟੀਆਂ ਅਤੇ ਨੇਤਾਵਾਂ ਨੇ ਆਰਥਿਕ ਵਿਕਾਸ ਦੇ ਮਾਡਲ ਤੋਂ ਉਭਰਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ, ਉਨ੍ਹਾਂ ਨੇ ਆਰਥਿਕ ਮੁੱਦਿਆਂ ਨੂੰ ਧਾਰਮਿਕ ਮੁੱਦਿਆਂ ਵਿੱਚ ਬਦਲਣ ਲਈ ਜੋੜ-ਤੋੜ ਸ਼ੁਰੂ ਕਰ ਦਿੱਤੇ। ਰਾਜਨੀਤਿਕ ਅੰਦੋਲਨ ਧਾਰਮਿਕ ਮੁੱਦਿਆਂ ਨਾਲ ਜੁੜ ਗਿਆ। ਇਹ ਮੁੱਦੇ ਖੇਤਰੀ ਅਤੇ ਰਾਸ਼ਟਰੀ ਦੋਵਾਂ ਤਰ੍ਹਾਂ ਦੀਆਂ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਦੀ ਸੋਚ ਅਤੇ ਸਿਆਸਤ ਤੇ ਭਾਰੂ ਹੋ ਗਏ ਸਿੱਟੇ ਵਜੋਂ, 1980 ਦੇ ਦਹਾਕੇ ਦੀ ਗੜਬੜ ਨੇ ਚੰਗੀ ਤਰ੍ਹਾਂ ਕੰਮ ਕਰਨ ਵਾਲੀਆਂ ਸਰਕਾਰੀ ਸੰਸਥਾਵਾਂ ਨੂੰ ਕੇਵਲ ਤਬਾਹ ਹੀ ਨਹੀਂ ਕੀਤਾ ਸਗੋਂ ਪੰਜਾਬ ਦੇ ਸਮੁੱਚੇ ਵਿਕਾਸ ਦੇ ਏਜੰਡੇ ਨੂੰ ਪਟੜੀ ਤੋਂ ਲਾਹ ਦਿੱਤਾ। ਪੰਜਾਬ ਵਿੱਚ ਨੌਕਰਸ਼ਾਹੀ ਅਤੇ ਰਾਜਪਾਲ ਸ਼ਾਸਨ ਦੇ ਦਬਦਬੇ ਦੇ ਨਤੀਜੇ ਵਜੋਂ ਸੂਬੇ ਦੀ ਤਰਜੀਹ ਆਰਥਿਕ ਵਿਕਾਸ ਤੋਂ 'ਸੁਰੱਖਿਆ ਅਤੇ ਸ਼ਾਂਤੀ' ਦੀਆਂ ਚਿੰਤਾਵਾਂ ਵੱਲ ਤਬਦੀਲ ਹੋ ਗਈ। ਸਿੱਟੇ ਵਜੋਂ, ਆਰਥਿਕ ਵਿਕਾਸ ਦੀ ਦਰ ਘੱਟਦੀ ਹੋਈ ਦਰ ਦਾ ਸਾਹਮਣਾ ਕਰਨ ਲੱਗੀ।

ਜਦੋਂ ਭਾਰਤ ਸਰਕਾਰ ਨੇ 1991 ਵਿੱਚ ਨਵੀਆਂ ਆਰਥਿਕ ਨੀਤੀਆਂ ਅਪਣਾਈਆਂ ਤਾਂ ਪੰਜਾਬ ਸ਼ਾਂਤੀ ਬਹਾਲੀ ਲਈ ਸੰਘਰਸ਼ ਕਰ ਰਿਹਾ ਸੀ। 1990 ਦੇ ਦਹਾਕੇ ਵਿੱਚ ਰਾਜਨੀਤਿਕ ਲੀਡਰਸ਼ਿਪ ਦੇ ਇੱਕ ਨਵੇਂ ਤਜਰਬੇ ਅਤੇ ਢੰਗ ਦੇ ਨਾਲ ਸ਼ਾਂਤੀ ਅਤੇ ਜਮਹੂਰੀ ਪ੍ਰਕਿਰਿਆਵਾਂ ਨੂੰ ਬਹਾਲ ਕੀਤਾ ਗਿਆ ਸੀ ਤਾਂ ਜੋ ਰਾਸ਼ਟਰ ਨਾਲ ਆਪਣੀਆਂ ਨੀਤੀਆਂ ਨੂੰ ਇਕਸੁਰ ਕੀਤਾ ਜਾ ਸਕੇ। ਪੰਜਾਬ ਦੀ ਰਾਜਨੀਤਿਕ ਲੀਡਰਸ਼ਿਪ ਨੇ ਕਾਫ਼ੀ ਚਲਾਕੀ ਨਾਲ ਨੌਕਰਸ਼ਾਹੀ ਦੇ ਨਾਲ ਸਾਝਭਿਆਲੀ ਬਣਾ ਕੇ, ਅਤੇ 'ਆਮ ਵਾਂਗ ਕਾਰੋਬਾਰ' ਅਤੇ 'ਚਲਦਾ ਹੈ' ਦੀ ਨੀਤੀ 'ਤੇ ਚੱਲਣ ਲੱਗ ਪਈ। ਰਾਜ ਯੋਜਨਾ ਬੋਰਡ ਤੋਂ ਲੈ ਕੇ ਸਥਾਨਕ ਪੱਧਰ ਤੱਕ ਸੰਸਥਾਗਤ ਢਾਂਚੇ ਦੀ ਕਾਰਜਕੁਸ਼ਲਤਾ ਨੂੰ ਬਹਾਲ ਕਰਨ ਦੀ ਬਜਾਏ, ਉਨ੍ਹਾਂ ਨੇ ਸਿਹਤ ਅਤੇ ਸਿੱਖਿਆ 'ਤੇ ਖਰਚੇ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਨੇ ਨੌਜਵਾਨ ਪੀੜ੍ਹੀ ਦੀ ਸਮਰੱਥਾ ਅਤੇ ਕਾਬਲੀਅਤ ਵਧਾਉਣ ਦੀ ਬਜਾਏ ਹੋਰ ਕਮਜ਼ੋਰ ਕਰ ਦਿੱਤਾ। ਰਾਜਨੀਤਿਕ ਲੀਡਰਸ਼ਿਪ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਕੰਮਚੋਰ ਅਤੇ ਮਾੜੀ ਸ਼ਾਸਨ ਪ੍ਰਣਾਲੀ ਕਾਫ਼ੀ ਮੱਦਦਗਾਰ ਸਾਬਤ ਹੋਈ। ਇਸ ਸਮੇਂ ਦੌਰਾਨ, ਰਾਜਨੀਤਿਕ ਲੀਡਰਸ਼ਿਪ ਲੋਕ ਹਿੱਤਾਂ ਤੇ ਸੇਵਾ ਕਰਨ ਵਾਲੇ ਨੇਤਾਵਾਂ ਤੋਂ 'ਵਪਾਰਕ ਉੱਦਮੀਆਂ' ਵਾਲੇ ਨੇਤਾਵਾਂ ਵਿੱਚ ਬਦਲ ਗਈ। ਨਤੀਜੇ ਵਜੋਂ ਆਮ ਜਨਤਾ ਦੀ ਆਮਦਨ ਘਟਣ ਲੱਗੀ ਜਾਂ ਹੌਲੀ ਰਫਤਾਰ ਨਾਲ ਵਧਣ ਲੱਗੀ, ਰਾਜਨੀਤਿਕ ਨੇਤਾਵਾਂ ਦੀ ਦੌਲਤ ਅਤੇ ਆਮਦਨ ਅਸਮਾਨ ਨੂੰ ਛੂਹ ਗਈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਨਵੀਆਂ ਆਰਥਿਕ ਨੀਤੀਆਂ ਅਫਸਰਸ਼ਾਹੀ ਅਤੇ ਸਿਆਸੀ ਲੀਡਰਸ਼ਿਪ ਲਈ ਵਰਦਾਨ ਸਾਬਿਤ ਹੋਈਆ, ਪਰ ਇਸ ਨਾਲ ਪੰਜਾਬ ਦੀ ਆਰਥਿਕਤਾ ਅਤੇ ਲੋਕਾਂ ਦੀ ਆਰਥਿਕਤਾ ਦੋਵਾਂ ਦੀ ਤਬਾਹੀ ਹੋਈ।

ਸੂਬੇ ਅੰਦਰ ਪ੍ਰਸ਼ਾਸਨ ਦੇ ਆਪਣੇ ਮੁਫ਼ਾਦਾਂ ਲਈ ਵਪਾਰੀਆਂ ਅਤੇ ਸੰਨਅਤਕਾਰਾਂ ਤੋਂ ਰਿਸ਼ਵਤ ਮੰਗਣ ਵਾਲੇ ਵਤੀਰੇ (rent seeking behaviour) ਨੇ ਪੰਜਾਬ ਵਿੱਚ ਬਹੁ-ਪਰਤੀ ਸੰਕਟ ਪੈਦਾ ਕਰ ਦਿੱਤਾ। ਇਸ ਨਾਲ ਸਨਅਤੀ ਪੂੰਜੀ ਦਾ ਪ੍ਰਵਾਸ ਹੋਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਵਿੱਚੋਂ ਜ਼ਿਆਦਾਤਰ ਨਵਾਂ ਉਦਯੋਗਿਕ ਨਿਵੇਸ਼ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੋਇਆ ਹੈ। ਕਾਰਪੋਰੇਟ ਉਦਯੋਗਿਕ ਨਿਵੇਸ਼ ਦੇ ਨਾਲ-ਨਾਲ ਸਿੱਧੇ ਵਿਦੇਸ਼ੀ ਨਿਵੇਸ਼ ਨੇ ਵੀ ਪੰਜਾਬ ਨੂੰ ਆਪਣੇ ਨਿਵੇਸ਼ ਲਈ ਇੱਕ ਮੰਜ਼ਿਲ ਵਜੋਂ ਤਰਜੀਹ ਨਹੀਂ ਦਿੱਤੀ । ਇਸ ਦੇ ਨਾਲ ਹੀ ਮਾਲ ਭਾੜਾ ਬਰਾਬਰੀ ਦੀ ਨੀਤੀ ਨੂੰ ਖ਼ਤਮ ਕਰਨ ਨਾਲ ਪੰਜਾਬ ਦੇ ਦੋ ਸਨਅਤੀ ਸ਼ਹਿਰਾਂ (ਮੰਡੀ ਗੋਬਿੰਦਗੜ੍ਹ ਅਤੇ ਬਟਾਲਾ) ਵਿੱਚ ਸਟੀਲ ਅਤੇ ਫਾਊਂਡਰੀ ਉਦਯੋਗ ਲਗਭਗ ਬੰਦ ਹੋ ਗਿਆ। ਸਨਅਤੀ ਮੁਕਾਬਲੇ ਕਾਰਨ ਜਲੰਧਰ ਅਤੇ ਅੰਮ੍ਰਿਤਸਰ ਸਨਅਤੀ ਟਾਊਨਸ਼ਿਪ ਵੀ ਸੁੰਗੜ ਗਏ ਅਤੇ ਉਦਯੋਗ ਨੂੰ ਬਚਾਉਣ ਲਈ ਲੋੜੀਂਦਾ ਸਰਕਾਰੀ ਸਹਿਯੋਗ ਨਹੀਂ ਮਿਲ ਸਕਿਆ।

ਸਮੇਂ ਦੇ ਚੱਲਦੇ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਦੇ ਵਿਰੁੱਧ ਹੋ ਗਈਆਂ ਅਤੇ ਛੋਟੀ ਕਿਸਾਨੀ ਅਧਾਰਤ ਖੇਤੀ ਕਾਫ਼ੀ ਸੰਕਟ ਵਿੱਚ ਆ ਗਈ। ਵਧਦੀਆਂ ਇਨਪੁਟਸ ਲਾਗਤਾਂ ਅਤੇ ਇਨਪੁਟਸ ਦੀ ਘੱਟਦੀ ਪ੍ਰਭਾਵਸ਼ੀਲਤਾ ਦੇ ਕਾਰਨ ਕਿਸਾਨਾਂ ਦੀ ਆਮਦਨ ਵਿੱਚ ਗਿਰਾਵਟ ਆ ਗਈ ਅਤੇ ਕਿਸਾਨੀ ਨੂੰ ਕਰਜ਼ੇ ਚੁੱਕ ਕੇ ਗੁਜ਼ਾਰਾ ਕਰਨਾ ਪਿਆ। ਨਤੀਜੇ ਵਜੋਂ ਸੂਬੇ ਦੀ ਕਿਸਾਨੀ ਦਾ ਵੱਡਾ ਹਿੱਸਾ ਕਰਜ਼ਈ ਹੋ ਗਿਆ ਅਤੇ ਇੱਕ ਬਹੁਤ ਮਜ਼ਬੂਤ ਭਾਈਚਾਰਾ ਖੇਰੂੰ ਖੇਰੂੰ ਹੋ ਗਿਆ, ਅਤੇ ਖੁਦਕੁਸ਼ੀਆਂ ਕਰਨ ਲੱਗ ਪਿਆ। ਖੁਦਕੁਸ਼ੀਆਂ ਦਾ ਰੁਝਾਨ ਅੱਜ ਤੱਕ ਵੀ ਜਾਰੀ ਹੈ, ਇਹ ਦਰਸਾਉਂਦਾ ਹੈ ਕਿ ਖੇਤੀਬਾੜੀ ਦਾ ਸੰਕਟ ਬਹੁਤ ਡੂੰਘਾ ਹੈ ਅਤੇ ਬਹੁ-ਪਰਤੀ ਹੈ।

ਇਸ ਦੇ ਨਾਲ, ਸੂਚਨਾ ਤਕਨਾਲੋਜੀ ਕ੍ਰਾਂਤੀ ਅਧੀਨ ਪੈਦਾ ਹੋਣ ਵਾਲੇ ਨਵੇਂ ਮੌਕੇ ਵੀ ਪੰਜਾਬ ਨੂੰ ਬਾਈਪਾਸ ਕਰ ਗਏ। ਇਹ ਮੁੱਖ ਤੌਰ 'ਤੇ ਪੰਜਾਬ ਵਿੱਚ ਹੁਨਰਮੰਦ ਮਨੁੱਖੀ ਸ਼ਕਤੀ ਦੀ ਗੈਰ-ਉਪਲਬਧਤਾ, ਉੱਦਮੀਆਂ ਨੂੰ ਘੱਟ ਸਹੂਲਤਾਂ ਅਤੇ ਅਨੁਕੂਲ ਵਪਾਰਕ ਮਾਹੌਲ ਦੀ ਘਾਟ ਦੇ ਕਾਰਨ ਹੀ ਹੋਇਆ। ਇਸੇ ਤਰ੍ਹਾਂ, ਪੰਜਾਬ ਦਾ ਸੇਵਾ ਖੇਤਰ ਕਾਫ਼ੀ ਰਵਾਇਤੀ ਰਿਹਾ ਹੈ ਅਤੇ ਵਪਾਰਕ ਆਧੁਨਿਕ ਸੇਵਾਵਾਂ ਦੀ ਅਣਹੋਂਦ ਜਾਰੀ ਹੈ। ਰਸਮੀ ਸੇਵਾਵਾਂ ਦੇ ਖੇਤਰ ਵਿੱਚ ਆਪਣੇ ਮੁਫ਼ਾਦਾਂ ਲਈ ਰਿਸ਼ਵਤ ਦੀ ਮੰਗ ਕਰਨ ਵਾਲੇ ਵਿਵਹਾਰ ਨੇ ਆਰਥਿਕਤਾ ਵਿੱਚ ਇੱਕ ਤਰੇੜ ਪੈਦਾ ਕੀਤੀ, ਜਿਸ ਨੇ ਪੰਜਾਬ ਦੀ ਸਮੁੱਚੀ ਆਰਥਿਕਤਾ ਦੇ 'ਜ਼ਰੂਰੀ ਸਰਪਲੱਸ' ਨੂੰ ਚੂਸ ਲਿਆ ਅਤੇ ਪੰਜਾਬ ਵਿੱਚ ਸਮੁੱਚੇ ਨਿਵੇਸ਼ ਦ੍ਰਿਸ਼ ਨੂੰ ਨਿਰਾਸ਼ ਕੀਤਾ। ਸਿੱਟੇ ਵਜੋਂ, ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਆਰਥਿਕਤਾ ਵਿੱਚ ਨਿਵੇਸ਼ ਦੀ ਘਾਟ ਪੈਦਾ ਹੋਈ ਹੈ। ਪੰਜਾਬ ਦੇ 2022-23

ਦੇ ਆਰਥਿਕ ਸਰਵੇਖਣ ਵਿੱਚ ਰਿਪੋਰਟ ਕੀਤੇ ਗਏ 14 ਫ਼ੀਸਦੀ ਕੁੱਲ ਸਥਿਰ ਪੂੰਜੀ ਨਿਰਮਾਣ (7636) ਦੇ ਸਬੂਤ, ਇਹ ਦਰਸਾਉਂਦੇ ਹਨ ਕਿ ਪੰਜਾਬ ਦੀ ਆਰਥਿਕਤਾ ਵਿਕਾਸ ਪ੍ਰਕਿਰਿਆ ਕਿਉਂ ਪਛੜ ਰਹੀ ਹੈ, ਜਦੋਂ ਕਿ ਕੁੱਲ ਭਾਰਤ ਦੀ ਕੁੱਲ ਸਥਿਰ ਪੂੰਜੀ ਨਿਰਮਾਣ (7636) ਲਗਭਗ 29 ਫ਼ੀਸਦੀ ਹੈ ਅਤੇ ਤੇਜ਼ੀ ਨਾਲ ਵਿਕਾਸ ਕਰ ਰਹੇ ਸੂਬਿਆਂ ਦੀ ਕੁੱਲ ਸਥਿਰ ਪੂੰਜੀ ਨਿਰਮਾਣ (7636) ਹੋਰ ਵੀ ਵਧੇਰੇ ਹੈ। ਸੂਬੇ ਵਿੱਚੋਂ ਪੂੰਜੀ ਅਤੇ ਮਨੁੱਖੀ ਪੂੰਜੀ ਦੋਹਾਂ ਦੇ ਪ੍ਰਵਾਸ ਨੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਬਹੁਤ ਘਟਾ ਦਿੱਤਾ ਹੈ। ਇਸ ਤਰ੍ਹਾਂ, ਪੰਜਾਬ ਹੌਲੀ ਵਿਕਾਸ-ਘੱਟ ਨਿਵੇਸ਼-ਵੱਧ ਕਰਜ਼ੇ ਦੇ ਬਹੁ-ਪਰਤੀ ਜਾਲ ਵਿੱਚ ਫਸ ਗਿਆ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮੁੜ ਜ਼ਿੰਦਾ/ਸੁਰਜੀਤ/ਮੁੜ-ਉਸਾਰੀ ਕਰ ਸਕਦੇ ਹਾਂ? ਜਵਾਬ ਹੈ, ਬਿਲਕੁਲ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਲਈ ਪੰਜਾਬ ਦੀ ਆਰਥਿਕਤਾ ਨੂੰ ਦਰਪੇਸ਼ ਵੱਡੀਆਂ ਰੁਕਾਵਟਾਂ ਅਤੇ ਉਹਨਾਂ ਰੁਕਾਵਟਾਂ ਦੇ ਸੋਮਿਆਂ ਅਤੇ ਕਾਰਨਾਂ ਦੀ ਪਛਾਣ ਕਰਨੀ ਪਵੇਗੀ।

ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਰੁਕਾਵਟ ਸੂਬੇ ਸਿਰ ਚੜ੍ਹੇ ਮਣਾਂ ਮੂੰਹੀਂ ਕਰਜ਼ੇ ਦੀ ਪੰਡ ਦੀ ਹੈ। ਮਾਰਚ 2023 ਦੇ ਅੰਤ ਵਿੱਚ ਸੂਬੇ ਸਿਰ 3.13 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਜਦੋਂ ਮਾਰਚ 2022 ਵਿੱਚ 2.82 ਲੱਖ ਕਰੋੜ ਰੁਪਏ ਸੀ। ਪਿਛਲੀ ਸਰਕਾਰ ਨੇ ਵੀ ਆਪਣੇ ਪਿਛਲੇ ਤਿੰਨ ਸਾਲਾਂ ਵਿੱਚ ਹਰ ਸਾਲ ਸੂਬੇ ਸਿਰ 35201.87 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ ਹੈ। ਇਸੇ ਸਮੇਂ ਦੌਰਾਨ ਲਿੱਤੇ ਕਰਜ਼ੇ ਨੂੰ ਵਾਪਸ ਕਰਨ ਲਈ ਹਰ ਸਾਲ 18209.8 ਕਰੋੜ ਰੁਪਏ ਵਿਆਜ਼ ਅਤੇ 14257.98 ਕਰੋੜ ਰੁਪਏ ਮੂਲ, ਭਾਵ ਕੁੱਲ 32467.78 ਕਰੋੜ ਰੁਪਏ ਖ਼ਰਚ ਕੀਤੇ। ਇਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿੱਚ ਕੇਵਲ 2734.09 ਕਰੋੜ ਰੁਪਏ ਹੀ ਪ੍ਰਾਪਤ ਹੋਏ ਜੋ ਕਿ ਸਾਲ ਵਿੱਚ ਲਿੱਤੇ ਕੁੱਲ ਕਰਜ਼ੇ ਦਾ 7.8 ਫ਼ੀਸਦੀ ਹੀ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਗਿਆ। ਇਹ ਤੋਂ ਪ੍ਰਤੱਖ ਹੁੰਦਾ ਹੈ ਕਿ ਸੂਬਾ ਕਿਸ ਕਦਰ ਤੱਕ ਕਰਜ਼ੇ ਦੇ ਚੱਕਰਵਿਊ ਵਿੱਚ ਫਸ ਚੁੱਕਾ ਹੈ। ਉਪਰੋਕਤ ਤੱਥ ਬਿਲਕੁਲ ਸਪਸ਼ਟ ਕਰਦੇ ਹਨ ਕਿ ਪੰਜਾਬ ਕਰਜ਼ੇ ਦੇ ਜਾਲ ਵਿੱਚ ਡੁੱਬ ਚੁੱਕਾ ਹੈ। ਅਜਿਹੀ ਸਥਿਤੀ ਅਤੇ ਹਾਲਾਤਾਂ ਨੂੰ ਕਾਬੂ ਕਰਨ ਤੋਂ ਬਿਨਾਂ ਸੂਬੇ ਦੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨਾ ਸੌਖਾਲਾ ਨਹੀਂ ਹੈ।

ਕੀ ਪੰਜਾਬ ਸਰਕਾਰ ਕਰਜ਼ੇ ਦੀ ਪੰਡ ਤੋਂ ਛੁਟਕਾਰਾ ਪਾ ਸਕਦੀ ਹੈ? ਜਦੋਂ ਅਸੀਂ ਰਾਜ ਸਰਕਾਰ ਦੀ ਮਾਲੀਆ ਵਧਾਉਣ ਦੀ ਸਮਰੱਥਾ ਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਨੁਭਵੀ ਸਬੂਤ ਦਰਸਾਉਂਦੇ ਹਨ ਕਿ ਪੰਜਾਬ ਸਰਕਾਰ ਲਗਾਤਾਰ GSDP ਦੇ ਦੋ ਫ਼ੀਸਦੀ ਤੋਂ ਵੱਧ ਮਾਲੀਆ ਘਾਟਾ ਝੱਲ ਰਹੀ ਹੈ। ਮਾਲੀਆ ਘਾਟਾ-GSDP ਅਨੁਪਾਤ 2018-19 ਵਿੱਚ 2.56 ਫ਼ੀਸਦੀ ਸੀ ਅਤੇ 2020-21 ਵਿੱਚ ਵਧ ਕੇ 3.16 ਫ਼ੀਸਦੀ ਹੋ ਗਿਆ। ਚਾਲੂ ਸਾਲ (2022-23) ਵਿੱਚ ਮਾਲੀਆਂ ਘਾਟਾ 3.74 ਫ਼ੀਸਦੀ ਹੋ ਗਿਆ। ਇਹ ਸਬੂਤ ਸਪੱਸ਼ਟ ਕਰਦੇ ਹਨ ਕਿ ਪੰਜਾਬ ਰਾਜ ਦਾ ਮਾਲੀਆ ਘਾਟਾ-GSDP ਅਨੁਪਾਤ ਲਗਾਤਾਰ ਵਧ ਰਿਹਾ ਹੈ ਅਤੇ ਕਰਜ਼ੇ ਦੇ ਭੰਡਾਰ ਵਿੱਚ ਹੋਰ ਵਾਧਾ ਹੋਵੇਗਾ। ਰਾਜ ਦੀ ਵਿੱਤੀ ਨੀਤੀ ਚੌਰਾਹੇ ਤੇ ਖੜ੍ਹੀ ਹੈ ਅਤੇ ਇਸ ਨੂੰ ਦਰੁਸਤ ਕਰਨ ਨਾਲ ਹੀ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਦੀ ਆਸ ਬੱਝਦੀ ਹੈ। ਭਾਰਤ ਦੇ ਦੂਜੇ ਸੂਬਿਆਂ 'ਤੇ ਮੁਦਰਾ ਨੀਤੀ ਦੇ ਪ੍ਰਭਾਵਾਂ ਬਾਰੇ ਕੀਤੇ ਗਏ ਕਈ ਅਧਿਐਨਾਂ ਤੋਂ ਸਪੱਸ਼ਟ ਤੌਰ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਆਰਥਿਕਤਾ ਦੇ ਛੋਟੇ ਪੈਮਾਨੇ ਦੇ ਉਤਪਾਦਨ ਢਾਂਚੇ ਦੀ ਪ੍ਰਮੁੱਖਤਾ ਕਾਰਨ ਪੰਜਾਬ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਹ ਰਿਜ਼ਰਵ ਬੈਂਕ ਦੇ ਕ੍ਰੈਡਿਟ-ਡਿਪਾਜ਼ਿਟ ਅਨੁਪਾਤ ਦੇ ਅੰਕੜਿਆਂ ਤੋਂ ਵੀ ਝਲਕਦਾ ਹੈ, ਜੋ ਲੰਬੇ ਸਮੇਂ ਤੋਂ ਕਾਨੂੰਨੀ ਘੱਟੋ-ਘੱਟ ਅਨੁਪਾਤ ਨੂੰ ਪੂਰਾ ਨਹੀਂ ਕਰ ਸਕਿਆ ਅਤੇ ਵਰਤਮਾਨ ਵਿੱਚ ਇਹ ਅਨੁਪਾਤ ਸਾਲ 2021-22 ਵਿੱਚ 55 ਫ਼ੀਸਦੀ ਹੈ। ਇਹ ਦੇਸ਼ ਦੀ ਇਕਸਾਰ ਬੈਂਕਿੰਗ ਪ੍ਰਣਾਲੀ ਦੇ ਕਾਰਨ ਹੈ। ਨਤੀਜੇ ਵਜੋਂ ਬੱਚਤ ਦੀ ਉੱਚ ਦਰ ਦੇ ਬਾਵਜੂਦ ਪੰਜਾਬ ਇਸ ਨੂੰ ਉਤਪਾਦਕ ਨਿਵੇਸ਼ ਵਿੱਚ ਤਬਦੀਲ ਨਹੀਂ ਕਰ ਸਕਿਆ। ਇਸ ਲਈ ਇਸ ਨਾਲ ਪੰਜਾਬ ਦੀ ਆਰਥਿਕਤਾ ਵਿੱਚ ਨਿਵੇਸ਼ ਦੀ ਕਮੀ ਆਈ ਹੈ। ਮੁਦਰਾ ਅਤੇ ਵਿੱਤੀ ਦੋਵਾਂ ਨੀਤੀਆਂ ਦੇ ਵਧਦੇ ਕੇਂਦਰੀਕਰਨ ਨੇ ਪੰਜਾਬ ਵਿੱਚੋਂ ਨਿਵੇਸ਼ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਹੁਲਾਰਾ ਦਿੱਤਾ ਹੈ, ਜਿਸ ਨੇ ਪੰਜਾਬ ਰਾਜ ਦੀ ਆਰਥਿਕਤਾ ਦੀ ਆਰਥਿਕ ਵਿਕਾਸ ਪ੍ਰਕਿਰਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਦੂਸਰਾ ਮਹੱਤਵਪੂਰਨ ਪਹਿਲੂ, ਸੂਬੇ ਦਾ ਉਤਪਾਦਨ ਅਤੇ ਰੁਜ਼ਗਾਰ ਢਾਂਚਾ ਹੈ ਜੋ ਪੰਜਾਬ ਦੀ ਆਰਥਿਕਤਾ ਦੀ ਤੇਜ਼ੀ ਨਾਲ ਪ੍ਰਗਤੀ ਦੀ ਰੋਕ ਨੂੰ ਦਰਸਾਉਂਦਾ ਹੈ। ਸਪਸ਼ਟ ਤੌਰ ਤੇ, ਪੰਜਾਬ ਦੇ ਖੇਤੀਬਾੜੀ ਖੇਤਰ ਵਿੱਚ ਖੜੋਤ ਆ ਗਈ ਹੈ ਅਤੇ ਉਦਯੋਗਿਕ ਖੇਤਰ ਦਾ ਵੱਡਾ ਹਿੱਸਾ ਘੱਟ ਉਤਪਾਦਕਿਤਾ-ਘੱਟ ਉਜਰਤ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਗਿਆ ਹੈ। ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਸਥਾਨਕ ਮਜ਼ਦੂਰਾਂ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕਦਾ। ਪੰਜਾਬ ਦੀ ਆਰਥਿਕਤਾ ਨੂੰ ਹੁਣ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਤੋਂ ਉਦਯੋਗੀਕਰਨ ਵਿੱਚ ਤਬਦੀਲ ਕਰਨ ਦੀ ਲੋੜ ਹੈ। ਇੱਕੀਵੀਂ ਸਦੀ ਨੂੰ ਗਿਆਨ ਦੀ ਆਰਥਿਕਤਾ ਕਿਹਾ ਜਾਂਦਾ ਹੈ ਅਤੇ ਚੌਥੀ ਉਦਯੋਗਿਕ ਕ੍ਰਾਂਤੀ ਇਸ ਦੀ ਗਵਾਹ ਹੈ। ਪੰਜਾਬ ਰਾਜ ਨੂੰ ਤੁਰੰਤ ਨਵੀਆਂ ਤਕਨੀਕਾਂ ਦੀ ਵਰਤੋਂ ਕਰਨ ਦੀ ਲੋੜ ਹੈ। ਇਸ ਲਈ ਉਦਯੋਗ ਨੂੰ ਰਵਾਇਤੀ ਤੋਂ ਆਧੁਨਿਕ ਅਤੇ ਹਰਿਆਵਲ ਵਾਲਾ ਉਦਯੋਗੀਕਰਨ ਵੱਲ ਬਦਲਣ ਲਈ ਨਵੀਂ ਰਣਨੀਤੀ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਹਰੀ ਉਦਯੋਗਿਕ ਤਰੱਕੀ ਲਈ ਰਿਸਰਚ ਐਂਡ ਡਿਵੈਲਪਮੈਂਟ (R&D) ਨਵੀਂ ਬਜਟ ਮੱਦ ਸਥਾਪਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਕੱਲੇ-ਇਕੱਲੇ ਸੈਕਟਰ ਲਈ ਅਲੱਗ ਅਲੱਗ ਨੀਤੀਆਂ ਬਣਾ ਕੇ ਆਰਥਿਕਤਾ ਦੀ ਧੀਂਵੀਂ ਗਤੀ ਨੂੰ ਵਧਾਇਆ ਜਾ ਸਕਦਾ ਹੈ। ਇਸ ਲਈ, ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਨਵੀਂ ਪਹਿਲਕਦਮੀ ਨੂੰ ਆਰਥਿਕਤਾ ਦੀ ਅੰਤਰ-ਨਿਰਭਰਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਪੰਜਾਬ ਦੀ ਆਰਥਿਕਤਾ ਦੇ ਉਤਪਾਦਕ ਖੇਤਰਾਂ ਦੀ ਸੇਵਾ ਕਰਨ ਲਈ ਸੇਵਾ ਖੇਤਰ ਨੂੰ ਇਸ ਤਰੀਕੇ ਨਾਲ ਪੁਨਰਗਠਿਤ ਕੀਤਾ ਜਾਣਾ ਚਾਹੀਦਾ ਹੈ।

ਤੀਜੀ ਰੁਕਾਵਟ ਕਰਮਚਾਰੀਆਂ ਦਾ ਹੁਨਰ ਅਧਾਰ ਹੈ। ਇਹ ਸਭ ਜਾਣਦੇ ਹਨ ਕਿ ਪੰਜਾਬੀਆਂ ਨੂੰ ਉੱਦਮੀ ਅਤੇ ਲੀਡਰਸ਼ਿਪ ਦੇ ਗੁਣਾਂ ਵਿੱਚ ਉੱਤਮ ਮੰਨਿਆ ਜਾਂਦਾ ਹੈ। ਇਸ ਲਾਭ ਨੂੰ ਆਰਥਿਕਤਾ ਦੀ ਲੰਬੇ ਸਮੇਂ ਦੀ ਹੌਲੀ ਪ੍ਰਗਤੀ ਅਤੇ ਵਿਦਿਅਕ ਅਤੇ ਸਿਹਤ ਸੰਸਥਾਵਾਂ ਵਿੱਚ ਘਟਾਏ ਨਿਵੇਸ਼ ਨੇ ਨਿਰਅਸਰ ਅਤੇ ਕਮਜ਼ੋਰ ਕੀਤਾ ਹੈ। ਸਿੱਖਿਆ ਅਤੇ ਸਿਹਤ ਦੇ ਅੰਨ੍ਹੇਵਾਹ ਨਿੱਜੀਕਰਨ ਨੇ ਕਰਮਚਾਰੀਆਂ ਵਿਚ ਉੱਚ ਯੋਗਤਾਵਾਂ ਪੈਦਾ ਕਰਨ ਦਾ ਟੀਚਾ ਪ੍ਰਾਪਤ ਨਹੀਂ ਕੀਤਾ ਹੈ। ਇਸ ਲਈ ਵਿਦਿਅਕ ਅਤੇ ਸਿਹਤ ਢਾਂਚੇ ਦਾ ਸੁਧਾਰ ਕਰਨਾ ਸਮੇਂ ਦੀ ਮੁੱਖ ਲੋੜ ਹੈ। ਜਨਤਕ ਨੀਤੀ ਰਾਹੀਂ ਹੀ ਸਿੱਖਿਆ ਅਤੇ ਸਿਹਤ ਖੇਤਰਾਂ ਵਿੱਚ ਲੋੜੀਂਦੇ ਸਰੋਤਾਂ ਨੂੰ ਉਹਨਾਂ ਦੇ ਪੁਨਰ-ਨਿਰਮਾਣ ਲਈ ਤਾਂ ਹੀ ਵਰਤ ਸਕਦੀ ਹੈ ਜੇਕਰ ਸਰਕਾਰ ਆਪਣੀ ਵਿੱਤੀ ਨੀਤੀ ਨੂੰ ਠੀਕ ਅਤੇ ਲੋੜੀਂਦੇ ਢੰਗ ਨਾਲ ਵਰਤੇ ਤਾਂ ਨਾ ਸਿਰਫ਼ ਕਾਫ਼ੀ ਮਾਲੀਆ ਪੈਦਾ ਕਰਨ ਲਈ, ਸਗੋਂ ਨਿਵੇਸ਼ ਵੀ ਕਰਨ ਲਈ ਮੁਦਰਾ ਨੀਤੀ ਦੀ ਢੁਕਵੀਂ ਵਰਤੋਂ ਕਰਨੀ ਚਾਹੀਦੀ ਹੈ।

ਚੌਥਾ, ਜਨਤਕ ਨੀਤੀ ਲਾਗੂ ਕਰਨ ਅਤੇ ਮੁਲਾਂਕਣ ਕਰਨ ਵਾਲੀਆਂ ਸੰਸਥਾਵਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਦੇ ਸ਼ੁਰੂਆਤੀ ਦੌਰ ਵਿੱਚ ਵਿਕਾਸ ਦੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ 1980 ਦੇ ਦਹਾਕੇ ਤੋਂ ਬਾਅਦ ਇਹ ਸੰਸਥਾਵਾਂ ਨਿਰਅਸਰ ਹੋ ਗਈਆਂ ਅਤੇ ਇਹ ਪ੍ਰਕਿਰਿਆ ਨੌਕਰਸ਼ਾਹੀ ਦੇ ਕਬਜ਼ੇ ਅਤੇ ਦਬਾਅ ਹੇਠ ਆ ਗਈ। ਅਜਿਹੇ ਵਰਤਾਰੇ ਨੇ ਜਨਤਕ ਨੀਤੀ ਬਣਾਉਣ ਵਿੱਚ ਸਬੰਧਤ ਧਿਰਾਂ ਨੂੰ ਸ਼ਾਮਲ ਕਰਨ ਦੀ ਪ੍ਰਣਾਲੀ ਨੂੰ ਅਸਫਲ ਬਣਾ ਦਿੱਤਾ। ਇਸ ਦੇ ਨਾਲ ਹੀ ਅਸਫਲਤਾਵਾਂ ਲਈ ਜ਼ਿੰਮੇਵਾਰਾ ਨੂੰ ਸਜ਼ਾ ਨਹੀਂ ਦਿੱਤੀ ਅਤੇ ਸਫਲਤਾਵਾਂ ਲਈ ਜ਼ਿੰਮੇਵਾਰਾ ਨੂੰ ਇਨਾਮ ਨਹੀਂ ਦਿੱਤਾ। ਜਿਸ ਨੇ ਕੁਸ਼ਲ ਜਨਤਕ ਸੇਵਕਾਂ ਦੀ ਨੈਤਿਕਤਾ ਨੂੰ ਨੀਵਾਂ ਕੀਤਾ ਹੈ। ਜਦੋਂ ਤੱਕ ਨੀਤੀ ਬਣਾਉਣ, ਨੀਤੀ ਲਾਗੂ ਕਰਨ ਅਤੇ ਨੀਤੀ ਮੁਲਾਂਕਣ ਦੇ ਤਿੰਨ ਵਿੰਗਾਂ ਨੂੰ ਸੁਤੰਤਰ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਜਨਤਕ ਨੀਤੀ ਪ੍ਰਕਿਰਿਆ ਚੰਗੇ ਅਤੇ ਲੋੜੀਂਦੇ ਨਤੀਜੇ ਨਹੀਂ ਦੇਵੇਗੀ। ਪੰਜਾਬ ਦੀ ਆਰਥਿਕਤਾ ਨੂੰ ਗਤੀਸ਼ੀਲ ਬਣਾਉਣ ਲਈ ਜਨਤਕ ਨੀਤੀ ਸੰਸਥਾਵਾਂ ਦੀ ਕਾਰਜਸ਼ੀਲਤਾ ਦੇ ਇਸ ਕਦਮ ਨੂੰ ਸਰਗਰਮ ਕਰਨ ਦੀ ਲੋੜ ਹੈ।

ਆਖਰੀ, ਪੰਜਾਬ ਹਾਲੇ ਵੀ ਖੇਤੀ ਸੱਭਿਆਚਾਰ ਦੀ ਪ੍ਰਮੁੱਖਤਾ ਦੇ ਅਧੀਨ ਸਹਿਕ ਰਿਹਾ ਹੈ। ਗਰਮਖਿਆਲੀ ਸੱਭਿਆਚਾਰਕ, ਸੁਭਾਅ ਅਤੇ ਰਾਜਨੀਤਿਕ ਉਦੇਸ਼ਾਂ ਲਈ ਧਰਮ ਦਾ ਸ਼ੋਸ਼ਣ ਫਿਰਕੂ ਤਣਾਅ ਪੈਦਾ ਕਰਦਾ ਹੈ ਅਤੇ ਨਤੀਜੇ ਵਜੋਂ ਜਾਨ-ਮਾਲ ਦੀ ਅਸੁਰੱਖਿਆ ਪੰਜਾਬ ਵਿੱਚ ਨਿਵੇਸ਼ ਕਰਨ ਲਈ ਇੱਕ ਵੱਡੀ ਰੁਕਾਵਟ ਹੈ। ਰਾਜਨੀਤਿਕ ਲੀਡਰਸ਼ਿਪ ਅਤੇ ਨੌਕਰਸ਼ਾਹੀ ਦੋਵਾਂ ਦੇ ਆਪਣੇ ਮੁਫ਼ਾਦਾਂ ਲਈ ਰਿਸ਼ਵਤ ਦੀ ਮੰਗ ਦੇ ਸੱਭਿਆਚਾਰ ਨੇ ਪੰਜਾਬ ਨੂੰ ਪ੍ਰਵਾਸੀ ਅਤੇ ਨਿੱਜੀ ਕਾਰਪੋਰੇਟ ਸੈਕਟਰ ਦੇ ਉਦਯੋਗਿਕ ਨਿਵੇਸ਼ ਲਈ ਗੈਰ-ਦੋਸਤਾਨਾ ਬਣਾ ਦਿੱਤਾ ਹੈ। ਇਹਨਾਂ ਕਾਰਕਾਂ ਨੇ ਮਿਲ ਕੇ ਪੰਜਾਬ ਵਿੱਚ ਉਦਯੋਗੀਕਰਨ ਨੂੰ ਨਿਰਾਸ਼ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਉੱਚ ਉਤਪਾਦਕਤਾ ਦੇ ਅਧਾਰ 'ਤੇ ਹਰ ਸੰਭਵ ਅਨੁਕੂਲ ਸਥਿਤੀਆਂ ਪੈਦਾ ਕਰਨ ਦੇ ਬਾਵਜੂਦ ਖੇਤੀਬਾੜੀ ਨੇ ਕਾਫ਼ੀ ਨਿਵੇਸ਼ਯੋਗ ਵਾਧੂ ਧਨ ਪੈਦਾ ਕੀਤਾ। ਇਸ ਦੇ ਨਾਲ ਹੀ ਹੁਣ ਜੇਕਰ ਅੰਤਰਰਾਸ਼ਟਰੀ ਸਰਹੱਦ ਉੱਤੇ ਤਣਾਅ ਨੂੰ ਘਟਾਇਆ ਜਾਂਦਾ ਹੈ ਤਾਂ ਯਕੀਨਨ ਸਮੁੱਚੇ ਤੌਰ 'ਤੇ, ਪੰਜਾਬ ਅਤੇ ਇੱਥੋਂ ਤੱਕ ਕਿ ਗੁਆਂਢੀ ਸੂਬਿਆਂ (ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਜੰਮੂ-ਕਸ਼ਮੀਰ) ਨੂੰ ਵੀ ਲਾਭ ਹੋਵੇਗਾ। ਨਾਲ ਹੀ ਜੇਕਰ ਪਾਕਿਸਤਾਨ ਅਤੇ ਹੋਰ ਦੇਸ਼ਾਂ ਲਈ ਜ਼ਮੀਨੀ ਮਾਰਗ ਵਪਾਰ ਲਈ ਖੋਲ੍ਹਿਆ ਜਾਂਦਾ ਹੈ ਤਾਂ ਇਹ ਸੋਨੇ ਤੇ ਸੁਹਾਗਾ ਹੋਵੇਗਾ। ਪੰਜਾਬ ਦੀ ਸਿਆਸੀ ਲੀਡਰਸ਼ਿਪ ਨੂੰ ਚਾਹੀਦਾ ਹੈ ਕਿ ਉਹ ਨਿਵੇਸ਼ਕਾਂ ਦੇ ਮਨਾਂ ਵਿੱਚੋਂ ਡਰ ਦੀ ਇਸ ਅੜਚਨ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਮਨਾਉਣ ਲਈ ਹੋਰਨਾਂ ਸੂਬਿਆਂ ਤੋਂ ਸਹਿਯੋਗ ਮੰਗੇ।

ਸਮਾਂ ਮੰਗ ਕਰਦਾ ਹੈ ਕਿ ਸਾਰੀਆਂ ਸਬੰਧਤ ਧਿਰਾਂ ਨੂੰ ਸ਼ਾਮਲ ਕਰਕੇ ਅਤੇ ਚਿਰ-ਟਿਕਾਊ ਵਿਕਾਸ ਲਈ, ਪੰਜਾਬ ਸਰਕਾਰ ਵੱਲੋਂ ਮੌਕੇ ਤਲਾਸ਼ਣ ਤੇ ਉਭਾਰਨ ਅਤੇ ਆਰਥਿਕਤਾ ਤੇ ਲੰਮੇ ਸਮੇਂ ਤੋਂ ਲਟਕ ਰਹੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਪੰਜਾਬ ਦੀ ਆਰਥਿਕਤਾ ਨੂੰ ਨਾ ਸਿਰਫ਼ ਰੁਕਾਵਟਾਂ ਅਤੇ ਸਮੱਸਿਆਵਾਂ ਨੂੰ ਪਾਸੇ ਕਰਨ ਲਈ ਸਗੋਂ ਪੰਜਾਬ ਨੂੰ ਵਿਕਾਸ ਪੱਖੋਂ 21ਵੀਂ ਸਦੀ ਦਾ ਆਰਥਿਕ ਮਾਡਲ ਬਣਾਉਣ ਲਈ ਸਮੂਹਿਕ ਕਾਰਵਾਈ ਦੀ ਰਣਨੀਤੀ ਨੂੰ ਕੰਮ ਵਿੱਚ ਲਿਆਉਣਾ ਚਾਹੀਦਾ ਹੈ। ਜਦੋਂ ਤੱਕ ਪੰਜਾਬ ਸਰਕਾਰ ਆਪ ਨਿਵੇਸ਼ ਨਹੀਂ ਕਰਦੀ ਉਦੋਂ ਤੱਕ ਨਿਵੇਸ਼ਕਾਂ ਅਤੇ ਆਮ ਪੰਜਾਬੀਆਂ ਦਾ ਭਰੋਸਾ ਸੂਬੇ ਨੂੰ ਤਰੱਕੀ ਜ਼ਾਬਤਾ ਬਣਾਉਣ ਲਈ ਨਹੀਂ ਬਣੇਗਾ। ਸੂਬਾ ਸਰਕਾਰ ਦੀ ਇਸ ਸੰਬੰਧ ਵਿੱਚ ਪਹਿਲਕਦਮੀ ਦੀ ਸੂਬੇ ਨਾਲ ਸਬੰਧਤ ਉਦਮੀਆਂ ਨੂੰ ਬੇਸਬਰੀ ਨਾਲ ਇੰਤਜ਼ਾਰ ਹੈ।

# ਭਾਈ ਸੰਤੋਖ ਸਿੰਘ ਧਰਦਿਓ

-ਪ੍ਰੋ. ਗੋਪਾਲ ਸਿੰਘ ਬੁੱਟਰ
99150-05814



ਭਾਈ ਸੰਤੋਖ ਸਿੰਘ ਧਰਦਿਓ 1913 ਵਿਚ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸ਼ਹਿਰ ਸਾਨਫਰਾਂਸਿਸਕੋ ਵਿਖੇ ਹੋਂਦ ਵਿਚ ਆਈ ਦੇਸ਼ ਭਗਤ ਭਾਰਤੀਆਂ ਦੀ ਇਨਕਲਾਬੀ ਜਥੇਬੰਦੀ 'ਇੰਡੀਅਨ ਐਸੋਸੀਏਸ਼ਨ ਆਫ ਦਾ ਪੈਸੇਫਿਕ ਕੋਸਟ' ਦਾ ਬਾਨੀ ਮੈਂਬਰ ਸੀ, ਜੋ ਬਾਅਦ ਵਿਚ 'ਹਿੰਦੀ ਐਸੋਸੀਏਸ਼ਨ' ਦੇ ਨਾਮ ਨਾਲ ਤੇ ਉਸ ਤੋਂ ਉਪਰੰਤ ਗ਼ਦਰ ਪਾਰਟੀ ਦੇ ਨਾਮ ਨਾਲ ਜਗਤ ਪ੍ਰਸਿੱਧ ਹੋਈ। ਇਸ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਅਮਰੀਕਾ ਛੱਡ ਦੇਣ ਨਾਲ ਸੰਤੋਖ ਸਿੰਘ ਧਰਦਿਓ ਨੂੰ ਬਤੌਰ ਜਨਰਲ ਸਕੱਤਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੀ ਵਡੇਰੀ ਜ਼ਿੰਮੇਵਾਰੀ ਸੰਭਾਲਣੀ ਪਈ।

ਭਾਈ ਸੰਤੋਖ ਦੇ ਪਿਤਾ ਸ. ਜਵਾਲਾ ਸਿੰਘ ਰੰਧਾਵਾ ਪਿੰਡ ਧਰਦਿਓ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਪਰ ਉਹ ਸਿੰਘਾਪੁਰ ਵਿਖੇ ਹਾਰਬਰ ਪੁਲਿਸ ਦੇ ਮੁਲਾਜ਼ਮ ਹੋਣ ਕਾਰਨ ਉਥੇ ਪਰਿਵਾਰ ਸਹਿਤ ਰਹਿੰਦੇ ਸਨ। ਸਿੰਘਾਪੁਰ ਵਿਖੇ ਹੀ 1892 ਈ. ਨੂੰ ਭਾਈ ਸੰਤੋਖ ਸਿੰਘ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਥੇ ਹੀ ਭਾਈ ਸਾਹਿਬ ਨੇ ਮੁੱਢਲੀ ਤਾਲੀਮ ਅੰਗਰੇਜ਼ੀ ਮਾਧਿਅਮ ਵਾਲੇ ਸਕੂਲ ਤੋਂ ਹਾਸਲ ਕੀਤੀ। ਤੀਖਣ ਬੁੱਧ ਭਾਈ ਸੰਤੋਖ ਸਿੰਘ ਨੇ ਬਚਪਨ ਵਿਚ ਹੀ ਅੰਗਰੇਜ਼ੀ ਜ਼ੁਬਾਨ ਬੋਲਣ ਲਿਖਣ ਵਿਚ ਚੰਗੀ ਮੁਹਾਰਤ ਹਾਸਲ ਕਰ ਲਈ ਸੀ ਜੋ ਦੇਸ਼ ਵਿਦੇਸ਼ ਵਿਚ ਕੌਮੀ ਕਾਰਜਾਂ ਲਈ ਉਨ੍ਹਾਂ ਦੀ ਸ਼ਕਤੀ ਬਣਦੀ ਰਹੀ।

ਸ. ਜਵਾਲਾ ਸਿੰਘ 1903 ਵਿਚ ਪੈਨਸ਼ਨ ਲੈ ਕੇ ਪਰਿਵਾਰ ਸਮੇਤ ਆਪਣੇ ਪਿੰਡ ਧਰਦਿਓ ਪਰਤ ਆਏ। ਪਿੰਡ ਧਰਦਿਓ ਤੋਂ ਦੋ ਮੀਲ ਦੂਰੀ 'ਤੇ ਪੈਂਦੇ ਡੀ.ਬੀ. ਪ੍ਰਾਇਮਰੀ ਸਕੂਲ ਮਹਿਤਾ-ਨੰਗਲ ਤੋਂ ਭਾਈ ਸੰਤੋਖ ਸਿੰਘ ਨੇ ਮੁੱਢਲੀ ਪੜ੍ਹਾਈ ਮੁਕੰਮਲ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਹੋਸਟਲ ਵਿਚ ਰਹਿ ਕੇ ਮੈਟ੍ਰਿਕ ਪਾਸ ਕੀਤੀ। ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਨਿਰੰਜਣ ਸਿੰਘ ਜੋ ਬਾਅਦ ਵਿਚ ਪ੍ਰਿੰਸੀਪਲ ਤੇ ਕੌਮੀ ਵਰਕਰ ਵੀ ਬਣੇ ਏਥੇ ਭਾਈ ਸਾਹਿਬ ਦੇ ਜਮਾਤੀ ਸਨ ਤੇ ਦੱਸਿਆ ਕਰਦੇ ਸਨ ਕਿ ਸੰਤੋਖ ਸਿੰਘ ਦੀ ਪ੍ਰਭਾਵਸ਼ਾਲੀ ਅੰਗਰੇਜ਼ੀ ਕਾਰਨ ਸਕੂਲ ਵਿਚ ਉਸ ਦਾ ਨਾਮ 'ਮਿਸਟਰ ਡਿਕਸ਼ਨਰੀ ਸਿੰਘ' ਪੈ ਗਿਆ ਸੀ।

1912 ਵਿਚ ਭਾਈ ਸੰਤੋਖ ਸਿੰਘ ਉਚੇਰੀ ਪੜ੍ਹਾਈ ਲਈ ਇੰਗਲੈਂਡ ਗਏ ਪਰ ਉਸ ਤੋਂ ਜਲਦੀ ਬਾਅਦ ਉਹ ਕੈਨੇਡਾ ਪਹੁੰਚ ਗਏ। ਇਥੇ ਉਹ ਅਕਸਰ ਹੀ ਆਪਣੇ ਅਨਪੜ੍ਹ ਦੇਸ਼-ਵਾਸੀ ਆਰਾ ਮਿੱਲਾਂ ਦੇ ਵਰਕਰਾਂ ਦੀਆਂ ਸਮੱਸਿਆਵਾਂ ਗੋਰੇ ਮਿੱਲ ਮਾਲਕਾਂ ਅਤੇ ਅਦਾਲਤਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਨੂੰ ਇਨਸਾਫ਼ ਦਿਵਾਉਂਦੇ ਸਨ, ਜਿਸ ਕਾਰਨ ਭਾਰਤੀ ਕਾਮਿਆਂ ਨੇ ਸਹਿਜੇ ਹੀ ਉਨ੍ਹਾਂ ਨੂੰ ਆਪਣਾ ਆਗੂ ਮੰਨ ਲਿਆ।

ਜਦ ਕੈਨੇਡਾ ਤੋਂ ਭਾਈ ਸੰਤੋਖ ਸਿੰਘ ਅਮਰੀਕਾ ਆ ਗਏ ਤਾਂ ਜਲਦੀ ਹੀ ਉਨ੍ਹਾਂ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਬਾਬਾ ਵਿਸਾਖਾ ਸਿੰਘ ਦਦੇਹਰ ਨਾਲ ਮਿਲ ਕੇ ਗ਼ਦਰ ਪਾਰਟੀ ਤੇ ਗ਼ਦਰ ਪਰਚੇ ਦੀਆਂ ਜ਼ਿੰਮੇਵਾਰੀਆਂ ਸਾਂਭ ਲਈਆਂ। ਸਾਮਰਾਜੀ ਸ਼ਕਤੀਆਂ ਵਿਰੁੱਧ ਸਪੱਸ਼ਟ ਪੈਂਤੜੇ, ਆਜ਼ਾਦੀ ਪ੍ਰਾਪਤੀ ਲਈ ਸੁਹਿਰਦ ਤੜਪ ਤੇ ਲੋਕ ਭਲਾਈ ਦੀ ਪ੍ਰਬਲ ਭਾਵਨਾ ਵਾਲਾ ਇਹ ਦੇਸ਼ ਭਗਤ ਜਿਥੇ ਬਰਤਾਨਵੀ ਖ਼ੁਫ਼ੀਆ ਏਜੰਸੀਆਂ ਲਈ 'ਮਧਰੇ ਕੱਦ, ਤਿੱਖੇ ਨਕਸ਼ਾਂ ਤੇ ਤਿੱਖੀ ਬਰੀਕ ਆਵਾਜ਼ ਵਾਲਾ ਚਤੁਰ ਤੇ ਖ਼ਤਰਨਾਕ ਵਿਅਕਤੀ ਸੀ' ਉਥੇ ਆਪਣੇ ਸਾਥੀ ਦੇਸ਼ ਭਗਤਾਂ ਦੀ ਨਜ਼ਰ ਵਿਚ 'ਕਮਾਲ ਦੀ ਸੂਝ-ਸਿਆਣਪ ਦਾ ਮਾਲਕ, ਈਮਾਨਦਾਰ ਤੇ ਪੇਚੀਦਾ ਮਸਲਿਆਂ ਬਾਰੇ ਤੁਰੰਤ ਅਤੇ ਦਰੁਸਤ ਫੈਸਲੇ ਲੈ ਸਕਣ ਵਾਲਾ ਮਹਾਨ ਬੁੱਧੀਮਾਨ ਆਗੂ ਸੀ।' ਹਿੰਦੋਸਤਾਨ ਵਿਚ ਗ਼ਦਰ ਕਰਨ ਦੇ ਮਕਸਦ ਨਾਲ ਪਾਰਟੀ ਨੇ ਭਾਈ ਸਾਹਿਬ ਨੂੰ ਸਿੰਘਾਪੁਰ ਸਿਆਮ ਮਲਾਇਆ ਤੇ ਬਰਮਾ ਦੀਆਂ ਪਾਰਟੀ ਦੀਆਂ ਸ਼ਾਖਾਵਾਂ ਦਾ ਚਾਰਜ ਸੌਂਪ ਦਿੱਤਾ। ਸਤੰਬਰ 1914 ਦੇ ਕਰੀਬ ਉਹ ਸਿੰਘਾਈ ਪਹੁੰਚੇ। ਸਿਆਮ ਵਿਚ ਗ਼ਦਰ ਪਾਰਟੀ ਲਈ ਭਾਈ ਸਾਹਿਬ ਨੇ ਸੋਹਨ ਲਾਲ ਪਾਠਕ ਤੇ ਆਤਮਾ ਰਾਮ ਨਾਲ ਕੰਮ ਕੀਤਾ। ਇਥੇ ਸਰਕਾਰੀ ਚੌਕਸੀ ਵਿਚ ਬਹੁਤੇ ਇਨਕਲਾਬੀ ਫਸ ਗਏ ਪਰ ਭਾਈ ਸੰਤੋਖ ਸਿੰਘ ਕਿਸੇ ਤਰ੍ਹਾਂ ਅਮਰੀਕਾ ਵਾਪਸ ਪਰਤਣ ਵਿਚ ਸਫਲ ਹੋ ਗਏ।

ਅਮਰੀਕਾ ਵਿਖੇ ਭਾਈ ਸਾਹਿਬ ਨੇ ਪਾਰਟੀ ਨਵੇਂ ਸਿਰਿਓਂ ਗਠਿਤ ਕਰਨੀ ਸ਼ੁਰੂ ਕੀਤੀ ਪਰ ਇਨ੍ਹਾਂ ਨੂੰ ਗ਼ਦਰ ਲਈ ਚਲੇ ਮੁਕੱਦਮੇ ਵਿਚ 21 ਮਹੀਨੇ ਲਈ ਜੇਲ੍ਹ ਜਾਣਾ ਪਿਆ। ਰਿਹਾਈ ਪਿਛੋਂ ਭਾਈ ਸੰਤੋਖ ਸਿੰਘ ਨੇ ਆਪਣੇ ਸਾਥੀਆਂ ਨਾਲ ਪਾਰਟੀ ਦੇ ਹੈਡਕੁਆਰਟਰ ਯੁਗਾਂਤਰ ਆਸ਼ਰਮ (ਗ਼ਦਰ ਆਸ਼ਰਮ) ਵਿਚ ਰਹਿ ਕੇ ਪਾਰਟੀ ਨੂੰ ਮੁੜ ਜਥੇਬੰਦ ਕੀਤਾ।

ਨਵੰਬਰ 1922 ਵਿਚ ਉਹ ਮਾਸਕੋ ਪਹੁੰਚ ਗਏ ਤੇ ਕਾਮਰੇਡ ਲੈਨਿਨ ਦੀ ਕਾਰਜਸ਼ੈਲੀ ਨੂੰ ਨੇੜਿਓਂ ਤੱਕਿਆ। ਇਥੇ ਉਨ੍ਹਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿਚ ਹਿੱਸਾ ਲਿਆ। ਰੂਸ ਤੋਂ ਉਹ ਭਾਈ ਰਤਨ ਸਿੰਘ (ਰਾਏਪੁਰ ਡੱਬਾ) ਨਾਲ ਭਾਰਤ ਵਿਚ ਪਰਚਾ ਕੱਢ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਵਾਪਸ ਪਰਤੇ। ਪਰ ਅਫਗਾਨਿਸਤਾਨ ਤੋਂ ਹਿੰਦੋਸਤਾਨ ਪ੍ਰਵੇਸ਼ ਕਰਦੇ ਸਮੇਂ ਹੀ ਬਰਤਾਨਵੀ ਪੁਲਿਸ ਦੇ ਹੱਥ ਆ ਗਏ। ਗ੍ਰਿਫਤਾਰੀ ਉਪਰੰਤ ਭਾਈ ਸਾਹਿਬ ਕਾਫੀ ਸਮਾਂ ਪਿੰਡ ਵਿਚ ਨਜ਼ਰਬੰਦ ਰਹੇ।

ਇਸ ਉਪਰੰਤ ਉਨ੍ਹਾਂ ਨੇ ਭਾਗ ਸਿੰਘ ਕੈਨੇਡੀਅਨ ਤੇ ਬਾਬਾ ਕਰਮ ਸਿੰਘ ਚੀਮਾ ਦੀ ਮਦਦ ਨਾਲ ਫਰਵਰੀ 1926 ਵਿਚ ਅਗਾਂਹਵਧੂ ਪਰਚਾ 'ਕਿਰਤੀ' ਕੱਢਿਆ ਜਿਸ ਨੇ ਅਗਾਂਹਵਧੂ ਪੰਜਾਬੀ ਪੱਤਰਕਾਰੀ ਨੂੰ ਪਹਿਲੀ ਵਾਰ ਇਕ ਵੱਡਾ ਮੰਚ ਮੁਹੱਈਆ ਕੀਤਾ। ਜ਼ਿਆਦਾ ਮਿਹਨਤ, ਮਾੜੀ ਖੁਰਾਕ ਤੇ ਪੁਲਿਸ ਦੇ ਅਣ-ਮਨੁੱਖੀ ਵਿਹਾਰ ਕਾਰਨ ਉਹ ਟੀ.ਬੀ. ਦਾ ਸ਼ਿਕਾਰ ਹੋ ਗਏ ਅਤੇ ਅੰਤ 19 ਮਈ 1927 ਨੂੰ ਉਹ ਕਿਰਤੀ ਦੇ ਦਫਤਰ ਅੰਮ੍ਰਿਤਸਰ ਵਿਖੇ ਸਦੀਵੀ ਵਿਛੋੜਾ ਦੇ ਗਏ। ਭਾਈ ਸਾਹਿਬ ਦੀ ਜੱਦੋ-ਜਹਿਦ ਭਰੀ ਜ਼ਿੰਦਗੀ, ਬੀਮਾਰੀ ਨਾਲ ਚੱਲੇ ਲੰਮੇ ਸੰਘਰਸ਼ ਕਾਰਨ ਪੰਥ ਰਤਨ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਮੌਤ ਨੂੰ ਤਿਲ ਤਿਲ ਕਰਕੇ ਹੋਈ ਸ਼ਹਾਦਤ ਦਾ ਨਾਂ ਦਿੰਦਿਆਂ ਉਨ੍ਹਾਂ ਨੂੰ ਸ਼ਹੀਦ ਦਾ ਖਿਤਾਬ ਪ੍ਰਦਾਨ ਕੀਤਾ। ਅਸੀਂ ਅੱਜ ਇਸ ਮਹਾਨ ਗ਼ਦਰੀ ਆਗੂ ਤੇ ਚਿੰਤਕ ਨੂੰ ਉਨ੍ਹਾਂ ਦੀ ਬਰਸੀ ਤੇ ਅਵਸਰ 'ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

**TEAM OF OVER 450 REALTORS**

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



Human progress through education science and technology

Have Scientific Outlook

# PROGRESSIVE CULTURAL ASSOCIATION CALGARY (REGD.)



# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

ਪੇਸ਼ ਕਰਦਾ ਹੈ ਸਵ. ਸੋਹਣ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

## ਦੋ ਰੋਜ਼ਾ ਨਾਟਕ ਸਮਾਗਮ



Red Stone Theatre, 5 Red Stone Heights NE
Calgary AB T3N 0T6

ਟਿਕਟ ਸਿਰਫ਼ 10 ਡਾਲਰ

**June 17th 2023 (Saturday)**
Timing: Gate Open 1:30PM Program Start: 2pm - 5pm

**June 18th 2023 (Sunday)**
Timing: Gate Open 4:30PM Program Start: 5pm - 8pm




(ਪਹਿਲਾ ਨਾਟਕ)

## ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ

(ਭਾਰਤ-ਪਾਕਿ ਵੰਡ ਦੌਰਾਨ ਹੋਏ ਜ਼ੁਲਮਾਂ ਦੀ ਕਹਾਣੀ)
ਲੇਖਕ: ਪ੍ਰੋ. ਪਾਲੀ ਭੁਪਿੰਦਰ ਅਤੇ ਨਿਰਦੇਸ਼ਕ: ਹਰਕੇਸ਼ ਚੌਧਰੀ

ਬੱਚਿਆਂ ਦੀ ਟੀਮ ਵੱਲੋਂ ਦੋ ਕੋਰਿਓਗ੍ਰਾਫੀਆਂ ਦੀ ਪੇਸ਼ਕਾਰੀ ਹੋਵੇਗੀ

(ਦੂਜਾ ਨਾਟਕ)

## ਕੈਨੇਡੀਅਨ ਸਮੱਸਿਆਵਾਂ ਬਾਰੇ

ਲੇਖਕ ਅਤੇ ਨਿਰਦੇਸ਼ਕ: ਹਰਕੇਸ਼ ਚੌਧਰੀ

- Ok General Food Store
- Highway Cleaning Services
- Advance Auto Repair
- Raghbir Basati (Realtor)
- 3C Car Care
- India Palace Restaurant
- Bains Vision Centre
- Bhatia Cloth House
- Harpreet Parmar (Accountant)
- Hardeep Dhaliwal (Realtor)

**ਵਿਸ਼ੇਸ਼ ਸਨਮਾਨ**

* * ਨੈਸ਼ਨਲ ਯੂਨੀਅਰ ਫੀਲਡ ਹਾਕੀ ਟੀਮ ਦੀ ਖਿਡਾਰੀ **ਪ੍ਰਭਲੀਨ ਕੌਰ ਗਰੇਵਾਲ** ਅਤੇ ਅਮਰੀਕਾ ਰੈਸਲਿੰਗ ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜਿੱਤਣ ਵਾਲੀ ਰੈਸਲਰ **ਜੈਸਲੀਨ ਕੌਰ ਸਿੱਧੂ** ਨੂੰ ਸਨਮਾਨਤ ਕੀਤਾ ਜਾਵੇਗਾ।
* ਪ੍ਰੋਗਰੈਸਿਵ ਕਲਚਰਲ਼ ਐਸੋਸੀਏਸ਼ਨ ਦੇ **ਸਾਬਕਾ ਪ੍ਰਧਾਨ ਜੀਤ ਇੰਦਰ ਪਾਲ** ਅਤੇ ਉਨ੍ਹਾਂ ਦੀ ਪਤਨੀ **ਵਿਦਿਆ ਦੇਵੀ** ਨੂੰ ਜਥੇਬੰਦੀ ਅਤੇ ਸਮਾਜ ਪ੍ਰਤੀ ਲੋਕ-ਪੱਖੀ ਸੇਵਾਵਾਂ ਲਈ ਸਨਮਾਨਿਤ ਕੀਤਾ ਜਾਵੇਗਾ।

**: ਵਿਸ਼ੇਸ਼ ਸਹਿਯੋਗੀ :**

| | | | |
|---|---|---|---|
| Harcharan S. Parhar<br>Real Estate Broker | Harpinder Sidhu<br>Punjab Insurance | Baljinder Sangha<br>Realtor | Sanjha Punjab Grocery Store<br>4 Locatons |
| Desjardins Insurance<br>Paramjit Plaha | Punjabi Akhbar<br>Harbans Buttar | Syndicate Transport<br>Kuldeep Sandhu | Reliance Legal Group<br>Taranjit Aujla |
| G Dhillon Prof. Corp.<br>Gurjinder Dhillon | Modern Truck & Trailer Repair<br>(Trucking Co.) | Sidhu Accounting<br>Iqbal Sidhu | Desjardins Insurance<br>Romi Sidhu |

**Special Thanks to all Sponsors, Print & Electronic Media**

ਨੋਟ: ਡਰਾਮੇ ਜਾਂ ਕੋਰੀਓਗਰਾਫ਼ੀ 'ਚ ਹਿੱਸਾ ਲੈਣ ਲਈ ਪ੍ਰਬੰਧਕਾਂ ਨਾਲ ਸੰਪਰਕ ਕਰੋ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਅਦਾਕਾਰ ਸ੍ਰੀ ਹਰਕੇਸ਼ ਚੌਧਰੀ ਨਾਟਕਾਂ ਅਤੇ ਕੋਰੀਓਗਰਾਫ਼ੀ ਦੀ ਤਿਆਰੀ ਕਰਵਾਉਣਗੇ।

**Master Bhajan Singh: 403-455-4220**
**Harcharan Parhar: 403-681-8689** **Kamal Pandher: 403-479-4220**

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:) ਦੀ ਕਾਰਜਕਾਰਨੀ ਕਮੇਟੀ**

| | | | |
|---|---|---|---|
| ਜਸਵਿੰਦਰ ਮਾਨ (ਪ੍ਰਧਾਨ)<br>587-892-9555 | ਭਜਨ ਸਿੰਘ (ਸਕੱਤਰ)<br>403-455-4220 | ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ)<br>403-479-4220 | ਗੋਪਾਲ ਕਾਉਂਕੇ (ਡਾਇਰੈਕਟਰ)<br>403-970-3588 |

| | | | | |
|---|---|---|---|---|
| ਨਵਕਿਰਨ ਢੁੱਡੀਕੇ<br>403-402-0998 | ਕੁਸਮ ਸ਼ਰਮਾ<br>403-966-3216 | ਹਰੀਪਾਲ<br>403-714-4816 | ਕਮਲ ਸਿੱਧੂ<br>403-966-7167 | ਬਨਦੀਪ ਗਿੱਲ<br>587-834-7940 |

**ਵਿਸ਼ੇਸ਼ ਸਹਿਯੋਗ: ਅਦਾਰਾ ਸਿੱਖ ਵਿਰਸਾ (ਮਾਸਿਕ ਮੈਗਜ਼ੀਨ)**